ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

24-30 ਸਤੰਬਰ 2025

ਸਾਲ 16ਵਾਂ - ਅੰਕ 39
email : info@sadelok.com

Ph. : 510-706-1300
Fax : 925-373-1300

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਰਾਜ ਪੱਧਰੀ ਯਾਦਗਾਰੀ ਸਮਾਗਮਾਂ ਲਈ ਲੋਗੋ ਜਾਰੀ



(ਦੇਖੋ ਸਫ਼ਾ 35 'ਤੇ)

## ਪੰਜਾਬੀ ਸਾਹਿਤ ਜਗਤ ਦੀ ਨਾਮਵਰ ਸ਼ਖ਼ਸੀਅਤ ਪ੍ਰੋ. ਗੁਰਮੀਤ ਸਿੰਘ ਟਿਵਾਣਾ ਦਾ ਦੇਹਾਂਤ



ਪੰਜਾਬੀ ਸਾਹਿਤ ਜਗਤ ਦੀ ਨਾਮਵਰ ਸ਼ਖ਼ਸੀਅਤ ਅਤੇ ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ.) ਐਬਸਫੋਰਡ ਦੇ ਸਰਪ੍ਰਸਤ ਪ੍ਰੋਫੈਸਰ ਗੁਰਮੀਤ ਸਿੰਘ ਟਿਵਾਣਾ 97 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ ਹਨ। ਐਬਸਫੋਰਡ, ਬੀਸੀ, ਕੈਨੇਡਾ ਦੇ ਹਸਪਤਾਲ ਵਿੱਚ 23 ਸਤੰਬਰ 2025 ਦੀ ਰਾਤ ਨੂੰ ਕਰੀਬ ਪੌਣੇ ਨੌਂ ਵਜੇ ਪ੍ਰੋਫੈਸਰ ਟਿਵਾਣਾ ਨੇ ਆਖਰੀ ਸਾਹ ਲਏ। ਉਹਨਾਂ ਦਾ ਦੇਹਾਂਤ ਦਿਲ ਦੀ ਧੜਕਣ ਬੰਦ ਹੋਣ ਕਾਰਨ ਹੋਇਆ। ਇਹ ਸਬੱਬ ਸੀ ਜਾਂ ਰਹਿਮਤ ਕਿ ਉਹਨਾਂ ਦੀ

(ਦੇਖੋ ਸਫ਼ਾ 33 'ਤੇ)

## ਹੱਥਕੜੀਆਂ ਨਾਲ ਦੇਸ਼ ਨਿਕਾਲਾ : ਬੀਬੀ ਹਰਜੀਤ ਕੌਰ ਅਮਰੀਕਾ ਤੋਂ ਭਾਰਤ ਡਿਪੋਰਟ



ਹਰਕਿਉਲਿਸ/ਕੈਲੀਫੋਰਨੀਆ, (ਸਾਡੇ ਲੋਕ) : ਸਿੱਖ ਕੁਲੀਸ਼ਨ ਇਹ ਸਾਂਝਾ ਕਰਦੇ ਹੋਏ ਬਹੁਤ ਦੁਖੀ ਅਤੇ ਗੁੱਸੇ ਵਿੱਚ ਹੈ ਕਿ ਬੀਬੀ ਹਰਜੀਤ ਕੌਰ ਨੂੰ ਉਨ੍ਹਾਂ ਦੇ ਦੇਸ਼ ਨਿਕਾਲੇ ਦੌਰਾਨ ਹੋਰ ਵੀ ਬਦਸਲੂਕੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਿਖਤ ਦੇ ਸਮੇਂ ਤੱਕ, ਉਹ

(ਦੇਖੋ ਸਫ਼ਾ 32 'ਤੇ)

## 30 ਸਾਲ ਬਾਅਦ ਅਮਰੀਕਾ ਦੀ ਸੰਸਦ 'ਚ ਗੂੰਜਿਆ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦਾ ਨਾਮ

### ਸਿੱਖ ਕੁਲੀਸ਼ਨ ਨੇ ਸਰਹੱਦ ਪਾਰ ਦਮਨ ਖਿਲਾਫ਼ ਕਾਰਵਾਈ ਦੀ ਕੀਤੀ ਮੰਗ

ਵਾਸ਼ਿੰਗਟਨ, ਡੀ.ਸੀ. (ਸਾਡੇ ਲੋਕ) : ਸਿੱਖ ਕੁਲੀਸ਼ਨ ਨੇ 18 ਸਤੰਬਰ ਨੂੰ ਕੈਪੀਟਲ ਹਿੱਲ ਵਿਖੇ ਇੱਕ ਬ੍ਰੀਫਿੰਗ ਦਾ ਆਯੋਜਨ ਕੀਤਾ, ਜਿਸ ਵਿੱਚ ਸਿੱਖ ਮਨੁੱਖੀ ਅਧਿਕਾਰ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਦੀ ਵਿਰਾਸਤ ਅਤੇ ਸਰਹੱਦ ਪਾਰ ਤੋਂ ਵੱਧ ਰਹੇ ਦਮਨ ਦੇ ਖਤਰੇ 'ਤੇ ਚਰਚਾ ਕੀਤੀ ਗਈ। ਇਸ ਸਮਾਗਮ ਵਿੱਚ 10 ਤੋਂ ਵੱਧ ਕਾਂਗਰਸੀ ਦਫ਼ਤਰਾਂ ਦੇ ਸਟਾਫ਼ ਅਤੇ ਸਹਿਯੋਗੀ ਸੰਗਠਨਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਕਾਂਗਰਸਮੈਨ ਐਰਿਕ ਸਵਾਲਵੈਲ (ਡੀ-ਸੀਏ) ਨੇ ਸਮਾਗਮ ਦਾ ਉਦਘਾਟਨੀ ਭਾਸ਼ਣ ਦਿੱਤਾ।

(ਦੇਖੋ ਸਫ਼ਾ 35 'ਤੇ)



## ਲੱਦਾਖ ਦੇ ਹਾਲਤ ਨਿਪਾਲ ਵਰਗੇ

### ਲੱਦਾਖ ਨੂੰ ਰਾਜ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਉਤਰੇ ਲੋਕ, ਹਿੰਸਕ ਝੜਪਾਂ ਮਗਰੋਂ ਕਰਫਿਊ



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

(ਦੇਖੋ ਸਫ਼ਾ 32 'ਤੇ)

## ਭਾਰਤੀ ਰਾਸ਼ਟਰੀ ਮੀਡੀਆ ਨੇ ਮੈਨੂੰ ਗੱਦਾਰ ਵਜੋਂ ਦਰਸਾਉਣ ਦੀ ਪੂਰੀ ਕੋਸ਼ਿਸ਼ ਕੀਤੀ

### 'ਸਰਦਾਰਜੀ 3' ਪਹਿਲਗਾਮ ਦੇ ਕਤਲੇਆਮ ਤੋਂ ਪਹਿਲਾਂ ਸ਼ੂਟ ਹੋਈ ਸੀ; ਭਾਰਤ-ਪਾਕਿਸਤਾਨ ਮੈਚ ਕਤਲੇਆਮ ਤੋਂ ਬਾਅਦ 'ਚ ਹੋ ਰਹੇ ਨੇ : ਸ੍ਰ. ਦਿਲਜੀਤ ਸਿੰਘ ਦੁਸਾਂਝ



ਮਲੇਸ਼ੀਆ/ (ਸਾਡੇ ਲੋਕ) ਪੰਜਾਬੀ ਗਾਇਕ-ਅਦਾਕਾਰ ਦਿਲਜੀਤ ਦੁਸਾਂਝ ਨੇ ਪਹਿਲਗਾਮ ਅੱਤਵਾਦੀ ਹਮਲੇ, ਪਾਕਿਸਤਾਨੀ ਅਦਾਕਾਰਾ ਹਨੀਆ ਆਮਿਰ ਨਾਲ ਉਸ ਦੀ ਫਿਲਮ 'ਸਰਦਾਰਜੀ 3' ਦੇ ਆਲੇ-ਦੁਆਲੇ ਦੇ ਵਿਵਾਦ ਅਤੇ ਹਾਲ ਹੀ ਵਿੱਚ ਭਾਰਤ-

(ਦੇਖੋ ਸਫ਼ਾ 34 'ਤੇ)

## ਭਾਈ ਰਾਜੋਆਣਾ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ ਗਈ: ਸੁਪਰੀਮ ਕੋਰਟ



ਨਵੀਂ ਦਿੱਲੀ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ 'ਚ ਦੋਸ਼ੀ ਭਾਈ ਬਲਵੰਤ ਸਿੰਘ ਰਾਜੋਆਣਾ ਦੀ

(ਦੇਖੋ ਸਫ਼ਾ 30 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਫਿਲੀਪੀਨਜ਼ ਵਿਖੇ ਪਹਿਲੀ ਵਾਰ ਬਣਾਇਆ ਜਾਵੇਗਾ ਸਿੱਖ ਧਰਮ ਨਾਲ ਸਬੰਧਿਤ ਮਿਊਜ਼ੀਅਮ

## ਪੇਪਰ ਆਰਟਿਸਟ ਗੁਰਪ੍ਰੀਤ ਸਿੰਘ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ,ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਮੇਤ ਪੰਜ ਇਤਿਹਾਸਕ ਧਾਰਮਿਕ ਅਸਥਾਨਾਂ ਦੇ ਮਾਡਲ ਕੀਤੇ ਗਏ ਤਿਆਰ

ਅੰਮ੍ਰਿਤਸਰ : ਪੇਪਰ ਆਰਟਿਸਟ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਦਾਸ ਵਲੋਂ ਪੰਜ ਇਤਿਹਾਸਿਕ ਸਥਾਨਾਂ ਦੇ ਧਾਰਮਿਕ ਮਾਡਲ ਤਿਆਰ ਕੀਤੇ ਗਏ ਨੇ, ਜੋ ਕਿ ਗੁਰੂ ਰਾਮਦਾਸ ਜੀ ਨਗਰੀ ਅੰਮ੍ਰਿਤਸਰ ਸਾਹਿਬ ਤੋਂ ਫਿਲੀਪੀਨਜ਼ ਦੀ ਧਰਤੀ ’ਤੇ ਭੇਜੇ ਜਾਣਗੇ। ਖ਼ਾਸ ਗੱਲ ਹੈ ਕਿ ਪੂਰੀ ਸਿੱਖ ਕੌਮ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਫਿਲੀਪੀਨਜ਼ ’ਚ ਅੱਜ ਤੋਂ ਪਹਿਲਾਂ ਕੋਈ ਵੀ ਸਿੱਖ ਇਤਿਹਾਸ ਨਾਲ ਜੁੜਿਆ ਕੋਈ ਮਿਊਜ਼ਿਮ ਨਹੀਂ ਸੀ ਤੇ ਗੁਰ ਸ਼ਬਦ ਪ੍ਰਕਾਸ਼ ਗੁਰਦੁਆਰਾ ਸਾਹਿਬ ਅਤੇ ਸਮੂਹ ਸਾਧ ਸੰਗਤਾਂ ਵੱਲੋਂ ਇਹ ਦਾਸ ਨੂੰ ਹੁਕਮ ਲਾਇਆ ਗਿਆ ਸੀ ਕਿ ਇਸ ਤਰ੍ਹਾਂ ਦੇ ਧਾਰਮਿਕ ਸਥਾਨਾਂ ਦੇ ਮਾਡਲ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਬਣਾ ਕੇ ਇਥੇ ਭੇਜੇ ਜਾਣ ਸੁਸ਼ੋਭਿਤ ਕੀਤੇ ਜਾਣ।

ਸੰਗਤ ਦੇ ਆਦੇਸ਼ ਅਨੁਸਾਰ ਸ੍ਰੀ ਦਰਬਾਰ ਸਾਹਿਬ ਜੀ ਦਾ ਮਾਡਲ, ਸ੍ਰੀ ਕੇਸਗੜ੍ਹ ਸਾਹਿਬ ਜੀ ਦਾ ਮਾਡਲ, ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਦਾ ਮਾਡਲ, ਸਾਹਿਬਜ਼ਾਦਿਆਂ ਦਾ ਸ਼ਹੀਦੀ ਵੇਲੇ ਦਾ ਮਾਡਲ, ਉਹਦੇ ਨਾਲ- ਨਾਲ ਹੀ ਸ੍ਰੀ ਨਨਕਾਣਾ ਸਾਹਿਬ ਦਾ ਤਕਰੀਬਨ 13 ਫੁੱਟ ਸਾਈਜ ਦਾ ਮਾਡਲ ਬਣਾ ਕੇ ਸਮੂਹ ਦੇਸ਼ ਦੀਆਂ ਸੰਗਤਾਂ ਨੂੰ ਜਿੱਥੇ ਸਮਰਪਿਤ ਕੀਤਾ ਗਿਆ ਹੈ ,ਉਹਦੇ ਨਾਲ -ਨਾਲ ਹੀ ਫਿਲੀਪੀਨਜ਼ ਦੀ ਧਰਤੀ ਉਰਧਾਨੇਤਾ ਸਿਟੀ ਦੇ ਲਈ ਇਹ ਮਾਡਲ ਤਿਆਰ ਕੀਤੇ ਗਏ ਹਨ।

ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਦੋ ਤਖ਼ਤ ਸਾਹਿਬਾਨਾਂ ਦੇ ਮਾਡਲ ਨੇ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਦਮਦਮਾ ਸਾਹਿਬ ਜੀ ਉਹਦੇ ਨਾਲ ਨਾਲ ਹੀ ਸ੍ਰੀ ਨਨਕਾਣਾ ਸਾਹਿਬ ਜੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪਵਿੱਤਰ ਜਨਮ ਸਥਾਨ ਦਾ ਮਾਡਲ ਹੈ। ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਦਾ ਦੀਵਾਰ ’ਚ ਚਿਣੇ ਜਾਣ ਸਮੇਂ ਦਾ ਡਿਟੇਲ ਮਾਡਲ ਬਣਾਇਆ ਗਿਆ। ਉਹਦੇ ਨਾਲ ਹੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦਾ ਮਾਡਲ ਬਣਾਇਆ ਗਿਆ ਹੈ।



ਉਨ੍ਹਾਂ ਦੱਸਿਆ ਕਿ ਇਹਨਾਂ ਮਾਡਲਾਂ ਨੂੰ ਲਾਈਫ ਟਾਈਮ ਕੁੱਝ ਨਹੀਂ ਹੁੰਦਾ। ਤਕਰੀਬਨ 100 ਸਾਲ ਵੀ ਪਏ ਰਹਿਣ ਤੋਂ ਕੋਈ ਪ੍ਰੋਬਲਮ ਨਹੀਂ ਆਉਂਦੀ। ਉਨ੍ਹਾਂ ਦੱਸਿਆ ਕਿ ਜੂਨ 1984 ਦੇ ਘੱਲੂਘਾਰੇ ਦਾ ਮਾਡਲ ਆਸਟਰੇਲੀਆਂ -ਕੈਨੇਡਾ ,ਅਮਰੀਕਾ ਦੀ ਧਰਤੀ ’ਤੇ ਜਾਂ ਹੋਰ ਮੁਲਕਾਂ ’ਚ ਬਣਾ ਕੇ ਭੇਜੇ ਗਏ ਹਨ। ਜਲਦ ਹੀ ਇਹ ਮਾਡਲ ਸ਼ਿਪਿੰਗ ਰਾਹੀਂ ਫਿਲੀਪੀਨਜ਼ ਦੀ ਧਰਤੀ ਲਈ ਰਵਾਨਾ ਹੋਣਗੇ। ਉਨ੍ਹਾਂ ਦੱਸਿਆ ਕਿ ਇਹ ਮਾਡਲ ਬਣਾਉਣ ਸਮੇਂ ਮਰਿਆਦਾ ਦੀ ਪੂਰੀ ਪਾਲਣਾ ਕੀਤੀ ਗਈ ਹੈ। ਮਰਿਆਦਾ ਦਾ ਪੂਰਾ ਧਿਆਨ ਰੱਖਿਆ ਜਾਂਦਾ। ਸੁੱਚੇ ਹੱਥਾਂ ਨਾਲ ਬਿਲਕੁਲ ਚੱਪਲਾਂ ਨੂੰ ਦੂਰ ਰੱਖ ਕੇ ਸਿਰ ਢੱਕ ਕੇ ਇਹ ਮਰਿਆਦਾ ਦੇ ਨਾਲ ਕੰਮ ਕੀਤਾ ਜਾਂਦਾ ਤਾਂ ਹੀ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਆਪ ਸਹਾਈ ਹੋ ਕੇ ਕਾਰਜ ਸੰਪਨ ਕਰਵਾਉਂਦੇ ਹਨ।






# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਟਰੰਪ ਵਲੋਂ ਐਚ-1ਬੀ ਵੀਜ਼ਾ ਫੀਸ ਸਾਲਾਨਾ 1 ਲੱਖ ਡਾਲਰ ਕਰਨ ਦਾ ਐਲਾਨ




ਨਿਊਯਾਰਕ : ਅਮਰੀਕਾ 'ਚ ਭਾਰਤੀ ਪੇਸ਼ੇਵਰਾਂ 'ਤੇ ਉਲਟ ਪ੍ਰਭਾਵ ਪਾਉਣ ਵਾਲੇ ਇਕ ਕਦਮ ਤਹਿਤ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਚ-1ਬੀ ਵੀਜ਼ਾ ਫੀਸ ਨੂੰ ਸਾਲਾਨਾ 1 ਲੱਖ ਡਾਲਰ ਤੱਕ ਵਧਾਉਣ ਲਈ ਇਕ ਐਲਾਨਨਾਮੇ 'ਤੇ ਹਸਤਾਖਰ ਕੀਤੇ ਹਨ। ਟਰੰਪ ਨੇ ਕੁਝ ਗੈਰ-ਅਪ੍ਰਵਾਸੀ ਕਾਮਿਆਂ ਦੇ ਦਾਖਲੇ 'ਤੇ ਪਾਬੰਦੀ ਦੇ ਐਲਾਨਨਾਮੇ 'ਤੇ ਹਸਤਾਖਰ ਕਰਦੇ ਹੋਏ ਕਿਹਾ ਕਿ ਐਚ-1ਬੀ ਵੀਜ਼ਾ ਪ੍ਰੋਗਰਾਮ ਦੀ ਗਲਤ ਵਰਤੋਂ ਰਾਸ਼ਟਰੀ ਸੁਰੱਖਿਆ ਲਈ ਖਤਰਾ ਹੈ। ਅਮਰੀਕਾ ਹੁਣ ਐਚ-1ਬੀ ਵੀਜ਼ਾ ਲਈ ਸਾਲਾਨਾ 1 ਲੱਖ ਡਾਲਰ (ਲਗਭਗ 88 ਲੱਖ ਰੁਪਏ) ਦੀ ਅਰਜ਼ੀ ਫੀਸ ਲਵੇਗਾ, ਨਵੀਂ ਫੀਸ 21 ਸਤੰਬਰ ਤੋਂ ਲਾਗੂ ਹੋਵੇਗੀ। ਪਹਿਲਾਂ ਇਕ ਐਚ-1ਬੀ ਵੀਜ਼ਾ ਦੀ ਔਸਤਨ ਕੀਮਤ 5 ਲੱਖ ਰੁਪਏ ਸੀ। ਇਹ ਤਿੰਨ ਸਾਲਾਂ ਲਈ ਵੈਧ ਸੀ ਤੇ ਇਸ ਨੂੰ ਹੋਰ ਤਿੰਨ ਸਾਲਾਂ ਲਈ ਨਵਿਆਇਆ ਜਾ ਸਕਦਾ ਸੀ। ਹੁਣ, ਅਮਰੀਕਾ 'ਚ ਇਕ ਐਚ-1ਬੀ ਵੀਜ਼ਾ ਦੀ ਕੀਮਤ ਛੇ ਸਾਲਾਂ 'ਚ 5.28 ਕਰੋੜ ਰੁਪਏ ਹੋਵੇਗੀ, ਯਾਨੀ ਕਿ ਖਰਚਾ ਕਰੀਬ 50 ਗੁਣਾ ਵਧ ਜਾਵੇਗਾ। ਅਮਰੀਕੀ ਸਰਕਾਰ ਲਾਟਰੀ ਰਾਹੀਂ ਸਾਲਾਨਾ 85000 ਐਚ-1ਬੀ ਵੀਜ਼ਾ ਜਾਰੀ ਕਰਦੀ ਹੈ, ਜੋ ਜ਼ਿਆਦਾਤਰ ਤਕਨੀਕੀ ਨੌਕਰੀਆਂ ਲਈ ਵਰਤੇ ਜਾਂਦੇ ਹਨ। ਸਭ ਤੋਂ ਵੱਧ ਭਾਰਤੀ (72%) ਇਸ ਦਾ ਇਸਤੇਮਾਲ ਕਰਦੇ ਹਨ, ਜੋ ਸਭ ਤੋਂ ਵੱਧ ਉਪਭੋਗਤਾ ਹਨ। ਵਧੀ ਹੋਈ ਵੀਜ਼ਾ ਫੀਸ 3 ਲੱਖ ਤੋਂ ਵੱਧ ਭਾਰਤੀਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰੇਗੀ।

# H-1B ਵੀਜ਼ਾ ਪ੍ਰੋਗਰਾਮ ਦੀ ਦੁਰਵਰਤੋਂ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ: ਡੋਨਾਲਡ ਟਰੰਪ



ਨਿਊਯਾਰਕ/ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ H-1B ਵੀਜ਼ਾ ਅਰਜ਼ੀਆਂ 'ਤੇ 100,000 ਡਾਲਰ ਫੀਸ ਲਗਾਉਣ ਵਾਲੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕਰਦੇ ਹੋਏ ਕਿਹਾ ਕਿ H-1B ਪ੍ਰੋਗਰਾਮ ਦੀ ਦੁਰਵਰਤੋਂ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ। ਟਰੰਪ ਨੇ ਸ਼ੁੱਕਰਵਾਰ ਨੂੰ 'ਕੁਝ ਗੈਰ-ਪ੍ਰਵਾਸੀ ਕਾਮਿਆਂ ਦੇ ਦਾਖਲੇ 'ਤੇ ਪਾਬੰਦੀ' ਸਬੰਧੀ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ। ਇਸ ਫੈਸਲੇ ਦੇ ਤਹਿਤ, ਉਨ੍ਹਾਂ ਕਾਮਿਆਂ ਲਈ ਅਮਰੀਕਾ ਵਿੱਚ ਦਾਖਲੇ 'ਤੇ ਪਾਬੰਦੀ ਹੋਵੇਗੀ, ਜਿਨ੍ਹਾਂ ਦੀ H-1B ਅਰਜ਼ੀ ਨਾਲ 100,000 ਅਮਰੀਕੀ ਡਾਲਰ ਫੀਸ ਦਾ ਭੁਗਤਾਨ ਨਹੀਂ ਕੀਤਾ ਗਿਆ ਹੋਵੇਗਾ। ਟਰੰਪ ਨੇ ਕਿਹਾ, 'H-1B ਗੈਰ-ਪ੍ਰਵਾਸੀ ਵੀਜ਼ਾ ਪ੍ਰੋਗਰਾਮ ਅਸਥਾਈ ਕਾਮਿਆਂ ਨੂੰ ਅਮਰੀਕਾ ਲਿਆਉਣ ਲਈ ਬਣਾਇਆ ਗਿਆ ਸੀ ਤਾਂ ਕਿ ਉਹ ਵਾਧੂ, ਉੱਚ-ਹੁਨਰਮੰਦ ਨੌਕਰੀਆਂ ਕਰ ਸਕਣ ਪਰ ਅਮਰੀਕੀ ਕਾਮਿਆਂ ਦੀ ਥਾਂ ਸਸਤੇ, ਘੱਟ-ਹੁਨਰਮੰਦ ਕਾਮਿਆਂ ਨੂੰ ਲਿਆ ਕੇ ਵੀਜ਼ਾ ਪ੍ਰੋਗਰਾਮ ਦੀ ਦੁਰਵਰਤੋਂ ਕੀਤੀ ਗਈ।'

ਉਨ੍ਹਾਂ ਕਿਹਾ, H-1B ਪ੍ਰੋਗਰਾਮ ਦੀ ਦੁਰਵਰਤੋਂ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੀ ਹੈ। ਘਰੇਲੂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ H-1B 'ਤੇ ਨਿਰਭਰ ਆਊਟਸੋਰਸਿੰਗ ਕੰਪਨੀਆਂ ਦੀ ਪਛਾਣ ਅਤੇ ਜਾਂਚ ਕੀਤੀ ਹੈ, ਜੋ ਵੀਜ਼ਾ ਧੋਖਾਧੜੀ, ਮਨੀ ਲਾਂਡਰਿੰਗ ਸਾਜ਼ਿਸ਼ਾਂ... ਅਤੇ ਵਿਦੇਸ਼ੀ ਕਾਮਿਆਂ ਨੂੰ ਸੰਯੁਕਤ ਰਾਜ ਅਮਰੀਕਾ ਆਉਣ ਲਈ ਉਤਸ਼ਾਹਿਤ ਕਰਨ ਲਈ ਵੱਖ-ਵੱਖ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਪਾਈਆਂ ਗਈਆਂ ਹਨ।' ਉਨ੍ਹਾਂ ਕਿਹਾ, 'ਇਸ ਪ੍ਰੋਗਰਾਮ ਦੀ ਵਿਆਪਕ ਦੁਰਵਰਤੋਂ ਨਾਲ ਸਾਡੀ ਆਰਥਿਕ ਅਤੇ ਰਾਸ਼ਟਰੀ ਸੁਰੱਖਿਆ ਨੂੰ ਹੋਏ ਗੰਭੀਰ ਨੁਕਸਾਨ ਲਈ ਤੁਰੰਤ ਕਾਰਵਾਈ ਦੀ ਲੋੜ ਹੈ। ਇਸ ਲਈ, ਮੇਰਾ ਮੰਨਣਾ ਹੈ ਕਿ ਕੁਝ ਵਿਦੇਸ਼ੀ ਕਾਮਿਆਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਅਮਰੀਕਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਦੇਣਾ ਅਮਰੀਕੀ ਹਿੱਤਾਂ ਲਈ ਨੁਕਸਾਨਦੇਹ ਹੋਵੇਗਾ। ਅਜਿਹੀ ਐਂਟਰੀ ਅਮਰੀਕੀ ਕਾਮਿਆਂ ਨੂੰ ਨੁਕਸਾਨ ਪਹੁੰਚਾਏਗੀ, ਜਿਸ ਵਿੱਚ ਉਨ੍ਹਾਂ ਦੀਆਂ ਤਨਖਾਹਾਂ ਵਿਚ ਕਟੌਤੀ ਵੀ ਸ਼ਾਮਲ ਹੈ।' ਟਰੰਪ ਨੇ ਹੁਕਮ ਦਿੱਤਾ ਕਿ ਗ੍ਰਹਿ ਮੰਤਰੀ ਘੋਸ਼ਣਾ ਦੇ ਪ੍ਰਭਾਵੀ ਹੋਣ ਦੀ ਤਰੀਕ ਯਾਨੀ 21 ਸਤੰਬਰ 2025 ਤੋਂ ਉਨ੍ਹਾਂ ਅਰਜ਼ੀਆਂ 'ਤੇ ਫੈਸਲੇ ਲੈਣ 'ਤੇ ਰੋਕ ਲਗਾਉਣਗੇ, ਜਿਨ੍ਹਾਂ ਨਾਲ 100,000 ਅਮਰੀਕੀ ਡਾਲਰ ਦਾ ਭੁਗਤਾਨ ਨਹੀਂ ਕੀਤਾ ਗਿਆ ਹੋਵੇਗਾ।

## ਵਪਾਰ ਜ਼ਰੀਏ ਰੋਕਿਆ ਭਾਰਤ-ਪਾਕਿ ਟਕਰਾਅ

# 7 ਜੰਗਾਂ ਰੋਕਣ ਲਈ ਨੋਬਲ ਪੁਰਸਕਾਰ ਮਿਲਣਾ ਚਾਹੀਦੈ : ਟਰੰਪ

ਨਿਊਯਾਰਕ/ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ-ਪਾਕਿਸਤਾਨ ਟਕਰਾਅ ਨੂੰ ਵਪਾਰ ਜ਼ਰੀਏ ਸੁਲਝਾਉਣ ਦਾ ਮੁੜ ਦਾਅਵਾ ਕਰਦਿਆਂ ਕਿਹਾ ਕਿ ਉਨ੍ਹਾਂ 'ਸੱਤ ਜੰਗਾਂ ਰੁਕਵਾਉਣ ਲਈ' ਨੋਬਲ ਸ਼ਾਂਤੀ ਪੁਰਸਕਾਰ ਮਿਲਣਾ ਚਾਹੀਦਾ ਹੈ। ਟਰੰਪ ਨੇ ਕਿਹਾ, "ਆਲਮੀ ਮੰਚ 'ਤੇ ਅਸੀਂ ਇਕ ਵਾਰ ਫਿਰ ਅਜਿਹੇ ਕੰਮ ਕਰ ਰਹੇ ਹਾਂ, ਜਿਸ ਨਾਲ ਸਾਨੂੰ ਹਰ ਉਸ ਪੱਧਰ ਦਾ ਸਨਮਾਨ ਮਿਲ ਰਿਹਾ ਹੈ, ਜੋ ਪਹਿਲਾਂ ਕਦੇ ਨਹੀਂ ਮਿਲਿਆ।" ਟਰੰਪ ਨੇ ਸਨਿਚਰਵਾਰ ਨੂੰ 'ਅਮਰੀਕਨ ਕਾਰਨਰਸਟੋਨ ਇੰਸਟੀਚਿਊਟ ਫਾਊਂਡਰਜ਼ ਡਿਨਰ' ਦੇ ਸਾਲਾਨਾ ਪ੍ਰੋਗਰਾਮ ਵਿਚ ਕਿਹਾ, "ਅਸੀਂ ਸ਼ਾਂਤੀ ਸਮਝੌਤਾ ਕਰਵਾ ਰਹੇ ਹਾਂ ਤੇ ਜੰਗ ਰੋਕ ਰਹੇ ਹਾਂ। ਅਸੀਂ ਭਾਰਤ-ਪਾਕਿਸਤਾਨ ਤੇ ਥਾਈਲੈਂਡ-ਕੰਬੋਡੀਆ ਦਰਮਿਆਨ ਜੰਗ ਰੋਕੀ।" ਉਨ੍ਹਾਂ ਕਿਹਾ, "ਭਾਰਤ ਤੇ ਪਾਕਿਸਤਾਨ ਬਾਰੇ ਸੋਚੋ, ਕੀ ਤੁਸੀਂ ਜਾਣਦੇ ਹੋ ਕਿ ਮੈਂ ਇਸ ਨੂੰ ਕਿਵੇਂ ਰੋਕਿਆ-ਵਪਾਰ ਜ਼ਰੀਏ। ਉਹ ਵਪਾਰ ਕਰਨਾ ਚਾਹੁੰਦੇ ਹਨ ਤੇ ਮੈਂ ਦੋਵਾਂ ਆਗੂਆਂ ਦਾ ਬਹੁਤ ਸਨਮਾਨ ਕਰਦਾ ਹਾਂ।" ਅਮਰੀਕੀ ਰਾਸ਼ਟਰਪਤੀ ਨੇ ਦਾਅਵਾ ਕੀਤਾ, "ਭਾਰਤ-ਪਾਕਿਸਤਾਨ, ਥਾਈਲੈਂਡ-ਕੰਬੋਡੀਆ, ਅਰਮੀਨੀਆ-ਅਜ਼ਰਬਾਈਜਾਨ, ਕੋਸੋਵੋ-ਸਰਬੀਆ, ਇਜ਼ਰਾਈਲ-ਇਰਾਨ, ਮਿਸਰ-ਇਥੋਪੀਆ, ਰਵਾਂਡਾ-ਕਾਂਗੋ ਵੱਲ ਦੇਖੋ - ਅਸੀਂ ਇਨ੍ਹਾਂ ਦੇਸ਼ਾਂ ਵਿਚਕਾਰ ਟਕਰਾਅ ਨੂੰ ਰੋਕਿਆ ਹੈ ਅਤੇ ਇਨ੍ਹਾਂ ਵਿਚੋਂ 60 ਪ੍ਰਤੀਸ਼ਤ ਵਪਾਰ ਕਾਰਨ ਰੋਕੇ ਗਏ ਸਨ।" ਟਰੰਪ ਨੇ ਕਿਹਾ, "ਮੈਂ ਭਾਰਤ ਨੂੰ ਕਿਹਾ ਦੇਖੋ, ਤੁਹਾਡੇ ਦੋਵਾਂ ਕੋਲ ਪ੍ਰਮਾਣੂ ਹਥਿਆਰ ਹਨ। ਜੇਕਰ ਤੁਸੀਂ ਜੰਗ ਸ਼ੁਰੂ ਕੀਤੀ, ਤਾਂ ਅਸੀਂ ਤੁਹਾਡੇ ਨਾਲ ਕੋਈ ਵਪਾਰ ਨਹੀਂ ਕਰਾਂਗੇ। ਜਦੋਂ ਮੈਂ ਇਹ ਕਿਹਾ ਤਾਂ ਉਹ ਰੁਕ ਗਏ।" ਟਰੰਪ ਨੇ ਕਿਹਾ ਕਿ ਜੇਕਰ ਉਹ ਹੁਣ ਰੂਸ ਅਤੇ ਯੂਕਰੇਨ ਵਿਚਕਾਰ ਜੰਗਬੰਦੀ ਪ੍ਰਾਪਤ ਕਰਦਾ ਹੈ, ਤਾਂ ਉਸ ਨੂੰ ਨੋਬਲ ਪੁਰਸਕਾਰ ਮਿਲਣਾ ਚਾਹੀਦਾ ਹੈ।

# ਅਮਰੀਕਾ ਦੇ ਸੂਬੇ ਕੈਲੀਫੋਰਨੀਆ ਨੇ ਵੀ ਅਧਿਕਾਰਤ ਤੌਰ 'ਤੇ ਦੀਵਾਲੀ ਦੀ ਸਰਕਾਰੀ ਛੁੱਟੀ ਕੀਤੀ ਘੋਸ਼ਿਤ

ਨਿਊਯਾਰਕ, (ਰਾਜ ਗੋਗਨਾ) : ਅਮਰੀਕਾ ਦੇ ਸੂਬੇ ਕੈਲੀਫੋਰਨੀਆ ਨੇ ਵੀ ਅਧਿਕਾਰਤ ਤੌਰ 'ਤੇ ਦੀਵਾਲੀ ਨੂੰ ਜਨਤਕ ਛੁੱਟੀ ਵਜੋਂ ਘੋਸ਼ਿਤ ਕੀਤਾ ਹੈ। ਜੋ ਕਿ ਰਾਜ ਵਿੱਚ ਭਾਰਤੀ ਭਾਈਚਾਰੇ ਲਈ ਇੱਕ ਇਤਿਹਾਸਕ ਪਲ ਹੈ। ਦੀਵਾਲੀ, ਦਾ ਤਿਉਹਾਰ ਜੋ ਕਿ ਰੌਸ਼ਨੀ ਦੇ ਤਿਉਹਾਰ ਵਜੋਂ ਮਨਾਈ ਜਾਂਦੀ ਹੈ, ਦੁਨੀਆ ਭਰ ਦੇ ਭਾਰਤੀਆਂ ਲਈ ਸਭ ਤੋਂ ਮਹੱਤਵਪੂਰਨ ਤਿਉਹਾਰ ਅਧੀਨ ਆਉਂਦਾ ਹੈ। ਕੈਲੀਫੋਰਨੀਆ ਵਿੱਚ ਭਾਰਤੀ ਪ੍ਰਵਾਸੀਆਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ, ਜਿਸਦਾ ਮੁੱਖ ਕਾਰਨ ਸਿਲੀਕਾਨ ਵੈਲੀ ਦਾ ਤਕਨੀਕੀ ਉਦਯੋਗ ਹੈ। ਇਹ ਫੈਸਲਾ ਭਾਰਤੀ ਪਰੰਪਰਾਵਾਂ ਦੀ ਮਹੱਤਤਾ ਨੂੰ ਪਛਾਣਦਾ ਹੈ ਅਤੇ ਰਾਜ ਵਿੱਚ ਸੱਭਿਆਚਾਰਕ ਵਿਭਿੰਨਤਾ ਲਈ ਵੀ ਸਤਿਕਾਰ ਦਰਸਾਉਂਦਾ ਹੈ। ਅੰਦਾਜ਼ੇ ਅਨੁਸਾਰ, ਕੈਲੀਫੋਰਨੀਆ ਵਿੱਚ ਲਗਭਗ 8 ਲੱਖ ਭਾਰਤੀ ਰਹਿੰਦੇ ਹਨ। ਬਹੁਤ ਸਾਰੇ ਪੇਸ਼ੇਵਰ ਹਨ ਜੋ ਤਕਨੀਕੀ, ਸਿੱਖਿਆ ਅਤੇ ਸਿਹਤ ਸੰਭਾਲ ਖੇਤਰਾਂ ਵਿੱਚ ਕੰਮ ਕਰਦੇ ਹਨ, ਜਦੋਂ ਕਿ ਹੋਰ ਦੂਜੀ ਜਾਂ ਤੀਜੀ ਪੀੜ੍ਹੀ ਦੇ ਭਾਰਤੀ ਅਮਰੀਕੀ



ਵੱਸੇ ਹੋਏ ਹਨ। ਇਹ ਬਿੱਲ ਕੈਲੀਫੋਰਨੀਆ ਵਿਧਾਨ ਸਭਾ ਦੇ ਦੋਵਾਂ ਚੈਂਬਰਾਂ ਵਿੱਚ ਸਪੱਸ਼ਟ ਬਹੁਮਤ ਨਾਲ ਪਾਸ ਹੋ ਗਿਆ। ਦੀਵਾਲੀ 'ਤੇ ਸਕੂਲ ਅਤੇ ਕਾਲਜ ਬੰਦ ਰਹਿਣਗੇ, ਹਾਲਾਂਕਿ ਅਦਾਲਤਾਂ ਆਪਣਾ ਕੰਮ ਕਰਨਾ ਜਾਰੀ ਰੱਖਣਗੀਆਂ। ਕੈਲੀਫੋਰਨੀਆ ਹੁਣ ਕਈ ਅਮਰੀਕੀ ਰਾਜਾਂ ਵਿੱਚ ਸ਼ਾਮਲ ਹੋ ਗਿਆ ਹੈ ਜਿਨ੍ਹਾਂ ਨੇ ਅਧਿਕਾਰਤ ਤੌਰ 'ਤੇ ਦੀਵਾਲੀ ਨੂੰ ਛੁੱਟੀ ਵਜੋਂ ਮਾਨਤਾ ਦਿੱਤੀ ਹੈ ਅਤੇ ਦੀਵਾਲੀ 20 ਅਕਤੂਬਰ 2025 ਨੂੰ ਹੈ।

# ਪ੍ਰੈਸ ਦੀ ਆਜ਼ਾਦੀ 'ਤੇ ਵੱਡਾ ਹਮਲਾ? ਲਾਇਸੈਂਸ ਰੱਦ ਕਰਨ ਦੀ ਚਿਤਾਵਨੀ ਨੇ ਛੇੜੀ ਬਹਿਸ

## ਟਰੰਪ ਦੀ ਮੀਡੀਆ ਨੂੰ ਸਿੱਧੀ ਧਮਕੀ: ਆਲੋਚਨਾ ਕਰਨ 'ਤੇ ਲਾਇਸੈਂਸ ਹੋਣਗੇ ਰੱਦ

ਵਾਸ਼ਿੰਗਟਨ, (ਸਾਡੇ ਲੋਕ) ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀਰਵਾਰ ਨੂੰ ਪ੍ਰਸਾਰਣਕਰਤਾਵਾਂ ਨੂੰ ਉਨ੍ਹਾਂ ਦੇ ਲਾਇਸੈਂਸ ਗੁਆਉਣ ਦੇ ਜੋਖਮ ਬਾਰੇ ਚਿਤਾਵਨੀ ਦਿੱਤੀ ਹੈ ਜੇਕਰ ਉਨ੍ਹਾਂ ਦੇ ਮੇਜ਼ਬਾਨ ਉਨ੍ਹਾਂ ਦੀ ਆਲੋਚਨਾ ਕਰਦੇ ਹਨ। ਇਹ ਟਿੱਪਣੀ ਏਬੀਸੀ ਦੇ ਦੇਰ-ਰਾਤ ਦੇ ਹੋਸਟ ਜਿੰਮੀ ਕਿਮਲ ਦੇ ਸ਼ੋਅ ਨੂੰ ਮੁਅੱਤਲ ਕੀਤੇ ਜਾਣ ਤੋਂ ਬਾਅਦ ਆਈ ਹੈ, ਜਿਸ ਕਦਮ ਦੀ ਟਰੰਪ ਨੇ ਸ਼ਲਾਘਾ ਕੀਤੀ ਸੀ।

ਏਅਰ ਫੋਰਸ ਵਨ 'ਤੇ ਪੱਤਰਕਾਰਾਂ ਨਾਲ ਗੱਲ ਕਰਦਿਆਂ, ਟਰੰਪ ਨੇ ਕਿਹਾ ਕਿ ਕੁਝ ਨੈੱਟਵਰਕ ਉਨ੍ਹਾਂ ਪ੍ਰਤੀ '97% ਨਕਾਰਾਤਮਕ' ਹਨ ਅਤੇ ਸੁਝਾਅ ਦਿੱਤਾ ਕਿ ਉਨ੍ਹਾਂ ਦੇ ਲਾਇਸੈਂਸਾਂ ਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। 'ਜਦੋਂ ਤੁਹਾਡੇ ਕੋਲ ਇੱਕ ਨੈਟਵਰਕ ਹੁੰਦਾ ਹੈ ਅਤੇ ਤੁਹਾਡੇ ਕੋਲ ਸ਼ਾਮ ਦੇ ਸ਼ੋਅ ਹੁੰਦੇ ਹਨ, ਅਤੇ ਉਹ ਸਿਰਫ ਟਰੰਪ 'ਤੇ ਹਮਲਾ ਕਰਦੇ ਹਨ, ਤਾਂ ਮੈਨੂੰ ਲਗਦਾ ਹੈ ਕਿ ਸ਼ਾਇਦ ਉਨ੍ਹਾਂ ਦਾ ਲਾਇਸੈਂਸ ਖੋਹ ਲਿਆ ਜਾਣਾ ਚਾਹੀਦਾ ਹੈ' ਟਰੰਪ ਨੇ ਕਿਹਾ।

ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਜਿੰਮੀ ਕਿਮਲ ਨੇ ਆਪਣੇ ਸ਼ੋਅ ਵਿੱਚ ਕੰਜ਼ਰਵੇਟਿਵ ਕਾਰਕੁਨ ਚਾਰਲੀ ਕਿਰਕ ਦੀ ਹੱਤਿਆ ਬਾਰੇ ਟਿੱਪਣੀਆਂ ਕੀਤੀਆਂ, ਜਿਸ ਨਾਲ ਟਰੰਪ ਸਮਰਥਕਾਂ ਵਿੱਚ ਗੁੱਸਾ ਫੈਲ ਗਿਆ। ਇਸ ਤੋਂ ਬਾਅਦ, ਫੈਡਰਲ ਕਮਿਊਨੀਕੇਸ਼ਨਜ਼ ਕਮਿਸ਼ਨ (FCC) ਦੇ ਚੇਅਰਮੈਨ, ਬ੍ਰੈਂਡਨ ਕਾਰ, ਨੇ ਸੁਝਾਅ ਦਿੱਤਾ ਕਿ ਕਮਿਸ਼ਨ ਏਬੀਸੀ ਦੇ ਖਿਲਾਫ ਕਾਰਵਾਈ ਕਰ ਸਕਦਾ ਹੈ। ਇਸ ਦਬਾਅ ਦੇ ਚੱਲਦਿਆਂ, ਏਬੀਸੀ ਨੇ 'ਜਿੰਮੀ ਕਿਮਲ ਲਾਈਵ!' ਨੂੰ ਅਣਮਿੱਥੇ ਸਮੇਂ ਲਈ ਮੁਅੱਤਲ ਕਰ ਦਿੱਤਾ।

ਰਾਸ਼ਟਰਪਤੀ ਟਰੰਪ ਨੇ ਕਿਮਲ ਦੀ ਮੁਅੱਤਲੀ ਦਾ ਜਸ਼ਨ ਮਨਾਉਂਦੇ ਹੋਏ ਕਿਹਾ ਕਿ ਮੇਜ਼ਬਾਨ 'ਪ੍ਰਤਿਭਾਸ਼ਾਲੀ ਨਹੀਂ ਹੈ' ਅਤੇ ਉਸਦੀ ਰੇਟਿੰਗ 'ਬਹੁਤ ਖ਼ਰਾਬ' ਸੀ।

ਹਾਲਾਂਕਿ, ਆਲੋਚਕਾਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਦੀਆਂ ਧਮਕੀਆਂ ਪ੍ਰੈਸ ਦੀ ਆਜ਼ਾਦੀ 'ਤੇ ਹਮਲਾ ਹਨ ਅਤੇ ਪਹਿਲੀ ਸੋਧ ਦੀ ਉਲੰਘਣਾ ਕਰ ਸਕਦੀਆਂ ਹਨ, ਜੋ ਬੋਲਣ ਦੀ ਆਜ਼ਾਦੀ ਦੀ ਗਰੰਟੀ ਦਿੰਦੀ ਹੈ। ਕਾਨੂੰਨੀ ਮਾਹਰ ਦੱਸਦੇ ਹਨ ਕਿ FCC ਲਈ ਸਿਰਫ਼ ਆਲੋਚਨਾਤਮਕ ਕਵਰੇਜ ਦੇ ਆਧਾਰ 'ਤੇ ਪ੍ਰਸਾਰਣ ਲਾਇਸੈਂਸ ਨੂੰ ਰੱਦ ਕਰਨਾ ਸੰਵਿਧਾਨਕ ਤੌਰ 'ਤੇ ਮੁਸ਼ਕਲ ਹੋਵੇਗਾ। FCC ਨਿਯਮਾਂ ਦੇ ਤਹਿਤ, ਲਾਇਸੈਂਸ ਰੱਦ ਕਰਨਾ ਇੱਕ ਗੁੰਝਲਦਾਰ ਪ੍ਰਕਿਰਿਆ ਹੈ ਅਤੇ ਆਮ ਤੌਰ 'ਤੇ ਤਕਨੀਕੀ ਉਲੰਘਣਾਵਾਂ ਜਾਂ ਗੰਭੀਰ ਦੁਰਵਿਹਾਰ ਲਈ ਰਾਖਵੀਂ ਹੈ।

ਇਸ ਘਟਨਾ ਨੇ ਮੀਡੀਆ ਅਤੇ ਸਰਕਾਰ ਵਿਚਕਾਰ ਸਬੰਧਾਂ ਅਤੇ ਸੰਯੁਕਤ ਰਾਜ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਦੇ ਭਵਿੱਖ ਬਾਰੇ ਇੱਕ ਵੱਡੀ ਬਹਿਸ ਛੇੜ ਦਿੱਤੀ ਹੈ।

# ਤਾਜ਼ਾ ਸਰਵੇਖਣਾਂ 'ਚ ਬਹੁਗਿਣਤੀ ਅਮਰੀਕੀਆਂ ਨੇ ਟਰੰਪ ਦੀ ਕਾਰਗੁਜ਼ਾਰੀ ਨੂੰ ਨਕਾਰਿਆ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)-ਤਾਜ਼ਾ ਸਰਵੇਖਣਾਂ 'ਚ ਬਹੁਗਿਣਤੀ ਅਮਰੀਕੀਆਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਕਾਰਗੁਜਾਰੀ ਨੂੰ ਨਕਾਰ ਦਿੱਤਾ ਹੈ ਤੇ ਉਸ ਦੀਆਂ ਨੀਤੀਆਂ ਨਾਲ ਅਸਹਿਮਤੀ ਪ੍ਰਗਟਾਈ ਹੈ। ਵਾਸ਼ਿੰਗਟਨ ਪੋਸਟ-ਇਪਸਾਸ ਸਰਵੇ ਜੋ 4 ਦਿਨਾਂ 'ਚ ਮੁਕੰਮਲ ਹੋਇਆ,ਅਨੁਸਾਰ ਕੇਵਲ 43 ਫ਼ੀਸਦ ਅਮਰੀਕੀਆਂ ਨੇ ਟਰੰਪ ਦੇ ਹੱਕ 'ਚ ਵੋਟ ਪਾਈ ਹੈ ਜਦ ਕਿ 56 ਫ਼ੀਸਦ ਨੇ ਉਸ ਦੀ ਕਾਰਗੁਜਾਰੀ ਵਿਰੁੱਧ ਵੋਟ ਪਾਈ ਹੈ ਤੇ ਨਿਰਾਸ਼ਾ ਪ੍ਰਗਟ ਕੀਤੀ ਹੈ। ਅਪ੍ਰੈਲ 'ਚ ਹੋਏ ਸਰਵੇ 'ਚ ਕੇਵਲ 39 ਫ਼ੀਸਦ ਅਮਰੀਕੀਆਂ ਨੇ ਰਾਸ਼ਟਰਪਤੀ ਦੀ ਕਾਰਗੁਜਾਰੀ ਨੂੰ ਪਸੰਦ ਕੀਤਾ ਸੀ ਤੇ 55 ਫ਼ੀਸਦ ਨੇ ਨਾ ਪਸੰਦ ਕੀਤਾ ਸੀ। ਨਿਊਯਾਰਕ ਟਾਈਮਜ਼ ਦੇ ਸਰਵੇ ਅਨੁਸਾਰ ਵੀ 43 ਫ਼ੀਸਦ ਅਮਰੀਕੀ ਟਰੰਪ ਦੇ ਹੱਕ 'ਚ ਭੁਗਤੇ ਹਨ ਜਦ ਕਿ 54 ਫ਼ੀਸਦ ਨੇ ਉਸ ਦੀ ਕਾਰਗੁਜਾਰੀ ਨਾਲ ਅਸਹਿਮਤੀ ਪ੍ਰਗਟਾਈ ਹੈ। ਰੀਅਲ ਕਲੀਅਰ ਪੌਲਿਟਿਕਸ ਸਰਵੇ 'ਚ 46 ਫ਼ੀਸਦ ਅਮਰੀਕੀਆਂ ਨੇ ਟਰੰਪ ਦਾ ਸਮਰਥਨ ਕੀਤਾ ਹੈ ਜਦ ਕਿ 52 ਫ਼ੀਸਦ ਨੇ ਅਸਹਿਮਤੀ ਪ੍ਰਗਟਾਈ ਹੈ। ਪੋਸਟ ਪੋਲ ਸਰਵੇ 'ਚ ਵੀ ਬਹੁਗਿਣਤੀ ਅਮਰੀਕੀਆਂ ਨੇ ਟਰੰਪ ਦੀ ਕਾਰਗੁਜਾਰੀ ਨੂੰ ਰੱਦ ਕੀਤਾ ਹੈ। ਇਹ ਸਰਵੇ ਅਰਥਵਿਵਸਥਾ, ਇਮਗੀਗ੍ਰੇਸ਼ਨ, ਟੈਰਿਫ, ਅਪਰਾਧ, ਰੂਸ-ਯੂਕਰੇਨ ਤੇ ਇਸਰਾਈਲ ਹਮਾਸ ਜੰਗ ਸਮੇਤ ਹੋਰ ਭਖਦੇ ਮੁੱਦਿਆਂ ਨੂੰ ਲੈ ਕੇ ਕੀਤੇ ਗਏ ਹਨ।

# ਰੂਸ-ਯੂਕ੍ਰੇਨ ਜੰਗ ਤੋਂ ਪੈਸੇ ਕਮਾ ਰਿਹੈ ਅਮਰੀਕਾ : ਟਰੰਪ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਰੂਸ-ਯੂਕ੍ਰੇਨ ਦੀ ਜੰਗ ਤੋਂ ਪੈਸੇ ਕਮਾ ਰਿਹਾ ਹੈ। ਉਨ੍ਹਾਂ ਦਾ ਇਹ ਬਿਆਨ ਉਨ੍ਹਾਂ ਦੇ ਪਹਿਲਾਂ ਦੇ ਸਟੈਂਡ ਦੇ ਉਲਟ ਹੈ, ਜਿਸ ਵਿਚ ਉਨ੍ਹਾਂ ਕੀਵ ਨੂੰ ਬਿਨਾਂ ਸ਼ਰਤ ਫੌਜੀ ਸਮਰਥਨ ਦੇਣ ਦੀ ਗੱਲ ਕਹੀ ਸੀ, ਜਿਸ ਦੇ ਤਹਿਤ ਅਮਰੀਕਾ ਉਸ ਨੂੰ ਹਥਿਆਰ ਸਪਲਾਈ ਕਰਦਾ ਰਿਹਾ ਹੈ।

ਵ੍ਹਾਈਟ ਹਾਊਸ 'ਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਟਰੰਪ ਨੇ ਜੁਲਾਈ ਵਿਚ ਹਸਤਾਖਰ ਕੀਤੇ ਉਸ ਸਮਝੌਤੇ ਦੀ ਪ੍ਰਸ਼ੰਸਾ ਕੀਤੀ, ਜਿਸ ਦੇ ਤਹਿਤ ਅਮਰੀਕਾ ਆਪਣੇ ਸਾਥੀ ਨਾਟੋ ਮੈਂਬਰਾਂ ਨੂੰ ਹਥਿਆਰ ਵੇਚਦਾ ਹੈ, ਜੋ ਬਾਅਦ 'ਚ ਉਹ ਯੂਕ੍ਰੇਨ ਨੂੰ ਸੌਂਪ ਦਿੰਦੇ ਹਨ। ਟਰੰਪ ਨੇ ਕਿਹਾ ਕਿ ਅਸੀਂ ਜੰਗ 'ਤੇ ਹੋਰ ਖਰਚਾ ਨਹੀਂ ਕਰ ਰਹੇ। ਕੀ ਤੁਹਾਨੂੰ ਪਤਾ ਹੈ ਕਿ ਜੋ ਕੁਝ ਵੀ ਭੇਜਿਆ ਗਿਆ ਹੈ, ਉਸ ਦੇ ਲਈ ਭੁਗਤਾਨ ਕੀਤਾ ਜਾ ਰਿਹਾ ਹੈ ਅਤੇ ਅਸੀਂ ਬਾਈਡੇਨ ਵਾਂਗ ਨਹੀਂ ਕਰ ਰਹੇ। ਉਨ੍ਹਾਂ ਨੂੰ 350 ਅਰਬ ਡਾਲਰ ਦਿੱਤੇ ਗਏ, ਜੋ ਹੈਰਾਨ ਕਰ ਦੇਣ ਵਾਲਾ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੰਗ ਲਈ ਨਾਟੋ ਵੱਲੋਂ ਫੰਡਿੰਗ ਕੀਤੀ ਜਾ ਰਹੀ ਹੈ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ


## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



All Services Under One Roof

HARMINDER SINGH SAMANA
OFFICE MANAGER
209-481-7750
209-624-3919



EMMANUEL ENYINWA
Attorney of Law
Tel. 415-956-6100
Fax. 415-956-6111

# ਫਰਿਜ਼ਨੋ ਵਿਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ 30ਵੀਂ ਬਰਸੀ ਮੌਕੇ ਮਨਾਇਆ ਗਿਆ ਮਨੁੱਖੀ ਅਧਿਕਾਰ ਦਿਹਾੜਾ

## ਵੱਖ ਵੱਖ ਬੁਲਾਰਿਆਂ ਨੇ ਦੁਨੀਆ ਭਰ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਕੀਤੀ ਚਿੰਤਾ ਜ਼ਾਹਰ












ਫਰਿਜ਼ਨੋ/ਕੈਲੀਫੋਰਨੀਆਂ (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਲੰਘੇ ਸ਼ਨੀਵਾਰ ਫਰਿਜਨੋ ਵਿਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਸਮਰਪਿਤ, ਮਨੁੱਖੀ ਅਧਿਕਾਰ ਦਿਵਸ' ਬੜੀ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ।

ਸਥਾਨਿਕ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਲੰਘੇ ਸ਼ਨੀਵਾਰ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ਼ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਸਮਾਗਮ "ਮਨੁੱਖੀ ਅਧਿਕਾਰ ਦਿਹਾੜਾ" ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 30ਵੀਂ ਬਰਸੀ ਨੂੰ ਮੁੱਖ ਰੱਖਕੇ ਮਨਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਓਥੇ 911 ਦੀ 24ਵੀਂ ਬਰਸੀ ਮੌਕੇ ਅਮਰੀਕਾ ਵਿੱਚ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਦੀ ਸ਼ੁਰੂਆਤ ਸ੍. ਕੁਲਵੰਤ ਸਿੰਘ ਖਹਿਰਾ ਅਤੇ ਸਾਥੀਆਂ ਨੇ ਸੁਖਮਨੀ ਸਹਿਬ ਦੇ ਪਾਠ ਕਰਕੇ ਕੀਤੀ। ਉਪਰੰਤ ਭਾਈ ਮਹਿਲਾ ਸਿੰਘ ਦੇ ਕਵਿਸ਼ਰੀ ਜਥੇ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਆਪਣੀਆਂ ਕਵਿਤਾਵਾਂ ਰਾਹੀਂ ਪੰਛੀ ਯਾਤ ਪਵਾਈ। ਪਿਛੋਂ ਸਟੇਜ ਦੀ ਸ਼ੁਰੂਆਤ ਸ੍. ਰਾਜ ਸਿੱਧੂ ਮੋਗਾ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਉਪਰੰਤ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ। ਇਸ ਪਿੱਛੋਂ ਗਾਇਕ ਰਾਜ ਬਰਾੜ ਨੇ ਧਾਰਮਿਕ ਗੀਤ ਨਾਲ ਸਟੇਜ ਨੂੰ ਅੱਗੇ ਤੋਰਿਆ। ਸ੍. ਹਰਨੇਕ ਸਿੰਘ ਲੋਹਗੜ੍ਹ ਅਤੇ ਸ੍. ਗੁਰਦੀਪ ਸਿੰਘ ਚੰਨਣਵਾਲ ਨੇ ਵੀ ਕਵਿਸ਼ਰੀ ਰੂਪ ਵਿੱਚ ਚੰਗਾ ਸਮਾਂ ਬੰਨਿਆ। ਗਾਇਕ ਪੱਪੀ ਭਦੌੜ, ਕਮਲਜੀਤ ਬੈਨੀਪਾਲ, ਗਾਇਕ ਪ੍ਰਗਟ ਆਦਿ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿੱਚ ਪੰਜਾਬੀ ਰੇਡੀਓ ਯੂਐਸਏ ਦੇ ਹੋਸਟ ਸ੍ਰੀ ਪ੍ਰਵੀਨ ਕੁਮਾਰ ਸ਼ਰਮਾ, ਸ੍. ਸੁਖਦੇਵ ਸਿੰਘ ਸਿੱਧੂ, ਡਾ. ਮਲਕੀਤ ਸਿੰਘ ਕਿੰਗਰਾ, ਸੁਰਿੰਦਰ ਮੰਡਾਲੀ, ਜਸਪ੍ਰੀਤ ਸਿੱਧੂ, ਸ੍. ਨੈਣਦੀਪ ਸਿੰਘ ਚੰਨ, ਸ੍. ਪਰਗਟ ਸਿੰਘ ਬਾਠ, ਪ੍ਰਿੰਸੀਪਲ ਦਲਜੀਤ ਸਿੰਘ, ਸ੍. ਮਹਿੰਦਰ ਸਿੰਘ ਸੰਧਾਵਾਲੀਆ, ਸ੍. ਸਾਧੂ ਸਿੰਘ ਸੰਘਾ, ਹੈਰੀ ਮਾਨ ਅਤੇ ਸ੍. ਨਿਰਮਲ ਸਿੰਘ ਧਨੌਲਾ ਆਦਿ ਨੇ ਸਟੇਜ ਤੋਂ ਹਾਜ਼ਰੀ ਭਰੀ। ਇਸ ਮੌਕੇ ਸੈਂਟਰਲ ਸਕੂਲ ਬੋਰਡ ਟਰੱਸਟੀ ਦੀ ਟੀਮ ਨੂੰ ਵੀ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਹਨਾਂ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਟੀਮ ਨੇ ਖਾਲੜਾ ਸਾਬ੍ਹ ਦੇ ਨਾਮ ਤੇ ਐਲੀਮੈਂਟਰੀ ਸਕੂਲ ਦਾ ਨਾਮ ਰੱਖਣ ਲਈ ਵੱਡਾ ਯੋਗਦਾਨ ਪਾਇਆ ਸੀ।

ਇਸ ਐਡਵੋਕੇਟ ਸ੍. ਨਰਿੰਦਰ ਸਿੰਘ ਚਾਹਲ ਅਤੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਕੌਰ ਉਦਾਸੀ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਉਨ੍ਹਾਂ ਵੀ ਆਪਣੇ ਵਿਚਾਰ ਰੱਖੇ ਤੇ ਇਸ ਮੌਕੇ ਬਾਬਿਆਂ ਦੀ ਪਾਰਕ ਵਾਲੀ ਕਮੇਟੀ ਵੱਲੋਂ ਉਨ੍ਹਾਂ ਨੂੰ ਸ਼ਾਲ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਪ੍ਰਿਤਪਾਲ ਕੌਰ ਉਦਾਸੀ ਨੇ ਆਪਣੇ ਪਿਤਾ ਸਵ. ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਗਾਕੇ ਐਸਾ ਰੰਗ ਬੰਨ੍ਹਿਆਂ ਕਿ ਹਰ ਕੋਈ ਅਸ਼ ਅਸ਼ ਕਰ ਉੱਠਿਆ। ਐਡਵੋਕੇਟ ਸ੍. ਨਰਿੰਦਰ ਸਿੰਘ ਚਾਹਲ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨਾਲ ਬਿਤਾਏ ਸਮੇਂ ਦੀਆਂ ਗੱਲਾਂ ਸੁਣਾਈਆਂ ਅਤੇ 84 ਮੌਕੇ ਹੋਏ ਮਨੁੱਖੀ ਅਧਿਕਾਰਾਂ ਤੇ ਜੋਸ਼ੀਲੇ ਢੰਗ ਨਾਲ ਚਾਨਣਾ ਪਾਇਆ। ਇਸ ਮੌਕੇ ਪੱਤਰਕਾਰ ਨੀਟਾ ਮਾਛੀਕੇ, ਰੇਡੀਓ ਹੋਸਟ ਪ੍ਰਵੀਨ ਕੁਮਾਰ ਸ਼ਰਮਾ, ਖਾਲੜਾ ਪਾਰਕ ਵਾਲੇ ਚੋਣਵੇਂ ਬਾਬਿਆਂ ਨੂੰ ਵੀ ਉਹਨਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦਿੱਤੇ ਗਏ।

ਅੰਤ ਵਿੱਚ ਖਾਲੜਾ ਪਾਰਕ ਵਾਲਿਆ ਬਾਬਿਆਂ ਦੀ ਕਮੇਟੀ ਦੇ ਮੋਢੀ ਮੈਂਬਰ ਸ੍. ਹਰਦੇਵ ਸਿੰਘ ਸਿੱਧੂ ਨੇ ਸਭਨਾ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਵਲੋਂ ਜਲੇਬੀਆਂ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਵਾਲਗਰੀਨ ਫਾਰਮੇਸੀ ਵੱਲੋਂ ਫਰੀ ਫਲੂ ਸ਼ਾਟ ਲਾਏ ਗਏ। ਜੈਕਾਰਾ ਮੂਵਮੈਂਟ ਵੱਲੋ ਐਸ ਬੀ 509 ਬਿੱਲ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ. ਐਸ. ਹੈਰੀਟੇਜ਼, ਸਮੂਹ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ ਯੂ. ਐਸ. ਹੈਰੀਟੇਜ਼ ਅਤੇ ਬਾਬਿਆਂ ਦੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਂਦੀ ਹੈ, ਉਨ੍ਹਾਂ ਸੰਗਤ ਦੇ ਸਹਿਯੋਗ ਲਈ ਅਤੇ ਵਲੰਟੀਅਰ ਵੀਰਾਂ ਦੀ ਮਿਹਨਤ ਲਈ ਉਨ੍ਹਾਂ ਦਾ ਸਪੈਸ਼ਲ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਜੀ. ਐਚ. ਜੀ. ਅਕੈਡਮੀ ਦੇ ਪ੍ਰਬੰਧਕੀ ਬੋਰਡ ਦੀ ਮੀਟਿੰਗ ਦੌਰਾਨ ਲਏ ਅਹਿਮ ਫੈਸਲੇ

## ਨਵੇਂ ਪ੍ਰੋਗਰਾਮਾਂ ਦੀਆਂ ਤਾਰੀਖਾਂ ਦਾ ਕੀਤਾ ਐਲਾਨ



ਫਰਿਜ਼ਨੋ, ਕੈਲੇਫੋਰਨੀਆਂ, (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ) : ਬੀਤੇ ਦਿਨੀ ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਦੇ ਪ੍ਰਬੰਧਕੀ ਬੋਰਡ ਅਤੇ ਕੋਚਾਂ ਦੀ ਅਹਿਮ ਮੀਟਿੰਗ ਕਲੋਵਿਸ ਸ਼ਹਿਰ ਵਿਖੇ ਪਰਮਜੀਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਸਾਲ 2025 ਦੀਆਂ ਗਤੀਵਿਧੀਆਂ ਦਾ ਲੇਖਾ-ਜੋਖਾ ਅਤੇ 2026 ਵਿੱਚ ਆਉਣ ਵਾਲੇ ਪ੍ਰੋਗਰਾਮਾਂ ਸਬੰਧੀ ਖੁੱਲ ਕੇ ਵਿਚਾਰ ਵਟਾਂਦਰੇ ਕੀਤੇ ਗਏ। ਇਸ ਮੀਟਿੰਗ ਦੀ ਸ਼ੁਰੂਆਤ ਅਕੈਡਮੀ ਦੇ ਮੁੱਖ ਬੁਲਾਰੇ ਗੁਰਦੀਪ ਸਿੰਘ ਸ਼ੇਰਗਿੱਲ ਦੇ ਸਮੂੰਹ ਹਾਜ਼ਰੀਨ ਜੀ ਆਇਆਂ ਕਹਿਣ ਉਪਰੰਤ ਹੋਈ। ਜਿਸ ਦੌਰਾਨ ਅਕੈਡਮੀਂ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ। ਬਸੰਤ ਸਿੰਘ ਧਾਲੀਵਾਲ ਨੇ 2025 ਦੇ ਹੁਣ ਤੱਕ ਦੇ ਲੇਖੇ-ਜੋਖੇ 'ਤੇ ਵਿਸਥਾਰ ਪੂਰਵਕ ਚਾਨਣਾ ਪਾਇਆ। ਜਿਸ ਉੱਪਰ ਹਾਜ਼ਰ ਮੈਂਬਰ ਸਾਹਿਬਾਨਾਂ ਵੱਲੋਂ ਪੂਰਨ ਤਸੱਲੀ ਪ੍ਰਗਟ ਕੀਤੀ ਗਈ। ਇਸ ਤੋਂ ਇਲਾਵਾ ਸਮੂੰਹ ਸਹਿਯੋਗੀਆਂ ਅਤੇ ਦਾਨੀ ਸੱਜਣਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸ੍. ਅਜੀਤ ਸਿੰਘ ਗਿੱਲ ਨੇ ਬੱਚਿਆਂ ਨੂੰ ਆਪਣਾ ਵਡਮੁੱਲਾ ਅਸ਼ੀਰਵਾਦ ਦਿੰਦਿਆਂ ਹਰ ਸਾਲ ਦੀ ਤਰ੍ਹਾਂ ਭਵਿੱਖ ਵਿੱਚ ਵੀ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਉਦੈਦੀਪ ਸਿੰਘ ਸਿੱਧੂ ਨੇ ਬੋਲਦਿਆਂ ਯੂਥ ਵਿੰਗ ਅਤੇ ਕੋਚਿੰਗ ਟੀਮ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਉਹਨਾਂ ਨੂੰ ਭਵਿੱਖ ਵਿੱਚ ਵਧੇਰੇ ਜੋਸ਼ ਅਤੇ ਮਿਹਨਤ ਨਾਲ ਸੇਵਾ ਕਰਨ ਦੀ ਅਪੀਲ ਕੀਤੀ।

ਮੀਟਿੰਗ ਵਿੱਚ ਸਰਬਸੰਮਤੀ ਨਾਲ ਤਹਿ ਹੋਇਆ ਕਿ ਅਕੈਡਮੀ ਵੱਲੋਂ ਸਾਲਾਨਾ ਵਿਰਾਸਤੀ ਖੇਡ ਮੇਲਾ ਅਤੇ ਪਰਿਵਾਰਕ ਪਿਕਨਿਕ 28 ਮਾਰਚ, 2026 ਨੂੰ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਵਿਖੇ ਹਰ ਸਾਲ ਦੀ ਤਰ੍ਹਾਂ ਕਰਵਾਈ ਜਾਵੇਗੀ। ਇਸੇ ਤਰ੍ਹਾਂ ਜੀ. ਐਚ. ਜੀ. ਸਲਾਨਾ ਅੰਤਰਰਾਸ਼ਟਰੀ ਯੁਵਕ ਮੇਲਾ 18 ਜੁਲਾਈ, 2026 ਨੂੰ ਪਿਛਲੇ ਸਾਲ ਦੀ ਤਰ੍ਹਾਂ ਫਰਿਜ਼ਨੋ ਦੇ ਵਿਲੀਅਮ ਸਰੋਏਨ ਥੀਏਟਰ ਵਿਖੇ ਹੋਵੇਗਾ। ਬੱਚਿਆਂ ਦਾ ਸਾਲਾਨਾ ਕੈਂਪ ਜੁਲਾਈ 1 ਨੂੰ ਸ਼ੁਰੂ ਹੋ ਜਾਵੇਗਾ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਬੰਧਕਾਂ ਵੱਲੋਂ ਸਮੂੰਹ ਸਥਾਨਿਕ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਅਪੀਲ ਕੀਤੀ ਗਈ ਕਿ ਬੱਚਿਆਂ ਦੇ ਇਹਨਾਂ ਪ੍ਰੋਗਰਾਮਾਂ ਦੌਰਾਨ ਤੁਹਾਡੇ ਪੂਰਨ ਸਹਿਯੋਗ ਦੀ ਜ਼ਰੂਰਤ ਹੈ। ਇਸ ਲਈ ਕਿਰਪਾ ਕਰਕੇ ਇਹਨਾਂ ਤਰੀਕਾਂ ਵਿੱਚ ਕੋਈ ਹੋਰ ਪ੍ਰੋਗਰਾਮ ਨਾ ਰੱਖਿਆ ਜਾਵੇ। ਮੀਟਿੰਗ ਵਿੱਚ ਪੰਜਾਬ ਦੇ ਵਰਤਮਾਨ ਹਾਲਾਤਾਂ ਬਾਰੇ ਅਤੇ ਹੜ੍ਹਾਂ ਦੀ ਕੁਦਰਤੀ ਕਰੋਪੀ ਕਾਰਨ ਬਹੁਤ ਨੁਕਸਾਨ ਹੋਇਆ ਹੈ। ਇਸ ਬਾਰੇ ਚਿੰਤਾ ਪ੍ਰਗਟ ਕਰਦਿਆਂ ਤਹਿ ਹੋਇਆ ਕਿ ਸਭ ਮੈਂਬਰਾਂ ਵੱਲੋ ਆਪੋ ਆਪਣੇ ਪਿੰਡਾਂ ਵਿੱਚ ਪ੍ਰਭਾਵਿਤ ਪਰਿਵਾਰਾਂ ਦੀ ਵੱਧ ਤੋਂ ਵੱਧ ਮੱਦਦ ਕੀਤੀ ਜਾਵੇ।

ਜੀ. ਐਚ. ਜੀ. ਅਕੈਡਮੀ ਇਕ ਗੈਰ ਮੁਨਾਫ਼ਾ ਸੰਸਥਾ ਹੈ, ਜੋ ਪਿਛਲੇ ਲੰਬੇ ਸਮੇਂ ਤੋਂ ਪ੍ਰਦੇਸ਼ਾਂ ਵਿੱਚ ਜੰਮੀ ਪਲੀ ਨਵੀਂ ਪਨੀਰੀ ਨੂੰ ਆਪਣੇ ਗੌਰਵਮਈ ਸੱਭਿਆਚਾਰਕ ਵਿਰਸੇ, ਵਿਰਾਸਤੀ ਜੜਾਂ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀਅਤ ਨਾਲ ਜੋੜਨ ਲਈ ਸਾਰਾ ਸਾਲ ਸਰਗਰਮ ਰਹਿੰਦੀ ਹੈ। ਹੁਣ ਅਕੈਡਮੀ ਦੇ ਸਟੂਡੀਓ 4434 W. Ashlan ਵਿੱਚ ਬੱਚਿਆਂ ਦੀਆਂ ਕਲਾਸਾਂ ਸਾਰਾ ਸਾਲ ਲਾਈਆਂ ਜਾਂਦੀਆਂ ਹਨ। ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨਾਲ ਜੋੜਨ ਲਈ ਅਕੈਡਮੀ ਦਾ ਹਿੱਸਾ ਬਣਾਓ ਵਧੇਰੇ ਜਾਣਕਾਰੀ ਲਈ www.ghgbhangra.com ਰਾਹੀਂ ਸੰਪਰਕ ਕਰ ਸਕਦੇ ਹੋ। ਜੀ. ਐਚ. ਜੀ. ਅਕੈਡਮੀਂ ਬੱਚਿਆਂ ਨੂੰ ਸਮਰਪਿਤ ਇੱਕ ਅਜਿਹੀ ਸੰਸਥਾ ਹੈ ਜਿਸ ਨੂੰ ਅਕੈਡਮੀ ਦਾ ਯੂਥ ਵਿੰਗ ਹੀ ਚਲਾਉਂਦਾ ਹੈ। ਜੋ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਹਮੇਸ਼ਾ ਉਪਰਾਲੇ ਕਰਦਾ ਰਹਿੰਦਾ ਹੈ।

# ਸਾਈਬਰ ਠੱਗਾਂ ਦਾ ਫੈਲਦਾ ਜਾਲ

ਪੰਜਾਬ ਵਿਚ ਪਿਛਲੇ ਸਿਰਫ਼ ਦੋ ਦਿਨਾਂ ਵਿਚ ਦੋ ਵੱਡੇ ਸ਼ਹਿਰਾਂ 'ਚ ਦੋ ਵੱਡੇ ਸਾਈਬਰ ਧੋਖਾਧੜੀ ਗਰੋਹਾਂ ਦਾ ਪਰਦਾਫਾਸ਼ ਹੋਣ ਨਾਲ ਇਕ ਪਾਸੇ ਜਿੱਥੇ ਇਸ ਵਿਸ਼ਾਲ ਨੈੱਟਵਰਕ 'ਤੇ ਸ਼ਿਕੰਜਾ ਕੱਸੇ ਜਾਣ ਦੀ ਸੰਭਾਵਨਾ ਵਧੀ ਹੈ, ਉੱਥੇ ਇਹ ਵੀ ਪਤਾ ਲਗਦਾ ਹੈ ਕਿ ਪੰਜਾਬ 'ਚ ਸਾਈਬਰ ਠੱਗਾਂ ਦਾ ਕਿੰਨਾ ਵੱਡਾ ਜਾਲ ਫੈਲਿਆ ਹੋਇਆ ਹੈ। ਪਹਿਲੀ ਘਟਨਾ ਵਿਚ ਕਪੂਰਥਲਾ ਜ਼ਿਲ੍ਹੇ ਦੇ ਫਗਵਾੜਾ ਸ਼ਹਿਰ ਦੇ ਇਕ ਹੋਟਲ 'ਚ ਪੂਰੀ ਸਰਗਰਮੀ ਨਾਲ ਚਲਾਏ ਜਾ ਰਹੇ ਇਸ ਗਰੋਹ ਦੇ 39 ਮੈਂਬਰਾਂ ਨੂੰ 39 ਲੈਪਟਾਪ ਤੇ ਹੋਰ ਸੰਬੰਧਿਤ ਸਾਮਾਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ 39 ਮੈਂਬਰਾਂ 'ਚ 6 ਕੁੜੀਆਂ ਵੀ ਸ਼ਾਮਿਲ ਹਨ। ਛਾਪੇਮਾਰੀ ਦੌਰਾਨ ਇਸ ਗ਼ੈਰਕਾਨੂੰਨੀ ਕਾਲ ਸੈਂਟਰ 'ਚ ਸਾਰੇ ਕੰਪਿਊਟਰਾਂ 'ਤੇ ਜਾਲਸਾਜ਼ੀ ਦਾ ਕੰਮ ਕੀਤਾ ਜਾ ਰਿਹਾ ਸੀ, ਜਿਨ੍ਹਾਂ ਨੂੰ ਅਧਿਕਾਰੀਆਂ ਨੇ ਆਪਣੇ ਕਬਜ਼ੇ 'ਚ ਲੈ ਲਿਆ। ਇਸ ਕਾਲ ਸੈਂਟਰ ਤੋਂ ਜ਼ਿਆਦਾਤਰ ਅਮਰੀਕਾ, ਬ੍ਰਿਟੇਨ ਤੇ ਕੈਨੇਡਾ ਵਰਗੇ ਦੇਸ਼ਾਂ ਦੇ ਲੋਕਾਂ ਨੂੰ ਠੱਗੀ ਦਾ ਨਿਸ਼ਾਨਾ ਬਣਾਇਆ ਜਾਂਦਾ ਸੀ। ਦੂਜੀ ਘਟਨਾ ਅੰਮ੍ਰਿਤਸਰ ਦੀ ਹੈ, ਜਿੱਥੇ ਲੋਕਾਂ ਨੂੰ ਇਕ ਗ਼ੈਰਕਾਨੂੰਨੀ ਕਾਲ ਸੈਂਟਰ ਰਾਹੀਂ 'ਬਲੈਕਮੇਲ' ਕੀਤਾ ਜਾ ਰਿਹਾ ਸੀ। ਇੱਥੇ ਇਕ ਸਮੇਂ 'ਚ 80 ਤੋਂ ਵੱਧ ਲੜਕੀਆਂ ਕੰਮ ਕਰ ਰਹੀਆਂ ਸਨ। ਹਰਿਆਣਾ ਦੇ ਲਾਡਵਾ ਵਿਚ ਵੀ ਅਜਿਹੇ ਗ਼ੈਰਕਾਨੂੰਨੀ ਕਾਲ ਸੈਂਟਰ 'ਤੇ ਛਾਪੇਮਾਰੀ ਦੀ ਖ਼ਬਰ ਹੈ। ਇਨ੍ਹਾਂ ਕਾਲ ਸੈਂਟਰਾਂ ਦਾ ਮੁੱਖ ਕੰਮ ਸਾਫਟਵੇਅਰ ਦੇ ਜ਼ਰੀਏ ਅਮੀਰ ਵਿਅਕਤੀਆਂ ਅਤੇ ਕੰਪਨੀਆਂ ਬਾਰੇ ਸੰਵੇਦਨਸ਼ੀਲ ਜਾਣਕਾਰੀ ਪਤਾ ਕਰਕੇ ਉਨ੍ਹਾਂ ਨੂੰ ਠੱਗੀ ਦਾ ਸ਼ਿਕਾਰ ਬਣਾਉਣਾ ਹੁੰਦਾ ਹੈ। ਇਹ ਗਰੋਹ ਲੰਬੇ ਸਮੇਂ ਤੋਂ ਦੇਸ਼-ਵਿਦੇਸ਼ਾਂ ਦੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਕੇ ਲੁੱਟ ਰਹੇ ਸਨ ਪਰ ਸਾਈਬਰ ਜਾਗਰੂਕਤਾ ਵਿਭਾਗ ਦੇ ਅਧਿਕਾਰੀਆਂ ਦੀ ਚੌਕਸੀ ਕਾਰਨ ਇਹ ਵਿਅਕਤੀ ਕਾਨੂੰਨ ਦੇ ਜਾਲ 'ਚ ਫਸੇ ਹਨ।

ਦੇਸ਼ 'ਚ ਸਾਈਬਰ ਅਪਰਾਧੀਆਂ ਦਾ ਇਕ ਵਿਸ਼ਾਲ ਨੈੱਟਵਰਕ ਲੰਬੇ ਸਮੇਂ ਤੋਂ ਸਰਗਰਮ ਹੈ। ਦੇਸ਼ ਤੇ ਵਿਦੇਸ਼ਾਂ 'ਚ ਇਨ੍ਹਾਂ ਅਪਰਾਧੀਆਂ ਦੇ ਵੱਖ-ਵੱਖ ਗਰੋਹ ਕੰਮ ਕਰਦੇ ਹਨ। ਇਹ ਸਿਖਲਾਈ ਪ੍ਰਾਪਤ ਅਪਰਾਧੀ ਬੈਂਕਿੰਗ ਜ਼ਰੀਏ 'ਬਲੈਕਮੇਲਿੰਗ' ਜਾਂ ਸਾਈਬਰ ਗ੍ਰਿਫ਼ਤਾਰੀ (ਡਿਜੀਟਲ ਅਰੈਸਟ) ਰਾਹੀਂ ਲੋਕਾਂ ਨੂੰ ਲੁੱਟਦੇ ਤੇ ਪ੍ਰੇਸ਼ਾਨ ਕਰਦੇ ਹਨ। ਪੰਜਾਬ 'ਚ ਵੀ ਲੰਬੇ ਸਮੇਂ ਤੋਂ ਇਨ੍ਹਾਂ ਗਰੋਹਾਂ ਦੀਆਂ ਗਤੀਵਿਧੀਆਂ ਦਾ ਪਤਾ ਲਗਦਾ ਰਿਹਾ ਹੈ। ਹਾਲ ਹੀ 'ਚ ਮੁਹਾਲੀ ਦੇ ਇਕ



ਬਜ਼ੁਰਗ ਨਾਗਰਿਕ ਨੂੰ ਸਾਈਬਰ ਧੋਖਾਧੜੀ ਰਾਹੀਂ ਪੈਸੇ ਦੁੱਗਣੇ ਕਰਨ ਦਾ ਲਾਲਚ ਦੇ ਕੇ 1.5 ਕਰੋੜ ਰੁਪਏ ਠੱਗ ਲਏ ਜਾਣ ਦੀ ਘਟਨਾ ਦਾ ਪਤਾ ਲੱਗਾ ਹੈ। ਇਸੇ ਤਰ੍ਹਾਂ ਕਪੂਰਥਲਾ ਦੇ ਸਾਈਬਰ ਠੱਗਾਂ ਦੁਆਰਾ ਇਕ ਹੀ ਬੈਂਕ 'ਚ 300 ਤੋਂ ਵੱਧ ਫ਼ਰਜ਼ੀ ਖਾਤੇ ਖੋਲ੍ਹ ਕੇ ਕਰੋੜਾਂ ਰੁਪਏ ਦੇ ਜਾਅਲੀ ਲੈਣ-ਦੇਣ ਕਰਨ ਦੀ ਖ਼ਬਰ ਵੀ ਕੁਝ ਦਿਨ ਪਹਿਲਾਂ ਦੀ ਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਬੇਸ਼ੱਕ ਇਸ ਨੈੱਟਵਰਕ ਦੇ ਛੋਟੇ-ਮੋਟੇ ਗਰੋਹ ਭਾਰਤ ਤੇ ਪੰਜਾਬ ਦੇ ਕਈ ਸ਼ਹਿਰਾਂ 'ਚ ਸਰਗਰਮ ਹੋ ਸਕਦੇ ਹਨ ਪਰ ਇਨ੍ਹਾਂ ਦਾ ਮੁੱਖ ਕੇਂਦਰ ਵਿਦੇਸ਼ਾਂ ਵਿਚ ਹੁੰਦਾ ਹੈ। ਪਿਛਲੇ ਦਿਨੀਂ ਕੰਬੋਡੀਆ 'ਚ ਸਰਗਰਮ ਸਾਈਬਰ ਠੱਗਾਂ ਦੇ ਇਕ ਅਜਿਹੇ ਹੀ ਵੱਡੇ ਗਰੋਹ ਦਾ ਪਤਾ ਲੱਗਾ ਸੀ। ਫਗਵਾੜਾ 'ਚ ਜਿਸ ਗਰੋਹ ਦਾ ਪਰਦਾਫਾਸ਼ ਹੋਇਆ ਹੈ, ਉਸ ਦੇ ਤਾਰ ਵੀ ਵਿਦੇਸ਼ੀ ਧਰਤੀ ਨਾਲ ਜੁੜੇ ਹਨ।

ਸਾਈਬਰ ਸੈੱਲ ਨੇ ਹੁਣ ਤੱਕ ਜੋ ਜਾਣਕਾਰੀ ਉਪਲਬੱਧ ਕਰਵਾਈ ਹੈ, ਉਸ ਅਨੁਸਾਰ ਇਹ ਗਰੋਹ ਅੰਤਰਰਾਜੀ ਪੱਧਰ 'ਤੇ ਕੰਮ ਕਰ ਰਹੇ ਸਨ, ਜਿਨ੍ਹਾਂ ਦਾ ਨੈੱਟਵਰਕ ਦੇਸ਼ ਦੇ ਲਗਭਗ ਸਭ ਸੂਬਿਆਂ ਦੀਆਂ ਰਾਜਧਾਨੀਆਂ ਤੇ ਵੱਡੇ ਸ਼ਹਿਰਾਂ 'ਚ ਸਰਗਰਮ ਹੈ। ਫਗਵਾੜਾ 'ਚ ਗ੍ਰਿਫ਼ਤਾਰ ਕੀਤੇ ਗਏ 39 ਵਿਅਕਤੀ ਦੇਸ਼ ਭਰ ਦੇ 13 ਵੱਖ-ਵੱਖ ਸੂਬਿਆਂ ਨਾਲ ਸੰਬੰਧਿਤ ਹਨ। ਸਾਈਬਰ ਸੈੱਲ ਪੁਲਿਸ ਨੇ ਇਹ ਵੀ ਸ਼ੱਕ ਪ੍ਰਗਟ ਕੀਤਾ ਹੈ ਕਿ ਏਨੇ ਵੱਡੇ ਪੱਧਰ 'ਤੇ ਸਰਗਰਮ ਇਹ ਨੈੱਟਵਰਕ ਆਮ ਨਹੀਂ ਹੋ ਸਕਦਾ। ਇਸ ਨੂੰ ਬਿਨਾਂ ਸ਼ੱਕ ਉੱਚ ਪਹੁੰਚ ਵਾਲੇ ਲੋਕਾਂ ਅਤੇ ਕੁਝ ਵੱਡੇ ਰਾਜਨੀਤਕ ਸਮੂਹਾਂ ਦੀ ਸਰਪ੍ਰਸਤੀ ਪ੍ਰਾਪਤ ਹੋ ਸਕਦੀ ਹੈ। ਇਹ ਨੈੱਟਵਰਕ ਕਿੰਨੇ ਵੱਡੇ ਪੱਧਰ 'ਤੇ ਕੰਮ ਕਰ ਰਿਹਾ ਸੀ, ਇਸ ਦਾ ਪਤਾ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ ਇਸ ਦੇ ਮੁਖੀ ਨੇ ਆਪਣੇ ਕਾਲ ਸੈਂਟਰ ਲਈ ਇਕ ਵੱਡੇ ਹੋਟਲ ਦੇ ਵੱਡੇ ਹਾਲ ਨੂੰ ਕਿਰਾਏ 'ਤੇ ਲਿਆ ਹੋਇਆ ਸੀ ਅਤੇ ਉਸ ਦੇ ਅੰਦਰ ਵੱਖੋ-ਵੱਖਰੇ ਕੈਬਿਨ ਬਣਾ ਕੇ ਆਪਣਾ ਦਫ਼ਤਰ ਚਲਾਇਆ ਜਾ ਰਿਹਾ ਸੀ।

ਸਾਡਾ ਮੰਨਣਾ ਹੈ ਕਿ ਕੁਝ ਵੀ ਹੋਵੇ ਘੱਟੋ-ਘੱਟ ਇਸ ਗਰੋਹ ਦਾ ਪਰਦਾਫਾਸ਼ ਤਾਂ ਹੋਇਆ। ਹੁਣ ਕੇਂਦਰ ਸਰਕਾਰ ਤੇ ਖ਼ਾਸ ਕਰਕੇ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਇਨ੍ਹਾਂ ਗਰੋਹਾਂ ਵਿਰੁੱਧ ਸਖ਼ਤੀ ਨਾਲ ਅਜਿਹਾ ਸ਼ਿਕੰਜਾ ਕਸੇ, ਜਿਸ ਦੀਆਂ ਗੰਢਾਂ ਦੰਦਾਂ ਨਾਲ ਵੀ ਨਾ ਖੋਲ੍ਹੀਆਂ ਜਾ ਸਕਣ। ਭਾਵੇਂ ਇਸ ਗਰੋਹ ਦੇ ਸ਼ਿਕਾਰ ਬਹੁਤੇ ਪੀੜਤ ਵਿਦੇਸ਼ਾਂ ਤੋਂ ਹਨ, ਪਰ ਅਪਰਾਧ ਤਾਂ ਅਪਰਾਧ ਹੀ ਹੁੰਦਾ ਹੈ। ਇਸ ਨੂੰ ਪੈਦਾ ਹੁੰਦੇ ਸਾਰ ਹੀ ਦਬਾਅ ਲੈਣਾ ਚਾਹੀਦਾ ਹੈ। ਹੁਣ ਤੱਕ ਸੂਬੇ ਦੇ ਹਜ਼ਾਰਾਂ ਲੋਕ ਅਜਿਹੇ ਅਪਰਾਧੀਆਂ ਨੂੰ ਕਰੋੜਾਂ ਰੁਪਏ ਦੇ ਚੁੱਕੇ ਹਨ, ਜਿਨ੍ਹਾਂ ਦੀ ਵਾਪਸੀ ਦੀ ਕੋਈ ਉਮੀਦ ਨਹੀਂ ਹੈ। ਹਾਲਾਂਕਿ ਸਾਡਾ ਮੰਨਣਾ ਹੈ ਕਿ ਪ੍ਰਸ਼ਾਸਨਿਕ ਚੌਕਸੀ ਤੋਂ ਇਲਾਵਾ ਅਜਿਹੇ ਅਪਰਾਧਾਂ ਤੋਂ ਬਚਣ ਦਾ ਇਕੋ-ਇਕ ਵੱਡਾ ਤੇ ਸਰਲ ਉਪਾਅ ਆਪਣੀ ਜਾਗਰੂਕਤਾ ਵਧਾਉਣਾ ਅਤੇ ਲਾਲਚਵਸ ਇਨ੍ਹਾਂ ਦੇ ਜਾਲ ਵਿਚ ਫਸਣ ਤੋਂ ਬਚਣਾ ਹੀ ਹੈ। ਸਰਕਾਰਾਂ ਅਤੇ ਰਿਜ਼ਰਵ ਬੈਂਕ ਵਲੋਂ ਵਾਰ-ਵਾਰ ਅਜਿਹੇ ਠੱਗਾਂ ਤੋਂ ਬਚਾਅ ਲਈ ਸਾਵਧਾਨ ਕੀਤਾ ਜਾਂਦਾ ਹੈ। ਬੇਸ਼ੱਕ ਅਜਿਹੇ ਅਪਰਾਧਾਂ ਵਿਰੁੱਧ ਸਰਕਾਰਾਂ ਸਮੇਂ-ਸਮੇਂ 'ਤੇ ਕਾਰਵਾਈ ਕਰਦੀਆਂ ਰਹਿੰਦੀਆਂ ਹਨ ਪਰ ਨਾਗਰਿਕਾਂ ਨੂੰ ਖ਼ੁਦ ਵੀ ਅਜਿਹੇ ਸਾਈਬਰ ਠੱਗਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।

# ਰਾਹੁਲ ਗਾਂਧੀ, ਇੰਡੀਆ ਗੱਠਜੋੜ ਤੇ ਸਿੱਖ ਸਰੋਕਾਰ

**ਮੁਆਫ਼ੀ ਚਾਹਤਾ ਹੂੰ ਬੋਲਨੇ ਕੀ,**
**ਮੁਝੇ ਅਹਿਸਾਸ ਹੈ ਮੈਂ ਬਦ-ਜ਼ਬਾਂ ਹੂੰ।**
**(ਮਸ਼ਹਰ ਆਫਰੀਦੀ)**

ਬੇਸ਼ੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਅਸੂਲਾਂ, ਨਿਯਮਾਂ ਜਾਂ ਮਤਿਆਂ ਦੀ ਪਾਬੰਦ ਹੈ। ਕਿਸੇ ਵਿਅਕਤੀ ਨੂੰ ਗੁਰਦੁਆਰਾ ਸਾਹਿਬ ਦੇ ਨਿਰਧਾਰਤ ਜੰਗਲੇ ਦੇ ਅੰਦਰ ਜਾਣ ਦੇਣ ਦੀ ਇਜਾਜ਼ਤ ਦੇਣਾ ਗ਼ਲਤ ਹੋ ਸਕਦਾ ਹੈ ਅਤੇ ਕਿਸੇ ਵੀ.ਆਈ.ਪੀ. ਨੂੰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸਨਮਾਨਿਤ ਕਰਨ ਜਾਂ ਸਿਰੋਪਾ ਦੇਣ 'ਤੇ ਪਾਬੰਦੀ ਵੀ ਲਾਈ ਗਈ ਹੋਵੇਗੀ ਪਰ ਪਹਿਲੀ ਗੱਲ ਤਾਂ ਇਹ ਹੈ ਕਿ ਇਹ ਹੁਕਮ ਤੇ ਅਸੂਲ ਸਭ ਲਈ ਇਕੋ ਜਿਹੇ ਹੋਣੇ ਚਾਹੀਦੇ ਹਨ।

ਪਰ ਜਿਸ ਤਰ੍ਹਾਂ ਦਾ ਬਿਰਤਾਂਤ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਸਿਰੋਪਾ ਦੇਣ 'ਤੇ ਸਿਰਜਿਆ ਜਾ ਰਿਹਾ ਹੈ ਕਿ ਉਹ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਵਾਉਣ ਵਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਪੋਤਾ ਹੈ ਜਾਂ ਹਮਲਾ ਕਰਵਾਉਣ ਵਾਲੀ ਕਾਂਗਰਸ ਦਾ ਨੇਤਾ ਹੈ, ਇਸ ਲਈ ਉਸ ਨੂੰ ਸਿਰੋਪਾ ਨਹੀਂ ਦੇਣਾ ਚਾਹੀਦਾ, ਇਹ ਗੱਲ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਨਾ ਹੀ ਇਹ ਸਿੱਖ ਧਰਮ ਦੇ ਧਾਰਮਿਕ ਨੁਕਤਾ-ਨਿਗਾਹ ਤੋਂ ਠੀਕ ਜਾਪਦਾ ਹੈ, ਨਾ ਹੀ ਇਹ ਇਤਿਹਾਸਕ ਤੱਥਾਂ ਮੁਤਾਬਿਕ ਸਹੀ ਹੈ, ਨਾ ਹੀ ਅਜੋਕੀ ਰਾਜਨੀਤਕ ਸਥਿਤੀ ਦੇ ਸੰਦਰਭ ਵਿਚ ਸਿੱਖ ਸਰੋਕਾਰਾਂ ਦੀ ਕਸਵੱਟੀ 'ਤੇ ਹੀ ਪੂਰਾ ਉਤਰਦਾ ਹੈ। ਸਗੋਂ ਇਹ ਬਿਰਤਾਂਤ ਜਾਂ ਨੈਰੇਟਿਵ ਇਕ ਪਾਸੇ ਸਿੱਖ ਆਸ਼ੇ ਦੇ ਅਨੁਕੂਲ ਨਹੀਂ, ਦੂਜੇ ਪਾਸੇ ਇਹ ਸਿੱਖ ਇਤਿਹਾਸ ਵਿਚੋਂ ਮਿਲੇ ਸਬਕਾਂ ਦੇ ਹਾਣ ਦਾ ਵੀ ਨਹੀਂ ਹੈ। ਤੀਸਰੀ ਗੱਲ ਇਹ ਕਿ ਇਹ ਸਮੇਂ ਦੀ ਸਿਆਸਤ ਦੇ ਅਨੁਕੂਲ ਵੀ ਨਹੀਂ, ਸਗੋਂ ਇਹ ਸਿੱਖੀ ਸ਼ਾਨ ਤੇ ਮਹੱਤਤਾ ਬਣਾਈ ਰੱਖਣ ਦੀ ਰਣਨੀਤੀ ਨੂੰ ਵੀ ਬੁਰੀ ਤਰ੍ਹਾਂ ਕਮਜ਼ੋਰ ਤੇ ਸਾਹਸਤਹੀਣ ਕਰਨ ਦਾ ਕਾਰਨ ਹੀ ਬਣੇਗਾ।

ਪਹਿਲੀ ਗੱਲ ਤਾਂ ਇਹ ਹੈ ਕਿ ਗੁਰਬਾਣੀ ਦਾ ਆਸ਼ਾ ਹੈ ਕਿ ਮਾਲਕ, ਪ੍ਰਭੂ ਪਰਮਾਤਮਾ ਸ਼ਰਨ ਆਏ ਨੂੰ ਗਲ ਨਾਲ ਲਾ ਲੈਂਦਾ ਹੈ।

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ॥**
**ਇਹੁ ਬਿਰਦੁ ਸੁਆਮੀ ਸੰਦਾ॥ (ਅੰਗ : 544)**

ਗੁਰਬਾਣੀ ਵਿਚ ਦੁਸ਼ਮਣੀ ਰਹਿਤ ਤੇ ਸਭ ਨਾਲ ਦੋਸਤੀ ਦੇ ਸੰਵਾਦ ਦੀ ਗੱਲ ਵੀ ਵਾਰ-ਵਾਰ ਕੀਤੀ ਗਈ ਹੈ।

**ਨਾ ਕੋ ਮੇਰਾ ਦੁਸਮਨੁ ਰਹਿਆ**
**ਨਾ ਹਮ ਕਿਸ ਕੇ ਬੈਰਾਈ॥**
**(ਧਨਾਸਰੀ ਮ: 5, ਅੰਗ : 671)**

ਅਤੇ ਇਸੇ ਹੀ ਅੰਗ 'ਤੇ ਦਰਜ ਹੈ ਕਿ:

**ਸਭ ਕੋ ਮੀਤ ਹਮ ਆਪਨ ਕੀਨਾ**
**ਹਮ ਸਭਨਾ ਕੇ ਸਾਜਨ॥**

ਜਿਥੋਂ ਤੱਕ ਰਾਹੁਲ ਗਾਂਧੀ ਦਾ ਸਵਾਲ ਹੈ ਕਿ ਉਹ ਕਈ ਵਾਰ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਆਏ ਹਨ, ਸਿਰ ਝੁਕਾਇਆ ਹੈ, ਸੇਵਾ ਵੀ ਕੀਤੀ ਹੈ। ਜੋ ਇਹ ਅਹਿਸਾਸ ਕਰਵਾਉਂਦਾ ਹੈ ਕਿ ਉਨ੍ਹਾਂ ਦੇ ਅੰਤਹ-ਕਰਨ ਵਿਚ ਸਿੱਖਾਂ ਪ੍ਰਤੀ ਵੈਰ ਨਹੀਂ, ਸਗੋਂ ਕਿਤੇ ਨਾ ਕਿਤੇ ਅਫਸੋਸ ਦਾ ਭਾਵ ਹੈ। ਵੈਸੇ ਉਹ ਕਈ ਵਾਰ ਸਿੱਖਾਂ ਦੇ ਹੱਕ ਵਿਚ ਵੀ ਬੋਲੇ ਹਨ ਤੇ ਉਨ੍ਹਾਂ ਨੇ ਕੁਝ ਥਾਵਾਂ 'ਤੇ ਸਿੱਖ ਦੁਖਾਂਤ ਬਾਰੇ ਮੁਆਫ਼ੀ ਵੀ ਮੰਗੀ ਹੈ, ਭਾਵੇਂ ਇਹ ਮੁਆਫ਼ੀ ਵਿਧੀਵੱਤ ਨਹੀਂ, ਪਰ ਇਹ ਵੀ ਠੀਕ ਹੈ ਕਿ ਉਨ੍ਹਾਂ ਨੇ ਸਿੱਖ ਕਤਲੇ-ਆਮ ਦੇ ਦੋਸ਼ੀ ਕਾਂਗਰਸੀ ਨੇਤਾਵਾਂ ਨੂੰ ਕਾਂਗਰਸ ਤੋਂ ਬਾਹਰ ਦਾ ਰਸਤਾ ਨਹੀਂ ਦਿਖਾਇਆ, ਜਿਸ ਨਾਲ ਉਨ੍ਹਾਂ 'ਤੇ ਸਵਾਲ ਖੜ੍ਹੇ ਹੁੰਦੇ ਹਨ।



ਆਪ੍ਰੇਸ਼ਨ 1984 ਤੇ ਸਿੱਖ ਕਤਲੇਆਮ ਵੇਲੇ ਰਾਹੁਲ 14 ਸਾਲ ਅਤੇ ਪ੍ਰਿਅੰਕਾ 12 ਸਾਲ ਦੇ ਸਨ, ਤਾਂ ਉਨ੍ਹਾਂ ਦਾ ਸਾਕਾ ਨੀਲਾ ਤਾਰਾ ਜਾਂ ਸਿੱਖ ਕਤਲੇਆਮ ਵਿਚ ਕੀ ਰੋਲ ਹੋ ਸਕਦਾ ਹੈ? ਰਾਹੁਲ ਗਾਂਧੀ ਇਕ ਵਾਰ ਤੋਂ ਵੱਧ ਵਾਰ ਇਸ ਲਈ ਦੁੱਖ ਜਤਾ ਚੁੱਕਾ ਹੈ ਤੇ ਮੁਆਫ਼ੀ ਵੀ ਮੰਗ ਚੁੱਕਾ ਹੈ। ਬੇਸ਼ੱਕ ਇਹ ਮੁਆਫ਼ੀ ਬਾਕਾਇਦਾ ਰੂਪ ਵਿਚ ਮੰਗਣ ਦੀ ਲੋੜ ਅਜੇ ਵੀ ਬਾਕੀ ਹੈ। ਪਰ ਮੁਆਫ਼ ਕਰ ਦੇਣਾ ਵੱਡਾਪਨ ਹੈ, ਛੋਟਾਪਨ ਨਹੀਂ।

**ਪੁਰਾਨੇ ਵਕਤੋਂ ਕੇ ਕੁਛ ਲੋਗ ਅਬ ਭੀ ਕਹਤੇ ਹੈਂ,**
**ਬੜਾ ਵਹੀ ਹੈ ਜੋ ਦੁਸ਼ਮਣ ਕੋ ਭੀ ਮੁਆਫ਼ ਕਰੇ।**
**(ਅਖ਼ਤਰ ਸ਼ਾਹਜਹਾਂਪੁਰੀ)**

**ਸਿੱਖ ਰਾਜਸੀ ਗ਼ਲਤੀ ਕਰ ਰਹੇ ਹਨ**

ਜੇਕਰ ਸਿੱਖ ਨੇਤਾ ਅੱਜ ਦੇ ਕੌਮਾਂਤਰੀ ਅਤੇ ਦੇਸ਼ ਅੰਦਰਲੇ ਹਾਲਤ ਦੀ ਸਮਝ ਰੱਖਦੇ ਹੁੰਦੇ ਤਾਂ ਉਹ 1984 ਨੂੰ ਭੁਲਾਏ ਬਿਨਾਂ ਵੀ ਵਕਤ ਦੀ ਨਜ਼ਾਕਤ ਮੁਤਾਬਿਕ ਫੈਸਲੇ ਲੈਣ ਦੇ ਸਮਰੱਥ ਹੁੰਦੇ।

ਇਸ ਵੇਲੇ ਰਾਹੁਲ ਗਾਂਧੀ ਕੌਮੀ ਪੱਧਰ ਦੇ ਅਜਿਹੇ ਨੇਤਾ ਹਨ ਜੋ ਦੇਸ਼ ਵਿਚ ਫਿਰਕੂ ਧਰੁਵੀਕਰਨ ਤੇ ਸੰਘਵਾਦ (ਫੈਡਰਲਿਜ਼ਮ) ਵਿਰੋਧੀ ਸ਼ਕਤੀਆਂ ਖਿਲਾਫ਼ ਲੋਕਤੰਤਰ ਤੇ ਧਰਮ-ਨਿਰਪੱਖਤਾ ਨੂੰ ਬਚਾਉਣ ਲਈ ਨੰਗੇ-ਧੜ ਲੜ ਰਹੇ ਹਨ। ਇਸ ਵੇਲੇ ਜੇਕਰ ਅਕਾਲੀ ਅਤੇ ਸਿੱਖ ਲੀਡਰਸ਼ਿਪ ਨੇ

**ਹਰਜਿੰਦਰ ਸਿੰਘ ਲਾਲ**

ਪਹਿਲਾਂ ਕੀਤੀਆਂ ਗ਼ਲਤੀਆਂ ਤੋਂ ਸਬਕ ਸਿੱਖਿਆ ਹੁੰਦਾ ਤਾਂ ਉਹ ਸਿਰਫ਼ ਤੇ ਸਿਰਫ਼ ਭਾਜਪਾ ਅੱਗੇ ਆਤਮ-ਸਮਰਪਣ ਕਰਨ ਦੀ ਰਣਨੀਤੀ ਵਿਚ ਹੀ ਮੁਕਤੀ ਨਾ ਭਾਲਦੇ। ਰਣਨੀਤੀ ਮੰਗ ਕਰਦੀ ਹੈ ਕਿ ਸਿੱਖ ਤਵਾਜ਼ਨ ਆਪਣੇ ਹੱਥਾਂ ਵਿਚ ਲੈਣ ਅਤੇ ਦੋਵਾਂ ਧਿਰਾਂ ਨੂੰ ਮਜਬੂਰ ਕਰਨ ਕਿ ਉਹ ਉਨ੍ਹਾਂ ਦੀ ਮਹੱਤਤਾ ਨੂੰ ਕਬੂਲ ਕਰਨ। ਇਸ ਵੇਲੇ ਸਭ ਕੁਝ ਭੁੱਲ ਕੇ ਪਹਿਲਾਂ ਤਾਂ ਸਾਰੇ ਅਕਾਲੀ ਦਲਾਂ ਵਿਚ ਏਕਤਾ ਜਾਂ ਫਿਰ ਕਿਸੇ ਇਕ ਅਕਾਲੀ ਦਲ ਨੂੰ ਪ੍ਰਸੰਗਿਕ ਬਣਾਉਣ ਦੀ ਲੋੜ ਹੈ ਤੇ ਦੂਸਰਾ ਸਿੱਖ ਲੀਡਰਸ਼ਿਪ ਆਪਣੀਆਂ ਘੱਟੋ-ਘੱਟ ਮੰਗਾਂ ਦਾ ਇਕ ਚਾਰਟਰ ਤਿਆਰ ਕਰੇ ਤੇ ਉਹ ਦੇਸ਼ ਦੇ ਦੋਵੇਂ ਵੱਡੇ ਰਾਜਸੀ ਧੜਿਆਂ ਐਨ.ਡੀ.ਏ. ਤੇ ਇੰਡੀਆ ਗਰੁੱਪ ਅੱਗੇ ਰੱਖੇ ਅਤੇ ਉਨ੍ਹਾਂ ਤੋਂ ਪੁੱਛਿਆ ਜਾਏ ਕਿ ਕਿਹੜਾ ਉਨ੍ਹਾਂ ਮੰਗਾਂ ਨਾਲ ਸਹਿਮਤ ਹੈ, ਜੋ ਉਨ੍ਹਾਂ ਦੀਆਂ ਮੰਗਾਂ ਨਾਲ ਸਹਿਮਤ ਹੋਵੇ, ਉਸ ਦਾ ਹੀ ਸਾਥ ਦਿੱਤਾ ਜਾਏ। ਪਿਛਲੀਆਂ ਗੱਲਾਂ ਨੂੰ ਆਧਾਰ ਬਣਾ ਕੇ ਕਿਸੇ ਨੂੰ ਵੀ ਪਰਾਇਆ ਨਹੀਂ ਮੰਨਣਾ ਚਾਹੀਦਾ।

**ਪ੍ਰਵਾਸੀਆਂ ਨੂੰ ਪੰਜਾਬ ਵਿਚੋਂ ਕੱਢਣ ਦੀ ਗੱਲ**

**ਲਕੀਰੇਂ ਖੀਂਚ ਰਹੇ ਹੈਂ ਸਭੀ ਜ਼ਮੀਨੋਂ ਪਰ,**
**ਜਮੀਂ ਕਿਸੀ ਕੀ ਨਹੀਂ, ਆਸਮਾਂ ਕਿਸੀ ਕਾ ਨਹੀਂ।**
**(ਮੁਈਦ ਰਸ਼ੀਦੀ)**

ਸੱਚ ਤਾਂ ਇਹ ਹੈ ਕਿ ਪਿੰਡ, ਸ਼ਹਿਰ, ਸੂਬੇ ਤੇ ਦੇਸ਼ ਸਾਰੀਆਂ ਵੰਡੀਆਂ ਇਨਸਾਨਾਂ ਨੇ ਹੀ ਪਾਈਆਂ ਹੋਈਆਂ ਹਨ। ਉਂਝ ਇਹ ਸਿਰਫ਼ ਮਨੁੱਖੀ ਫ਼ਿਤਰਤ ਹੀ ਨਹੀਂ, ਤਕੜੇ ਜਾਨਵਰ ਵੀ ਆਪੋ-ਆਪਣੇ ਇਲਾਕਿਆਂ ਦੀਆਂ ਹੱਦਾਂ ਮਿੱਥ ਲੈਂਦੇ ਹਨ। ਪਰ ਕੁਦਰਤ ਨੇ ਸਿਰਫ਼ ਇਕ ਧਰਤੀ, ਇਕ ਆਕਾਸ਼, ਇਕ ਸੂਰਜ, ਇਕ ਤਰ੍ਹਾਂ ਦੀ ਹਵਾ ਸਭ ਲਈ ਦਿੱਤੀ ਹੈ। ਇਹ ਠੀਕ ਹੈ ਕਿ ਹੁਸ਼ਿਆਰਪੁਰ ਦੀ ਘਟਨਾ ਸ਼ਰਮਨਾਕ ਤੇ ਗ਼ਮਗ਼ੀਨ ਕਰਨ ਵਾਲੀ ਹੀ ਨਹੀਂ ਸਗੋਂ ਗੁੱਸਾ ਦਿਵਾਉਣ ਵਾਲੀ ਵੀ ਹੈ। ਪਰ ਕਿਸੇ ਇਕ ਦੀ ਸਜ਼ਾ ਪੂਰੇ ਪ੍ਰਵਾਸੀ ਸਮਾਜ ਨੂੰ ਦੇਣੀ ਤੇ ਉਨ੍ਹਾਂ ਨੂੰ ਸੂਬੇ ਵਿਚੋਂ ਭਜਾ ਦੇਣ ਦੀ ਗੱਲ ਕਰਨੀ ਜਾਇਜ਼ ਨਹੀਂ। ਜ਼ਰਾ ਸੋਚੋ ਕਿ ਆਪਣਾ ਸਿੱਖ ਤੇ ਪੰਜਾਬੀ ਭਾਈਚਾਰਾ ਵੀ ਤਾਂ ਦੇਸ਼ ਦੇ ਬਾਕੀ ਸੂਬਿਆਂ ਤੇ ਦੇਸ਼ਾਂ ਵਿਚ ਪ੍ਰਵਾਸੀਆਂ ਦੀ ਤਰ੍ਹਾਂ ਹੀ ਹੈ।

ਉਂਝ ਵੀ ਇਸ ਵੇਲੇ ਪੰਜਾਬ ਵਿਚ ਹੀ ਨਹੀਂ ਦੁਨੀਆ ਭਰ ਵਿਚ ਪ੍ਰਵਾਸੀਆਂ ਪ੍ਰਤੀ ਨਫ਼ਰਤ ਦਾ ਰਾਸ਼ਟਰੀਵਾਦ ਉਭਾਰ 'ਤੇ ਹੈ। ਪਰ ਹਾਂ ਸਰਕਾਰ ਤੇ ਦੇਸ਼ ਨੂੰ ਸਭ ਲਈ ਇਕੋ ਜਿਹੇ ਹੱਕ ਦੇਣੇ ਜ਼ਰੂਰੀ ਹਨ। ਪੰਜਾਬ ਵਿਚ ਆ ਕੇ ਵਸਣ ਵਾਲੇ ਪ੍ਰਵਾਸੀਆਂ ਦੀ ਸ਼ਨਾਖ਼ਤ 'ਤੇ ਉਨ੍ਹਾਂ ਦੇ ਚੰਗੇ ਆਚਰਣ ਦੀ ਪੜਤਾਲ ਲਈ ਕੋਈ ਨਿਯਮ ਕਾਨੂੰਨ ਬਣਾਉਣਾ ਬਹੁਤ ਜ਼ਰੂਰੀ ਹੈ। ਪੰਜਾਬ ਸਰਕਾਰ ਨੂੰ ਅਜਿਹੇ ਇੰਤਜ਼ਾਮ ਜ਼ਰੂਰ ਕਰਨੇ ਚਾਹੀਦੇ ਹਨ ਕਿ ਸਾਜਿਸ਼ ਕਾਰਨ ਜਾਂ ਬੇਹਿਸਾਬ ਪ੍ਰਵਾਸ ਨਾਲ ਪੰਜਾਬ ਦੀ ਡੈਮੋਗ੍ਰਾਫੀ (ਆਬਾਦੀ ਦਾ ਸੰਤੁਲਨ) ਨਾ ਬਦਲਿਆ ਜਾ ਸਕੇ।

ਚੰਡੀਗੜ੍ਹ ਦੀ ਡੈਮੋਗ੍ਰਾਫ਼ੀ (ਵਸੋਂ ਦਾ ਸੰਤੁਲਨ) ਕਿਵੇਂ ਪੰਜਾਬੀ ਅਤੇ ਸਿੱਖ ਵਿਰੋਧੀ ਬਣਾ ਦਿੱਤਾ ਗਿਆ ਹੈ, ਇਹ ਸਾਡੇ ਸਾਹਮਣੇ ਹੈ। ਇਸ ਵੇਲੇ ਪੰਜਾਬ ਵਿਚ ਸਿਰਫ਼ ਹਿੰਦੂ, ਪ੍ਰਵਾਸੀ ਹੀ ਨਹੀਂ ਆ ਰਹੇ। ਯੂ.ਪੀ., ਬਿਹਾਰ ਤੇ ਮੱਧ ਪ੍ਰਦੇਸ਼ ਵਿਚ ਮੁਸਲਮਾਨਾਂ ਖਿਲਾਫ਼ ਮਾਹੌਲ ਬਣਨ ਕਰਕੇ ਮੁਸਲਿਮ ਪ੍ਰਵਾਸੀ ਵੀ ਵੱਡੀ ਗਿਣਤੀ ਵਿਚ ਇਥੇ ਆ ਕੇ ਵਸ ਰਹੇ ਹਨ। ਪੰਜਾਬ ਸਰਕਾਰ ਲਈ ਜ਼ਰੂਰੀ ਹੈ ਕਿ ਪੰਜਾਬ ਵਿਚ ਪੱਕੇ ਤੌਰ 'ਤੇ ਵਸਣ ਵਾਲੇ ਪ੍ਰਵਾਸੀਆਂ ਲਈ ਕੋਈ ਸ਼ਰਤਾਂ, ਨਿਯਮ ਬਣਾਏ ਜਾਣ। ਪੰਜਾਬ ਸਰਕਾਰ ਨੂੰ ਆਪਣੇ ਤੌਰ 'ਤ ਪੰਜਾਬ ਦੀ ਜਨਗਣਨਾ ਵੀ ਕਰਵਾਉਣੀ ਚਾਹੀਦੀ ਹੈ। ਦੂਸਰਾ ਪੰਜਾਬ ਵਿਚ ਜ਼ਮੀਨ ਖ਼ਰੀਦਣ ਲਈ ਕੁਝ ਪਾਬੰਦੀਆਂ, ਜਿਵੇਂ ਕਿ ਦੇਸ਼ ਦੇ ਕਈ ਰਾਜਾਂ ਹਿਮਾਚਲ, ਸਿੱਕਮ, ਨਾਗਾਲੈਂਡ, ਉੱਤਰਾਖੰਡ, ਅਰੁਣਾਚਲ ਪ੍ਰਦੇਸ਼ ਵਿਚ ਜੰਮੂ-ਕਸ਼ਮੀਰ ਵਿਚ ਧਾਰਾ 370 ਹਟਣ ਤੋਂ ਬਾਅਦ ਵੀ ਹਨ, ਹੋਣੀਆਂ ਚਾਹੀਦੀਆਂ ਹਨ। ਗੁਜਰਾਤ ਵਿਚ ਵੀ ਖੇਤੀ ਵਾਲੀ ਜ਼ਮੀਨ ਖ਼ਰੀਦਣ 'ਤੇ ਕਈ ਪਾਬੰਦੀਆਂ ਹਨ।

ਪੰਜਾਬ ਨੂੰ ਆਪਣੀ ਡੈਮੋਗ੍ਰਾਫ਼ੀ ਬਚਾਉਣ ਲਈ ਕਾਨੂੰਨ ਬਣਾਉਣੇ ਚਾਹੀਦੇ ਹਨ ਅਤੇ ਪੰਜਾਬ ਵਿਚ ਵਸਣ ਵਾਲੇ ਪ੍ਰਵਾਸੀਆਂ ਦਾ ਪਿਛੋਕੜ ਵੀ ਜਾਂਚਣਾ ਚਾਹੀਦਾ ਹੈ, ਜਿਹੜੇ ਜ਼ਰਾਇਮ-ਪੇਸ਼ਾ ਲੋਕ ਹਨ, ਉਨ੍ਹਾਂ ਨੂੰ ਵਸਣ ਦੀ ਇਜਾਜ਼ਤ ਨਹੀਂ ਮਿਲਣੀ ਚਾਹੀਦੀ। ਪਰ ਸਾਰੇ ਪ੍ਰਵਾਸੀਆਂ ਨੂੰ ਭਜਾ ਦੇਣ ਦੀ ਸੋਚ ਗੁਰੂ ਸਾਹਿਬ ਦੀ ਸਿੱਖਿਆ ਤੇ ਪੰਜਾਬੀਅਤ ਦੀ ਸੋਚ ਨਾਲ ਮੇਲ ਨਹੀਂ ਖਾਂਦੀ, ਇਹ ਪੰਜਾਬ ਦੀ ਆਰਥਿਕਤਾ ਲਈ ਵੀ ਘਾਤਕ ਸਿੱਧ ਹੋਵੇਗੀ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਅਮਰੀਕਾ ਨੇ ਨਸ਼ਾ ਸਮੱਗਲਿੰਗ 'ਚ ਵਰਤੀ ਜਾ ਰਹੀ ਇਕ ਹੋਰ ਬੇੜੀ 'ਤੇ ਕੀਤਾ ਹਮਲਾ





ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕੀ ਫੌਜ ਨੇ ਨਸ਼ੇ ਵਾਲੇ ਪਦਾਰਥਾਂ ਦੀ ਕਥਿਤ ਸਮੱਗਲਿੰਗ 'ਚ ਵਰਤੀ ਜਾ ਰਹੀ ਬੇੜੀ 'ਤੇ ਹਮਲਾ ਕਰ ਕੇ ਉਸ ਨੂੰ ਤਬਾਹ ਕਰ ਦਿੱਤਾ ਹੈ।


ਟਰੰਪ ਨੇ ਕਿਹਾ ਕਿ ਇਸ ਮਹੀਨੇ ਇਸ ਤਰ੍ਹਾਂ ਦੀ ਇਹ ਤੀਜੀ ਕਾਰਵਾਈ ਹੈ। ਰਾਸ਼ਟਰਪਤੀ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਕਿਹਾ ਕਿ ਨਸ਼ੇ ਵਾਲੇ ਪਦਾਰਥਾਂ ਦੀ ਸਮੱਗਲਿੰਗ ਕਰ ਰਹੇ ਇਕ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਨਾਲ ਜੁੜੇ ਜਹਾਜ਼ 'ਤੇ ਹੋਏ ਇਸ ਹਮਲੇ ਵਿਚ 3 ਵਿਅਕਤੀ ਮਾਰੇ ਗਏ। ਉਨ੍ਹਾਂ ਉਸ ਜਗ੍ਹਾ ਬਾਰੇ ਹੋਰ ਜਾਣਕਾਰੀ ਨਹੀਂ ਦਿੱਤੀ, ਜਿੱਥੇ ਹਮਲਾ ਕੀਤਾ ਗਿਆ।

ਟਰੰਪ ਨੇ ਇਸ ਹਮਲੇ ਦੀ ਇਕ ਵੀਡੀਓ ਵੀ ਪੋਸਟ ਕੀਤੀ, ਜਿਸ ਵਿਚ ਇਕ ਜਹਾਜ਼ ਤੇਜ਼ੀ ਨਾਲ ਅੱਗੇ ਵਧਦਾ ਨਜ਼ਰ ਆ ਰਿਹਾ ਹੈ। ਉਸੇ ਵੇਲੇ 2 ਮਿਜ਼ਾਈਲਾਂ ਉਸ ਨੂੰ ਨਿਸ਼ਾਨਾ ਬਣਾਉਂਦੀਆਂ ਹਨ, ਜਿਸ ਪਿੱਛੋਂ ਜ਼ੋਰਦਾਰ ਧਮਾਕਾ ਹੁੰਦਾ ਹੈ। ਇਸ ਤੋਂ ਪਹਿਲਾਂ ਟਰੰਪ ਨੇ ਸੋਮਵਾਰ ਨੂੰ ਦੱਸਿਆ ਸੀ ਕਿ ਅਮਰੀਕੀ ਫੌਜ ਨੇ ਕਥਿਤ ਤੌਰ 'ਤੇ ਵੈਨੇਜ਼ੁਏਲਾ ਤੋਂ ਨਸ਼ੇ ਵਾਲੇ ਪਦਾਰਥਾਂ ਦੀ ਸਮੱਗਲਿੰਗ ਲਈ ਵਰਤੋਂ 'ਚ ਲਿਆਂਦੀ ਜਾ ਰਹੀ ਇਕ ਬੇੜੀ 'ਤੇ ਹਮਲਾ ਕੀਤਾ ਹੈ, ਜਿਸ ਵਿਚ 3 ਵਿਅਕਤੀ ਮਾਰੇ ਗਏ।

# ਮੈਨਹਟਨ ਦੇ ਇਮੀਗ੍ਰੇਸ਼ਨ ਹਿਰਾਸਤ ਸੈਂਟਰ 'ਚ ਚੁਣੇ ਹੋਏ ਅਧਿਕਾਰੀਆਂ ਸਮੇਤ ਕਈ ਪ੍ਰਦਰਸ਼ਨਕਾਰੀ ਗ੍ਰਿਫ਼ਤਾਰ

ਨਿਊਯਾਰਕ : ਨਿਊਯਾਰਕ ਸਿਟੀ ਦੇ ਇਕ ਇਮੀਗ੍ਰੇਸ਼ਨ ਹਿਰਾਸਤ ਕੇਂਦਰ ਵਿਰੁੱਧ ਪ੍ਰਦਰਸ਼ਨ ਦੌਰਾਨ ਵੀਰਵਾਰ 24 ਤੋਂ ਵੱਧ ਚੁਣੇ ਹੋਏ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਇਹ ਗ੍ਰਿਫ਼ਤਾਰੀਆਂ ਇਕ ਸੰਘੀ ਜੱਜ ਵਲੋਂ ਇਸ ਹਫ਼ਤੇ ਸਰਕਾਰ ਨੂੰ ਨਜ਼ਰਬੰਦਾਂ ਨਾਲ ਵਧੀਆ ਵਿਵਹਾਰ ਕਰਨ ਦੇ ਹੁਕਮ ਦੇਣ ਤੋਂ ਬਾਅਦ ਕੀਤੀਆਂ ਗਈਆਂ। ਚੁਣੇ ਹੋਏ ਅਧਿਕਾਰੀ ਇਮੀਗ੍ਰੇਸ਼ਨ ਹਿਰਾਸਤ ਕੇਂਦਰ ਵਿਚ ਹਾਲਾਤ ਦਾ ਮੁਆਇਨਾ ਕਰਨ ਗਏ ਸਨ ਅਤੇ ਵਿਰੋਧ ਪ੍ਰਦਰਸ਼ਨ ਦੌਰਾਨ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।



ਮੈਨਹਟਨ ਦੇ 26 ਫੈਡਰਲ ਪਲਾਜ਼ਾ ਵਿਚ ਹੋਏ ਵਿਰੋਧ ਪ੍ਰਦਰਸ਼ਨ ਵਿਚ ਕੁੱਲ 77 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਸ ਵਿਚ ਇਕ ਇਮੀਗ੍ਰੇਸ਼ਨ ਅਦਾਲਤ ਅਤੇ ਇਕ ਐੱਫ. ਬੀ. ਆਈ. ਦਫ਼ਤਰ ਵੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਤੇ ਸਖ਼ਤੀ ਦੇ ਵਿਚਕਾਰ ਇਹ ਗ੍ਰਿਫ਼ਤਾਰੀਆਂ ਦਾ ਕੇਂਦਰ ਬਣ ਗਿਆ ਹੈ।

# ਅਮਰੀਕਾ 'ਚ ਕਤਲ ਦੇ ਦੋਸ਼ ਹੇਠ ਭਾਰਤੀ ਨੌਜਵਾਨ ਗ੍ਰਿਫ਼ਤਾਰ

ਫਰੀਮੌਂਟ : ਅਮਰੀਕਾ ਦੇ ਫਰੀਮੌਂਟ ਸ਼ਹਿਰ ਵਿਚ ਇਕ ਭਾਰਤੀ ਨੌਜਵਾਨ ਨੂੰ ਕਤਲ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਦੋ ਜਣਿਆਂ ਵਿਚਾਲੇ ਹੱਥੋਪਾਈ ਹੋਣ ਦੀ ਇਤਲਾਹ ਮਿਲਣ ਮਗਰੋਂ ਮੌਕੇ 'ਤੇ ਪੁੱਜੇ ਅਫ਼ਸਰਾਂ ਨੂੰ 71 ਸਾਲ ਦਾ ਡੇਵਿਡ ਬ੍ਰਿਮਰ ਧਰਤੀ 'ਤੇ ਪਿਆ ਮਿਲਿਆ ਜਿਸ ਦੀ ਮੌਤ ਹੋ ਚੁੱਕੀ ਸੀ ਜਦਕਿ 29 ਸਾਲ ਦਾ ਵਰੁਣ ਸੁਰੇਸ਼ ਨੇੜੇ ਹੀ ਖੜ੍ਹਾ ਸੀ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਸੁਰੇਸ਼ ਨੇ ਪੁੱਛ-ਪੜਤਾਲ ਦੌਰਾਨ ਦੱਸਿਆ ਕਿ ਉਹ ਕਈ ਸਾਲ ਤੋਂ ਸੈਕਸ ਔਫੈਂਡਰ ਦਾ ਕਤਲ ਕਰਨਾ ਚਾਹੁੰਦਾ ਸੀ ਕਿਉਂਕਿ ਇਹ ਬੱਚਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਕਤਲ ਦੀ ਵਾਰਦਾਤ ਤੋਂ ਪਹਿਲਾਂ ਸੁਰੇਸ਼, ਬ੍ਰਿਮਰ ਨੂੰ ਨਹੀਂ ਸੀ ਜਾਣਦਾ ਅਤੇ ਬ੍ਰਿਮਰ ਨਾਲ ਸਬੰਧਤ ਸਾਰੀ ਜਾਣਕਾਰੀ ਇਕ ਲਾਅ ਫਰਮ ਦੀ ਵੈਬਸਾਈਟ ਤੋਂ ਹਾਸਲ ਕੀਤੀ। ਬ੍ਰਿਮਰ ਨੂੰ 1995 ਵਿਚ ਇਕ ਬੱਚੇ ਨਾਲ ਗਲਤ ਹਰਕਤਾਂ ਕਰਨ ਦਾ ਦੋਸ਼ੀ ਕਰਾਰ ਦਿਤਾ ਗਿਆ ਅਤੇ ਉਸ ਨੇ 9 ਸਾਲ ਜੇਲ ਵੀ ਕੱਟੀ। ਦੂਜੇ ਪਾਸੇ ਸੁਰੇਸ਼ ਦੇ ਫੋਨ ਦੀ ਤਲਾਸ਼ੀ ਦੌਰਾਨ ਮੇਗਨਜ਼ ਲਾਅ ਵੈਬਸਾਈਟ ਦੀਆਂ ਕਈ ਤਸਵੀਰਾਂ ਮਿਲੀਆਂ ਜਿਨ੍ਹਾਂ ਵਿਚ ਦੋਸ਼ੀਆਂ ਦੀ ਸੂਚੀ ਅਤੇ ਉਨ੍ਹਾਂ ਦੇ ਨਾਂ-ਪਤੇ ਸ਼ਾਮਲ ਸਨ।





ਜਾਂਚਕਰਤਾਵਾਂ ਮੁਤਾਬਕ ਬ੍ਰਿਮਰ ਦੇ ਵੇਰਵਿਆਂ ਨਾਲ ਸਬੰਧਤ ਸਕ੍ਰੀਨ ਸ਼ੌਟ 911 'ਤੇ ਕਾਲ ਆਉਣ ਤੋਂ ਸਿਰਫ਼ 45 ਮਿੰਟ ਪਹਿਲਾਂ ਲਿਆ ਗਿਆ ਜਿਸ ਮਗਰੋਂ ਸੁਰੇਸ਼ ਛੁਰੇ ਨਾਲ ਲੈਸ ਹੋ ਕੇ ਬ੍ਰਿਮਰ ਦੀ ਭਾਲ ਵਿਚ ਨਿਕਲ ਗਿਆ। ਜਦੋਂ ਸੁਰੇਸ਼, ਬ੍ਰਿਮਰ ਦੇ ਘਰ ਪੁੱਜਾ ਤਾਂ ਅੰਦਰੋਂ ਆਵਾਜ਼ ਆਈ ਕਿ ਕੌਣ ਹੈ? ਇਸ ਦੇ ਜਵਾਬ ਵਿਚ ਸੁਰੇਸ਼ ਨੇ ਆਖ ਦਿਤਾ ਕਿ ਉਹ ਮੇਗਨਜ਼ ਲਾਅ ਵੈਬਸਾਈਟ ਤੋਂ ਆਇਆ ਹੈ।

**29 ਸਾਲ ਦੇ ਵਰੁਣ ਸੁਰੇਸ਼ ਵਿਰੁੱਧ ਪਹਿਲਾਂ ਵੀ ਹੋ ਚੁੱਕੀ ਹੈ ਕਾਰਵਾਈ :** ਬ੍ਰਿਮਰ ਬਾਹਰ ਆਇਆ ਤਾਂ ਸੁਰੇਸ਼ ਨੇ ਉਸ ਨੂੰ ਪਛਾਣ ਦੀ ਤਸਦੀਕ ਕਰਨ ਵਾਸਤੇ ਆਖਿਆ ਅਤੇ ਜਿਉਂ ਹੀ ਤਸਦੀਕ ਹੋਈ ਤਾਂ ਸੁਰੇਸ਼ ਨੇ ਉਸ ਨੂੰ ਧੱਕਾ ਮਾਰ ਕੇ ਅੰਦਰ ਲਿਜਾਣ ਦਾ ਯਤਨ ਕੀਤਾ ਪਰ ਬ੍ਰਿਮਰ ਬਾਹਰ ਵੱਲ ਦੌੜ ਗਿਆ। ਬ੍ਰਿਮਰ ਅੱਗੇ ਅੱਗੇ ਅਤੇ ਸੁਰੇਸ਼ ਉਸ ਦੇ ਪਿੱਛੇ ਪਿੱਛੇ ਦੌੜ ਰਿਹਾ ਸੀ। ਬ੍ਰਿਮਰ ਨੇ ਸੜਕ ਤੋਂ ਲੰਘ ਰਹੀ ਇਕ ਗੱਡੀ ਤੋਂ ਮਦਦ ਮੰਗੀ ਪਰ ਗੱਡੀ ਨਾ ਰੁਕੀ ਅਤੇ ਇਸੇ ਦੌਰਾਨ ਸੁਰੇਸ਼ ਨੇ ਛੁਰਾ ਕੱਢ ਲਿਆ। ਸੁਰੇਸ਼ ਮੁਤਾਬਕ ਬ੍ਰਿਮਰ ਨੇ ਆਪਣਾ ਬਚਾਅ ਕਰਨ ਵਾਸਤੇ ਰੋੜਾ ਚੁੱਕ ਲਿਆ ਪਰ ਸਫ਼ਲ ਨਾ ਹੋ ਸਕਿਆ। ਇਸੇ ਦੌਰਾਨ ਇਕ ਗੁਆਂਢੀ ਨੇ ਦਰਵਾਜ਼ਾ ਖੋਲ੍ਹਿਆ ਤਾਂ ਬ੍ਰਿਮਰ ਉਸ ਪਾਸੇ ਦੌੜਿਆ ਅਤੇ ਪੁਲਿਸ ਨੂੰ ਕਾਲ ਕਰਨ ਦਾ ਰੌਲਾ ਪਾ ਦਿਤਾ। ਬ੍ਰਿਮਰ ਨੇ ਗੁਆਂਢੀ ਦੇ ਘਰ ਅੰਦਰ ਦਾਖਲ ਹੋ ਕੇ ਦਰਵਾਜ਼ਾ ਬੰਦ ਕਰਨ ਦਾ ਯਤਨ ਵੀ ਕੀਤਾ ਪਰ ਸੁਰੇਸ਼ ਧੱਕਾ ਮਾਰ ਕੇ ਅੰਦਰ ਦਾਖਲ ਹੋ ਗਿਆ। ਆਖਰਕਾਰ ਸੁਰੇਸ਼ ਨੇ ਬ੍ਰਿਮਰ ਨੂੰ ਫੜ ਲਿਆ ਅਤੇ ਉਸ ਦੀ ਗਰਦਨ 'ਤੇ ਵਾਰ ਕਰਨੇ ਸ਼ੁਰੂ ਕਰ ਦਿਤੇ।

**71 ਸਾਲ ਦੇ ਡੇਵਿਡ ਬ੍ਰਿਮਰ ਨੂੰ ਭਜਾ-ਭਜਾ ਕੇ ਮਾਰਿਆ :** ਨਾਲੋ-ਨਾਲ ਸੁਰੇਸ਼ ਕਹਿ ਰਿਹਾ ਸੀ ਕਿ ਤੈਨੂੰ ਇਥੇ ਹੀ ਲੇਖਾ ਦੇ ਕੇ ਜਾਣਾ ਹੋਵੇਗਾ। ਇਸੇ ਦਰਮਿਆਨ ਸੁਰੇਸ਼ ਦੀ ਪਕੜ ਢਿੱਲੀ ਹੋਈ ਤਾਂ ਬ੍ਰਿਮਰ ਮੁੜ ਬਾਹਰ ਵੱਲ ਦੌੜਿਆ ਪਰ ਸੁਰੇਸ਼ ਨੇ ਉਸ ਨੂੰ ਵਿਹੜੇ ਵਿਚ ਢਾਹ ਲਿਆ ਅਤੇ ਛੁਰੇ ਮਾਰ ਕੇ ਕਥਿਤ ਤੌਰ 'ਤੇ ਹਲਾਕ ਕਰ ਦਿਤਾ। ਗ੍ਰਿਫ਼ਤਾਰੀ ਮਗਰੋਂ ਸੁਰੇਸ਼ ਨੇ ਦੱਸਿਆ ਕਿ ਉਸ ਨੇ ਫਰਾਰ ਹੋਣ ਦੀ ਯੋਜਨਾ ਨਹੀਂ ਸੀ ਬਣਾਈ ਅਤੇ ਜੇ ਪੁਲਿਸ ਨਾ ਪੁੱਜਦੀ ਤਾਂ ਉਸ ਨੇ ਖੁਦ 911 'ਤੇ ਕਾਲ ਕਰ ਕੇ ਪੁਲਿਸ ਨੂੰ ਸੱਦਣਾ ਸੀ। ਇਥੇ ਦਸਣਾ ਬਣਦਾ ਹੈ ਕਿ ਸੁਰੇਸ਼ ਨੂੰ 2021 ਵਿਚ ਬੰਬ ਅਫਵਾਹ ਫੈਲਾਉਣ ਦੀ ਮਾਮਲੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਵੇਲੇ ਸੁਰੇਸ਼ ਨੇ ਪੁਲਿਸ ਨੂੰ ਦੱਸਿਆ ਕਿ ਸੰਭਾਵਤ ਤੌਰ 'ਤੇ ਹਯਾਤ ਹੋਟਲਜ਼ ਦਾ ਸੀ.ਈ.ਓ. ਬੱਚਿਆਂ ਦਾ ਸ਼ੋਸ਼ਣ ਕਰਦਾ ਹੈ।


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

CALIFORNIA DMV LIV. # 40524

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# 4 ਅਕਤੂਬਰ ਨੂੰ ਹੋਵੇਗੀ ਤੀਜੀ US ਨੈਸ਼ਨਲ ਗਤਕਾ ਚੈਂਪੀਅਨਸ਼ਿਪ



ਨਿਊਯਾਰਕ, (ਰਾਜ ਗੋਗਨਾ) : ਗਤਕਾ ਫੈਡਰੇਸ਼ਨ ਯੂ.ਐੱਸ.ਏ., ਜੋ ਕਿ ਅਮਰੀਕਾ ਵਿੱਚ ਰਵਾਇਤੀ ਸਿੱਖ ਮਾਰਸ਼ਲ ਆਰਟ ਗਤਕੇ ਦੇ ਪ੍ਰਬੰਧਨ, ਮਿਆਰੀਕਰਨ, ਪ੍ਰਚਾਰ ਅਤੇ ਪ੍ਰਸਿੱਧੀ ਲਈ ਸਮਰਪਿਤ ਇੱਕ ਪ੍ਰਮੁੱਖ ਸੰਸਥਾ ਹੈ। ਵਿਸ਼ਵ ਗਤਕਾ ਫੈਡਰੇਸ਼ਨ ਨੂੰ ਇਹ ਐਲਾਨ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਹ 4 ਅਕਤੂਬਰ ਨੂੰ ਇਹ ਤੀਜੀ ਯੂ.ਐੱਸ. ਨੈਸ਼ਨਲ ਗਤਕਾ ਚੈਂਪੀਅਨਸ਼ਿਪ-2025 ਦੀ ਮੇਜ਼ਬਾਨੀ ਕਰੇਗਾ।

ਇਹ ਸਮਾਗਮ ਵਿਸ਼ਵ ਗਤਕਾ ਫੈਡਰੇਸ਼ਨ (ਡਬਲਯੂ.ਜੀ.ਐਫ.) ਦੀ ਮਾਣਯੋਗ ਅਗਵਾਈ ਹੇਠ, ਜੋ ਕਿ ਗਤਕੇ ਦੀ ਸੰਭਾਲ ਅਤੇ ਪ੍ਰਚਾਰ ਲਈ ਸਿਖਰਲੀ ਅੰਤਰਰਾਸ਼ਟਰੀ ਸੰਸਥਾ ਹੈ, ਦਿ ਸਿੱਖ ਸੈਂਟਰ ਆਫ਼ ਨਿਊਯਾਰਕ ਇੰਕ. ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਸਿੱਖ ਸੈਂਟਰ ਦੀ ਪ੍ਰਬੰਧਕੀ ਕਮੇਟੀ ਨੇ ਇਸ ਸਮਾਗਮ ਦਾ ਪੋਸਟਰ ਅਧਿਕਾਰਤ ਤੌਰ 'ਤੇ ਵੀ ਜਾਰੀ ਕਰ ਦਿੱਤਾ ਹੈ। ਗਤਕਾ ਫੈਡਰੇਸ਼ਨ ਯੂ.ਐੱਸ.ਏ. ਦੇ ਚੇਅਰਮੈਨ ਗੁਰਿੰਦਰ ਸਿੰਘ ਖਾਲਸਾ ਅਤੇ ਜਨਰਲ ਸਕੱਤਰ ਡਾ. ਦੀਪ ਸਿੰਘ ਨੇ ਕਿਹਾ ਕਿ ਇਹ ਫੈਡਰੇਸ਼ਨ ਵੱਲੋਂ ਆਯੋਜਿਤ ਤੀਜੀ ਓਪਨ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਹੋਵੇਗੀ। ਸੰਸਥਾ ਨੇ ਗੁਰਦੁਆਰਾ ਕਮੇਟੀਆਂ, ਵਿਦਿਅਕ ਸੰਸਥਾਵਾਂ ਅਤੇ ਹੋਰ ਖੇਡ ਸੰਗਠਨਾਂ ਦੇ ਸਹਿਯੋਗ ਨਾਲ ਅਮਰੀਕਾ ਦੇ ਵੱਖ-ਵੱਖ ਰਾਜਾਂ ਵਿੱਚ ਕਈ ਗਤਕਾ ਸਿਖਲਾਈ ਕੈਂਪ ਵੀ ਸਫਲਤਾਪੂਰਵਕ ਆਯੋਜਿਤ ਕੀਤੇ ਹਨ। ਗਤਕਾ ਫੈਡਰੇਸ਼ਨ ਯੂ.ਐੱਸ.ਏ. ਦੇਸ਼ ਭਰ ਵਿੱਚ ਸਟੇਟ ਚੈਪਟਰ ਸਥਾਪਤ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਿਹਾ ਹੈ।

# ਈਰਾਨ ਦੀ ਪ੍ਰਮਾਣੂ ਪ੍ਰੋਗਰਾਮ ਬਾਰੇ ਅਮਰੀਕਾ ਨਾਲ ਸਿੱਧੀ ਗੱਲਬਾਤ ਤੋਂ ਨਾਂਹ

ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਨੇ ਆਪਣੇ ਦੇਸ਼ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਅਮਰੀਕਾ ਨਾਲ ਸਿੱਧੀ ਗੱਲਬਾਤ ਤੋਂ ਨਾਂਹ ਕਰ ਦਿੱਤੀ ਹੈ।



ਖਾਮੇਨੇਈ ਦੀ ਇਹ ਟਿੱਪਣੀ ਉਦੋਂ ਆਈ ਹੈ, ਜਦੋਂ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਸੰਯੁਕਤ ਰਾਸ਼ਟਰ ਮਹਾਸਭਾ ਲਈ ਨਿਊਯਾਰਕ ਵਿਚ ਹਨ। ਇਹ ਟਿੱਪਣੀ ਸੰਭਾਵੀ ਤੌਰ 'ਤੇ ਅਮਰੀਕੀਆਂ ਨਾਲ ਪੇਜ਼ੇਸ਼ਕੀਅਨ ਦੇ ਸੰਭਾਵੀ ਸੰਪਰਕ ਨੂੰ ਰੋਕ ਸਕਦੀ ਹੈ।

ਖਾਮੇਨੇਈ ਨੇ ਇਹ ਟਿੱਪਣੀ ਈਰਾਨ ਦੇ ਸਰਕਾਰੀ ਟੈਲੀਵਿਜ਼ਨ 'ਤੇ ਪ੍ਰਸਾਰਿਤ ਇਕ ਭਾਸ਼ਣ ਦੌਰਾਨ ਕੀਤੀ। ਇਹ ਟਿੱਪਣੀ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਦੀ ਯੂਰਪੀ ਹਮਰੁਤਬਾ ਨਾਲ ਮੁਲਾਕਾਤ ਤੋਂ ਬਾਅਦ ਆਈ ਹੈ, ਜੋ ਐਤਵਾਰ ਨੂੰ ਲਾਈਆਂ ਜਾਣ ਵਾਲੀਆਂ ਪ੍ਰਮਾਣੂ ਪਾਬੰਦੀਆਂ ਨੂੰ ਦੁਬਾਰਾ ਲਾਗੂ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ।

# ਸਮਾਜ ਸੇਵੀ ਸ: ਰਵੀ ਸਿੰਘ ਖਾਲਸਾ ਏਡ ਨੂੰ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ ਦੇ ਗੁਰਦੁਆਰਾ ਸਾਹਿਬ ਵਿਖੇ 'ਭਗਤ ਪੂਰਨ ਸਿੰਘ ਐਵਾਰਡ' ਨਾਲ ਸਨਮਾਨਿਤ




ਵਾਸ਼ਿੰਗਟਨ, ਡੀ.ਸੀ, (ਰਾਜ ਗੋਗਨਾ) : ਬੀਤੇ ਦਿਨ ਮੈਟਰੋਪੋਲੀਟਨ ਵਾਸ਼ਿੰਗਟਨ ਡੀ. ਸੀ. ਦੇ ਇਲਾਕੇ ਵਿੱਚ ਵੱਖ-ਵੱਖ ਗੁਰੂਘਰਾਂ ਵਿੱਚ ਕੀਰਤਨ ਦਰਬਾਰ ਸਥਾਨਕ ਸੇਵਾਦਾਰਾਂ ਵੱਲੋਂ ਕਰਵਾਏ ਗਏ। ਇਸ ਕੀਰਤਨ ਦਰਬਾਰ ਵਿੱਚ ਵਿਸ਼ੇਸ਼ ਤੌਰ 'ਤੇ ਭਾਈ ਹਰਜਿੰਦਰ ਸਿੰਘ ਜੀ ਸ੍ਰੀ ਨਗਰ ਵਾਲੇ, ਭਾਈ ਨਿਰੰਜਣ ਸਿੰਘ ਜਵੱਦੀ ਕਲਾਂ ਵਾਲੇ, ਭਾਈ ਅਨੰਤਵੀਰ ਸਿੰਘ ਲਾਸ ਏਂਜਲਸ ਵਾਲੇ, ਭਾਈ ਸੁਰਿੰਦਰ ਸਿੰਘ ਜੀ ਜੰਮੂ ਵਾਲੇ ਅਤੇ ਭਾਈ ਜਸਪ੍ਰੀਤ ਸਿੰਘ ਫਤਿਹਗੜ੍ਹ ਸਾਹਿਬ ਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਇਸ ਮੌਕੇ ਭਾਈ ਰਵੀ ਸਿੰਘ ਖਾਲਸਾ ਨੇ ਵਾਸ਼ਿੰਗਟਨ ਡੀ. ਸੀ ਗੁਰਦੁਆਰਾ ਸਾਹਿਬ ਵਿਖੇ ਹੋਏ ਕੀਰਤਨ ਦਰਬਾਰ ਵਿੱਚ ਸ਼ਾਮਿਲ ਹੋਏ। ਜਿਸ ਦੌਰਾਨ ਗੁਰਦੁਆਰਾ ਸਾਹਿਬ ਜੀ ਦੇ ਪ੍ਰਬੰਧਕਾਂ ਅਤੇ ਇਲਾਕੇ ਦੀ ਸੰਗਤ ਵੱਲੋਂ ਭਾਈ ਰਵੀ ਸਿੰਘ ਖਾਲਸਾ ਨੂੰ ਸਿੱਖ ਨੁਮਾਇੰਦੇ ਦੇ ਵੱਜੋਂ ਦੁਨੀਆ ਭਰ ਵਿੱਚ ਅਣਥੱਕ ਸੇਵਾ ਰਾਹੀ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਵਿਸ਼ੇਸ਼ ਤੌਰ 'ਤੇ ਪਾਏ ਯੋਗਦਾਨ ਲਈ ਭਗਤ ਪੂਰਨ ਸਿੰਘ ਜੀ ਨਾਂ ਦੇ ਸਨਮਾਨ ਚਿੰਨ੍ਹ ਦੇ ਨਾਲ ਗੁਰੂ ਘਰ ਵਿਖੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਰਵੀ ਸਿੰਘ ਖਾਲਸਾ ਨੇ ਦੁਨੀਆਂ ਭਰ ਵਿੱਚ ਵੱਸਦੇ ਨਾਨਕ ਨਾਮ ਲੇਵਾ ਸਿੱਖ ਸੰਗਤ ਨੂੰ ਇਸ ਸਨਮਾਨ ਲਈ ਹੱਕਦਾਰ ਦੱਸਿਆ ਅਤੇ ਭਾਈ ਰਵੀ ਸਿੰਘ ਖਾਲਸਾ ਨੇ ਪੰਜਾਬ ਵਿੱਚ ਆਈ ਹੜ੍ਹਾਂ ਦੀ ਸਥਿਤੀ ਨੂੰ ਸੰਗਤ ਦੇ ਨਾਲ ਸਾਂਝਾ ਕੀਤਾ ਅਤੇ ਸੰਗਤਾਂ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਵੀ ਅਪੀਲ ਕੀਤੀ ਅਤੇ ਨਾਲ ਹੀ ਕਿਹਾ ਕਿ ਉਹ ਸੰਗਤ ਦੀ ਮਾਇਆ ਨੂੰ ਬਿਲਕੁਲ ਪਾਰਦਰਸ਼ੀ ਰੱਖ ਰਹੇ ਹਨ ਅਤੇ ਦੁਨਿਆਵੀ ਸਮਾਜਕ ਸਰਕਾਰਾਂ ਦੇ ਬਰਾਬਰ ਖਾਲਸਾ ਆਪਣੀ ਸੇਵਾ ਮਨੁੱਖਤਾ ਲਈ ਕਰਦਾ ਰਹੇਗਾ। ਸ: ਰਵੀ ਸਿੰਘ ਖ਼ਾਲਸਾ ਨੇ ਅੰਤ ਵਿੱਚ ਪ੍ਰਬੰਧਕਾਂ ਅਤੇ ਗੁਰਦੁਆਰਾ ਸਾਹਿਬ ਵਿਖੇ ਆਈਆਂ ਸੰਗਤਾਂ ਦਾ ਹੱਥ ਜੋੜ ਕੇ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ।






ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ









Truck Dispatch Training

Manage Dot Compliance

PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork

- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

Scan This Code for Joining Truck Dispatch Training

WHAT WE WILL PROVIDE
250+ Broker List
350+ Carrier List
27000+ Direct Shipper List

amazon relay

DAT One

SMART PATH

Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ

209-310-0333

Learn, Practice, Gain Your Skills

www.smartpathca.com

Learn Online From Home



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

### ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਉਥੇ ਸਤਿਗੁਰ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕਿਤਨੀ ਦ੍ਰਿੜ੍ਹਤਾ ਨਾਲ "ਫੂਟੋ ਆਡਾ ਭਰਮ ਕਾ ਮਨਹਿ ਭਇਓ ਪਰਗਾਸ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥1॥" (ਅੰਗ 1002) ਦੇ ਗੁਰਵਾਕ ਅਨੁਸਾਰ ਭਰਮ ਦੇ ਗੜ੍ਹ ਨੂੰ ਚੂਰ ਚੂਰ ਕਰਦਿਆਂ ਸਭ ਤੋਂ ਕੀਮਤੀ ਅਤੇ ਜਨਮ-ਮਰਨ ਦੂਰ ਕਰਨ ਵਾਲੀ ਵਸਤੂ ਅੰਮ੍ਰਿਤ ਦੀ ਦਾਤ ਸਰਬਲੋਹ ਦੇ ਭਾਂਡੇ ਵਿਚ ਸਰਬਲੋਹ ਦੇ ਖੰਡੇ ਨਾਲ ਤਿਆਰ ਕਰ ਕੇ ਬਖਸ਼ਿਸ਼ ਕੀਤੀ।

"ਸੋ ਸਤਿਗੁਰੁ ਧਨੁ ਧੰਨ ਜਿਨਿ ਭਰਮ ਗੜੁ ਤੋੜਿਆ॥" (ਅੰਗ 522)

ਇਸ ਤਰ੍ਹਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਰਬਲੋਹ ਦਾ ਖੰਡਾ ਖੜਕਾਇਆ, ਸਰਬਲੋਹ ਦੇ ਬਾਟੇ ਵਿਚ ਅੰਮ੍ਰਿਤ ਦੀ ਦਾਤ ਬਖਸ਼ ਕੇ, ਲੋਹੇ ਦੇ ਆਭੂਸ਼ਣ ਪਵਾ ਕੇ ਅਤੇ ਲੋਹੇ ਦੇ ਸ਼ਸਤ੍ਰਾਂ ਨੂੰ ਨਮਸਕਾਰ ਕਰ ਕੇ ਇਸਨੂੰ ਅਤਿ ਪਵਿੱਤ੍ਰਤਾ ਪ੍ਰਦਾਨ ਕਰ ਦਿੱਤੀ ਅਤੇ ਖਾਲਸੇ ਨੂੰ ਨਿਆਰਾਪਨ ਬਖਸ਼ਿਆ ਅਤੇ ਭਰਮ ਗੜ੍ਹ ਤੋੜਿਆ। ਹੋਰ ਤਾਂ ਹੋਰ ਹਜ਼ੂਰ ਨੇ ਵਾਹਿਗੁਰੂ ਨੂੰ ਵੀ ਸਰਬ ਲੋਹ ਸੰਬੋਧਨ ਕਰ ਕੇ ਰੱਛਿਆ ਦੀ ਜਾਚਨਾ ਕੀਤੀ ਹੈ।

ਪਾਤਿਸ਼ਾਹੀ ॥੧੦॥ ਅਕਾਲ ਪੁਰਖ ਕੀ ਰਛਾ ਹਮਨੈ॥ ਸਰਬ ਲੋਹ ਦੀ ਰਛਿਆ ਹਮਨੈ॥ ਸਰਬ ਕਾਲ ਜੀ ਦੀ ਰਛਿਆ ਹਮਨੈ॥ ਸਰਬ ਲੋਹ ਜੀ ਦੀ ਸਦਾ ਸਦਾ ਰਛਿਆ ਹਮਨੈ॥

(ਘ) ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ ਆਸਨ ਹੋ ਕੇ ਬੈਠ ਜਾਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

**ਵਿਆਖਿਆ**


ਅੰਮ੍ਰਿਤ ਤਿਆਰ ਕਰਨ ਲਈ ਸਰਬ ਲੋਹ ਦੇ ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾ ਕੇ ਲੋਹੇ ਦੇ ਖੰਡੇ ਨਾਲ ਹਲ ਕਰਨੇ ਪੈਂਦੇ ਹਨ। ਇਸ ਬਾਰੇ ਚੌਂਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਹਕੀਮ ਗਜਿੰਦ੍ਰ ਸਿੰਘ ਨੇ ਧਾਰਮਿਕ ਸਲਾਹਕਾਰ ਕਮੇਟੀ ਤੋਂ ਜਾਣਨਾ ਚਾਹਿਆ ਕਿ ਕੀ ਅੰਮ੍ਰਿਤ ਦੀ ਤਿਆਰੀ ਸਮੇਂ ਇਸ ਵਿਚ ਪਤਾਸਿਆਂ ਦੀ ਥਾਂ ਮਿਸ਼ਰੀ, ਗੁੜ ਜਾਂ ਖੰਡ ਪਾਈ ਜਾ ਸਕਦੀ ਹੈ? ਇਸ ਦੇ ਜਵਾਬ ਵਿਚ ਧਾਰਮਿਕ ਸਲਾਹ ਕਮੇਟੀ ਨੇ 7 ਜਨਵਰੀ, 1945 ਨੂੰ ਮਤਾ ਨੰਬਰ 12 ਰਾਹੀਂ ਨਿਰਣਾ ਦਿੱਤਾ ਕਿ ਪਤਾਸਿਆਂ ਦੀ ਥਾਂ ਹੋਰ ਕੋਈ ਚੀਜ਼ ਨਹੀਂ ਪਾਉਣੀ ਚਾਹੀਦੀ।

ਇਸ ਬਾਟੇ ਦੇ ਇਰਦ-ਗਿਰਦ ਪੰਜ ਪਿਆਰੇ ਬੀਰ-ਆਸਨ ਹੋ ਕੇ ਬੈਠ ਜਾਣ। ਬੀਰ ਆਸਨ ਦੀ ਵਿਆਖਿਆ ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਦੇ ਫੁੱਟ ਨੋਟ ਵਿਚ ਹੀ ਕਰ ਦਿੱਤੀ ਗਈ ਹੈ। ਇਸ ਵਿਚ ਸੱਜਾ ਗੋਡਾ ਜ਼ਮੀਨ 'ਤੇ ਰੱਖ ਕੇ, ਸੱਜੀ ਲੱਤ ਦਾ ਭਾਰ ਪੈਰ 'ਤੇ ਰੱਖ ਕੇ ਬੈਠਣਾ ਤੇ ਖੱਬਾ ਗੋਡਾ ਉਚਾ ਕਰ ਕੇ ਰੱਖਣਾ ਹੈ। ਇਹ ਬੰਦੂਕਚੀ ਜਾਂ ਗਦਾਧਾਰੀ ਦੀ ਮੁਦਰਾ ਹੈ।

(ਙ) ਤੇ ਇਨ੍ਹਾਂ ਬਾਣੀਆਂ ਦਾ ਪਾਠ ਕਰਨ : ਜਪੁ, ਜਾਪੁ, 10 ਸਵੱਯੇ ('ਸ੍ਰਾਵਗ ਸੁਧ' ਵਾਲੇ) ਬੇਨਤੀ ਚੌਪਈ (ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤੱਕ), ਅਨੰਦ ਸਾਹਿਬ।

(ਸਿੱਖ ਰਹਿਤ ਮਰਯਾਦਾ, ਅਕਤੂਬਰ, ੨੦੧੫ ਪੰਨਾ : ੨੯)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ ਇਸ ਤਰ੍ਹਾਂ ਸੀ :




(ਙ) ਇਨ੍ਹਾਂ ਬਾਣੀਆਂ ਦਾ ਪਾਠ ਕਰਨ : ਜਪੁ, ਜਪੁ, 10 ਸਵੱਯੇ ('ਸ੍ਰਾਵਗ ਸੁਧ' ਵਾਲੇ,) ਬੇਨਤੀ ਚੌਪਈ (ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤੱਕ), ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਤੇ ਅੰਤਲੀ ਇਕ ਪਉੜੀ!

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੬)

**ਵਿਆਖਿਆ**

ਮੂਲ ਸਿੱਖ ਰਹਿਤ ਮਰਯਾਦਾ ਵਿਚ ਅੰਮ੍ਰਿਤ ਛਕਾਣ ਲਈ ਪੰਜ ਬਾਣੀਆਂ ਵਿਚ 'ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਤੇ ਅੰਤਲੀ ਇਕ ਪਉੜੀ' ਸੀ। ਇਸ ਦੀ ਥਾਵੇਂ 'ਅਨੰਦ ਸਾਹਿਬ' ਕੀਤਾ ਗਿਆ ਹੈ।

ਪੰਜਾਂ ਪਿਆਰਿਆਂ ਨੇ ਵਾਰੀ ਵਾਰੀ ਉਕਤ ਪੰਜ ਬਾਣੀਆਂ ਦਾ ਪਾਠ ਕਰਨਾ ਹੈ। ਅੰਮ੍ਰਿਤ ਸੰਚਾਰ ਦੀਆਂ ਇਹ ਪੰਜ ਬਾਣੀਆਂ ਨਿਸਚਿਤ ਹਨ ਅਤੇ ਸਾਰੇ ਸੰਸਾਰ ਵਿਚ ਜਿਥੇ ਕਿਤੇ ਵੀ ਅੰਮ੍ਰਿਤ ਦੀ ਬਖਸ਼ਿਸ਼ ਕੀਤੀ ਜਾਂਦੀ ਹੈ ਜਾਂ ਕੀਤੀ ਜਾਂਦੀ ਰਹੀ ਹੈ ਉਹ ਇਨ੍ਹਾਂ ਪੰਜ ਬਾਣੀਆਂ ਦਾ ਪਾਠ ਕਰ ਕੇ ਹੀ ਹੋਈ ਹੈ।

ਪਰ ਕਈ ਵਾਰ ਕੁਝ ਲੋਕ ਅੰਮ੍ਰਿਤ ਸੰਚਾਰ ਦੀਆਂ ਇਨ੍ਹਾਂ ਬਾਣੀਆਂ ਬਾਰੇ ਭਰਮ ਭੁਲੇਖਾ ਖੜ੍ਹਾ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਸ਼ਾਇਦ ਇਹ ਬਾਣੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਨਿਰਧਾਰਤ ਕੀਤੀਆਂ ਹਨ ਅਤੇ ਇਸ ਤੋਂ ਪਹਿਲਾਂ ਇਨ੍ਹਾਂ ਦਾ ਕੋਈ ਹਵਾਲਾ ਨਹੀਂ ਮਿਲਦਾ। ਜੇਕਰ ਐਸਾ ਹੋਵੇ ਤਾਂ ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਕੋਈ ਜਾਦੂ ਦੀ ਛੜੀ ਸੀ ਕਿ 1936 ਵਿਚ ਇਸਦੇ ਮਤਾ ਪਾਸ ਕਰਦੇ ਸਾਰ ਹੀ ਸਾਰੇ ਸੰਸਾਰ ਵਿਚ ਇਕਸਾਰ ਇਨ੍ਹਾਂ ਪੰਜ ਬਾਣੀਆਂ ਰਾਹੀਂ ਅੰਮ੍ਰਿਤ ਸੰਚਾਰ ਦੀ ਮਰਯਾਦਾ ਆਰੰਭ ਹੋ ਗਈ?

(ਚ) ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ 'ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ 'ਤੇ ਅਤੇ ਧਿਆਨ ਅੰਮ੍ਰਿਤ ਵੱਲ ਟਿਕੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੯)

**(ਚਲਦਾ)**

# ਹੜ੍ਹਾਂ ਤੋਂ ਬਾਅਦ ਮੁੜ ਖੁੱਲ੍ਹਿਆ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ

ਗੁਰਦਾਸਪੁਰ : ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰ ਕਰਨ ਲਈ ਲੰਬਾ ਸਮਾਂ ਅਰਦਾਸਾਂ ਕਰਦੇ ਰਹੇ ਸ਼ਰਧਾਲੂਆਂ ਨੂੰ ਬੇਸ਼ੱਕ 2019 'ਚ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਕਾਰਨ ਵੱਡੀ ਰਾਹਤ ਮਿਲੀ ਸੀ ਪਰ ਇਸ ਦੇ ਬਾਅਦ ਵੱਖ-ਵੱਖ ਕਾਰਨਾਂ ਸਦਕਾ ਕਈ ਵਾਰ ਇਹ ਲਾਂਘਾ ਬੰਦ ਹੋਣ ਕਾਰਨ ਸ਼ਰਧਾਲੂਆਂ 'ਚ ਵੱਡੀ ਨਿਰਾਸ਼ਾ ਦੇਖਣ ਨੂੰ ਮਿਲ ਰਹੀ ਹੈ।

ਖਾਸ ਤੌਰ 'ਤੇ ਹੁਣ ਪਿਛਲੇ ਤਕਰੀਬਨ ਪੰਜ ਮਹੀਨਿਆਂ ਦੌਰਾਨ ਵਾਪਰੇ ਕਈ ਤਰ੍ਹਾਂ ਦੇ ਘਟਨਾਕਰਮਾਂ ਦੇ ਦੌਰਾਨ ਜਦੋਂ ਇਸ ਲਾਂਘਾ ਨੂੰ ਮੁੜ ਬੰਦ ਕੀਤਾ ਹੋਇਆ ਹੈ ਤਾਂ ਗੁਰੂ ਨਾਨਕ ਸਾਹਿਬ ਦੇ ਚਰਨ ਛੋਹ ਪ੍ਰਾਪਤ ਜਨਮ ਭੂਮੀ ਦੇ ਦਰਸ਼ਨ ਕਰਨ ਦੇ ਚਾਹਵਾਨ ਸ਼ਰਧਾਲੂਆਂ 'ਚ ਵੱਡੀ ਨਿਰਾਸ਼ਾ ਪਾਈ ਜਾ ਰਹੀ ਹੈ।

ਸਿੱਖ ਸ਼ਰਧਾਲੂ ਇਸ ਗੱਲ ਨੂੰ ਲੈ ਕੇ ਰੋਸ 'ਚ ਹਨ ਕਿ ਹਾਲ ਹੀ ਵਿਚ ਆਏ ਹੜ੍ਹਾਂ ਕਾਰਨ ਜਦੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਚ ਕਈ ਫੁੱਟ ਪਾਣੀ ਭਰ ਗਿਆ ਸੀ ਤਾਂ ਉੱਥੇ ਦੀ ਸਰਕਾਰ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਗੁਰਦੁਆਰਾ ਸਾਹਿਬ ਦੀ ਸਾਫ ਸਫਾਈ ਕਰਵਾ ਕੇ ਗੁਰਦੁਆਰਾ ਸਾਹਿਬ ਨੂੰ ਮੁੜ ਖੁੱਲ੍ਹੇ ਦਰਸ਼ਨਾਂ ਲਈ ਖੋਲ੍ਹ ਦਿੱਤਾ ਗਿਆ ਹੈ ਪਰ ਭਾਰਤ ਸਰਕਾਰ ਵੱਲੋਂ ਲਾਂਘੇ ਨੂੰ ਮਈ ਮਹੀਨੇ ਤੋਂ ਹੀ ਬੰਦ ਕਰ ਕੇ ਸ਼ਰਧਾਲੂਆਂ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਤੋਂ ਵਾਂਝੇ ਕਰ ਦਿੱਤਾ ਗਿਆ।

ਸ਼ਰਧਾਲੂ ਇਸ ਗੱਲ ਨੂੰ ਲੈ ਕੇ ਰੋਸ 'ਚ ਹਨ ਕਿ ਇਕ ਧਾਰਮਿਕ ਸਥਾਨ ਦੇ ਦਰਸ਼ਨਾਂ ਤੋਂ ਸੰਗਤਾਂ ਨੂੰ ਤਾਂ ਰੋਕ ਦਿੱਤਾ ਗਿਆ ਹੈ ਪਰ ਕ੍ਰਿਕਟ ਮੈਚ ਅਤੇ ਦੋਵਾਂ ਦੇਸ਼ਾਂ ਦਰਮਿਆਨ ਹੋ ਕਈ ਤਰ੍ਹਾਂ ਦੇ ਵਪਾਰ ਅਤੇ ਸਬੰਧ ਉਸੇ ਤਰ੍ਹਾਂ ਜਾਰੀ ਹਨ।

ਜਾਣਕਾਰੀ ਅਨੁਸਾਰ ਜਦੋਂ ਅਪ੍ਰੈਲ ਮਹੀਨੇ ਪਹਿਲਗਾਮ 'ਚ ਅੱਤਵਾਦੀ ਹਮਲਾ ਹੋਇਆ ਸੀ ਤਾਂ ਉਸਦੇ ਬਾਅਦ ਭਾਰਤ ਸਰਕਾਰ ਨੇ 7 ਮਈ ਨੂੰ ਕਰਤਾਰਪੁਰ ਸਾਹਿਬ ਲਾਂਘਾ ਬੰਦ ਕਰ ਦਿੱਤਾ ਸੀ, ਉਸ ਦਿਨ ਤੋਂ ਹੁਣ ਤੱਕ ਲਾਂਘਾ ਬੰਦ ਹੀ ਪਿਆ ਹੋਇਆ ਹੈ, ਜਿਸ ਦੇ ਦਰਮਿਆਨ ਅਗਸਤ ਮਹੀਨੇ ਰਾਵੀ ਦਰਿਆ 'ਚ ਆਏ ਭਾਰੀ ਹੜ੍ਹ ਕਾਰਨ ਜਿੱਥੇ ਭਾਰਤ ਵਾਲੇ ਪਾਸੇ ਵੱਡਾ ਨੁਕਸਾਨ ਹੋਇਆ ਹੈ, ਉਸ ਦੇ ਨਾਲ ਹੀ ਰਾਵੀ ਦੇ ਪਾਣੀ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ 'ਚ ਵੀ ਵੱਡਾ ਨੁਕਸਾਨ ਪਹੁੰਚਾਇਆ ਸੀ।

ਇਸ ਕਾਰਨ ਪਾਕਿਸਤਾਨ 'ਚ ਵੀ ਉਕਤ ਗੁਰਦੁਆਰਾ ਸਾਹਿਬ ਵਿਚ ਕਈ ਸ਼ਰਧਾਲੂ ਨਹੀਂ ਪਹੁੰਚ ਸਕੇ ਸਨ ਪਰ ਸਰਕਾਰ ਅਤੇ ਪ੍ਰਬੰਧਕਾਂ ਵੱਲੋਂ ਇਸ ਗੁਰਦੁਆਰਾ ਸਾਹਿਬ ਨੂੰ ਮੁੜ ਸਾਫ ਕਰ ਕੇ ਸੰਗਤਾਂ ਲਈ ਖੋਲ੍ਹ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਹੁਣ ਉਥੇ ਆਮ ਵਾਂਗ ਸੰਗਤ ਦਾ ਆਉਣਾ ਜਾਣਾ ਸ਼ੁਰੂ ਹੋ ਗਿਆ ਹੈ। ਦੱਸਣਯੋਗ ਹੈ ਕਿ ਹੜ੍ਹਾਂ ਦੇ ਪਾਣੀ ਨੇ ਕਰਤਾਰਪੁਰ ਸਾਹਿਬ ਲਾਂਘੇ ਉੱਪਰ ਭਾਰਤ ਵੱਲੋਂ ਬਣਾਏ ਗਏ ਟਰਮੀਨਲ ਦੇ ਅੰਦਰ ਵੀ ਕਾਫੀ ਨੁਕਸਾਨ ਪਹੁੰਚਾਇਆ ਸੀ ਅਤੇ ਟਰਮੀਨਲ 'ਚ ਵੀ ਵੱਡੇ ਪੱਧਰ 'ਤੇ ਪਾਣੀ ਭਰ ਜਾਣ ਕਾਰਨ ਕਈ ਚੀਜ਼ਾਂ ਖਰਾਬ ਹੋ ਗਈਆਂ ਸਨ।

ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਲਈ ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਅਤੇ ਧਾਰਮਿਕ ਆਗੂ ਵੀ ਨਿਰੰਤਰ ਮੰਗ ਕਰ ਰਹੇ ਹਨ ਕਿ ਕੇਂਦਰ ਸਰਕਾਰ ਨੂੰ ਤੁਰੰਤ ਲਾਂਘਾ ਖੋਲ੍ਹਣਾ ਚਾਹੀਦਾ ਹੈ। ਇਸ ਦੌਰਾਨ ਕਾਂਗਰਸ ਦੇ ਸੀਨੀਅਰ ਆਗੂ ਬਲਬੀਰ ਸਿੰਘ ਸਿੱਧੂ ਵੱਲੋਂ ਵੀ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਉਕਤ ਲਾਂਘੇ ਨੂੰ ਜਲਦੀ ਤੋਂ ਜਲਦੀ ਖੋਲ੍ਹਣ ਦੀ ਮੰਗ ਕੀਤੀ ਜਾ ਚੁੱਕੀ ਹੈ।



ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਵੀ ਪਿਛਲੇ ਦਿਨੀ ਕੇਂਦਰੀ ਮੰਤਰੀ ਵੱਲੋਂ ਡੇਰਾ ਬਾਬਾ ਨਾਨਕ ਦੇ ਦੌਰੇ ਮੌਕੇ ਉਨ੍ਹਾਂ ਨੂੰ ਇਕ ਮੰਗ ਪੱਤਰ ਸੌਂਪਿਆ ਸੀ, ਜਿਸ ਰਾਹੀਂ ਉਨ੍ਹਾਂ ਨੇ ਮੰਗ ਕੀਤੀ ਸੀ ਕਿ ਹੜ੍ਹਾਂ ਕਾਰਨ ਖਰਾਬ ਹੋਏ ਲਾਂਘੇ ਦੀ ਤੁਰੰਤ ਮੁਰੰਮਤ ਕਰਾਈ ਜਾਵੇ ਅਤੇ ਜਲਦੀ ਤੋਂ ਜਲਦੀ ਇਸ ਲਾਂਘੇ ਨੂੰ ਖੋਲ੍ਹਿਆ ਜਾਵੇ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਇਸ ਮਾਮਲੇ 'ਚ ਰੋਸ ਜ਼ਾਹਿਰ ਕਰ ਚੁੱਕੇ ਹਨ ਕਿ ਜੇਕਰ ਭਾਰਤ ਅਤੇ ਪਾਕਿਸਤਾਨ ਦਰਮਿਆਨ ਕ੍ਰਿਕਟ ਦੇ ਮੈਚ ਹੋ ਸਕਦੇ ਹਨ ਤਾਂ ਸਿੱਖ ਸ਼ਰਧਾਲੂਆਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਅਤੇ ਹੋਰ ਪਵਿੱਤਰ ਗੁਰੂ ਘਰਾਂ ਦੇ ਦਰਸ਼ਨ ਕਰਨ ਤੋਂ ਕਿਉਂ ਰੋਕਿਆ ਜਾ ਰਿਹਾ ਹੈ। ਉਕਤ ਆਗੂਆਂ ਤੋਂ ਇਲਾਵਾ ਹੋਰ ਆਮ ਸਿੱਖ ਸ਼ਰਧਾਲੂ ਵੀ ਲਗਾਤਾਰ ਇਹ ਮੰਗ ਕਰ ਰਹੇ ਹਨ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਲਾਂਘੇ ਨੂੰ ਜਲਦੀ ਤੋਂ ਜਲਦੀ ਖੋਲ੍ਹਿਆ ਜਾਵੇ।

# BASRA

## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




Basra Heating & Air Conditioning has trained technicians and the right equipment to solve the problem fast and at a reasonable price.

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖ਼ਾਲਸਾ

# ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਆਉਣਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜਦ ਸਾਰੇ ਪਾਸਿਆਂ ਤੋਂ ਨਿਰਾਸਤਾ ਹੀ ਹੋਈ ਤਦ ਆਪ ਜੀ ਦਾ ਮਨ ਅਤੀ ਵੈਰਾਗ ਵਿੱਚ ਹੋ ਗਿਆ। ਦੋ-ਤਿੰਨ ਦਿਨ ਇਸੇ ਹਾਲਤ ਵਿੱਚ ਲੰਘ ਗਏ। ਆਖ਼ਰ ਇੱਕ ਦਿਨ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਗਏ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਸਨ। ਅਤਿ ਵੈਰਾਗ ਵਿੱਚ ਅਰਦਾਸ ਕੀਤੀ ਜੈਸੀ ਕਿ ਚੌਥੇ ਗੁਰਦੇਵ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਦੇਵਗੰਧਾਰੀ ਰਾਗ ਵਿੱਚ ਫ਼ੁਰਮਾਨ ਕੀਤੀ ਹੈ :

ਅਬ ਹਮ ਚਲੀ ਠਾਕੁਰ ਪਹਿ ਹਾਰਿ॥
ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥੧॥ ਰਹਾਉ॥
ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ੧॥੧॥
ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ॥
ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ੨॥੨॥੪॥
(ਦੇਵਗੰਧਾਰੀ ਮ: ੪, ਅੰਗ ੫੨੭)

ਤਥਾ

ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ॥
(ਸੋਰਠਿ ਮ: ੫, ਅੰਗ ੬੨੫)

ਹੇ ਸਤਿਗੁਰੂ ਜੀ! ਹੁਣ ਮੈਂ ਸਾਰੇ ਆਸਰੇ ਛੱਡ ਕੇ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ। ਮੇਰੇ ਤੇ ਕਿਰਪਾ ਕਰੋ, ਆਪਣੇ ਸਰੂਪ ਵਿੱਚ ਅਭੇਦਤਾ ਬਖ਼ਸ਼ਿਸ਼ ਕਰੋ ਜੀ। ਹੁਣ ਮੈਂ ਆਪ ਜੀ ਦਾ ਦਰ ਛੱਡ ਕੇ ਹੋਰ ਕਿਸੇ ਅੱਗੇ ਹੱਥ ਨਹੀਂ ਅੱਡਾਂਗਾ। ਬਾਬਾ ਜੀ ਦੱਸਦੇ ਸਨ ਕਿ ਪਤਾ ਨਹੀਂ ਕਿੰਨਾ ਕੁ ਸਮਾਂ ਇਸ ਵੈਰਾਗ ਤੇ ਪ੍ਰੇਮ ਵਿੱਚ ਮੈਂ ਸਤਿਗੁਰਾਂ ਦੇ ਚਰਨਾਂ 'ਚ ਜੋਦੜੀ੩ ਕਰਦਾ ਰਿਹਾ। ਇਸੇ ਅਰਦਾਸ ਦੇ ਦੌਰਾਨ ਇੱਕ ਅਵਾਜ਼ ਸੁਣਾਈ ਦਿੱਤੀ, ਜਿਸ ਦੇ ਬੋਲ ਸਨ, 'ਹਰਨਾਮ ਸਿੰਘ! ਅੰਮ੍ਰਿਤ ਛੱਕ, ਗੁਰੂ ਵਾਲਾ ਬਣ, ਫੇਰ ਤੈਨੂੰ ਇਹ ਅਵਸਥਾ ਪ੍ਰਾਪਤ ਹੋ ਜਾਵੇਗੀ, ਉਦਾਸ ਨਾ ਹੋ।' ਬਸ ਫਿਰ ਕੀ ਸੀ, ਗੁਰੂ-ਮਿਲਾਪ ਦੀ ਤੜਫ਼ ਵਾਲੇ ਜੀਵਨ ਨੂੰ ਸੇਧ ਮਿਲ ਗਈ। ਕੁੱਝ ਹੀ ਦਿਨਾਂ ਬਾਅਦ ਆਪ ਜੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਪੁੱਜ ਗਏ ਤੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰ ਕੇ 'ਗੁਰਸਿਖ ਮੀਤ ਚਲਹੁ ਗੁਰ ਚਾਲੀ' ਰਹਿਤ ਦੇ ਧਾਰਨੀ ਬਣ ਗਏ।

ਹੁਣ ਮਨ ਵਿੱਚ ਹਰ ਵੇਲੇ ਪ੍ਰਭੂ ਮਿਲਾਪ ਲਈ ਤਾਂਘ ਤੇ ਉਤਸ਼ਾਹ ਬਣਿਆ ਰਹਿੰਦਾ। ਆਪ ਜੀ ਤੜਕੇ ਉੱਠ, ਇਸ਼ਨਾਨ ਸੋਧ ਕੇ ਨਿੱਤਨੇਮ ਕਰਦੇ, ਉਪ੍ਰੰਤ ਸੰਸਾਰਿਕ ਜ਼ਿੰਮੇਵਾਰੀ ਜੋ ਭਰਾਵਾਂ ਵੱਲੋਂ ਲਗਾਈ ਜਾਂਦੀ, ਉਹ ਪੂਰੀ ਕਰਦੇ ਕਿਉਂਕਿ ਆਪ ਜੀ ਦੀ ਉਮਰ ਅਜੇ 10 ਕੁ ਸਾਲ ਦੇ ਕਰੀਬ ਹੀ ਸੀ ਕਿ ਆਪ ਜੀ ਦੇ ਪਿਤਾ ਜੀ ਪ੍ਰਭੂ ਨੂੰ ਪਿਆਰੇ ਹੋ ਗਏ ਸਨ। ਕੰਮ-ਕਾਰ ਕਰਦੇ ਭੀ ਮੂਲ-ਮੰਤ੍ਰ ਦਾ ਜਾਪ ਨਾ ਵਿਸਾਰਦੇ। ਜੇ ਕਿਤੇ ਮੂਲ-ਮੰਤ੍ਰ ਦੇ ਜਾਪ ਵੱਲੋਂ ਢਿੱਲ ਪੈ ਜਾਂਦੀ ਤਾਂ ਗੁਰਮੰਤ੍ਰ ਦਾ ਪੱਲਾ ਫੜ ਲੈਂਦੇ। ਬਸ 'ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ', ਅਨੁਸਾਰ ਇਕੱਲੇ-ਇਕੱਲੇ ਸਵਾਸ ਨੂੰ ਨਾਮ-ਸਿਮਰਨ, ਬਾਣੀ ਦੁਆਰਾ ਸਫ਼ਲ ਕਰਨ ਦਾ ਯਤਨ ਕਰਦੇ। ਹਰ ਸਮੇਂ ਆਪਣੇ ਮਾਲਕ ਨੂੰ ਮਿਲਣ ਦੀ ਤਾਂਘ ਵਿੱਚ ਬਿਰਹੋਂ ਕੁੱਠੀ ਵਿਯੋਗਣ ਵਾਂਗ ਸਮਾਂ ਬਤੀਤ ਕਰਦੇ। ਪ੍ਰਭੂ ਵਿਛੋੜੇ ਦੀ ਪੀੜਾ ਨੂੰ ਹਿਰਦੇ ਵਿੱਚ ਨੱਪ ਕੇ ਹਰ ਸਮੇਂ ਅਰਦਾਸ ਕਰਿਆ ਕਰਦੇ ਕਿ, ਹੇ ਮਾਲਕ!

ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ
ਜਿਚਰੁ ਘਟ ਅੰਤਰਿ ਹੈ ਸਾਸਾ॥
ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ
ਜਾਣਉ ਬਰਸ ਪਚਾਸਾ॥
(ਸੋਰਠਿ ਮ: ੩, ਅੰਗ ੬੦੧)

ਹੁਣ ਤਾਂ ਗੁਰਦੇਵ ਜੀ, ਆਪ ਦੇ ਵਿਛੋੜੇ ਦੀ ਪੀੜਾ ਜੰਬੂਰਾਂ ਦੇ ਤਸੀਹੇ ਝੱਲਣ ਤੋਂ ਵੀ ਔਖੀ ਹੈ। ਮਿਹਰਾਂ ਦੇ ਸਾਈਂ! ਜੇ ਮੈਨੂੰ ਆਪ ਜੀ ਦਾ ਮਿਲਾਪ ਹੋ ਜਾਵੇ ਤਾਂ ਸੱਚ-ਮੁੱਚ ਇਹ ਸਾਰੇ ਦੁੱਖ,




ਸੁੱਖਾਂ ਵਿੱਚ ਪਰਤ ਆਉਣਗੇ। ਸੋ ਦਾਤਾ ਜੀ! ਕਿਰਪਾ ਕਰੋ। ਆਪ ਜੀ ਇਸ ਭਾਵ ਤੇ ਆਸ ਵਿੱਚ ਸਮਾਂ ਬਤੀਤ ਕਰਦੇ।

ਵਿਛੋਹੇ੧ ਜੰਬੂਰ੨ ਖਵੇ ਨ ਵੰਞਨਿ੩ ਗਾਖੜੇ੪॥
ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ॥੧॥
(ਮ: ੫, ਅੰਗ ੫੨੦)

**ਬਾਬਾ ਜੀ ਦਾ ਆਪਣੇ ਮਨ ਉੱਪਰ ਵਸੀਕਾਰ**

ਬਾਬਾ ਜੀ ਦੱਸਦੇ ਹੁੰਦੇ ਸਨ ਕਿ ਜਦੋਂ ਆਪ ਉਦਾਸੀ ਸਾਧੂ ਦੀ ਸੇਵਾ ਕਰਦੇ ਸਨ ਤਦ ਉਹਨਾਂ ਨੇ ਸੁਤੇ-ਸਿੱਧ ਬਚਨ ਕੀਤਾ ਕਿ ਜਦੋਂ ਮਨੁੱਖ ਜਵਾਨੀ ਵਿੱਚ ਪੈਰ ਧਰੇ ਤਾਂ ਉਸਨੂੰ ਆਪਣੀ ਨਿਗ੍ਹਾ ਨੀਵੀਂ ਕਰ ਲੈਣੀ ਚਾਹੀਦੀ ਹੈ। ਜੋ ਆਪਣੀ ਦ੍ਰਿਸ਼ਟੀ ਨੂੰ ਨੀਵਾਂ ਨਹੀਂ ਕਰਦਾ, ਕਿਸੇ ਨਾ ਕਿਸੇ ਸਮੇਂ ਧੋਖਾ ਖਾ ਜਾਂਦਾ ਹੈ। ਸੰਤਾਂ ਦੇ ਇਹ ਬਚਨ ਮਨ ਵਿੱਚ ਘਰ ਕਰ ਗਏ। ਜਦੋਂ ਆਪ ਵਾਪਿਸ ਘਰ ਜਾ ਰਹੇ ਸਨ ਤਦ ਸਾਹਮਣੇ ਗਲੀ ਦੇ ਮੋੜ ਤੋਂ ਇੱਕ ਬੀਬੀ ਆ ਰਹੀ ਸੀ, ਉਸਨੇ ਆਪ ਜੀ ਵੱਲ ਤੱਕ ਕੇ ਘੁੰਢ ਕੱਢ ਲਿਆ। ਆਪ ਨੇ ਮਨ ਵਿੱਚ ਸੋਚਿਆ ਕਿ ਮੈਂ ਹੁਣ ਵੱਡਾ ਹੋ ਗਿਆ ਹਾਂ ਕਿਉਂਕਿ ਇਸਨੇ ਮੈਨੂੰ ਵੱਡਾ ਜਾਣ ਕੇ ਹੀ ਪੜਦਾ ਕੀਤਾ ਹੈ। ਸੋ ਸੱਚਮੁਚ ਹੀ ਮੈਨੂੰ ਆਪਣੀ ਨਿਗਾਹ ਨੀਵੀਂ ਰੱਖਣੀ ਚਾਹੀਦੀ ਹੈ।

ਅਗਲੇ ਦਿਨ ਜਦੋਂ ਮੈਂ ਖੇਤਾਂ ਵੱਲ ਕਿਸੇ ਕੰਮ ਨੂੰ ਗਿਆ ਤਾਂ ਸਾਡੇ ਪਿੰਡ ਦੇ ਇੱਕ ਬਜ਼ੁਰਗ ਜੋ ਬੜੇ ਭਲੇ ਪੁਰਸ਼ ਸਨ, ਉਹਨਾਂ ਨੇ ਮੈਨੂੰ ਅਵਾਜ਼ ਮਾਰੀ। ਕੋਲ ਸੱਦ ਕੇ ਕਹਿਣ ਲੱਗੇ, 'ਹਰਨਾਮ ਸਿੰਘ! ਮੈਂ ਤੈਨੂੰ ਇੱਕ ਸਿੱਖਿਆ ਦੀ ਗੱਲ ਕਹਿਣੀ ਹੈ, ਗੁੱਸਾ ਨਾ ਕਰੀਂ।' ਮੈਂ ਬੜੀ ਨਿਮ੍ਰਤਾ ਨਾਲ ਕਿਹਾ, 'ਬਾਪੂ ਜੀ! ਜੀ ਸਦਕੇ ਕਹੋ, ਤੁਸੀਂ ਮੇਰੇ ਭਲੇ ਦੀ ਗੱਲ ਹੀ ਕਹੋਗੇ।' ਬਜ਼ੁਰਗਾਂ ਨੇ ਕਿਹਾ ਕਿ 'ਜੁਆਨੀ ਇੱਕ ਹੜ੍ਹ ਦੀ ਤਰ੍ਹਾਂ ਹੁੰਦੀ ਹੈ। ਜਿਸ ਤਰ੍ਹਾਂ ਹੜ੍ਹ ਦੇ ਪਾਣੀ ਵਿੱਚ ਜੇ ਇੱਕ ਵਾਰ ਮਨੁੱਖ ਦੇ ਪੈਰ ਚੱਕ ਹੋ ਜਾਣ, ਮੁੜ ਕਿਤੇ ਭਾਗਾਂ ਨਾਲ ਹੀ ਬਚਾਉ ਹੁੰਦਾ ਹੈ। ਤੁਸੀਂ ਜਵਾਨੀ ਦੀ ਅਵਸਥਾ ਵਿੱਚ ਬਹੁਤ ਧਾਰਮਿਕ ਰੁਚੀਆਂ ਵਾਲੇ ਹੋ, ਚੰਗੀ ਤਰ੍ਹਾਂ ਖਿਆਲ ਰੱਖਣਾ, ਕਿਸੇ ਵੱਲ ਉੱਚੀ ਅਤੇ ਮੰਦ ਨਿਗਾਹ ਨਾਲ ਨਹੀਂ ਵੇਖਣਾ। ਬੱਸ ਇਹ ਹੀ ਵਿਕਾਰਾਂ ਤੋਂ ਬਚਣ ਦਾ ਸਾਧਨ ਹੈ।' ਬਜ਼ੁਰਗਾਂ ਦੀ ਇਸ ਗੱਲ ਨੇ ਸੋਨੇ ਉੱਪਰ ਸੁਹਾਗੇ ਦਾ ਕੰਮ ਕੀਤਾ। ਮਨ ਵਿੱਚ ਐਸੀ ਦ੍ਰਿੜ੍ਹਤਾ ਬਣੀ ਕਿ ਆਪ ਜੀ ਤਕਰੀਬਨ 34 ਸਾਲ ਘਰ ਵਿੱਚ ਵੀ ਰਹੇ ਤੇ ਨਗਰ ਵਿੱਚ ਵੀ, ਕਿਸੇ ਬੀਬੀ ਵੱਲ ਉੱਚੀ ਅਤੇ ਮੰਦ ਨਿਗਾਹ ਨਾਲ ਨਹੀਂ ਵੇਖਿਆ। ਆਪ ਜੀ ਹਮੇਸ਼ਾਂ ਘਰ ਅਤੇ ਬਾਹਰ ਨੀਵੀਂ ਦ੍ਰਿਸ਼ਟੀ ਨਾਲ ਹੀ ਵਿਚਰਦੇ, ਜਿਸ ਸਦਕਾ ਆਪ ਜੀ ਦੀ ਬਿਰਤੀ ਵਿੱਚ ਕਦੇ ਵੀ ਮੰਦ ਵਾਸ਼ਨਾ ਉਤਪੰਨ ਹੀ ਨਹੀਂ ਹੋਈ। ਸਿਵਾਏ ਆਪਣੇ ਮਾਤਾ ਜੀ ਦੇ, ਹੋਰ ਕਿਸੇ ਬੀਬੀ ਨਾਲ ਕੋਈ ਵਿਸ਼ੇਸ਼ ਗੱਲਬਾਤ ਨਾ ਕਰਦੇ। ਆਪ ਜੀ ਨੇ ਬਾਬਾ ਨਾਮਦੇਵ ਜੀ ਦੇ ਕਹੇ ਵਾਕ ਸਫਲ ਕੀਤੇ ਕਿ :

ਪਰ ਧਨ ਪਰ ਦਾਰਾ ਪਰਹਰੀ॥
ਤਾ ਕੈ ਨਿਕਟਿ ਬਸੈ ਨਰਹਰੀ॥੧॥
(ਭੈਰਉ ਨਾਮਦੇਵ ਜੀ, ਅੰਗ ੧੧੬੩)

ਤਥਾ

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥
ਸਾਧ ਕੀ ਟਹਲ ਸੰਤਸੰਗਿ ਹੇਤ॥
(ਸੁਖਮਨੀ ਸਾਹਿਬ, ਅੰਗ ੨੭੪)

ਮਹਾਂਵਾਕਾਂ ਨੂੰ ਜੀਵਨ ਦਾ ਆਧਾਰ ਬਣਾਇਆ। ਜਿਸ ਕਰਕੇ ਆਪ ਜੀ ਨੂੰ ਆਤਮਿਕ ਪ੍ਰਾਪਤੀਆਂ ਕਰਨ ਵਿੱਚ ਕੋਈ ਕਠਨਾਈ ਨਹੀਂ ਹੋਈ। ਕਿਉਂਕਿ ਆਪ ਜੀ ਦਾ ਵਿਸ਼ਵਾਸ ਸੀ ਕਿ ਮਨ ਨੂੰ ਬਾਹਰਮੁਖੀ ਕਰਨ ਵਿੱਚ ਅੱਖਾਂ ਦਾ ਬਹੁਤ ਵੱਡਾ ਹਿੱਸਾ ਹੈ। ਮਨੁੱਖ ਅੱਖਾਂ ਨਾਲ ਜੋ ਕੁੱਝ ਦਿਨੇ ਵੇਖਦਾ ਹੈ, ਉਸ ਵੇਖੇ ਹੋਏ ਦਾ ਪ੍ਰਭਾਵ ਮਨ ਉਤੇ ਪੈਂਦਾ ਹੈ। ਮਨ ਉਸ ਪ੍ਰਭਾਵ ਨੂੰ ਕਬੂਲ ਕੇ ਮੁੜ ਦਿਨੇ ਵੇਖੇ ਹੋਏ ਪਦਾਰਥਾਂ ਵੱਲ ਦੌੜਦਾ ਹੈ।

ਜਿੰਨਾਂ ਵੀ ਆਪਾਂ ਬਾਹਰਮੁਖੀ ਦ੍ਰਿਸ਼ਟੀ ਨੂੰ ਸੰਕੋਚ ਲਵਾਂਗੇ, ਮਨ ਦੇ ਟਿਕਾਉਣ ਵਿੱਚ ਓਨੀ ਹੀ ਸੌਖ ਹੋਵੇਗੀ। ਜਿੰਨੀਆਂ ਵੀ ਆਤਮਿਕ ਪ੍ਰਾਪਤੀਆਂ ਹਨ, ਉਹ ਸਭ ਮਨ ਦੇ ਥਿਰ ਹੋਣ ਉਪ੍ਰੰਤ ਹੀ ਹੋਣੀਆਂ ਹਨ। ਮਨ ਨੂੰ ਥਿਰ ਕਰਨ ਲਈ ਦ੍ਰਿਸ਼ਟੀ ਨੂੰ ਅਤਿ ਸੰਕੋਚ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ।

(ਚਲਦਾ)

# ਅਲਾਸਕਾ ਵਿੱਚ 'ਯੁੱਧ ਅਭਿਆਸ' ਲਈ ਭਾਰਤੀ ਫੌਜ ਪਹੁੰਚੀ, ਅਮਰੀਕਾ ਨਾਲ ਮਿਲ ਕੇ ਕਰੇਗੀ ਜੰਗੀ ਮਸ਼ਕਾਂ



ਅਲਾਸਕਾ : ਭਾਰਤੀ ਫੌਜ ਦੀ ਇੱਕ ਟੁਕੜੀ ਸਾਂਝੇ ਫੌਜੀ ਅਭਿਆਸ 'ਯੁੱਧ ਅਭਿਆਸ 2025' ਦੇ 21ਵੇਂ ਸੰਸਕਰਣ ਵਿੱਚ ਹਿੱਸਾ ਲੈਣ ਲਈ ਅਮਰੀਕਾ ਦੇ ਅਲਾਸਕਾ ਸਥਿਤ ਫੋਰਟ ਵੇਨਰਾਈਟ ਪਹੁੰਚ ਗਈ ਹੈ। ਇਹ ਸਾਲਾਨਾ ਫੌਜੀ ਅਭਿਆਸ 1 ਸਤੰਬਰ ਤੋਂ 14 ਸਤੰਬਰ, 2025 ਤੱਕ ਚੱਲੇਗਾ।

ਇਸ ਅਭਿਆਸ ਦਾ ਮੁੱਖ ਉਦੇਸ਼ ਭਾਰਤ ਅਤੇ ਅਮਰੀਕਾ ਦੀਆਂ ਫੌਜਾਂ ਵਿਚਾਲੇ ਤਾਲਮੇਲ ਅਤੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਾ ਹੈ। ਅਲਾਸਕਾ ਦੇ ਠੰਢੇ ਅਤੇ ਚੁਣੌਤੀਪੂਰਨ ਮਾਹੌਲ ਵਿੱਚ ਦੋਵਾਂ ਦੇਸ਼ਾਂ ਦੇ ਸੈਨਿਕ ਆਪਣੀ ਫੌਜੀ ਸਮਰੱਥਾ ਨੂੰ ਪਰਖਣਗੇ ਅਤੇ ਇੱਕ ਦੂਜੇ ਦੇ ਤਜ਼ਰਬੇ ਤੋਂ ਸਿੱਖਣਗੇ।

# ਸੁਖਬੀਰ ਬਾਦਲ ਵੱਲੋਂ 50 ਹਜ਼ਾਰ ਪਰਿਵਾਰਾਂ ਲਈ ਕਣਕ ਦੇਣ ਦਾ ਐਲਾਨ

## ਚਮਕੌਰ ਸਾਹਿਬ ਤੋਂ 100 ਟਰੱਕ ਰਵਾਨਾ



ਚਮਕੌਰ ਸਾਹਿਬ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਇਕ ਵੱਡਾ ਕਦਮ ਚੁੱਕਦੇ ਹੋਏ ਅੱਜ ਚਮਕੌਰ ਸਾਹਿਬ ਦੀ ਅਨਾਜ ਮੰਡੀ ਤੋਂ ਪਸ਼ੂਆਂ ਲਈ ਚਾਰੇ ਦੇ 100 ਟਰੱਕ ਵੱਖ-ਵੱਖ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਲਈ ਰਵਾਨਾ ਕੀਤੇ ਗਏ। ਇਨ੍ਹਾਂ ਜ਼ਿਲ੍ਹਿਆਂ ਵਿੱਚ ਜਲੰਧਰ, ਗੁਰਦਾਸਪੁਰ, ਰੂਪਨਗਰ, ਐਸ.ਬੀ.ਐਸ. ਨਗਰ ਅਤੇ ਹੋਰ ਕਈ ਹੜ੍ਹਾਂ ਤੋਂ ਪ੍ਰਭਾਵਿਤ ਇਲਾਕੇ ਸ਼ਾਮਲ ਹਨ। ਸੁਖਬੀਰ ਸਿੰਘ ਬਾਦਲ ਨੇ ਟਰੱਕ ਰਵਾਨਾ ਕਰਨ ਤੋਂ ਪਹਿਲਾਂ ਇੱਥੇ ਅਰਦਾਸ ਕੀਤੀ ਅਤੇ ਮੀਡੀਆ ਨਾਲ ਗੱਲ ਕਰਦੇ ਹੋਏ ਕਿਹਾ ਕਿ ਹੜ੍ਹ ਪੀੜਤ ਲੋਕਾਂ ਤੇ ਉਨ੍ਹਾਂ ਦੇ ਪਸ਼ੂਆਂ ਦੀ ਮਦਦ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਵਾਅਦਾ ਕੀਤਾ ਕਿ 50 ਹਜ਼ਾਰ ਹੜ੍ਹ ਪੀੜਤ ਪਰਿਵਾਰਾਂ ਨੂੰ ਅਕਾਲੀ ਦਲ ਵੱਲੋਂ ਕਣਕ ਮੁਹੱਈਆ ਕਰਵਾਈ ਜਾਵੇਗੀ ਤਾਂ ਕਿ ਕਿਸੇ ਨੂੰ ਭੁੱਖੇ ਨਾ ਸੌਣਾ ਪਵੇ। ਸੁਖਬੀਰ ਬਾਦਲ ਨੇ ਦੱਸਿਆ ਕਿ ਅਕਾਲੀ ਦਲ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਭੇਜੀਆਂ ਗਈਆਂ ਟੀਮਾਂ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਮੁਤਾਬਕ ਪੰਜਾਬ ਵਿੱਚ 4 ਲੱਖ ਏਕੜ ਤੋਂ ਵੱਧ ਖੇਤਾਂ ਵਿੱਚ ਖੜ੍ਹੀ ਫਸਲ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ। ਇਹ ਸਿਰਫ਼ ਕਿਸਾਨਾਂ ਦਾ ਹੀ ਨਹੀਂ, ਸੂਬੇ ਦੀ ਆਰਥਿਕਤਾ ਲਈ ਵੀ ਇਕ ਵੱਡਾ ਨੁਕਸਾਨ ਹੈ। ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ ਵਿੱਚ ਕਿਸਾਨਾਂ ਨੂੰ ਸਿਰਫ ਹੌਸਲੇ ਦੀ ਹੀ ਨਹੀਂ ਸਗੋਂ ਸਾਥ ਅਤੇ ਮੱਦਦ ਦੀ ਵੀ ਲੋੜ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਐਲਾਨ ਕੀਤਾ ਕਿ ਅਕਾਲੀ ਦਲ ਵਲੋਂ ਕਿਸਾਨਾਂ ਨੂੰ ਜ਼ਮੀਨ ਪੱਧਰੀ ਕਰਨ ਲਈ ਟਰੈਕਟਰ ਅਤੇ ਨਵੀਂ ਫਸਲ ਬੀਜਣ ਲਈ ਬੀਜ ਵੀ ਉਪਲਬਧ ਕਰਵਾਏ ਜਾਣਗੇ। ਇਸ ਮੌਕੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ, ਯੂਥ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਬੰਟੀ ਰੋਮਾਣਾ, ਹਰਮੋਹਣ ਸਿੰਘ ਸੰਧੂ, ਬਲਦੇਵ ਸਿੰਘ ਹਾਫਿਜ਼ਾਬਾਦ, ਜਗਪਾਲ ਸਿੰਘ ਜੌਲੀ, ਬਿੱਟੂ ਕੰਗ, ਨਿਰਮਲ ਸਿੰਘ ਰੰਗਾਂ, ਪਰਮਜੀਤ ਸਿੰਘ ਅਤੇ ਕ੍ਰਿਪਾਲ ਸਿੰਘ ਆਦਿ ਹਾਜ਼ਰ ਸਨ।

# ਪੰਜਾਬ 'ਚ ਦਹਾਕਿਆਂ ਤੋਂ ਰੁਕੇ ਰੇਲਵੇ ਪ੍ਰੋਜੈਕਟ ਹੋਣਗੇ ਸ਼ੁਰੂ

## ਕੇਂਦਰ ਚੁੱਕੇਗਾ ਸਾਰਾ ਖਰਚ: ਰਵਨੀਤ ਸਿੰਘ ਬਿੱਟੂ




ਨਵੀਂ ਦਿੱਲੀ: ਕੇਂਦਰੀ ਰੇਲ ਰਾਜ ਮੰਤਰੀ ਸ੍ਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਹੈ ਕਿ ਪੰਜਾਬ ਨੂੰ ਰੇਲਵੇ ਦੇ ਵਿਕਾਸ ਪੱਖੋਂ ਲੰਮੇ ਸਮੇਂ ਤੋਂ ਅਣਗੌਲਿਆ ਕੀਤਾ ਗਿਆ ਹੈ, ਪਰ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਇਸ ਨੂੰ ਤਰਜੀਹ ਦਿੱਤੀ ਜਾਵੇਗੀ। ਬਿੱਟੂ ਨੇ ਦੱਸਿਆ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਨੂੰ ਚੰਡੀਗੜ੍ਹ ਨਾਲ ਜੋੜਨ ਵਾਲਾ ਇੱਕ ਅਹਿਮ ਰੇਲਵੇ ਪ੍ਰੋਜੈਕਟ, ਜੋ ਪਿਛਲੇ 50 ਸਾਲਾਂ ਤੋਂ ਰੁਕਿਆ ਹੋਇਆ ਸੀ, ਹੁਣ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਪ੍ਰੋਜੈਕਟ ਦਾ 100% ਖਰਚ ਰੇਲਵੇ ਬੋਰਡ (ਕੇਂਦਰ ਸਰਕਾਰ) ਵੱਲੋਂ ਕੀਤਾ ਜਾਵੇਗਾ ਅਤੇ ਇਸ ਲਈ ਪੰਜਾਬ ਸਰਕਾਰ ਤੋਂ ਕੋਈ ਪੈਸਾ ਨਹੀਂ ਲਿਆ ਜਾਵੇਗਾ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਪ੍ਰੋਜੈਕਟ ਦੀ ਨਿਗਰਾਨੀ ਕਰਨ ਅਤੇ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਦੌਰਾਨ ਉਨ੍ਹਾਂ ਕਾਂਗਰਸ ਆਗੂ ਰਾਹੁਲ ਗਾਂਧੀ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਦੀ ਲੀਡਰਸ਼ਿਪ ਅਤੇ ਭਰੋਸੇਯੋਗਤਾ 'ਤੇ ਵੀ ਸਵਾਲ ਚੁੱਕੇ।

# ਪਾਕਿ 'ਚ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ ਪਹਿਲੀ ਪਾਤਸ਼ਾਹੀ ਦਾ ਜੋਤੀ ਜੋਤਿ ਪੁਰਬ





ਅੰਮ੍ਰਿਤਸਰ : ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਤੇ ਕਰਤਾਰਪੁਰ ਪ੍ਰਾਜੈਕਟ ਮੈਨੇਜਮੈਂਟ ਯੂਨਿਟ ਵਲੋਂ ਸਾਂਝੇ ਤੌਰ 'ਤੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਅੱਜ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਜੋਤੀ ਜੋਤਿ ਪੁਰਬ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜੋਤੀ ਜੋਤਿ ਪੁਰਬ ਨੂੰ ਸਮਰਪਿਤ 20 ਸਤੰਬਰ ਨੂੰ ਅਖੰਡ ਪਾਠ ਸਾਹਿਬ ਦੀ ਹੋਈ ਅਰੰਭਤਾ ਉਪਰੰਤ ਅੱਜ ਸਵੇਰੇ ਭੋਗ ਪਾਏ ਗਏ। ਇਸ ਮੌਕੇ ਲਹਿੰਦੇ ਪੰਜਾਬ ਦੇ ਘੱਟ-ਗਿਣਤੀ ਮਾਮਲਿਆਂ ਬਾਰੇ ਸੂਬਾਈ ਮੰਤਰੀ ਰਮੇਸ਼ ਸਿੰਘ ਅਰੋੜਾ, ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦੇ ਮੁੱਖ ਸੇਵਾਦਾਰ ਜਸਕਰਨ ਸਿੰਘ ਸਿੱਧੂ, ਭਗਤ ਸਿੰਘ ਬਲੋਚਿਸਤਾਨ, ਵਿਕਾਸ ਸਿੰਘ ਖ਼ਾਲਸਾ, ਗਿਆਨੀ ਪ੍ਰੇਮ ਸਿੰਘ ਆਦਿ ਹਾਜ਼ਰ ਸਨ। ਇਸ ਤੋਂ ਪਹਿਲਾਂ ਲੰਘੇ ਦਿਨ ਨਗਰ ਕੀਰਤਨ ਸਜਾਇਆ ਗਿਆ, ਜੋਕਿ ਭਾਰਤ-ਪਾਕਿ ਸਰਹੱਦ ਦੇ ਜ਼ੀਰੋ ਪੁਆਇੰਟ ਵਿਖੇ ਸੰਪੰਨ ਹੋਇਆ। ਜਿੱਥੇ ਹੈੱਡ ਗ੍ਰੰਥੀ ਭਾਈ ਗੋਬਿੰਦ ਸਿੰਘ ਵਲੋਂ ਸਰਬਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਜ਼ੀਰੋ ਪੁਆਇੰਟ 'ਤੇ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਨਦੀਪ ਸਿੰਘ ਤੇ ਬੀਬੀ ਅਮਨਦੀਪ ਕੌਰ ਦੇ ਜਥੇ ਕੀਰਤਨ ਕੀਤਾ। ਅੱਜ ਜੋਤੀ ਜੋਤਿ ਪੁਰਬ ਮੌਕੇ ਰੱਖੇ ਸਮਾਗਮ ਦੌਰਾਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਾਜ਼ਰ ਇਕੱਠ ਨੂੰ ਸੰਬੋਧਨ ਕੀਤਾ।

# ਜਲੰਧਰ 'ਚ 5 ਟਰੈਵਲ ਏਜੰਸੀਆਂ ਦੇ ਲਾਇਸੈਂਸ ਕੀਤੇ ਗਏ ਰੱਦ

## ਵਧੀਕ ਡਿਪਟੀ ਕਮਿਸ਼ਨਰ ਅਮਨਿੰਦਰ ਕੌਰ ਵੱਲੋਂ ਕੀਤੀ ਗਈ ਕਾਰਵਾਈ



ਜਲੰਧਰ : ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਕਮ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6 (1) ਦੇ ਤਹਿਤ ਜਲੰਧਰ 'ਚ 5 ਟਰੈਵਲ ਏਜੰਸੀਆਂ ਦੇ ਲਾਇਸੈਂਸ ਰੱਦ ਕਰ ਦਿੱਤੇ ਗਏ ਹਨ।

ਵਧੀਕ ਜ਼ਿਲ੍ਹਾ ਮੈਜਿਸਟਰੇਟ-ਕਮ-ਵਾਧੂ ਡਿਪਟੀ ਕਮਿਸ਼ਨਰ ਜਨਰਲ ਅਮਨਿੰਦਰ ਕੌਰ ਵੱਲੋਂ ਇਹ ਹੁਕਮ ਜਾਰੀ ਕੀਤੇ ਗਏ। ਹੁਕਮਾਂ ਅਨੁਸਾਰ ਕਰਤਾਰਪੁਰ ਦੀ ਮੈਸਰਜ ਬੈਂਸ ਟਰੈਵਲਜ਼, ਐਮ. ਐਸ. ਇੰਟਰਪ੍ਰਾਈਜਿਜ਼, ਮੈਸਰਜ਼ ਗ੍ਰੇਸ ਇੰਟਰਨੈਸ਼ਨਲ, ਮੈਸਰਜ਼ ਮੇਵੇਨਟਾਰ, ਮੈਸਰਜ਼ ਕੇ. ਐਨ.ਸਹਿਗਲ ਐਂਡ ਕੰਪਨੀ ਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਹੈ।

ਜਾਣਕਾਰੀ ਅਨੁਸਾਰ ਮੈਸਰਜ਼ ਬੈਂਸ ਟਰੈਵਲਜ਼ ਨੂੰ ਆਰੀਆ ਨਗਰ ਦੀ ਕੁਲਵਿੰਦਰ ਬੈਂਸ ਪਤਨੀ ਸੁਖਵਿੰਦਰ ਬੈਂਸ ਚਲਾ ਰਹੀ ਸੀ। ਜਲੰਧਰ 'ਚ 5 ਟਰੈਵਲਸੋਢਲ ਰੋਡ ਸਥਿਤ ਸਿਲਵਰ ਪਲਾਜ਼ਾ 'ਚ ਬ੍ਰਿਜ ਨਗਰ ਨਿਵਾਸੀ ਹਰਪ੍ਰੀਤ ਸਿੰਘ ਫਲੋਰਾ ਫਰਮ ਇੰਟਰਪ੍ਰਾਈਜਿਜ਼ ਕੰਪਨੀ ਚਲਾ ਰਹੇ ਸਨ। ਮਖਦੂਮਪੁਰਾ ਦੀ ਫੌਜੀ ਸਟਰੀਟ ਦੇ ਸਾਹਿਲ ਜੁਨੇਜਾ ਪੁੱਤਰ ਹਰੀਸ਼ ਚੰਦਰ ਜੁਨੇਜਾ ਦੀ ਮਿੱਠਾਪੁਰ ਰੋਡ 'ਤੇ ਸਥਿਤ ਫਰਮ ਮੈਸਰਜ਼ ਗ੍ਰੇ?ਸ ਇੰਟਰਨੈਸ਼ਨਲ ਵੀ ਉਨ੍ਹਾਂ ਕੰਪਨੀਆਂ 'ਚ ਸ਼ਾਮਲ ਹਨ। ਜਿਨ੍ਹਾਂ ਦਾ ਲਾਇਸੈਂਸ ਰੱਦ ਹੋ ਗਿਆ। ਇਸ ਪ੍ਰਕਾਰ ਸਰਸਵਤੀ ਵਿਹਾਰ ਦੇ ਸੁਨੀਲ ਮਿੱਤਰ ਕੋਹਲੀ ਦੀ ਫਰਮ ਮੈਸਰਜ਼ ਮੇਵੇਨਟਾਰ ਅਤੇ ਪਾਮ ਰੋਜ਼ ਵਰਲਡ ਟਰੇਡ ਸੈਂਟਰ 'ਚ ਕੈਲਾਸ਼ ਨਾਥ ਸਹਿਗਲ ਦੀ ਫਰਮ ਮੈਸਰਜ਼ ਕੇ.ਐਨ. ਸਹਿਗਲ ਐਂਡ ਕੰਪਨੀ ਦਾ ਵੀ ਲਾਇਸੈਂਸ ਰੱਦ ਕੀਤਾ ਗਿਆ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵਲੋਂ ਜਾਰੀ ਹੁਕਮ ਵਿੱਚ ਦੱਸਿਆ ਗਿਆ ਹੈ ਕਿ ਐਕਟ/ਰੂਲਜ਼ ਮੁਤਾਬਿਕ ਉਕਤ ਵਿਅਕਤੀ ਜਾਂ ਇਸ ਦੀ ਫਰਮ ਦੇ ਖਿਲਾਫ਼ ਕੋਈ ਸ਼ਿਕਾਇਤ ਆਦਿ ਲਈ ਉਕਤ ਲਾਇਸੰਸੀ ਹਰ ਪਖੋਂ ਜਿੰਮੇਵਾਰ ਹੋਣ ਦੇ ਨਾਲ-ਨਾਲ ਇਸ ਦੀ ਭਰਪਾਈ ਕਰਨ ਲਈ ਵੀ ਜਿੰਮੇਵਾਰ ਹੋਵੇਗਾ।

# ਹੜ੍ਹ ਪੀੜ੍ਹਤਾਂ ਦੀ ਮਦਦ ਲਈ ਭੇਜੀ ਰਕਮ ਦੇ ਵੇਰਵੇ ਆਨਲਾਈਨ ਮਿਲਣਗੇ

## ਸ਼੍ਰੋਮਣੀ ਕਮੇਟੀ ਵੱਲੋਂ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਪੋਰਟਲ ਜਾਰੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਕੀਤੇ ਜਾ ਰਹੇ ਰਾਹਤ ਕਾਰਜਾਂ ਅਤੇ ਸੰਗਤਾਂ ਵੱਲੋਂ ਭੇਜੀ ਜਾ ਰਹੀ ਵਿੱਤੀ ਸਹਾਇਤਾ ਦੇ ਮਾਮਲੇ ਨੂੰ ਵਧੇਰੇ ਪਾਰਦਰਸ਼ੀ ਬਣਾਉਣ ਵਾਸਤੇ ਇਸ ਸਬੰਧੀ ਵੇਰਵਿਆਂ ਨੂੰ ਅਧਿਕਾਰਤ ਵੈੱਬਸਾਈਟ 'ਤੇ ਜਾਰੀ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਵੈੱਬ ਪੋਰਟਲ ਜਾਰੀ ਕੀਤਾ। ਇਨ੍ਹਾਂ ਰਾਹਤ ਕਾਰਜਾਂ ਵਾਸਤੇ ਸ਼੍ਰੋਮਣੀ ਕਮੇਟੀ ਕਰਮਚਾਰੀਆਂ, ਮੈਂਬਰਾਂ ਤੇ ਸੰਗਤ ਵਲੋਂ ਲਗਪਗ 6 ਕਰੋੜ ਰੁਪਏ ਤੋਂ ਵੱਧ ਦੀ ਰਕਮ ਭੇਜੀ ਗਈ ਹੈ ਜਦੋਂ ਕਿ ਸਿੱਖ ਸੰਸਥਾ ਵਲੋਂ ਇਸ ਵਿਚੋਂ ਲਗਪਗ ਇਕ ਕਰੋੜ ਰੁਪਏ ਦੀ ਰਕਮ ਖਰਚ ਕੀਤੀ ਗਈ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹੜ੍ਹਾਂ ਦੌਰਾਨ ਹੋਏ ਨੁਕਸਾਨ ਦੇ ਮੱਦੇਨਜ਼ਰ ਲੋੜਵੰਦਾਂ ਤੱਕ ਲਗਾਤਾਰ ਪਹੁੰਚ ਕੀਤੀ ਜਾ ਰਹੀ ਹੈ ਅਤੇ ਸੰਗਤਾਂ ਦੀ ਮੰਗ ਤੇ ਲੋੜਾਂ ਨੂੰ ਮੁੱਖ ਰੱਖਦਿਆਂ ਸਿੱਖ ਸੰਸਥਾ ਵੱਲੋਂ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਿੱਥੇ ਸ਼੍ਰੋਮਣੀ ਕਮੇਟੀ ਨੇ ਰਾਹਤ ਕਾਰਜਾਂ ਲਈ 20 ਕਰੋੜ ਰੁਪਏ ਰਾਖਵੇਂ ਰੱਖੇ ਹਨ, ਉਥੇ ਸੰਗਤਾਂ ਵੱਲੋਂ ਵੀ ਵੱਡਾ ਸਹਿਯੋਗ ਕੀਤਾ ਜਾ ਰਿਹਾ ਹੈ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹਾਂ ਨਾਲ ਨੁਕਸਾਨੇ ਬੰਨ੍ਹਾਂ ਦੀ ਮਜ਼ਬੂਤੀ ਲਈ ਕਾਰਜ ਕਰ ਰਹੀਆਂ ਸੰਗਤਾਂ ਨੂੰ ਹੁਣ ਤੱਕ 22 ਹਜ਼ਾਰ ਲਿਟਰ ਡੀਜ਼ਲ ਦਿੱਤਾ ਜਾ ਚੁੱਕਾ ਹੈ। ਇਸੇ ਤਰ੍ਹਾਂ ਕਿਸਾਨਾਂ ਨੂੰ ਕਣਕ ਦੀ ਬਿਜਾਈ ਸਮੇਂ ਡੀਜ਼ਲ ਅਤੇ ਮਿਆਰੀ ਬੀਜ ਦੇਣ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਭਾਵਿਤ ਖੇਤਰਾਂ ਅੰਦਰ ਗੁਰਦੁਆਰਾ ਸਾਹਿਬਾਨ ਦੇ ਹੋਏ ਨੁਕਸਾਨ ਦੇ ਵੇਰਵੇ ਵੀ ਇਕੱਤਰ ਕੀਤੇ ਜਾ ਰਹੇ ਹਨ, ਤਾਂ ਜੋ ਲੋੜ ਅਨੁਸਾਰ ਸਹਾਇਤਾ ਰਾਸ਼ੀ ਦਿੱਤੀ ਜਾ ਸਕੇ। ਸਰਦੀ ਦੇ ਆ ਰਹੇ ਮੌਸਮ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪੀੜਤਾਂ ਨੂੰ ਕੰਬਲ ਤੇ ਗੱਦੇ ਮੁਹੱਈਆ ਕਰਵਾਉਣ ਦੇ ਵੀ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪੂਰੀ ਪਾਰਦਰਸ਼ਤਾ ਦੇ ਨਾਲ ਕਾਰਜ ਕਰ ਰਹੀ ਹੈ ਅਤੇ ਇਸ ਦੇ ਸਾਰੇ ਵੇਰਵੇ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ https://floodrelief.sgpc.net 'ਤੇ ਦੇਖੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਵੱਲੋਂ ਬਿਨਾਂ ਕਾਰਨ ਸ਼੍ਰੋਮਣੀ ਕਮੇਟੀ 'ਤੇ ਇਲਜ਼ਾਮ ਲਗਾਉਣੇ ਠੀਕ ਨਹੀਂ ਹਨ, ਸਗੋਂ ਇਸ ਮੁਸੀਬਤ ਸਮੇਂ ਸਾਰਿਆਂ ਨੂੰ ਰਲ ਕੇ ਲੋੜਵੰਦਾਂ ਦੀ ਮੱਦਦ ਲਈ ਅੱਗੇ ਆਉਣਾ ਚਾਹੀਦਾ ਹੈ।

# ਮਹਾਰਾਜਾ ਹਰੀ ਸਿੰਘ ਦੀ 130ਵੀਂ ਜਯੰਤੀ 'ਤੇ ਜੰਮੂ 'ਚ ਜਸ਼ਨ ਦਾ ਮਾਹੌਲ, ਸ਼ਰਧਾਂਜਲੀ ਦੇਣ ਲਈ ਉਮੜਿਆ ਲੋਕਾਂ ਦਾ ਹੜ੍ਹ








ਜੰਮੂ, (ਸਾਡੇ ਲੋਕ) : ਜੰਮੂ ਅਤੇ ਕਸ਼ਮੀਰ ਦੇ ਆਖਰੀ ਡੋਗਰਾ ਸ਼ਾਸਕ, ਮਹਾਰਾਜਾ ਹਰੀ ਸਿੰਘ ਜੀ ਦੇ 130ਵੇਂ ਜਨਮ ਦਿਵਸ 'ਤੇ ਪੂਰੇ ਜੰਮੂ ਸ਼ਹਿਰ ਵਿੱਚ ਜਸ਼ਨ ਦਾ ਮਾਹੌਲ ਦੇਖਣ ਨੂੰ ਮਿਲਿਆ। ਇਸ ਇਤਿਹਾਸਕ ਦਿਨ ਨੂੰ ਮਨਾਉਣ ਲਈ, ਹਜ਼ਾਰਾਂ ਦੀ ਗਿਣਤੀ ਵਿੱਚ ਲੋਕ, ਜਿਨ੍ਹਾਂ ਵਿੱਚ ਨੌਜਵਾਨ ਅਤੇ ਬਜ਼ੁਰਗ ਸ਼ਾਮਲ ਸਨ, ਸ਼ਰਧਾਂਜਲੀ ਭੇਟ ਕਰਨ ਲਈ ਇਕੱਠੇ ਹੋਏ। ਸ਼ਹਿਰ ਦਾ ਮੁੱਖ ਸਮਾਗਮ ਤਵੀ ਪੁਲ 'ਤੇ ਸਥਿਤ ਮਹਾਰਾਜਾ ਹਰੀ ਸਿੰਘ ਦੇ ਬੁੱਤ 'ਤੇ ਹੋਇਆ, ਜਿੱਥੇ ਸਵੇਰ ਤੋਂ ਹੀ ਲੋਕਾਂ ਦੀ ਭੀੜ ਜਮ੍ਹਾਂ ਹੋਣੀ ਸ਼ੁਰੂ ਹੋ ਗਈ ਸੀ। ਵੱਖ-ਵੱਖ ਸਮਾਜਿਕ ਅਤੇ ਰਾਜਨੀਤਿਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਮਹਾਰਾਜਾ ਦੇ ਬੁੱਤ 'ਤੇ ਫੁੱਲਾਂ ਦੀ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ। ਇਸ ਮੌਕੇ 'ਤੇ 'ਮਹਾਰਾਜਾ ਹਰੀ ਸਿੰਘ ਜੀ ਅਮਰ ਰਹਿਣ' ਦੇ ਨਾਅਰਿਆਂ ਨਾਲ ਅਸਮਾਨ ਗੂੰਜ ਉੱਠਿਆ।

ਜ਼ਿਕਰਯੋਗ ਹੈ ਕਿ ਮਹਾਰਾਜਾ ਹਰੀ ਸਿੰਘ ਦਾ ਜਨਮ ਦਿਵਸ ਜੰਮੂ ਅਤੇ ਕਸ਼ਮੀਰ ਵਿੱਚ ਜਨਤਕ ਛੁੱਟੀ ਵਜੋਂ ਮਨਾਇਆ ਜਾਂਦਾ ਹੈ, ਜਿਸ ਕਾਰਨ ਲੋਕਾਂ ਵਿੱਚ ਇਸ ਦਿਨ ਨੂੰ ਲੈ ਕੇ ਭਾਰੀ ਉਤਸ਼ਾਹ ਸੀ। ਸ਼ਹਿਰ ਵਿੱਚ ਕਈ ਥਾਵਾਂ 'ਤੇ ਰੈਲੀਆਂ ਅਤੇ ਮੋਟਰਸਾਈਕਲ ਮਾਰਚ ਵੀ ਕੱਢੇ ਗਏ, ਜਿਸ ਨਾਲ ਪੂਰਾ ਮਾਹੌਲ ਦੇਖਣਯੋਗ ਸੀ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

SAN RAMON
San Ramon
URGENT CARE & CLINIC

LATHROP
Lathrop
URGENT CARE

MAIN STREET
Main Street
URGENT CARE

9140 Alcosta Boulevard Ste D
San Ramon, CA 94583
(925) 361-5959

15810 Harlan Road #A
Lathrop, CA 95330
(209) 983-9000

1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਅਸੀਂ ਹੁਣ ਤੱਕ ਚੁੱਪ ਸੀ ਤੇ ਚਾਹੁੰਦੇ ਸੀ ਕਿ ਸ਼ਾਇਦ ਇਸ ਖ਼ਬਰ ਦੀ ਕਿਸੇ ਪਾਸੋਂ ਤਰਦੀਦ ਹੋ ਜਾਏ ਤੇ ਅਸੀਂ ਕਿਸੇ ਗਲਤ ਖ਼ਬਰ ਤੇ ਫੈਲਾਉਣ ਤੋਂ ਬਚੇ ਰਹੀਏ। ਪਰ ਹੁਣ ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਇਕ ਚਿੱਠੀ ਨਿਕਲੀ ਹੈ ਜਿਸ ਤੋਂ ਇਸ ਗੱਲ ਦੀ ਪੁਸ਼ਟੀ ਹੋ ਗਈ। ਇਸ ਤੋਂ ਇਹ ਗੱਲ ਬੀ ਪ੍ਰਤੱਖ ਸੀ ਕਿ ਪੁਨਰ ਸੁਧਾਰ ਬੀ ਅਜੇ ਨਹੀਂ ਹੋ ਸਕਿਆ।

ਇਸ ਲਿਖਤ ਤੋਂ ਸਾਡੀ ਪੁਜੀਸ਼ਨ ਸਫਾ ਦਿਸ ਰਹੀ ਹੈ, ਮਾਲਾਬਾਰ ਦੇ ਇਕ ਸਿੱਖ ਦੇ ਪਤਿਤ ਹੋਣ ਦੀ ਖ਼ਬਰ ਨੂੰ ਪੜ੍ਹ ਕੇ ਸਰਬ ਹਿੰਦ ਸਿੱਖ ਮਿਸ਼ਨ ਦੀ ਹੀਣਤਾ ਹੋਣ ਦੇ ਖ਼ਿਆਲ ਤੋਂ ਅਸਾਂ ਇਕ ਦਮ ਨਹੀਂ ਛਾਪ ਦਿੱਤੀ, ਬਲਕਿ ਜਦ ਤੱਕ ਸਰਬ ਹਿੰਦ ਸਿੱਖ ਮਿਸ਼ਨ ਵਲੋਂ ਇਹਦੀ ਪੁਸ਼ਟੀ ਨਹੀਂ ਹੋਈ, ਅਸਾਂ ਇਹਦੀ ਬਾਬਤ ਕੁਝ ਨਹੀਂ ਲਿਖਿਆ। ਇਸ ਤੋਂ ਵਧੀਕ ਸਰਬ ਹਿੰਦ ਸਿੱਖ ਮਿਸ਼ਨ ਦੇ ਹਿੱਤ ਦਾ ਹੋਰ ਕੀ ਸਬੂਤ ਦੇ ਸਕਦੇ ਹਾਂ। ਪਰ ਸ਼ੋਕ ਹੈ ਤਾਂ ਇਹ ਹੈ ਕਿ ਸਾਡੇ ਹਿੱਤ ਨੂੰ ਅਨਹਿਤ ਵਿਚ ਕਲਮ ਦੇ ਇਕ ਮਰੋੜ ਨਾਲ ਟੀਕਾ ਕਰ ਲਿਆ ਗਿਆ ਹੈ। ਅਸਾਂ ਨੇ ਪਤਿਤ ਹੋਣ ਦੀ ਖ਼ਬਰ ਛਾਪਣ ਵਿਚ ਜਲਦਬਾਜ਼ੀ ਤੋਂ ਕੰਮ ਨਹੀਂ ਲਿਆ ਤੇ ਫੇਰ ਦਰਦ ਨਾਲ ਲਿਖਿਆ ਤੇ ਸਤਿਕਾਰ ਨਾਲ ਮਸ਼ਵਰਾ ਦਿੱਤਾ ਹੈ। ਜਿਵੇਂ ਇਨ੍ਹਾਂ ਦੇ ਮਾਮਲੇ ਵਿਚ ਸੋਚ ਵਿਚਾਰ ਤੋਂ ਕੰਮ ਲੈਣ ਦੀ ਲੋੜ ਸੀ ਤਿਵੇਂ ਹੀ ਪੱਟੀ ਤੇ ਲਾਹੌਰ ਵਿਚ ਹੋਏ ਪਤਿਤਾਂ ਦੇ ਮਾਮਲੇ ਵਿਚ ਵੀ ਸੋਚ ਵਿਚਾਰ ਦੀ ਜ਼ਰੂਰਤ ਸੀ। ਸਰਬ-ਹਿੰਦ ਸਿੱਖ ਮਿਸ਼ਨ ਵਾਲੇ ਸਾਡੇ ਸੱਜਣ ਜੀ ਦਾ ਇਹ ਲਿਖਣਾ ਕਿ ਪੱਟੀ ਦੇ ਵਿਚ ਪਤਿਤ ਹੋਣ ਵਾਲੇ ਸਿੱਖ ਦੀ ਖ਼ਬਰ ਖ਼ਾਲਸਾ ਸਮਾਚਾਰ ਵਿਚ ਨਹੀਂ ਛਪੀ, ਸਾਨੂੰ ਸ਼ੋਕ ਨਾਲ ਕਹਿਣਾ ਪੈਂਦਾ ਹੈ ਕਿ 'ਸਤਯ' ਨਹੀਂ ਹੈ। ਅਖ਼ਬਾਰ ਖ਼ਾਲਸਾ ਸਮਾਚਾਰ ਦੇ ਜਿਸ ਪਰਚੇ ਵਿਚ ਰਾਘਵਨ ਦੇ ਪਤਿਤ ਹੋਣ ਦੀ ਖ਼ਬਰ ਛਪੀ ਹੈ ਉਸੇ ਪਰਚੇ ਵਿਚ ਸਫ਼ਾ 5 'ਤੇ ਬੜੇ ਮੋਟੇ ਅੱਖਰਾਂ ਵਿਚ ਪੱਟੀ ਖ਼ਬਰ ਛਪੀ ਹੈ। ਸ਼ੋਕ ਦੀ ਗੱਲ ਹੈ ਕਿ ਸਰਬ-ਹਿੰਦ ਸਿੱਖ ਮਿਸ਼ਨ ਵਾਲੇ ਖ਼ਾਲਸਾ ਸਮਾਚਾਰ ਬਾਬਤ ਲੋਕਾਂ ਦੇ ਦਿਲ ਵਿਚ ਇਕ ਗਲਤ ਖ਼ਿਆਲ ਬਿਠਾਉਣ ਲਈ ਉਦਾਤ ਹੋਏ ਹਨ, ਖ਼ਾਲਸਾ ਸਮਾਚਾਰ ਤਾਂ ਹੁਣ ਤੱਕ ਉਨ੍ਹਾਂ ਦਾ ਸਹਾਈ ਰਿਹਾ ਹੈ।




### ਲਾਹੌਰ ਦਾ ਮਾਮਲਾ

ਸਿੰਘ ਸਭਾ ਲਾਹੌਰ ਦੀ ਚਿੱਠੀ ਸਾਡੇ ਪਾਸ ਪੁੱਜੀ ਸੀ ਕਿ ਉਥੋਂ ਦਾ ਇਕ ਐਡਵੋਕੇਟ ਪਤਿਤ ਹੋ ਗਿਆ ਹੈ ਤੇ ਪ੍ਰੇਰਨਾ ਕੀਤੀ ਸੀ....ਪਰ ਇਸ ਤੋਂ ਪਿਛੋਂ ਦੂਜੇ ਤੀਜੇ ਹੀ ਦਿਨ ਅਕਾਲੀ ਪੱਤ੍ਰਿਕਾ ਵਿਚ ਇਸ ਚਿੱਠੀ ਸਬੰਧੀ ਇਕ ਨੋਟ ਛਪਿਆ ਜਿਸ ਦਾ ਭਾਵ ਇਹ ਸੀ ਕਿ ਕਿਸੇ ਦਬਾਅ ਨਾਲ ਨਹੀਂ ਪ੍ਰੀਤੀ ਪ੍ਰੇਰਨਾ ਨਾਲ ਉਪਰੋਕਤ ਸੱਜਣ ਨੂੰ ਵਾਪਸ ਲਿਆਉਣਾ ਚਾਹੀਦਾ ਹੈ ਤੇ ਨਾਲ ਹੀ ਸਮਕਾਲੀ ਤੋਂ ਪਤਾ ਲੱਗਾ ਸੀ ਕਿ ਉਨ੍ਹਾਂ ਨੂੰ ਕੁਛ ਸੱਜਣ ਮਿਲੇ ਤੇ ਪ੍ਰੇਰਨਾ ਕਰ ਰਹੇ ਹਨ। ਅਜਿਹੀ ਸੂਰਤ ਵਿਚ 'ਹਾਅ ਦਾ ਨਾਅਰਾ' ਮਾਰਨ ਵਿਚ ਕੋਈ ਪੰਥ ਸੇਵਾ ਨਹੀਂ ਹੋ ਸਕਦੀ ਸੀ। ਦਾਨਾਈ ਤੇ ਸਿਆਣਪ ਦੀ ਗੱਲ ਇਹ ਸੀ ਕਿ ਹੋ ਰਹੀ ਪ੍ਰੀਤੀ ਪ੍ਰੇਰਨਾ ਦੇ ਨਤੀਜੇ ਦੀ ਉਡੀਕ ਕੀਤੀ ਜਾਏ। ਅਜੇ ਤੱਕ ਕਿਸੇ ਪੰਥਕ ਅਖ਼ਬਾਰ ਵਿਚ ਪ੍ਰੀਤੀ ਪ੍ਰੇਰਨਾ ਦੇ ਫਲ ਦਾ ਹਾਲ ਨਹੀਂ ਛਪਿਆ, ਕੰਨੇ ਕੰਨ ਸਰੋਤਾਂ ਹਨ ਕਿ ਕੁਛ ਸੱਜਣ ਨਾ ਕਾਮਯਾਬ ਰਹੇ ਹਨ ਤੇ ਕਈ ਅਜੇ ਬੀ ਕੋਸ਼ਿਸ਼ ਕਰ ਰਹੇ ਹਨ।

### ਰਾਘਵਨ ਦਾ ਵਜ਼ੀਫ਼ਾ

ਇਕ ਪੈਰੇ ਵਿਚ ਕਿਹਾ ਗਿਆ ਹੈ ਕਿ 60) ਰੁਪਏ ਮਹਾਵਾਰ ਰਾਘਵਨ ਨੂੰ ਦੇਣੇ ਰਿਸ਼ਵਤ ਦੇਣਾ ਹੈ, ਜਿਸ ਨੂੰ ਪਸੰਦ ਨਹੀਂ ਕੀਤਾ ਜਾ ਸਕਦਾ। ਪਰ ਨਾਲ ਹੀ ਲਿਖ ਦਿੱਤਾ ਹੈ ਕਿ ਅਸੀਂ 60) ਰੁਪਏ ਦੇਣ ਨੂੰ ਤਿਆਰ ਸੀ, ਪਰ ਲਾਅ ਕਾਲਜ ਦੇ ਪ੍ਰਿੰਸੀਪਲ ਨੇ ਰੋਕਿਆ ਹੈ। ਇਹ ਦੋ ਸਤਰਾਂ ਵਿਚ ਦਿੱਤੇ ਦੋ ਭਾਵ ਪਰਸਪਰ ਵਿਰੋਧੀ ਹਨ।

### ਕਿਉਂ ਸਮਝ ਨਹੀਂ ਆਈ

ਅਗਲੇ ਪੈਰੇ ਵਿਚ ਕਹਿੰਦੇ ਹਨ ਕਿ ਮਾਲਾਬਾਰ ਸਬੰਧੀ ਨੋਟ ਚਿਰੋਕਾ ਛਾਪਣ ਦੀ ਗੱਲ ਸਮਝ ਵਿਚ ਨਹੀਂ ਆਈ। ਅਸਾਂ ਤਾਂ ਆਪਣਾ ਭਾਵ 'ਪਤਿਤ ਹੋ ਗਏ' ਵਾਲੇ ਲੇਖ ਵਿਚ ਹੀ ਸਪਸ਼ਟ ਕਰ ਦਿੱਤਾ ਸੀ। ਜੇ ਉਹ ਸਮਝਾਉਣ ਲਈ ਕਾਫ਼ੀ ਨਹੀਂ ਸੀ ਜਾਂ ਉਹ ਆਪ ਨੇ ਨਹੀਂ ਪੜ੍ਹਿਆ ਤਾਂ ਹੁਣ ਉਪਰ ਲਿਖੇ ਨੋਟ ਤੋਂ ਇਹ ਗੱਲ ਸਮਝ ਵਿਚ ਆ ਜਾਣੀ ਚਾਹੀਦੀ ਹੈ ਕਿ ਇਹ ਨੋਟ ਚਿਰੋਕਾ ਛਾਪਣ ਤੋਂ ਸਾਡਾ ਭਾਵ ਇਹ ਸੀ ਕਿ ਇਸ ਮਾਮਲੇ ਨੂੰ ਜਦ ਤਾਈਂ ਅਕਾਲੀ ਅਖ਼ਬਾਰਾਂ ਤੇ ਖ਼ੁਦ ਕਮੇਟੀ ਪ੍ਰਕਾਸ਼ ਨਾ ਕਰ ਦੇਵੇ ਤਦ ਤਾਈਂ ਅਸੀਂ ਉਡੀਕ ਕਰੀਏ। ਜਦ ਆਪ ਤੁਸਾਂ ਖ਼ਬਰ ਪ੍ਰਕਾਸ਼ਿਤ ਕਰ ਦਿੱਤੀ ਤਦ ਉਸ ਦਾ ਪ੍ਰਕਾਸ਼ਿਤ ਕਰਨਾ ਤੇ ਪਿਆਰ ਨਾਲ ਕੋਈ ਮਸ਼ਵਰਾ ਦੇਣਾ ਕਿਸ ਤਰ੍ਹਾਂ ਅਹਿਤ ਦਾ ਸੂਚਕ ਸਮਝਿਆ ਜਾ ਸਕਦਾ ਸੀ?

**(ਚਲਦਾ)**

# ਭਾਰੀ ਮੀਂਹ ਕਾਰਨ ਕੋਲਕਾਤਾ ਦੇ ਕਈ ਹਿੱਸਿਆਂ ਵਿੱਚ ਭਰਿਆ ਪਾਣੀ






ਕੋਲਕਾਤਾ : ਪੱਛਮੀ ਬੰਗਾਲ ਦੇ ਕੋਲਕਾਤਾ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਰਾਤ ਭਰ ਹੋਈ ਭਾਰੀ ਬਾਰਿਸ਼ ਕਾਰਨ ਪਾਣੀ ਭਰ ਗਿਆ, ਜਿਸ ਕਾਰਨ ਆਮ ਜਨਜੀਵਨ ਠੱਪ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਬਿਜਲੀ ਦਾ ਕਰੰਟ ਲੱਗਣ ਕਾਰਨ 7 ਲੋਕਾਂ ਦੀ ਮੌਤ ਹੋ ਗਈ ਹੈ। ਅਧਿਕਾਰੀਆਂ ਨੇ ਇਸ ਗੱਲ ਦੀ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਭਾਰੀ ਮੀਂਹ ਕਾਰਨ ਕਈ ਇਲਾਕਿਆਂ ਵਿੱਚ ਪਾਣੀ ਭਰ ਗਿਆ, ਜਿਸ ਨਾਲ ਆਵਾਜਾਈ, ਜਨਤਕ ਆਵਾਜਾਈ ਅਤੇ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਵਿਘਨ ਪਿਆ। ਲਾਲਬਾਜ਼ਾਰ ਪੁਲਸ ਕੰਟਰੋਲ ਰੂਮ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਹੁਣ ਤੱਕ ਮਿਲੀ ਜਾਣਕਾਰੀ ਅਨੁਸਾਰ, ਬਿਜਲੀ ਦਾ ਕਰੰਟ ਲੱਗਣ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪਟੜੀਆਂ 'ਤੇ ਪਾਣੀ ਭਰਨ ਕਾਰਨ ਸ਼ਹਿਰ ਅਤੇ ਉਪਨਗਰਾਂ ਵਿੱਚ ਰੇਲ ਅਤੇ ਮੈਟਰੋ ਰੇਲ ਸੇਵਾਵਾਂ ਵਿੱਚ ਵਿਘਨ ਪਿਆ। ਅੱਧੀ ਰਾਤ ਤੋਂ ਬਾਅਦ ਸ਼ੁਰੂ ਹੋਈ ਬਾਰਿਸ਼ ਨੇ ਸੜਕਾਂ ਨੂੰ ਪਾਣੀ ਵਿੱਚ ਡੁੱਬਣ ਦਿੱਤਾ ਅਤੇ ਸ਼ਹਿਰ ਭਰ ਵਿੱਚ ਕਈ ਘਰਾਂ ਅਤੇ ਰਿਹਾਇਸ਼ੀ ਕੰਪਲੈਕਸਾਂ ਵਿੱਚ ਪਾਣੀ ਭਰ ਗਿਆ। ਯਾਤਰੀਆਂ ਨੇ ਬੱਸਾਂ ਦੇ ਵਿਚਕਾਰੋਂ ਟੁੱਟਣ ਦੀ ਸ਼ਿਕਾਇਤ ਕੀਤੀ, ਜਦੋਂ ਕਿ ਟੈਕਸੀਆਂ ਅਤੇ ਐਪ-ਅਧਾਰਤ ਕੈਬ ਜਾਂ ਤਾਂ ਸੜਕਾਂ ਤੋਂ ਗਾਇਬ ਸਨ ਜਾਂ ਬਹੁਤ ਜ਼ਿਆਦਾ ਕਿਰਾਇਆ ਵਸੂਲ ਰਹੇ ਸਨ। ਮੈਟਰੋ ਰੇਲਵੇ ਕੋਲਕਾਤਾ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸ਼ਹੀਦ ਖ਼ੁਦੀਰਾਮ ਅਤੇ ਮੈਦਾਨ ਸਟੇਸ਼ਨਾਂ ਵਿਚਕਾਰ ਸਵੇਰ ਤੋਂ ਹੀ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਸਨ। ਭਾਰੀ ਬਾਰਿਸ਼ ਅਤੇ ਪਾਣੀ ਭਰੀਆਂ ਸੜਕਾਂ ਕਾਰਨ ਕਈ ਸਕੂਲਾਂ ਨੇ ਛੁੱਟੀਆਂ ਦਾ ਐਲਾਨ ਕਰ ਦਿੱਤਾ ਹੈ।



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਘਰੇਲੂ ਇਲਾਜ :**

1. ਜੇਕਰ ਤੁਹਾਡਾ ਭਾਰ ਜ਼ਿਆਦਾ ਹੈ ਤਾਂ ਭਾਰ ਨੂੰ ਘਟਾਓ।
2. ਸ਼ਰਾਬ ਅਤੇ ਸਿਗਰਟ ਨਾ ਪੀਓ।
3. ਰੋਜ਼ਾਨਾ ਕਸਰਤ ਕਰੋ।
4. ਆਪਣੇ ਖਾਣੇ ਵਿੱਚ ਨਮਕ ਘੱਟ ਲਵੋ (ਨਮਕ ਸਰੀਰ ਵਿੱਚ ਪਾਣੀ . ਰੋਕੀ ਰੱਖਦਾ ਹੈ) ।
5. ਮਾਨਸਿਕ ਤਣਾਓ ਨੂੰ ਘਟਾਓ।
6. ਸਾਲ ਵਿੱਚ ਇੱਕ ਜਾਂ ਦੋ ਵਾਰ ਆਪਣੇ ਬਲੱਡ ਪ੍ਰੈਸ਼ਰ ਦੀ ਜਾਂਚ ਜ਼ਰੂਰ ਕਰਵਾਓ, ਭਾਵੇਂ ਤੁਸੀਂ ਤੰਦਰੁਸਤ ਹੋਵੋ, ਖ਼ਾਸ ਤੌਰ 'ਤੇ ਜੇਕਰ ਵੱਧ ਬਲੱਡ ਪ੍ਰੈਸ਼ਰ ਦਾ ਤੁਹਾਡਾ ਪਰਿਵਾਰਿਕ ਪਿਛੋਕੜ ਹੈ ਜਾਂ ਤੁਹਾਡਾ ਵਜ਼ਨ ਜ਼ਿਆਦਾ ਹੈ।

ਡਾਕਟਰ ਨੂੰ ਕਦੋਂ ਦਿਖਾਈਏ :

1. ਦੋ ਵਾਰ ਚੈੱਕ ਕਰਨ 'ਤੇ ਜੇਕਰ ਤੁਹਾਡਾ ਬਲੱਡ ਪ੍ਰੈਸ਼ਰ 140/90 ਤੋਂ ਵੱਧ ਹੈ, ਤੁਸੀਂ ਆਪਣੇ ਡਾਕਟਰ ਦਾ ਮਸ਼ਵਰਾ ਲਵੋ। ਸ਼ੁਰੂ ਵਿੱਚ ਤੁਹਾਨੂੰ ਦਵਾਈ ਦੀ ਜ਼ਰੂਰਤ ਨਹੀਂ ਵੀ ਹੋ ਸਕਦੀ। ਕਸਰਤ, ਖਾਣ-ਪੀਣ ਵਿੱਚ ਕਾਬੂ ਅਤੇ ਭਾਰ ਘਟਾਉਣ ਨਾਲ ਬਿਨਾਂ ਦਵਾਈ ਤੋਂ ਬਲੱਡ ਪ੍ਰੈਸ਼ਰ ਨੂੰ ਕਾਬੂ ਰੱਖਿਆ ਜਾ ਸਕਦਾ ਹੈ।
2. ਬਲੱਡ ਪ੍ਰੈਸ਼ਰ ਦੇ ਨਾਲ ਨਾਲ ਜੇਕਰ ਤੁਹਾਨੂੰ ਬਹੁਤ ਜ਼ਿਆਦਾ ਸਿਰ ਦਰਦ ਹੈ।
3. ਜੇਕਰ ਤੁਹਾਡੀ ਨਿਗਾਹ ਘੱਟ ਜਾਵੇ।
4. ਜੇਕਰ ਤੁਹਾਨੂੰ ਸ਼ੂਗਰ ਰੋਗ (ਡਾਇਬੀਟੀਜ਼) ਹੈ, ਤਾਂ ਬਲੱਡ ਪ੍ਰੈਸ਼ਰ 130/80 ਤੋਂ ਵੀ ਘੱਟ ਰੱਖਣਾ ਚਾਹੀਦਾ ਹੈ।




**ਜ਼ਰੂਰੀ ਹਦਾਇਤ :**

ਆਪਣੇ ਡਾਕਟਰ ਦੀ ਸਲਾਹ ਤੋਂ ਬਿਨਾਂ ਬਲੱਡ ਪ੍ਰੈਸ਼ਰ ਦੀ ਦਵਾਈ ਲੈਣਾ ਬੰਦ ਨਾ ਕਰੋ, ਭਾਵੇਂ ਤੁਸੀਂ ਬਿਲਕੁਲ ਠੀਕ ਮਹਿਸੂਸ ਕਰ ਰਹੇ ਹੋਵੋ। ਯਾਦ ਰੱਖੋ, ਵਧੇ ਹੋਏ ਬਲੱਡ ਪ੍ਰੈਸ਼ਰ ਦੇ ਆਮ ਤੌਰ 'ਤੇ ਕੋਈ ਲੱਛਣ ਨਹੀਂ ਹੁੰਦੇ।

**ਦਿਲ ਦਾ ਦੌਰਾ**

**(ਮਾਇਓਕਾਰਡੀਅਲ ਇਨਫ਼ਾਰਕਸ਼ਨ)**

ਦਿਲ ਦੀਆਂ ਮਾਸਪੇਸ਼ੀਆਂ ਨੂੰ ਖ਼ੂਨ ਘੱਟ ਮਿਲਣ ਨਾਲ ਜਾਂ ਬੰਦ ਹੋਣ ਨਾਲ ਦਿਲ ਦਾ ਦੌਰਾ ਪੈਂਦਾ ਹੈ। ਆਮ ਤੌਰ 'ਤੇ ਦਿਲ ਦਾ ਦੌਰਾ, ਛਾਤੀ ਦੇ ਦਰਦ ਨਾਲ ਸ਼ੁਰੂ ਹੁੰਦਾ ਹੈ, ਪਰ ਹਰ ਇਕ ਛਾਤੀ ਦਾ ਦਰਦ ਦਿਲ ਦਾ ਦੌਰਾ ਨਹੀਂ ਹੁੰਦਾ।

**ਕਾਰਨ :**

1. ਬਹੁਤ ਜ਼ਿਆਦਾ ਮਾਨਸਿਕ ਤਣਾਓ।
2. ਹਾਈ ਬਲੱਡ ਪ੍ਰੈਸ਼ਰ।
3. ਕੋਲੈਸਟ੍ਰੋਲ ਦਾ ਵੱਧ ਹੋਣਾ।
4. ਦਿਲ ਦੀ ਬਿਮਾਰੀ ਦਾ ਪਰਿਵਾਰਿਕ ਪਿਛੋਕੜ।
5. ਸ਼ੂਗਰ ਰੋਗ।
6. ਸਿਗਰਟ ਪੀਣਾ।
7. ਕਸਰਤ ਨਾ ਕਰਨਾ।
8. ਮੋਟਾਪਾ।

**ਲੱਛਣ :**

1. ਛਾਤੀ ਦੇ ਵਿੱਚ ਦਰਦ ਹੋਣਾ ਜਾਂ ਛਾਤੀ 'ਤੇ ਦਬਾਅ ਪੈਣਾ।
2. ਇਹ ਦਰਦ ਛਾਤੀ ਤੋਂ ਬਾਹਾਂ, ਗਲੇ, ਮੋਢਿਆਂ ਜਾਂ ਜਬਾੜੇ ਵੱਲ ਨੂੰ ਜਾ ਸਕਦਾ ਹੈ।
3. ਪਸੀਨਾ ਆਉਣਾ ਜਾਂ ਤ੍ਰੇਲੀਆਂ ਆਉਣੀਆਂ, ਸਾਹ ਰੁਕਣਾ ਜਾਂ ਜੀਅ ਦਾ ਕੱਚਾ ਹੋਣਾ।
4. ਛਾਤੀ ਦਾ ਦਰਦ ਸਰੀਰਕ ਕੰਮ ਕਰਨ ਨਾਲ ਵਧਣਾ।
5. ਛਾਤੀ ਦਾ ਦਰਦ ਜੋ ਆਮ ਤੌਰ 'ਤੇ 1-2 ਸੈਕਿੰਡ ਤੱਕ ਰਹਿੰਦਾ ਹੈ, ਆਮ ਤੌਰ 'ਤੇ ਦਿਲ ਦਾ ਦੌਰਾ ਨਹੀਂ ਹੁੰਦਾ।
6. ਜਦੋਂ ਤੁਸੀਂ ਆਪਣੀ ਛਾਤੀ ਦਬਾਉਂਦੇ ਹੋ ਤਾਂ ਛਾਤੀ ਵਿੱਚ ਹੋਰ ਵੀ ਜ਼ਿਆਦਾ ਦਰਦ ਹੋਣ ਲੱਗਦਾ ਹੈ, ਇਹ ਮਾਸਪੇਸ਼ੀਆਂ ਵਿੱਚ ਖਿਚਾਅ ਹੋ ਸਕਦਾ ਹੈ, ਨਾ ਕਿ ਦਿਲ ਦਾ ਦੌਰਾ।

**ਰੋਕਥਾਮ/ਬਚਾਅ :**

1. ਸਿਗਰਟ ਪੀਣਾ ਬੰਦ ਕਰੋ।
2. ਰੋਜ਼ਾਨਾ ਕਸਰਤ ਕਰੋ।
3. ਹਾਈ ਬਲੱਡ ਪ੍ਰੈਸ਼ਰ ਅਤੇ ਵੱਧ ਕੋਲੈਸਟ੍ਰੋਲ ਦਾ ਇਲਾਜ ਕਰਵਾਓ।
4. ਸ਼ੂਗਰ ਰੋਗ ਨੂੰ ਕਾਬੂ ਵਿੱਚ ਰੱਖੋ।
5. ਆਪਣੇ ਭਾਰ ਨੂੰ ਕਾਬੂ ਵਿੱਚ ਰੱਖੋ।

**ਇਲਾਜ :**

1. ਜੇਕਰ ਤੁਹਾਨੂੰ ਦਿਲ ਦੇ ਦੌਰੇ ਦੇ ਲੱਛਣ ਦਿਖਾਈ ਦਿੰਦੇ ਹਨ ਤਾਂ ਇੱਕ ਗੋਲੀ ਐਸਪੀਰਿਨ 325 ਐਮ.ਜੀ. ਦੀ ਚਬਾਓ ਅਤੇ ਨੇੜੇ ਦੇ ਡਾਕਟਰ . ਦਿਖਾਓ ਜਾਂ ਜਿੰਨੀ ਜਲਦੀ ਹੋ ਸਕੇ ਹਸਪਤਾਲ ਜਾਓ, ਭਾਵੇਂ ਤੁਹਾਡੀ ਦਰਦ ਠੀਕ ਹੋ ਗਈ ਹੋਵੇ।
2. ਜੇਕਰ ਤੁਹਾਨੂੰ ਦਿਲ ਦੇ ਦੌਰੇ ਦੇ ਬਹੁਤ ਜ਼ਿਆਦਾ ਆਸਾਰ ਹਨ ਤਾਂ ਤੁਹਾਨੂੰ ਆਪਣੇ ਕੋਲ ਨਾਈਟ੍ਰੋਗਲਿਸਰੀਨ ਦੀਆਂ ਗੋਲੀਆਂ ਰੱਖਣੀਆਂ ਚਾਹੀਦੀਆਂ ਹਨ ਅਤੇ ਦਿਲ ਦੇ ਦੌਰੇ ਦੇ ਸ਼ੁਰੂ ਵਿਚ ਹੀ ਇਸਨੂੰ ਆਪਣੀ ਜੀਭ ਦੇ ਥੱਲੇ ਰੱਖੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇ ਦਿਲ ਦੇ ਦੌਰੇ ਦਾ ਪਰਿਵਾਰਕ ਪਿਛੋਕੜ ਹੋਵੇ।
2. ਜੇ ਵਾਰ-ਵਾਰ ਛਾਤੀ ਵਿੱਚ ਦਰਦ ਹੋਵੇ।
3. ਥੋੜ੍ਹੇ ਜਿਹੇ ਵੀ ਸਰੀਰਕ ਕੰਮ ਕਰਨ ਨਾਲ ਥਕਾਵਟ ਹੋ ਜਾਵੇ।
4. ਇੱਕਦਮ ਸਾਹ ਚੜ੍ਹਨ ਲੱਗੇ।
5. ਜੇਕਰ ਤੁਹਾਨੂੰ ਸ਼ੂਗਰ, ਬਲੱਡ ਪ੍ਰੈਸ਼ਰ ਅਤੇ ਜ਼ਿਆਦਾ ਕੋਲੈਸਟ੍ਰੋਲ ਹੋਵੇ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਪਾਕਿ ਗੁਰਦੁਆਰਾ ਕਮੇਟੀ ਨੇ ਬੈਠਕ ਕਰ ਕੇ ਭਾਰਤੀ ਕਾਰਵਾਈ ਵਿਰੁੱਧ ਮਤਾ ਕੀਤਾ ਪਾਸ



ਅੰਮ੍ਰਿਤਸਰ : ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ. ਐੱਸ. ਜੀ. ਪੀ. ਸੀ.) ਦੀ 9ਵੀਂ ਬੈਠਕ ਰਮੇਸ਼ ਸਿੰਘ ਅਰੋੜਾ ਦੀ ਪ੍ਰਧਾਨਗੀ ਹੇਠ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈ. ਟੀ. ਪੀ. ਬੀ.) ਦੇ ਮੁੱਖ ਦਫ਼ਤਰ ਵਿਖੇ ਹੋਈ। ਬੈਠਕ 'ਚ ਮੌਜੂਦ ਜਨਰਲ ਸਕੱਤਰ ਸਤਵੰਤ ਕੌਰ, ਉਪ ਪ੍ਰਧਾਨ ਮਹੇਸ਼ ਸਿੰਘ ਕਸ਼ਮੋਰ, ਡਾ. ਮਿਮਪਾਲ ਸਿੰਘ, ਤਾਰਾ ਸਿੰਘ, ਗਿਆਨ ਸਿੰਘ ਚਾਵਲਾ, ਸਤਵੰਤ ਸਿੰਘ, ਹਰਮੀਤ ਸਿੰਘ, ਸਾਹਿਬ ਸਿੰਘ ਤੇ ਭਗਤ ਸਿੰਘ ਨੇ ਭਾਰਤ ਸਰਕਾਰ ਵਲੋਂ ਸਿੱਖ ਸ਼ਰਧਾਲੂਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਨ ਦੀ ਸਖ਼ਤ ਨਿੰਦਾ ਕੀਤੀ ਅਤੇ ਇਸ ਕਾਰਵਾਈ ਵਿਰੁੱਧ ਸਰਬਸੰਮਤੀ ਨਾਲ ਮਤਾ ਵੀ ਪਾਸ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਕੌਮਾਂਤਰੀ ਭਾਈਚਾਰੇ ਤੇ ਸੰਯੁਕਤ ਰਾਸ਼ਟਰ ਤੋਂ ਭਾਰਤ ਨੂੰ ਕਥਿਤ ਤੌਰ 'ਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਨ ਤੋਂ ਰੋਕਣ ਲਈ ਪ੍ਰਭਾਵਸ਼ਾਲੀ ਉਪਾਅ ਕਰਨ ਦੀ ਅਪੀਲ ਕੀਤੀ ਗਈ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਤੇ ਲਹਿੰਦੇ ਪੰਜਾਬ ਦੇ ਘੱਟ-ਗਿਣਤੀ ਮਾਮਲਿਆਂ ਬਾਰੇ ਸੂਬਾਈ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਇਹ ਕਾਰਵਾਈ ਧਾਰਮਿਕ ਆਜ਼ਾਦੀ ਅਤੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ, ਜਿਸ ਨੇ ਦੁਨੀਆ ਭਰ ਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ। ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਕਿ ਨੇ ਦੁਨੀਆ ਭਰ ਦੇ ਸਿੱਖਾਂ, ਖ਼ਾਸ ਕਰਕੇ ਯੂ. ਕੇ., ਕੈਨੇਡਾ ਅਤੇ ਅਮਰੀਕਾ ਦੇ ਸ਼ਰਧਾਲੂਆਂ ਲਈ ਆਨਲਾਈਨ ਵੀਜ਼ਾ ਸਹੂਲਤ ਸ਼ੁਰੂ ਕੀਤੀ ਹੈ ਤਾਂ ਜੋ ਉਨ੍ਹਾਂ ਲਈ ਪਾਕਿ ਦੀ ਯਾਤਰਾ ਕਰਨਾ ਆਸਾਨ ਹੋ ਸਕੇ। ਈ. ਟੀ. ਪੀ. ਬੀ. ਦੇ ਚੇਅਰਮੈਨ ਡਾ: ਸਾਜਿਦ ਮਹਿਮੂਦ ਚੌਹਾਨ ਨੇ ਕਿਹਾ ਕਿ ਪਾਕਿ ਸਰਕਾਰ ਨੇ ਹਮੇਸ਼ਾ ਗੁਰਦੁਆਰਿਆਂ ਅਤੇ ਹਿੰਦੂ ਸਿੱਖਾਂ ਦੇ ਹੋਰ ਪਵਿੱਤਰ ਅਸਥਾਨਾਂ ਦੀ ਸੰਭਾਲ ਅਤੇ ਰੱਖ-ਰਖਾਅ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਹੈ। ਵਧੀਕ ਸਕੱਤਰ (ਸ਼ਰਾਈਨਜ਼) ਨਾਸਿਰ ਮੁਸ਼ਤਾਕ ਨੇ ਕਿਹਾ ਕਿ ਪਾਕਿ ਭਾਰਤ ਤੇ ਦੁਨੀਆ ਭਰ ਦੇ ਸਿੱਖ ਸ਼ਰਧਾਲੂਆਂ ਦੀ ਮੇਜ਼ਬਾਨੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

# 26 ਸਾਲਾਂ ਦਾ ਰਿਕਾਰਡ ਤੋੜਨ ਮਗਰੋਂ ਆਖਿਰਕਾਰ ਮਾਨਸੂਨ ਨੇ ਸ਼ੁਰੂ ਕੀਤੀ ਵਾਪਸੀ

ਗੁਰਦਾਸਪੁਰ : ਇਸ ਸਾਲ ਗੁਰਦਾਸਪੁਰ ਅਤੇ ਪਠਾਨਕੋਟ ਸਮੇਤ ਹੋਰ ਕਈ ਜ਼ਿਲ੍ਹਿਆਂ 'ਚ ਵੱਡਾ ਨੁਕਸਾਨ ਕਰਨ ਤੋਂ ਬਾਅਦ ਹੁਣ ਮਾਨਸੂਨ ਨੇ ਵਾਪਸੀ ਸ਼ੁਰੂ ਕਰ ਦਿੱਤੀ ਹੈ। ਇਸ ਦੇ ਚਲਦਿਆਂ ਸਤੰਬਰ ਮਹੀਨੇ ਦੇ ਤੀਸਰੇ ਹਫਤੇ ਵੀ ਲੋਕਾਂ ਨੂੰ ਇਕ ਵਰ ਮੁੜ ਤੋਂ ਗਰਮੀ ਅਤੇ ਹੁੰਮਸ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਾਲ ਸੂਬੇ ਅੰਦਰ 621.7 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ, ਜੋ ਸਧਾਰਨ ਮੀਂਹ 418.1 ਮਿ.ਮੀ. ਤੋ ਮੁਕਾਬਲੇ ਕਰੀਬ 33 ਫੀਸਦੀ ਵੱਧ ਹੈ। ਇਸ ਸਾਲ ਅਗਸਤ ਮਹੀਨੇ ਪਏ ਮੀਂਹ ਨੇ ਪਿਛਲੇ 26 ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ। ਜੇਕਰ ਮਾਨਸੂਨ ਦੀ ਮਾਤਰਾ ਦੇ ਅੰਕੜਿਆਂ ਦੀ ਘੋਖ ਕੀਤੀ ਜਾਵੇ ਤਾਂ ਕਈ ਦਿਲਚਸਪ ਤੱਤ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚ ਸਭ ਤੋਂ ਅਹਿਮ ਗੱਲ ਇਹ ਹੈ ਕਿ ਪੰਜਾਬ ਅੰਦਰ ਪਿਛਲੇ 7 ਸਾਲਾਂ 'ਚ ਚਾਰ ਵਾਰ ਵੱਡੇ ਹੜ੍ਹ ਆਏ ਹਨ, ਜਦੋਂ ਕਿ 18 ਸਾਲਾਂ ਵਿਚ 2008, 2019, 2023 ਅਤੇ 2025 ਦੌਰਾਨ 4 ਹੜ੍ਹ ਆ ਚੁੱਕੇ ਹਨ ਪਰ ਹੜ੍ਹਾਂ ਵਾਲੇ ਇਨ੍ਹਾਂ ਸਾਰੇ 4 ਸਾਲਾਂ 'ਚੋਂ 2 ਅਜਿਹੇ ਸਾਲਾਂ ਦੌਰਾਨ ਹੜ੍ਹ ਆਏ ਸਨ, ਜਦੋਂ ਸੂਬੇ ਅੰਦਰ ਬਾਰਿਸ਼ ਆਮ ਨਾਲੋਂ ਜ਼ਿਆਦਾ ਨਹੀਂ ਪਈ ਸੀ। ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਪਿਛਲੇ 18 ਸਾਲਾਂ ਦੌਰਾਨ ਸੂਬੇ ਅੰਦਰ 2009, 2011, 2012, 2014, 2015, 2016, 2017, 2024 ਵਾਲੇ 8 ਸਾਲਾਂ ਦੌਰਾਨ ਘੱਟ ਮੀਂਹ ਪਿਆ ਹੈ, ਜਦੋਂ ਕਿ 2010, 2013, 2019, 2020, 2021, 2022, 2023 ਵਾਲੇ 7 ਸਾਲਾਂ ਦੌਰਾਨ ਮੀਂਹ ਦੀ ਸਥਿਤੀ ਆਮ ਵਰਗੀ ਰਹੀ ਅਤੇ 2008, 2018, 2025 ਦੌਰਾਨ ਉਕਤ 3 ਸਾਲ ਆਮ ਦੇ ਮੁਕਾਬਲੇ ਜ਼ਿਆਦਾ ਮੀਂਹ ਪਏ ਸਨ।



**ਕਦੋਂ-ਕਦੋਂ ਆਏ ਸਨ ਹੜ੍ਹ :** ਇਕੱਤਰ ਜਾਣਕਾਰੀ ਅਨੁਸਾਰ ਸਾਲ 2008 'ਚ ਹਿਮਾਚਲ ਪ੍ਰਦੇਸ਼ 'ਚ ਪਏ ਮੀਂਹ ਨੇ ਸਤਲੁਜ ਨੂੰ ਨੱਕੋ ਨੱਕ ਭਰ ਦਿੱਤਾ ਸੀ ਅਤੇ ਸੂਬੇ 'ਚ ਪਏ ਆਮ ਤੋਂ ਜ਼ਿਆਦਾ ਮੀਂਹ ਨੇ ਅਜਿਹੇ ਖਤਰਨਾਕ ਹਾਲਾਤ ਪੈਦਾ ਕਰ ਦਿੱਤੇ ਸੀ ਕਿ ਜਲੰਧਰ ਅਤੇ ਕਪੂਰਥਲਾ 'ਚ ਧੁੱਸੀ ਬੰਨ੍ਹ ਟੁੱਟਣ ਕਾਰਨ ਕਈ ਪਿੰਡ ਪਾਣੀ ਦੀ ਲਪੇਟ ਵਿਚ ਆ ਗਏ ਸਨ। ਇਸੇ ਤਰ੍ਹਾਂ 2019 ਵਿਚ 15-17 ਜੁਲਾਈ ਦੇ ਦਰਮਿਆਨ ਭਾਰੀ ਮੀਂਹ ਤੋਂ ਬਾਅਦ ਘੱਗਰ ਦਰਿਆ ਦੇ ਨਾਲ-ਨਾਲ ਟਾਂਗਰੀ ਅਤੇ ਮਰਕਾਂਡਾ ਨਦੀਆਂ ਵੀ ਪਾਣੀ ਨਾਲ ਭਰ ਗਈਆਂ ਸਨ, ਜਿਸ ਦੇ ਨਤੀਜੇ ਵਜੋਂ ਇਨ੍ਹਾਂ ਦੀ ਮਾਰ ਹੇਠਲੇ ਮਾਲਵੇ ਦੀ ਕਈ ਪਿੰਡ ਡੁੱਬ ਗਏ। ਉਸੇ ਸਾਲ 'ਚ ਸਤਲੁਜ ਵੀ ਰਿਕਾਰਡ 2.75 ਲੱਖ ਕਿਊਸਿਕ ਪਾਣੀ ਵਗਿਆ ਸੀ, ਜਿਸ ਕਾਰਨ ਕਮਜ਼ੋਰ ਬੰਧ ਟੁੱਟ ਗਏ ਅਤੇ ਸੈਂਕੜੇ ਪਿੰਡਾਂ ਦਾ ਭਾਰੀ ਨੁਕਸਾਨ ਹੋਇਆ ਸੀ।

ਸਾਲ 2023 ਦੌਰਾਨ ਵੀ ਜੁਲਾਈ ਦੇ ਪਹਿਲਾ ਹਫਤਾ ਖਤਮ ਹੁੰਦਿਆਂ ਹੀ ਮੀਂਹ ਦੇ ਕਹਿਰ ਕਾਰਨ ਬਿਆਸ, ਸਤਲੁਜ ਅਤੇ ਘੱਗਰ 'ਚ 100 ਦੇ ਕਰੀਬ ਪਾੜ ਪਏ ਸਨ ਅਤੇ 1400 ਦੇ ਕਰੀਬ ਪਿੰਡਾਂ ਵਿਚ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ 15 ਅਗਸਤ ਦੇ ਨੇੜੇ ਹਿਮਾਚਲ 'ਚ ਪਏ ਮੀਂਹ ਤੋਂ ਬਾਅਦ ਬਿਆਸ ਦਰਿਆ ਵਿਚ ਆਏ ਪਾਣੀ ਨੇ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਪਿੰਡਾਂ ਵਿਚ ਨੁਕਸਾਨ ਕੀਤਾ ਸੀ। ਹੁਣ ਇਸ ਸਾਲ ਰਾਵੀ ਵਿਚ ਆਏ ਬੇਹਿਸਾਬੇ ਪਾਣੀ ਨੇ ਮਾਝੇ ਦੇ ਜ਼ਿਲ੍ਹਿਆਂ ਨੂੰ ਡੋਬਿਆ ਹੈ। ਸਾਲ 2008 'ਚ ਅਗਸਤ ਮਹੀਨੇ ਦੌਰਾਨ 46.4 ਫੀਸਦੀ ਵਾਧੂ ਮੀਂਹ ਪਿਆ ਸੀ, ਜਦੋਂ ਕਿ 2023 'ਚ 54.9 ਫੀਸਦੀ ਅਤੇ 2025 ਅਗਸਤ ਦੌਰਾਨ 74 ਫੀਸਦੀ ਵਾਧੂ ਮੀਂਹ ਪਿਆ ਹੈ, ਜਿਸ ਕਾਰਨ ਪਿਛਲੇ 26 ਸਾਲਾਂ ਦੌਰਾਨ ਇਸ ਸਾਲ ਅਗਸਤ ਮਹੀਨੇ ਸਭ ਤੋਂ ਜ਼ਿਆਦਾ ਮੀਂਹ ਪਿਆ ਹੈ। ਦੂਜੇ ਪਾਸੇ ਜਦੋਂ ਵੀ ਸਤੰਬਰ ਮਹੀਨੇ ਆਮ ਦੇ ਮੁਕਾਬਲੇ ਜ਼ਿਆਦਾ ਮੀਹ ਪੈਂਦਾ ਹੈ ਤਾਂ ਭਾਰੀ ਨੁਕਸਾਨ ਹੁੰਦੀ ਹੈ। ਮਿਸਾਲ ਦੇ ਤੌਰ 'ਤੇ 2008 'ਚ 104.7 ਫੀਸਦੀ ਵਾਧੂ ਮੀਂਹ ਪਿਆ ਸੀ ਅਤੇ ਉਸ ਮੌਕੇ ਵੱਡਾ ਨੁਕਸਾਨ ਹੋਇਆ ਸੀ। 2019 'ਚ 15 ਫੀਸਦੀ ਘੱਟ ਮੀਂਹ ਪਿਆ ਸੀ, ਜਦੋਂ ਕਿ 2023 'ਚ ਸਤੰਬਰ ਮਹੀਨੇ 64.6 ਫੀਸਦੀ ਅਤੇ ਸਤੰਬਰ 2025 'ਚ ਹੁਣ ਤੱਕ 112 ਫੀਸਦੀ ਵਾਧੂ ਮੀਂਹ ਪੈ ਜਾ ਚੁੱਕਾ ਹੈ।

# ਮੱਛਰ-ਮੁਕਾਊ ਮਕੜੀ ਦੀ ਇੰਜਨੀਅਰਿੰਗ ਕਲਾ !



ਸੰਨ ਸਤਵੰਜਾ ਵਿਚ ਆਪਣੇ ਜਨਮ ਤੋਂ ਬਾਅਦ ਮੈਂ ਬਾਲਪਨ ਤੇ ਜਵਾਨੀ ਦਾ ਕਾਫੀ ਹਿੱਸਾ ਕੱਚੇ ਕੋਠਿਆਂ ਵਿਚ ਹੀ ਗੁਜਾਰਿਆ। ਮਤਲਬ ਕਿ ਸੌਣ-ਭਾਦੋਂ ਦੇ ਮੌਸਮ ਵਿਚ ਮੇਰਾ ਮੱਛਰ ਨਾਲ ਖ਼ੂਬ 'ਵਾਹ ਵਾਸਤਾ' ਪੈਂਦਾ ਰਿਹਾ। ਮੱਛਰ ਦੇ ਡੰਗਾਂ ਬਾਰੇ ਤਾਂ ਗੁਰੂ ਨਾਨਕ ਸਾਹਿਬ ਨੇ ਤੁਖਾਰੀ ਰਾਗ ਦੇ ਬਾਰਹਮਾਹ ਵਿਚ ਵੀ ਜਿਕਰ ਕੀਤਾ ਹੋਇਆ ਹੈ-'ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥' (ਭਾਵ-ਸੌਣ-ਭਾਦੋਂ ਦੇ ਮਹੀਨੇ ਮੱਛਰ ਡੰਗ ਮਾਰਦੇ ਹਨ....ਚੁਫੇਰੇ ਮੀਂਹ ਦੇ ਪਾਣੀ ਨਾਲ ਟੋਭੇ ਤਲਾਅ ਭਰੇ ਹੋਏ ਹਨ!)



ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724


ਭਾਦੋਂ ਦੀ ਹੁੰਮਹਸ ਭਰੀ ਰੁੱਤ ਬਾਰੇ ਗੱਲ ਕਰਨ ਲੱਗਿਆਂ ਇਕ ਪੁਰਾਣੀ ਮਿਸਾਲ-ਕੁਦਰਤ ਨਾਲ ਇਕ-ਸੁਰ ਹੋ ਕੇ ਜੀਵਨ ਗੁਜ਼ਾਰਦੇ ਹੋਰ ਪੇਂਡੂ ਬਜ਼ੁਰਗਾਂ ਵਾਂਗ ਸਾਡੇ ਭਾਈਆ ਜੀ ਨੇ ਵੀ ਇਨ੍ਹਾਂ ਦਿਨਾਂ ਵਿਚ ਮੱਖੀ ਮੱਛਰ ਤੋਂ ਤੰਗ ਹੋਇਆਂ ਨੇ ਭਾਦੋਂ ਮਹੀਨੇ ਦੇ ਅਖੀਰ ਜਿਹੇ ਜਾ ਕੇ ਆਪਣੇ ਸਾਥੀਆਂ ਨਾਲ ਗੱਲਾਂ ਕਰਦਿਆਂ ਕਹਿਣਾ-

'ਲੈ ਬਈ ਫਲਾਣਾ ਸਿਆਂ, ਹੁਣ ਕਣਹੇ (ਮਕੜੀ)ਨੇ ਜਾਲ ਪਾ ਲੈਣਾ ਐਂ ਤੇ ਮੱਛਰ ਦਾ ਖਾਤਮਾਂ ਹੋ ਜਾਣਾ!!'

ਜਦ ਅਸੀਂ ਨਿਆਣਿਆਂ ਨੇ ਇਹ ਗੱਲ ਸੁਣ ਕੇ ਹੱਸਣਾ ਕਿ ਕਣਹੇ ਦੇ ਇਕ ਜਾਲ ਵਿਚ ਭਲਾਂ ਕਿੰਨਾਂ ਕੁ ਮੱਛਰ ਫਸ ਜਾਊਗਾ? ਤਾਂ ਭਾਈਆ ਜੀ ਨੇ ਜਵਾਬ ਦੇਣਾ-

'ਉਏ ਕਮਲ ਉ, ਕਣਹੇ ਨੇ ਕਿਹੜਾ ਸਿਰਫ ਇੱਕੋ ਥਾਂਹ ਹੀ ਜਾਲ? ਪਾਉਣਾ ਐਂ?'

ਐਤਕੀਂ ਸੰਨ 2025 ਦੀ ਭਾਦੋਂ ਮੁੱਕਣ 'ਤੇ ਮੈਂ ਇਕ ਦਿਨ ਸਤਲੁਜ ਦਰਿਆ ਕੰਢੇ ਸੈਰ ਕਰਦਿਆਂ ਮਕੜੀ ਦਾ ਜਾਲ ਦੇਖਿਆ। ਜਾਲ ਦੀ ਬਣਤਰ ਦੇਖ ਕੇ ਕਣਹੇ (ਮਕੜੀ) ਦੀ ਇੰਜਨੀਅਰੀ ਕਲਾ ਤੋਂ ਦੰਗ ਹੋਣਾ ਕੁਦਰਤੀ ਹੀ ਸੀ! ਨਿੱਕੀ ਮੱਖੀ ਜਿਹੇ ਜਾਨਵਰ ਨੂੰ ਕਰਤੇ ਪੁਰਖ ਨੇ ਦੇਖੋ ਕੈਸੀ ਅਜੀਬ ਤੇ ਅਨੋਖੀ ਕਲਾ ਬਖਸ਼ੀ ਹੋਈ ਹੈ! ਇਸ ਜਾਲ ਦੀ ਕਈ ਐਂਗਲਾਂ ਤੋਂ ਫੋਟੋ ਖਿੱਚਣ ਵੇਲੇ ਮੈਂ ਕਾਫੀ ਚਿਰ ਘੌਂਚਲਦਾ ਰਿਹਾ ਪਰ ਕਿਸੇ ਫੋਟੋ ਵਿਚ ਵੀ ਜਾਲ ਦੀਆਂ ਮਹੀਨ ਤਾਰਾਂ ਸਾਫ ਦਿਖਾਈ ਨਹੀਂ ਸੀ ਦਿੰਦੀਆਂ! ਪਰ ਆਖਰ ਨੂੰ ਇਹਦੀ ਇਕ ਸਾਫ ਜਿਹੀ ਫੋਟੋ 'ਕਲਿਕ' ਹੋ ਹੀ ਗਈ!

ਘਰੇ ਪਹੁੰਚ 'ਮਹਾਨ ਕੋਸ਼' ਵਿਚ ਮਕੜੀ ਬਾਰੇ ਜਾਣਕਾਰੀ ਪੜ੍ਹ ਕੇ ਮੇਰੀ ਹੈਰਾਨੀ ਹੋਰ ਵਧ ਗਈ !ਭਾਈ ਕਾਨ੍ਹ ਸਿੰਘ ਨਾਭਾ ਹੁਣਾ 'ਮਕੜੀ' ਵਾਲੇ ਇੰਦਰਾਜ ਵਿਚ ਲਿਖਿਆ ਹੋਇਆ ਹੈ-'ਅੱਠ ਪੈਰਾਂ ਵਾਲਾ ਇਕ ਜੀਵ, ਜੋ ਮੂੰਹ ਤੋਂ ਤੰਦ ਕੱਢਕੇ ਜਾਲ ਫੈਲਾਉਂਦਾ ਹੈ।'

ਇੰਜਨੀਅਰਾਂ ਦੀ ਦੁਨੀਆਂ ਵਿਚ ਇਸ ਕਣਹੇ (ਮਕੜੀ) ਦੀ ਇੰਜਨੀਅਰਿੰਗ ਕਲਾ ਕਿਹੜੀ ਘੱਟ ਹੈ ਜੀ?

# ਓਲਡਬਰੀ ਇਲਾਕੇ 'ਚ ਸਿੱਖ ਲੜਕੀ ਨਾਲ ਜਬਰ ਜਨਾਹ ਮਾਮਲੇ ਦੇ ਵਿਰੋਧ 'ਚ ਲੈਸਟਰ 'ਚ ਹੋਇਆ ਵੱਖ-ਵੱਖ ਧਰਮਾਂ ਦਾ ਵੱਡਾ ਇਕੱਠ

ਲੈਸਟਰ, (ਇੰਗਲੈਂਡ) : ਬਰਮਿੰਘਮ ਨੇੜਲੇ ਇਲਾਕੇ ਓਲਡਬਰੀ 'ਚ ਵਾਪਰੀ ਸਿੱਖ ਲੜਕੀ ਨਾਲ ਜਬਰ ਜਨਾਹ ਤੇ ਨਸਲਵਾਦੀ ਘਟਨਾ ਦੇ ਵਿਰੋਧ 'ਚ ਇੰਗਲੈਂਡ ਦੇ ਸ਼ਹਿਰ ਲੈਸਟਰ ਵਿਖੇ ਵੱਖ-ਵੱਖ ਭਾਈਚਾਰਿਆਂ ਦਾ ਵਿਸ਼ਾਲ ਇਕੱਠ ਹੋਇਆ। ਇੰਡੀਅਨ ਵਰਕਰਜ ਐਸੋਸੀਏਸ਼ਨ (ਗਰੇਟ ਬ੍ਰਿਟੇਨ) ਦੇ ਸੱਦੇ 'ਤੇ ਇਸ ਇਕੱਠ 'ਚ ਪੁੱਜੇ ਸਿੱਖ, ਮੁਸਲਿਮ, ਹਿੰਦੂ, ਇਸਾਈ ਤੇ ਹੋਰ ਵੱਖ-ਵੱਖ ਧਰਮਾਂ ਦੇ ਆਗੂਆਂ ਸਮੇਤ ਕਮਿਊਨਟੀ ਦੇ ਪ੍ਰਤਿਨਿਧੀ, ਟਰੇਡ ਯੂਨੀਅਨ ਕਾਰਕੁਨ, ਕੌਂਸਲਰ, ਧਾਰਮਿਕ ਨੇਤਾ, ਔਰਤਾਂ ਦੇ ਸੰਗਠਨ ਅਤੇ ਨਸਲਵਾਦ ਵਿਰੋਧੀ ਐਕਟਿਵਿਸਟ ਸ਼ਾਮਲ ਹੋਏ। ਇਸ ਰਿਕਾਰਡ ਤੋੜ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਧਰਮਾਂ ਤੇ ਭਾਈਚਾਰਿਆਂ ਦੇ ਆਗੂਆਂ ਨੇ ਇਸ ਘਟਨਾ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਜੁਰਮ ਸਿਰਫ਼ ਇਕ ਔਰਤ 'ਤੇ ਹਮਲਾ ਨਹੀਂ ਸੀ, ਬਲਕਿ ਸਾਰੀਆਂ ਔਰਤਾਂ ਤੇ ਘੱਟ ਗਿਣਤੀ ਕਮਿਊਨਟੀਆਂ ਦੀ ਇਜ਼ਤ ਤੇ ਸੁਰੱਖਿਆ 'ਤੇ ਹਮਲਾ ਸੀ। ਉਹਨਾਂ ਕਿਹਾ ਕਿ ਅਸੀਂ ਪੀੜਤ ਅਤੇ ਉਸਦੇ ਪਰਿਵਾਰ ਨਾਲ ਆਪਣੀ ਪੂਰੀ ਏਕਤਾ ਜਤਾਉਂਦੇ ਹਾਂ। ਉਹ ਇਕੱਲੇ ਨਹੀਂ ਹਨ, ਸਾਰੀ ਕਮਿਊਨਟੀ ਉਹਨਾਂ ਦੇ ਨਾਲ ਖੜ੍ਹੀ ਹੈ। ਵੱਖ ਵੱਖ ਭਾਈਚਾਰੇ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਇਹ ਵਾਅਦਾ ਕਰਦੇ ਹਾਂ ਕਿ ਅਸੀਂ ਕਮਿਊਨਟੀਆਂ, ਧਰਮਾਂ ਅਤੇ ਟਰੇਡ ਯੂਨੀਅਨਾਂ 'ਚ ਏਕਤਾ ਨਾਲ ਨਸਲਵਾਦ, ਔਰਤ ਵਿਰੋਧੀ ਸੋਚ ਤੇ ਹਰ ਕਿਸਮ ਦੀ ਨਫ਼ਰਤ ਦੇ ਖਿਲਾਫ਼ ਖੜ੍ਹੇ ਰਹਾਂਗੇ ਤੇ ਜਿੰਨਾ ਚਿਰ ਪੀੜ ਤੇ ਲੜਕੀ ਨੂੰ ਇਨਸਾਫ਼ ਨਹੀਂ ਮਿਲ ਜਾਂਦਾ ਅਸੀਂ ਸੰਘਰਸ਼ ਜਾਰੀ ਰੱਖਾਂਗੇ। ਇਸ ਸਾਲ ਇਕੱਠ ਨੂੰ ਪ੍ਰੀਤ ਕੌਰ ਗਿੱਲ ਐਮ.ਪੀ. ਨੇ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕੀਤਾ। ਇਸ ਮਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਸ਼ੌਕਤ ਆਦਮ ਐਮ.ਪੀ ਲੈਸਟਰ ਸਾਊਥ , ਸੀਤਲ ਸਿੰਘ ਗਿੱਲ ਜਨਰਲ ਸਕੱਤਰ, ਇੰਡਿਅਨ ਵਰਕਰਜ਼ ਅਸੋਸੀਏਸ਼ਨ (ਜੀ.ਬੀ.), ਦਿਲਬਾਗ ਸਿੰਘ ਗਿੱਲ ਨੈਸ਼ਨਲ ਐਗਜਿਕਯੂਟਿਵ, ਆਈ.ਡਬਲਯੂ.ਏ. (ਜੀ.ਬੀ.), ਡਗਲਸ ਜੌਨਸਟਨ ਰੀਜਨਲ ਪ੍ਰੈਜ਼ੀਡੈਂਟ, ਬੀ.ਐਫ.ਏ.ਡਬਲਯੂ.ਯੂ. ਯੂਨੀਅਨ, ਜੈਕੀ ਲੂਇਸ ਚੇਅਰ, ਲੈਸਟਰ ਸਟੈਂਡ ਅੱਪ ਟੂ ਰੇਸਿਜ਼ਮ, ਕੌਂਸਲਰ ਭੂਪਿਨ ਦਵੇ ਸਾਬਕਾ ਡਿਪਟੀ ਲੀਡਰ, ਲੈਸਟਰ ਸਿਟੀ ਕੌਂਸਲ, ਕੌਂਸਲਰ ਸੰਤੋਖ ਸਿੰਘ ਅਟਵਾਲ, ਕਲੌਡੀਆ ਵੇਬ ਸਾਬਕਾ ਐਮ.ਪੀ, ਕੌਂਸਲਰ ਕੁਲਵਿੰਦਰ ਸਿੰਘ ਜੌਹਲ, ਕੌਂਸਲਰ ਦੇਵੀ ਸਿੰਘ ਪਟੇਲ, ਕੌਂਸਲਰ ਨੈਗਸ ਅਰਾਥ, ਕੌਂਸਲਰ ਜੈਫਰੀ, ਕੌਂਸਲਰ ਲਤੀਫ ਦਰ, ਕੌਂਸਲਰ ਰਵੀ ਮਹੇਸ਼, ਸੁਖਦੇਵ ਸਿੰਘ ਬੰਸਲ, ਗੁਰਨਾਮ ਸਿੰਘ ਨਵਾਂਸ਼ਹਿਰ ਪ੍ਰਧਾਨ ਗੁਰੂ ਤੇਗ ਬਹਾਦੁਰ ਗੁਰਦੁਆਰਾ, ਮੰਗਣ ਭਾਈ ਪਟੇਲ ਗੁਜਰਾਤ ਹਿੰਦੂ ਅਸੋਸੀਏਸ਼ਨ ਅਤੇ ਲੈਸਟਰ ਹਿੰਦੂ ਫੈਡਰੇਸ਼ਨ, ਉਸਮਾਨ ਜਾਦੂਨ ਮੁਸਲਿਮ ਕੌਂਸਲ, ਮੋਹਮਦ ਲੈਸਟਰ ਮੁਸਲਿਮ ਕੌਂਸਲ, ਸ਼ਰਮੀਨ ਰਹਮਾਨ ਦ ਗ੍ਰੀਨ ਪਾਰਟੀ, ਗੁਰਜੀਤ ਸਿੰਘ ਸਮਰਾ ਸ਼੍ਰੀ ਗੁਰੂ ਹਰਕ੍ਰਿਸ਼ਨ ਗੁਰਦੁਆਰਾ ਓਡਬੀ, ਕੌਂਸਲਰ ਮੋਹਿੰਦਰ ਸਿੰਘ ਸੰਘਾ, ਜਸਵੰਤ ਕੌਰ, ਰਵਿੰਦਰ ਕੌਰ ਲਾਲ, ਜਗਜੀਤ ਸਿੰਘ, ਰਾਜਵੰਤ ਸਿੰਘ ਕੰਗ, ਕਸ਼ਮੀਰ ਸਿੰਘ, ਸ਼ਿੰਗਾਰਾ ਸਿੰਘ ਰੰਧਾਵਾ, ਮੰਗਤ ਸਿੰਘ ਪਲਾਹੀ, ਮੁਖਤਿਆਰ ਸਿੰਘ ਝੰਡੇਰ ਸਮੇਤ ਵੱਖ-ਵੱਖ ਭਾਈਚਾਰਿਆਂ ਦੇ ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਤੇ ਵੱਡੀ ਗਿਣਤੀ 'ਚ ਇੰਗਲੈਂਡ ਸਮੇਤ ਵੱਖ-ਵੱਖ ਸ਼ਹਿਰਾਂ ਤੋਂ ਵੱਖ ਵੱਖ ਧਰਮਾਂ ਦੇ ਲੋਕ ਹਾਜਰ ਸਨ।



# ਦਿੱਲੀ ਯੂਨੀਵਰਸਿਟੀ ਦੇ ਚੋਣ ਨਤੀਜੇ: ਏਬੀਵੀਪੀ ਦੇ ਆਰੀਅਨ ਮਾਨ ਨੇ ਪ੍ਰਧਾਨਗੀ 'ਤੇ ਹੱਕ ਜਤਾਇਆ

## ਐੱਨਐੱਸਯੂਆਈ ਨੇ ਮੀਤ ਪ੍ਰਧਾਨ ਦੀ ਦਾਅਵੇਦਾਰੀ ਆਪਣੇ ਨਾਂ ਕੀਤੀ







ਨਵੀਂ ਦਿੱਲੀ : ਦਿੱਲੀ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ (DUSU) ਦੀਆਂ ਚੋਣਾਂ ਵਿੱਚ ABVP ਦੇ ਆਰੀਅਨ ਮਾਨ ਨੇ ਫੈਸਲਾਕੁੰਨ ਜਿੱਤ ਹਾਸਲ ਕੀਤੀ। ਵੋਟਾਂ ਦੀ ਗਿਣਤੀ ਦੇ 20ਵੇਂ ਦੌਰ ਦੇ ਅੰਤ ਤੱਕ ਆਰੀਅਨ ਮਾਨ ਕੋਲ 28,821 ਵੋਟਾਂ ਸਨ, ਜਦੋਂ ਕਿ NSUI ਦੀ ਉਮੀਦਵਾਰ ਜੋਸਲਿਨ ਨੰਦਿਤਾ ਚੌਧਰੀ ਨੂੰ ਸਿਰਫ਼ 12,645 ਵੋਟਾਂ ਮਿਲੀਆਂ। ਪ੍ਰਧਾਨਗੀ ਤੋਂ ਇਲਾਵਾ ABVP ਨੇ ਸਕੱਤਰ (ਕੁਨਾਲ ਚੌਧਰੀ) ਅਤੇ ਸੰਯੁਕਤ ਸਕੱਤਰ (ਦੀਪਿਕਾ ਝਾਅ) ਦੇ ਅਹੁਦਿਆਂ 'ਤੇ ਕਬਜ਼ਾ ਕਰ ਲਿਆ। ਹਾਲਾਂਕਿ NSUI ਦੇ ਉਮੀਦਵਾਰ ਰਾਹੁਲ ਝਾਂਸਲਾ ਯਾਦਵ ਨੇ 29,339 ਵੋਟਾਂ ਨਾਲ ਮੀਤ ਪ੍ਰਧਾਨ ਦਾ ਅਹੁਦਾ ਹਾਸਲ ਕੀਤਾ।

ਇਸ ਤੋਂ ਪਹਿਲਾਂ ਚੋਣ ਅਮਲੇ ਨੇ ਈਵੀਐੱਮ ਦੀ ਗਿਣਤੀ ਸ਼ੁਰੂ ਹੋਣ ਤੋਂ ਪਹਿਲਾਂ ਉਮੀਦਵਾਰਾਂ ਅਤੇ ਸਾਰੀਆਂ ਪ੍ਰਮੁੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਸਟਰਾਂਗ ਰੂਮ ਖੋਲ੍ਹਿਆ। ਪ੍ਰਧਾਨ, ਉਪ ਪ੍ਰਧਾਨ, ਸਕੱਤਰ ਅਤੇ ਸੰਯੁਕਤ ਸਕੱਤਰ ਦੇ ਚਾਰ ਮੁੱਖ ਅਹੁਦਿਆਂ ਲਈ ਜ਼ੋਰਦਾਰ ਪ੍ਰਚਾਰ ਹੋਇਆ।

ਮੁੱਖ ਚੋਣ ਅਧਿਕਾਰੀ ਪ੍ਰੋਫੈਸਰ ਰਾਜ ਕਿਸ਼ੋਰ ਸ਼ਰਮਾ ਨੇ ਕਿਹਾ ਕਿ ਵੋਟਾਂ ਦੀ ਗਿਣਤੀ ਸਮੇਂ ਸਿਰ ਸ਼ੁਰੂ ਹੋ ਗਈ ਸੀ। ਉਨ੍ਹਾਂ ਕਿਹਾ, "ਉਮੀਦਵਾਰਾਂ ਦੇ ਸਾਹਮਣੇ ਸਟਰਾਂਗ ਰੂਮ ਖੋਲ੍ਹਿਆ ਗਿਆ ਸੀ ਅਤੇ ਫਿਰ ਪ੍ਰਕਿਰਿਆ ਮਸ਼ੀਨਾਂ ਵਿੱਚ ਤਬਦੀਲ ਹੋ ਗਈ ਸੀ। ਗਿਣਤੀ ਲਈ ਇੱਕ ਵੱਡੀ ਟੀਮ ਤਾਇਨਾਤ ਕੀਤੀ ਗਈ ਸੀ।"

**ਕੁੱਲ ਵੋਟਾਂ ਪਈਆਂ**

ਪ੍ਰਧਾਨ: 59,882, ਉਪ ਪ੍ਰਧਾਨ: 59,869, ਸੈਕਟਰੀ: 59,863, ਸੰਯੁਕਤ ਸਕੱਤਰ: 59,919

**ਏਬੀਵੀਪੀ ਉਮੀਦਵਾਰ**

ਪ੍ਰਧਾਨ: ਆਰੀਅਨ ਮਾਨ: 28,821, ਉਪ ਪ੍ਰਧਾਨ: ਗੋਵਿੰਦ ਤਨਵਾ: 20,547, ਸੈਕਟਰੀ: ਕੁਨਾਲ ਚੌਧਰੀ: 23,779, ਸੰਯੁਕਤ ਸਕੱਤਰ: ਦੀਪਿਕਾ ਝਾਅ: 21,825

**ਐੱਨਐੱਸਯੂਆਈ ਉਮੀਦਵਾਰ**

ਪ੍ਰਧਾਨ: ਜੋਸਲਿਨ ਨੰਦਿਤਾ ਚੌਧਰੀ: 12,645, ਉਪ ਪ੍ਰਧਾਨ: ਰਾਹੁਲ ਝਾਂਸਲਾ: 29,339, ਸੈਕਟਰੀ: ਕਬੀਰ: 9,525, ਸੰਯੁਕਤ ਸਕੱਤਰ: ਲਵ ਕੁਸ਼ ਬਧਾਨਾ: 17,380

**ਆਈਸਾ-ਐੱਸਐੱਫਆਈ ਉਮੀਦਵਾਰ**

ਪ੍ਰਧਾਨ: ਅੰਜਲੀ: 5,385, ਉਪ ਪ੍ਰਧਾਨ: ਸੋਹਨ: 4,163, ਸਕੱਤਰ: ਅਭਿਨੰਦਨਾ: 9,535, ਸੰਯੁਕਤ ਸਕੱਤਰ: ਅਭਿਸ਼ੇਕ: 8,425

# ਦਫਾਦਾਰਾਂ ਅਤੇ ਚੌਕੀਦਾਰਾਂ ਨੇ ਬਿਹਾਰ ਸਰਕਾਰ ਵਿਰੁੱਧ ਕੀਤਾ ਪ੍ਰਦਰਸ਼ਨ




ਪਟਨਾ : ਪੁਲਿਸ ਨੇ ਪਟਨਾ ਵਿੱਚ ਸੇਵਾਮੁਕਤ ਵਿਅਕਤੀਆਂ ਦੇ ਆਸ਼ਰਿਤਾਂ ਦੀ ਬਹਾਲੀ ਅਤੇ ਹੋਰ ਮੰਗਾਂ ਲਈ ਕੀਤੇ ਗਏ ਵਿਰੋਧ ਪ੍ਰਦਰਸ਼ਨ ਦੌਰਾਨ ਦਫਾਦਾਰਾਂ ਅਤੇ ਚੌਕੀਦਾਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

# ਸਿੱਖਾਂ ਦੇ ਸ਼ਾਨਦਾਰ ਇਤਿਹਾਸ ਤੇ ਭਾਰਤੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ ਪਵਿੱਤਰ ਨਿਸ਼ਾਨੀਆਂ : ਨਰਿੰਦਰ ਮੋਦੀ

## ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਦੀਆਂ ਪਵਿੱਤਰ ਨਿਸ਼ਾਨੀਆਂ ਸੰਬੰਧੀ ਸਿਫ਼ਾਰਿਸ਼ਾਂ ਪ੍ਰਧਾਨ ਮੰਤਰੀ ਨੂੰ ਸੌਂਪੀਆਂ







ਨਵੀਂ ਦਿੱਲੀ : ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਸਿੱਖ ਭਾਈਚਾਰੇ ਦੇ ਇਕ ਵਫ਼ਦ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੀ ਸੁਪਤਨੀ ਮਾਤਾ ਸਾਹਿਬ ਕੌਰ ਜੀ ਦੀ ਪਵਿੱਤਰ ਨਿਸ਼ਾਨੀ 'ਜੋੜੇ ਸਾਹਿਬ' ਨੂੰ ਸੁਰੱਖਿਅਤ ਰੱਖਣ ਅਤੇ ਸਨਮਾਨਜਨਕ ਢੰਗ ਨਾਲ ਜਨਤਾ ਨੂੰ ਇਸ ਦੇ ਦਰਸ਼ਨਾਂ ਸੰਬੰਧੀ ਸਿਫ਼ਾਰਿਸ਼ਾਂ ਸੌਂਪੀਆਂ। ਪ੍ਰਧਾਨ ਮੰਤਰੀ ਨੇ ਵੀ ਮੁਲਾਕਾਤ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪਵਿੱਤਰ ਨਿਸ਼ਾਨੀਆਂ ਬਹੁਤ ਅਹਿਮੀਅਤ ਰੱਖਦੀਆਂ ਹਨ ਅਤੇ ਅਧਿਆਤਮਿਕ ਤੌਰ 'ਤੇ ਬਹੁਤ ਮਹੱਤਵਪੂਰਨ ਹਨ। ਉਨ੍ਹਾਂ 'ਜੋੜੇ ਸਾਹਿਬ' ਦਾ ਜ਼ਿਕਰ ਕਰਦਿਆਂ ਕਿਹਾ ਕਿ ਜੋੜੇ ਸਾਹਿਬ ਵੀ ਸਿੱਖਾਂ ਦੇ ਸ਼ਾਨਦਾਰ ਇਤਿਹਾਸ ਦੇ ਨਾਲ-ਨਾਲ ਸਾਡੇ ਦੇਸ਼ ਦੇ ਸੱਭਿਆਚਾਰ ਦਾ ਅਨਿਖੜਵਾਂ ਅੰਗ ਹੈ। ਮੋਦੀ ਨੇ ਕਿਹਾ ਕਿ ਇਹ ਪਵਿੱਤਰ ਨਿਸ਼ਾਨੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਰਸਾਏ ਬਹਾਦੁਰੀ, ਸਹੀ ਰਾਹ, ਨਿਆਂ ਅਤੇ ਸਮਾਜਿਕ ਸੁਹਿਰਦਤਾ ਦੇ ਰਾਹ 'ਤੇ ਚੱਲਣ ਨੂੰ ਪ੍ਰੇਰਿਤ ਕਰਨਗੀਆਂ। ਇਸ ਮੌਕੇ ਗਾਇਕਾ ਹਰਸ਼ਦੀਪ ਕੌਰ ਨੇ ਮੂਲ ਮੰਤਰ ਦਾ ਪਾਠ ਵੀ ਕੀਤਾ। ਇਹ ਪਵਿੱਤਰ ਨਿਸ਼ਾਨੀ ਤਕਰੀਬਨ 300 ਸਾਲ ਪੁਰਾਣੀ ਦੱਸੀ ਜਾਂਦੀ ਹੈ, ਜਿਸ ਦੀ ਕਈ ਪੀੜ੍ਹੀਆਂ ਤੱਕ ਪੁਰੀ ਪਰਿਵਾਰ ਨੇ ਸੇਵਾ ਕੀਤੀ ਹੈ। ਇਨ੍ਹਾਂ 'ਚੋਂ ਇਕ ਜੋੜਾ ਗੁਰੂ ਗੋਬਿੰਦ ਸਿੰਘ ਜੀ ਦਾ ਅਤੇ ਇਕ ਉਨ੍ਹਾਂ ਦੀ ਸੁਪਤਨੀ ਮਾਤਾ ਸਾਹਿਬ ਕੌਰ ਜੀ ਦਾ ਹੈ। ਕੇਂਦਰੀ ਮੰਤਰੀ ਪੁਰੀ ਨੇ ਪਰਿਵਾਰ ਦੇ 'ਜੋੜੇ ਸਾਹਿਬ' ਪ੍ਰਤੀ ਡੂੰਘਾ ਅਧਿਆਤਮਿਕ ਸੰਬੰਧ ਦੱਸਦਿਆਂ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਕਈ ਪੀੜ੍ਹੀਆਂ ਤੋਂ 'ਜੋੜੇ ਸਾਹਿਬ' ਦੀ ਸੇਵਾ ਕਰ ਰਿਹਾ ਹੈ। ਪੁਰੀ ਨੇ ਸੋਸ਼ਲ ਮੀਡੀਆ ਮੰਚ 'ਤੇ ਪਾਏ ਤਵਸੀਲੀ ਸੰਦੇਸ਼ 'ਚ ਕਿਹਾ ਕਿ ਉਨ੍ਹਾਂ ਕਈ ਮਸ਼ਹੂਰ ਸ਼ਖ਼ਸੀਅਤਾਂ ਅਤੇ ਸਿੱਖ ਸੰਗਤ ਦੇ ਮੰਨੇ-ਪ੍ਰਮੰਨੇ ਮੈਂਬਰਾਂ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਪਵਿੱਤਰ 'ਜੋੜੇ ਸਾਹਿਬ' ਦੀ ਸਾਂਭ-ਸੰਭਾਲ ਅਤੇ ਜਨਤਾ ਨੂੰ ਉਨ੍ਹਾਂ ਦੇ ਦਰਸ਼ਨਾਂ ਸੰਬੰਧੀ ਸਿਫ਼ਾਰਿਸ਼ਾਂ ਸਪੁਰਦ ਕੀਤੀਆਂ ਹਨ। ਉਨ੍ਹਾਂ ਕਿਹਾ ਕਿ 'ਜੋੜੇ ਸਾਹਿਬ' 'ਚ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਸੱਜੇ ਪੈਰ ਅਤੇ ਮਾਤਾ ਸਾਹਿਬ ਕੌਰ ਜੀ ਦੇ ਖੱਬੇ ਪੈਰ ਦਾ ਜੋੜਾ ਹੈ। ਪੁਰੀ ਨੇ ਕਿਹਾ ਕਿ ਪੁਰੀ ਪਰਿਵਾਰ ਨੂੰ ਇਨ੍ਹਾਂ ਪਵਿੱਤਰ ਜੋੜਿਆਂ ਦੀ ਸੇਵਾ ਕਰਨ ਦਾ ਸੁਭਾਗ 300 ਸਾਲ ਪਹਿਲਾਂ ਪ੍ਰਾਪਤ ਹੋਇਆ ਸੀ। ਉਨ੍ਹਾਂ ਕਿਹਾ ਕਿ ਸਾਡੇ ਪੁਰਖਿਆਂ ਨੇ ਗੁਰੂ ਸਾਹਿਬ ਨੂੰ ਪ੍ਰਾਥਨਾ ਕੀਤੀ ਸੀ ਕਿ ਉਹ ਉਨ੍ਹਾਂ ਨੂੰ 'ਜੋੜਾ ਸਾਹਿਬ' ਦੀ ਸੇਵਾ ਕਰਨ ਦਾ ਮਾਣ ਬਖਸ਼ਣ, ਤਾਂ ਜੋ ਉਨ੍ਹਾਂ ਦੇ ਪਰਿਵਾਰ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਗੁਰੂ ਸਾਹਿਬ ਦਾ ਆਸ਼ੀਰਵਾਦ ਮਿਲਦਾ ਰਹੇ। ਪੁਰੀ ਨੇ ਲਿਖਿਆ ਕਿ 'ਜੋੜਾ ਸਾਹਿਬ' ਦੇ ਆਖਰੀ ਰਖਵਾਲੇ ਉਨ੍ਹਾਂ ਦੇ ਸਵਰਗਵਾਸੀ ਭਰਾ ਜਸਮੀਤ ਸਿੰਘ ਪੁਰੀ ਸਨ, ਜੋ ਦਿੱਲੀ ਦੇ ਕਰੋਲ ਬਾਗ਼ ਵਿਖੇ ਇਕ ਗਲੀ 'ਚ ਰਹਿੰਦੇ ਸਨ, ਜਿਸ ਦਾ ਨਾਂਅ ਵੀ ਇਸ ਪਵਿੱਤਰ ਯਾਦਗਾਰ 'ਤੇ ਗੁਰੂ ਗੋਬਿੰਦ ਸਿੰਘ ਮਾਰਗ ਰੱਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਪਰਿਵਾਰ 'ਚ ਹੁਣ ਉਹ ਸਭ ਤੋਂ ਵੱਡੇ ਹਨ ਤਾਂ ਉਨ੍ਹਾਂ (ਜਸਮੀਤ ਸਿੰਘ ਪੁਰੀ) ਦੀ ਪਤਨੀ ਮਨਪ੍ਰੀਤ ਨੇ ਉਨ੍ਹਾਂ ਨੂੰ ਕਿਹਾ ਕਿ ਇਸ ਪਵਿੱਤਰ ਯਾਦਗਾਰ ਲਈ ਇਕ ਅਜਿਹਾ ਢੁਕਵਾਂ ਘਰ ਲੱਭਿਆ ਜਾਏ ਜਿਥੇ ਵੱਧ ਤੋਂ ਵੱਧ ਸ਼ਰਧਾਲੂ 'ਜੋੜੇ ਸਾਹਿਬ' ਦੇ ਦਰਸ਼ਨ ਕਰ ਸਕਣ। ਸੰਗਤ ਨੂੰ ਦਰਸ਼ਨਾਂ ਲਈ ਅਤੇ ਸੰਭਾਵਿਤ ਨਵੀਂ ਥਾਂ 'ਤੇ ਸਜਾਉਣ ਦੀ ਤਿਆਰੀ ਲਈ ਸੱਭਿਆਚਾਰ ਬਾਰੇ ਮੰਤਰਾਲੇ ਨੇ ਇਸ ਦਾ ਇਤਿਹਾਸਕ ਮਹੱਤਵ ਅਤੇ ਪ੍ਰਮਾਣਸਿੱਧਤਾ ਲਈ ਇਸ ਦੀ ਕਾਰਬਨ ਟੈਸਟਿੰਗ ਕੀਤੀ। ਉਨ੍ਹਾਂ ਕਿਹਾ ਕਿ ਕਮੇਟੀ ਦੇ ਮੈਂਬਰਾਂ ਨੇ ਇਸ ਸੰਬੰਧ 'ਚ ਆਪਣੀਆਂ ਸਿਫਾਰਿਸ਼ਾਂ ਦੀ ਰਿਪੋਰਟ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੇਸ਼ ਕੀਤੀ, ਜਿਨ੍ਹਾਂ ਹਮੇਸ਼ਾ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਸਿੱਖ ਸੰਗਤ ਦੇ ਮੈਂਬਰਾਂ ਪ੍ਰਤੀ ਸਨਮਾਨ ਪ੍ਰਗਟਾਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਸਿੱਖਾਂ ਦੇ ਕਈ ਧਾਰਮਿਕ ਸਥਾਨਾਂ ਪ੍ਰਤੀ ਨਿੱਜੀ ਦਿਲਚਸਪੀ ਪ੍ਰਗਟਾ ਕੇ ਸ਼ਰਧਾਲੂਆਂ ਲਈ ਬਿਹਤਰ ਸੰਪਰਕ ਸਥਾਪਿਤ ਕਰਨ 'ਚ ਮਦਦ ਕੀਤੀ।

# ਡੇਰਾ ਬਿਆਸ ਮੁਖੀ ਨੇ ਜੇਲ੍ਹ 'ਚ ਨਜ਼ਰਬੰਦ ਮਜੀਠੀਆ ਨਾਲ ਕੀਤੀ ਮੁਲਾਕਾਤ



ਨਾਭਾ : ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਭਾ ਸਥਿਤ ਨਵੀਂ ਜੇਲ੍ਹ ਵਿਚ ਨਜ਼ਰਬੰਦ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕਰਨ ਲਈ ਪਹੁੰਚੇ। ਡੇਰਾ ਮੁਖੀ ਕਰੀਬ 11 ਵਜੇ ਨਾਭਾ ਜੇਲ੍ਹ ਪਹੁੰਚੇ, ਜਿੱਥੇ ਉਨ੍ਹਾਂ ਵਲੋਂ ਮਜੀਠੀਆ ਨਾਲ ਕਰੀਬ 35 ਮਿੰਟ ਮੁਲਾਕਾਤ ਕੀਤੀ ਗਈ। ਡੇਰਾ ਮੁਖੀ ਹੈਲੀਕਾਪਟਰ ਰਾਹੀਂ ਪਹਿਲਾਂ ਨਾਭਾ ਪਹੁੰਚੇ, ਜਿੱਥੋਂ ਉਹ ਆਪਣੀ ਕਾਰ ਵਿਚ ਬੈਠ ਕੇ ਪਹਿਲਾਂ ਡੇਰਾ ਸਤਿਸੰਗ ਭਵਨ ਰਾਧਾ ਸੁਆਮੀ ਪਹੁੰਚੇ। ਸਤਿਸੰਗ ਭਵਨ ਵਿਚ ਮੌਜੂਦ ਸੰਗਤ ਨੂੰ ਦਰਸ਼ਨ ਦੇਣ ਉਪਰੰਤ ਡੇਰਾ ਮੁਖੀ ਨਾਭਾ ਜੇਲ੍ਹ ਲਈ ਰਵਾਨਾ ਹੋਏ। ਡੇਰਾ ਮੁਖੀ ਦੀ ਆਮਦ ਤੋਂ ਪਹਿਲਾਂ ਨਾਭਾ ਜੇਲ੍ਹ ਦੇ ਬਾਹਰ ਸੁਰੱਖਿਆ ਪ੍ਰਬੰਧ ਬੇਹੱਦ ਸਖ਼ਤ ਸਨ। ਮਜੀਠੀਆ ਨਾਲ ਮੁਲਾਕਾਤ ਕਰਨ ਨਵੀਂ ਜ਼ਿਲ੍ਹਾ ਜੇਲ੍ਹ ਦੇ ਬਾਹਰ ਵੱਡੀ ਗਿਣਤੀ 'ਚ ਪਹੁੰਚੀ ਸੰਗਤ ਨੂੰ ਵੀ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵਲੋਂ ਦਰਸ਼ਨ ਦਿੱਤੇ ਗਏ। ਨਵੀਂ ਜ਼ਿਲ੍ਹਾ ਜੇਲ੍ਹ ਵਿਚ ਨਜ਼ਰਬੰਦ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕਰਨ ਉਪਰੰਤ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਭਾ ਦੇ ਹੀਰਾ ਮਹਿਲ ਵਿਖੇ ਪਹੁੰਚੇ ਜਿੱਥੇ ਉਹ ਸ਼ਾਹੀ ਪਰਿਵਾਰ ਨੂੰ ਮਿਲੇ। ਇਸ ਮੌਕੇ ਸ਼ਾਹੀ ਮਹਿਲ ਵਿਚ ਮਹਾਰਾਣੀ ਉਮਾ ਸਿੰਘ, ਰਾਣੀ ਪ੍ਰੀਤੀ ਸਿੰਘ, ਯੁਵਰਾਜ ਅਭੀਉਦੇਪ੍ਰਤਾਪ ਸਿੰਘ, ਮਲਕੀਤ ਸਿੰਘ ਐਮ.ਡੀ. ਮਲਕੀਤ ਕੰਬਾਈਨ, ਪਾਖਰ ਸਿੰਘ ਸਹੌਲੀ, ਰਾਕੇਸ਼ ਜੈਨ ਆਦਿ ਮੌਜੂਦ ਸਨ।

# ਦੂਜੇ ਦੇਸ਼ਾਂ 'ਤੇ ਨਿਰਭਰਤਾ ਭਾਰਤ ਦੀ ਸਭ ਤੋਂ ਵੱਡੀ ਦੁਸ਼ਮਣ : ਮੋਦੀ

## ਆਤਮਨਿਰਭਰਤਾ ਦੀ ਆਵਾਜ਼ ਉਠਾਈ, ਹਰ ਚੀਜ਼ ਦੇ ਸਵਦੇਸ਼ੀ ਉਤਪਾਦਨ ਦਾ ਦਿੱਤਾ ਸੱਦਾ

ਭਾਵਨਗਰ (ਗੁਜਰਾਤ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਭਾਰਤ ਦਾ ਸਭ ਤੋਂ ਵੱਡਾ ਦੁਸ਼ਮਣ ਦੂਜੇ ਦੇਸ਼ਾਂ 'ਤੇ ਨਿਰਭਰਤਾ ਹੈ। ਉਨ੍ਹਾਂ ਆਤਮ-ਨਿਰਭਰਤਾ ਦੀ ਆਵਾਜ਼ ਉਠਾਈ ਤੇ ਸੈਮੀਕੰਡਕਟਰ ਤੋਂ ਲੈ ਕੇ ਜਹਾਜ਼ਾਂ ਤੱਕ ਹਰ ਚੀਜ਼ ਦੇ ਸਵਦੇਸ਼ੀ ਉਤਪਾਦਨ ਦਾ ਸੱਦਾ ਦਿੱਤਾ। 'ਸਮੁੰਦਰ ਸੇ ਸਮ੍ਰਿੱਧੀ' ਸਮਾਗਮ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਸੂਬੇ 'ਚ 34200 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟਾਂ ਦਾ ਉਦਘਾਟਨ ਤੇ ਨੀਂਹ ਪੱਥਰ ਰੱਖਿਆ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਦੀਆਂ ਸਾਰੀਆਂ ਸਮੱਸਿਆਵਾਂ ਦਾ ਇਕੋ-ਇਕ ਹੱਲ ਸਵੈ-ਨਿਰਭਰਤਾ ਹੈ। ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਦੂਸਰੇ ਦੇਸ਼ਾਂ 'ਤੇ ਨਿਰਭਰਤਾ ਨੂੰ ਸਮੂਹਿਕ ਤੌਰ 'ਤੇ ਹਰਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਸ਼ਵਵਿਆਪੀ ਭਾਈਚਾਰੇ ਦੀ ਭਾਵਨਾ ਨਾਲ ਅੱਗੇ ਵਧ ਰਿਹਾ ਹੈ ਤੇ ਅੱਜ ਦੁਨੀਆ 'ਚ ਭਾਰਤ ਦਾ ਕੋਈ ਵੱਡਾ ਦੁਸ਼ਮਣ ਨਹੀਂ ਹੈ, ਪਰ ਸੱਚੇ ਸ਼ਬਦਾਂ 'ਚ ਭਾਰਤ ਦਾ ਸਭ ਤੋਂ ਵੱਡਾ ਦੁਸ਼ਮਣ ਦੂਜੇ ਦੇਸ਼ਾਂ 'ਤੇ ਨਿਰਭਰਤਾ ਹੈ। ਉਨ੍ਹਾਂ ਕਿਹਾ ਕਿ ਵੱਡੀ ਵਿਦੇਸ਼ੀ ਨਿਰਭਰਤਾ ਵੱਡੀ ਰਾਸ਼ਟਰੀ ਅਸਫਲਤਾ ਵੱਲ ਲੈ ਜਾਂਦੀ ਹੈ। ਵਿਸ਼ਵ ਸ਼ਾਂਤੀ, ਸਥਿਰਤਾ ਤੇ ਖੁਸ਼ਹਾਲੀ ਲਈ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਨੂੰ ਸਵੈ-ਨਿਰਭਰ ਬਣਨਾ ਚਾਹੀਦਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਦੂਜਿਆਂ 'ਤੇ ਨਿਰਭਰਤਾ ਰਾਸ਼ਟਰੀ ਸਵੈਮਾਣ ਨਾਲ ਸਮਝੌਤਾ ਕਰਦੀ ਹੈ। ਉਨ੍ਹਾਂ ਕਿਹਾ ਕਿ 140 ਕਰੋੜ ਭਾਰਤੀਆਂ ਦਾ ਭਵਿੱਖ ਬਾਹਰੀ ਤਾਕਤਾਂ 'ਤੇ ਨਹੀਂ ਛੱਡਿਆ ਜਾ ਸਕਦਾ, ਨਾ ਹੀ ਰਾਸ਼ਟਰੀ ਵਿਕਾਸ ਦਾ ਸੰਕਲਪ ਵਿਦੇਸ਼ੀ ਨਿਰਭਰਤਾ 'ਤੇ ਆਧਾਰਿਤ ਹੋ ਸਕਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਦੂਜਿਆਂ 'ਤੇ ਨਹੀਂ ਛੱਡਿਆ ਜਾ ਸਕਦਾ। ਜੇਕਰ 140 ਕਰੋੜ ਦੀ ਆਬਾਦੀ ਵਾਲਾ ਦੇਸ਼ ਦੂਜਿਆਂ 'ਤੇ ਨਿਰਭਰ ਹੈ ਤਾਂ ਇਹ ਰਾਸ਼ਟਰੀ ਸਵੈਮਾਣ ਨਾਲ ਸਮਝੌਤਾ ਕਰਦਾ ਹੈ। ਉਨ੍ਹਾਂ ਕਿਹਾ ਕਿ ਇਕ ਪ੍ਰਸਿੱਧ ਕਹਾਵਤ ਅਨੁਸਾਰ 100 ਤਰ੍ਹਾਂ ਦੇ ਦਰਦਾਂ ਦਾ ਸਿਰਫ ਇਕ ਹੀ ਇਲਾਜ ਹੈ। ਇਸੇ ਤਰ੍ਹਾਂ ਭਾਰਤ ਦੀਆਂ ਸਾਰੀਆਂ ਸਮੱਸਿਆਵਾਂ ਦਾ ਇਕ ਹੀ ਹੱਲ ਹੈ ਤੇ ਉਹ ਹੈ ਆਤਮਨਿਰਭਰਤਾ (ਸਵੈ-ਨਿਰਭਰਤਾ)। ਕਾਂਗਰਸ 'ਤੇ ਨਿਸ਼ਾਨਾ ਸਾਧਦੇ ਹੋਏ ਮੋਦੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਨੌਜਵਾਨਾਂ ਦੀ ਪ੍ਰਤਿਭਾ ਨੂੰ ਉਸ ਸਮੇਂ ਦੀ ਸੱਤਾਧਾਰੀ ਪਾਰਟੀ ਦੁਆਰਾ ਦਬਾ ਦਿੱਤਾ ਗਿਆ ਸੀ, ਜਿਸ ਨੇ ਲਾਇਸੈਂਸ ਰਾਜ ਵਰਗੀਆਂ ਪਾਬੰਦੀਆਂ ਲਗਾਈਆਂ ਸਨ। ਉਨ੍ਹਾਂ ਕਿਹਾ ਕਿ ਭਾਰਤ ਦੀਆਂ ਅੰਦਰੂਨੀ ਤਾਕਤਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰਨ ਦੇ ਨਤੀਜੇ ਵਜੋਂ ਦੇਸ਼ ਆਜ਼ਾਦੀ ਦੇ ਛੇ ਤੋਂ ਸੱਤ ਦਹਾਕਿਆਂ ਬਾਅਦ ਵੀ ਉਹ ਸਫਲਤਾ ਪ੍ਰਾਪਤ ਨਹੀਂ ਕਰ ਸਕਿਆ, ਜਿਸ ਦਾ ਉਹ ਅਸਲ 'ਚ ਹੱਕਦਾਰ ਸੀ। ਉਨ੍ਹਾਂ ਲਾਇਸੰਸ-ਕੋਟਾ ਸ਼ਾਸਨ 'ਚ ਲੰਬੇ ਸਮੇਂ ਤੱਕ ਉਲਝਣ ਤੇ ਵਿਸ਼ਵ ਬਾਜ਼ਾਰਾਂ ਤੋਂ ਅਲੱਗ-ਥਲੱਗਤਾ ਨੂੰ ਮੁੱਖ ਕਾਰਕਾਂ ਵਜੋਂ ਜ਼ਿੰਮੇਵਾਰ ਠਹਿਰਾਇਆ।



ਉਨ੍ਹਾਂ ਕਿਹਾ ਕਿ ਜਦੋਂ ਵਿਸ਼ਵੀਕਰਨ ਯੁੱਗ ਸ਼ੁਰੂ ਹੋਇਆ ਤਾਂ ਉਸ ਸਮੇਂ ਦੀਆਂ ਸਰਕਾਰਾਂ ਨੇ ਸਿਰਫ਼ ਦਰਾਮਦਾਂ 'ਤੇ ਧਿਆਨ ਕੇਂਦਰਿਤ ਕੀਤਾ, ਜਿਸ ਕਾਰਨ ਹਜ਼ਾਰਾਂ ਕਰੋੜ ਦੇ ਘੁਟਾਲੇ ਹੋਏ। ਇਨ੍ਹਾਂ ਨੀਤੀਆਂ ਨੇ ਭਾਰਤ ਦੇ ਨੌਜਵਾਨਾਂ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਤੇ ਦੇਸ਼ ਦੀ ਅਸਲ ਸੰਭਾਵਨਾ ਨੂੰ ਉੱਭਰਨ ਤੋਂ ਰੋਕਿਆ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ

(ਵਿਪਸਾ) ਦੀ 25ਵੀਂ ਵਰ੍ਹੇਗੰਢ ਮੌਕੇ 'ਤੇ

# ਵਿਸ਼ਵ ਪੰਜਾਬੀ ਸਾਹਿਤਕ ਕਾਨਫ਼ਰੰਸ

3-ਅਕਤੂਬਰ, 2025, 5-9 ਸ਼ਾਮ, 4-ਅਕਤੂਬਰ, 2025, 10 ਸਵੇਰ-7 ਸ਼ਾਮ, 5-ਅਕਤੂਬਰ, 2025, 10 ਸਵੇਰ 5-ਸ਼ਾਮ

Venue:
Sapphire Banquet Hall,
24989 Santa Clara St, Hayward, Ca

**ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ ਵਲੋਂ ਆਪ ਨੂੰ ਇਸ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਲਈ ਤਹਿ ਦਿਲੋਂ ਸੱਦਾ ਦਿੱਤਾ ਜਾਂਦਾ ਹੈ**

## 3 ਅਕਤੂਬਰ, 5-9 ਸ਼ਾਮ

ਕਾਨਫ਼ਰੰਸ ਦਾ ਆਰੰਭ, ਜਾਣ ਪਹਿਚਾਣ ਅਤੇ ਸੁਖਦੇਵ ਸਾਹਿਲ, ਟੀਨਾ ਮਾਨ ਅਤੇ ਪਰਮਿੰਦਰ ਗੁਰੀ ਵਲੋਂ ਪੰਜਾਬੀ ਸੰਗੀਤਕ ਮਹਿਫ਼ਲ ਸਜੇਗੀ।



ਆਸ਼ਾ ਸ਼ਰਮਾ ਸੁਖਦੇਵ ਸਾਹਿਲ ਟੀਨਾ ਮਾਨ ਪਰਮਿੰਦਰ ਗੁਰੀ

## 4 ਅਕਤੂਬਰ , 10 ਸਵੇਰ-7 ਸ਼ਾਮ

ਪੰਜਾਬੀ ਸਾਹਿਤ ਅਤੇ ਬੋਲੀ ਨਾਲ ਸਬੰਧਤ ਵਿਸ਼ਿਆਂ 'ਤੇ ਵਿਚਾਰ ਚਰਚਾ, ਲੈਕਚਰ, ਕਵੀ ਦਰਬਾਰ, ਅਤੇ ਸ਼ਾਮ ਦੇ ਅੰਤ 'ਤੇ ਪੰਜਾਬ ਲੋਕ ਰੰਗ ਵਲੋਂ ਨਾਟਕ, "ਜ਼ਫ਼ਰਨਾਮਾ-ਕਲਮ ਦੀ ਤਲਵਾਰ ਉੱਤੇ ਜਿੱਤ" ਦੀ ਪੇਸ਼ਕਾਰੀ

## 5 ਅਕਤੂਬਰ, 10 ਸਵੇਰ - 5 ਸ਼ਾਮ

ਪੰਜਾਬੀ ਸਾਹਿਤ ਸਬੰਧਤ ਵਿਸ਼ਿਆਂ 'ਤੇ ਵਿਚਾਰ ਚਰਚਾ, ਅਤੇ ਵਿਸ਼ਾਲ ਕਵੀ ਦਰਬਾਰ

**ਰਾਬਤਾ:**

ਕੁਲਵਿੰਦਰ 510-367-2090,
ਜਗਜੀਤ ਨੌਸ਼ਹਿਰਵੀ 510-676-1565

**ਕਾਰਜਕਾਰਨੀ ਕਮੇਟੀ:**

ਡਾ. ਸੁਖਵਿੰਦਰ ਕੰਬੋਜ, ਸੁਰਿੰਦਰ ਸਿੰਘ ਸੀਰਤ, ਅਮਰਜੀਤ ਕੌਰ ਪੰਨੂੰ, ਲਾਜ ਨੀਲਮ ਸੈਣੀ, ਸੁਖਦੇਵ ਸਾਹਿਲ, ਸੁਰਜੀਤ ਸਖੀ, ਗੁਲਸ਼ਨ ਦਿਆਲ, ਬਲਜਿੰਦਰ ਸਵੈਚ, ਮੁਕੇਸ਼ ਸ਼ਰਮਾ, ਤਾਰਾ ਸਾਗਰ, ਅਤੇ ਸਮੂਹ ਵਿਪਸਾਅ ਮੈਂਬਰ।

ਵਿਪਸਾ ਵਲੋਂ ਤਿੰਨੇ ਦਿਨ ਸਭ ਲਈ ਖਾਣੇ ਅਤੇ ਚਾਹ-ਪਾਣੀ ਦਾ ਪ੍ਰਬੰਧ ਰਹੇਗਾ।

## ਸ਼ਾਮਲ ਹੋ ਰਹੇ ਲੇਖਕ/ਸ਼ਾਇਰ:



ਡਾ. ਮਨਪ੍ਰੀਤ ਸਿੰਘ ਮੰਨਾ, ਬਾਬਾ ਨਜਮੀ, ਡਾ.ਵਰਿਆਮ ਸਿੰਘ ਸੰਧੂ, ਦਰਸ਼ਨ ਬੁੱਟਰ, ਜਸਵਿੰਦਰ, ਸਫ਼ੀਰ ਰਾਮਾ, ਡਾ.ਬਲਦੇਵ ਸਿੰਘ ਧਾਲੀਵਾਲ, ਡਾ. ਜਸਵਿੰਦਰ ਸਿੰਘ, ਪਰਮਿੰਦਰ ਸੋਢੀ, ਡਾ. ਗੁਰਪਾਲ ਸੰਧੂ, ਡਾ. ਰਜੇਸ਼ ਸ਼ਰਮਾ, ਸੁਰਿੰਦਰ ਸੋਹਲ, ਸੁਰਜੀਤ ਕੌਰ, ਅਰਤਿੰਦਰ ਸੰਧੂ, ਗੁਰਮੀਤ ਪਨਾਗ, ਡਾ. ਧੰਨਵੰਤ ਕੌਰ, ਦਲਵੀਰ ਕੌਰ (ਯੂ.ਕੇ), ਤਾਹਿਰਾ ਸਰਾ, ਡਾ. ਬਲਜੀਤ ਕੌਰ, ਰਾਜਵੰਤ ਰਾਜ, ਡਾ. ਮਨਜੀਤ ਕੌਰ, ਰਜਵੰਤ ਕੌਰ ਸੰਧੂ, ਪ੍ਰੀਤ ਮਨਪ੍ਰੀਤ, ਗੁਰਦੇਵ ਚੌਹਾਨ, ਸਤੀਸ਼ ਗੁਲਾਟੀ, ਦਵਿੰਦਰ ਗੌਤਮ, ਬਲਦੇਵ ਗਰੇਵਾਲ, ਕੁਲਵਿੰਦਰ ਖਹਿਰਾ, ਹਰਦਮ ਮਾਨ, ਪਿਆਰਾ ਸਿੰਘ ਕੁਦੋਵਾਲ, ਗੁਰਚਰਨ ਸੱਗੂ, ਡਾ. ਮਨਜਿੰਦਰ ਸਿੰਘ, ਡਾ.ਕੁਲਜੀਤ ਸਿੰਘ ਜੰਜੂਆ, ਭੁਪਿੰਦਰ ਦੂਲੇ (ਕਨੇਡਾ), ਨਛੱਤਰ ਭੋਗਲ (ਯੂ.ਕੇ), ਰਾਕਿੰਦ ਕੌਰ, ਡਾ. ਇੰਦਰਪਾਲ ਕੌਰ, ਰਜਵਿੰਦਰ ਕੌਰ ਢਿੱਲੋਂ, ਦਵਿੰਦਰ ਸ. ਵਿਸ਼ਵਨਾਗਰਿਕ, ਸੋਨੀਆ

## SPONSORS



ਜਸਵੀਰ ਗਿੱਲ, ਡਾ. ਸਰਬਜੀਤ ਹੁੰਦਲ, ਬਲਵਿੰਦਰ (ਲਾਲੀ) ਧਨੋਆ, ਡਾ. ਗੁਰਪ੍ਰੀਤ ਧੁੱਗਾ, ਸੁਰਿੰਦਰ ਧਨੋਆ, ਗੁਰਦੀਪ ਸਿੰਘ ਸੇਖੋਂ, ਡਾ. ਅਜੀਤਪਾਲ ਸੰਧੂ, ਪੰਕਜ ਆਂਸਲ (ਪੰਜਾਬ ਯੂਨਿਟੀ ਅਲਾਇੰਸ USA)

# ਭਾਰਤ ਗੁਆਂਢੀਆਂ ਨਾਲ ਸਬੰਧਾਂ ਦੇ ਮਾਮਲੇ 'ਚ ਕਿਸਮਤ ਵਾਲਾ ਨਹੀਂ ਰਿਹਾ: ਰਾਜਨਾਥ ਸਿੰਘ



ਕੇਂਦਰੀ ਰੱਖਿਆ ਮੰਤਰੀ, ਰਾਜਨਾਥ ਸਿੰਘ 1965 ਦੇ ਯੁੱਧ ਦੇ ਇੱਕ ਸਾਬਕਾ ਸੈਨਿਕ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਦੇ ਹੋਏ।

ਨਵੀਂ ਦਿੱਲੀ : ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਹ ਗੱਲ 1965 ਦੀ ਜੰਗ ਦੇ ਸਾਬਕਾ ਸੈਨਿਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਦੀ ਸੁਰੱਖਿਆ ਸਿਰਫ਼ ਸਰਹੱਦ 'ਤੇ ਲੜੀਆਂ ਗਈਆਂ ਜੰਗਾਂ ਤੋਂ ਹੀ ਨਹੀਂ, ਸਗੋਂ ਪੂਰੇ ਦੇਸ਼ ਦੇ ਲੋਕਾਂ ਦੇ ਸੰਕਲਪ ਅਤੇ ਏਕਤਾ ਤੋਂ ਵੀ ਨਿਰਧਾਰਤ ਹੁੰਦੀ ਹੈ।

1965 ਦੀ ਭਾਰਤ-ਪਾਕਿਸਤਾਨ ਜੰਗ ਦੇ ਬਹਾਦਰ ਸੈਨਿਕਾਂ ਨਾਲ ਗੱਲਬਾਤ ਕਰਦਿਆਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ, "ਭਾਰਤ ਆਪਣੇ ਗੁਆਂਢੀਆਂ ਨਾਲ ਸਬੰਧਾਂ ਦੇ ਮਾਮਲੇ 'ਚ ਕਿਸਮਤ ਵਾਲਾ ਨਹੀਂ ਰਿਹਾ, ਪਰ ਅਸੀਂ ਇਸਨੂੰ ਕਿਸਮਤ ਵਜੋਂ ਸਵੀਕਾਰ ਨਹੀਂ ਕੀਤਾ ਹੈ। ਅਸੀਂ ਆਪਣੀ ਕਿਸਮਤ ਖੁਦ ਤੈਅ ਕੀਤੀ ਹੈ। ਇਸਦੀ ਇੱਕ ਉਦਾਹਰਣ ਆਪ੍ਰੇਸ਼ਨ ਸੰਧੂਰ ਹੈ।" ਆਪਣੇ ਸੰਬੋਧਨ ਦੌਰਾਨ, ਰੱਖਿਆ ਮੰਤਰੀ ਨੇ ਦੇਸ਼ ਦੇ ਵਿਕਾਸ 'ਚ ਸੈਨਿਕਾਂ ਅਤੇ ਕਿਸਾਨਾਂ ਦੀ ਮਹੱਤਵਪੂਰਨ ਭੂਮਿਕਾ ਬਾਰੇ ਵੀ ਗੱਲ ਕੀਤੀ। ਰੱਖਿਆ ਮੰਤਰੀ ਨੇ ਕਿਹਾ ਕਿ ਅਸੀਂ ਪਹਿਲਗਾਮ ਦੀਆਂ ਭਿਆਨਕ ਘਟਨਾਵਾਂ ਨੂੰ ਨਹੀਂ ਭੁੱਲੇ ਹਾਂ, ਅਤੇ ਜਦੋਂ ਵੀ ਅਸੀਂ ਉਨ੍ਹਾਂ ਨੂੰ ਯਾਦ ਕਰਦੇ ਹਾਂ, ਤਾਂ ਸਾਡੇ ਦਿਲ ਭਾਰੀ ਹੁੰਦੇ ਹਨ ਅਤੇ ਸਾਡੇ ਮਨ ਗੁੱਸੇ ਨਾਲ ਭਰ ਜਾਂਦੇ ਹਨ। ਉੱਥੇ ਜੋ ਹੋਇਆ ਉਸ ਨੇ ਸਾਨੂੰ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ, ਪਰ ਉਸ ਘਟਨਾ ਨੇ ਸਾਡਾ ਮਨੋਬਲ ਨਹੀਂ ਤੋੜਿਆ।

ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਕਿਹਾ ਕਿ ਜੰਗ ਸਿਰਫ਼ ਜੰਗ ਦੇ ਮੈਦਾਨ 'ਚ ਨਹੀਂ ਲੜੀ ਜਾਂਦੀ, ਜੰਗ 'ਚ ਜਿੱਤ ਪੂਰੇ ਦੇਸ਼ ਦੇ ਸਮੂਹਿਕ ਸੰਕਲਪ ਦਾ ਨਤੀਜਾ ਹੈ। 1965 ਦੇ ਉਸ ਔਖੇ ਸਮੇਂ 'ਚ ਜਦੋਂ ਚਾਰੇ ਪਾਸੇ ਅਨਿਸ਼ਚਿਤਤਾ ਅਤੇ ਚੁਣੌਤੀਆਂ ਸਨ, ਦੇਸ਼ ਨੇ ਲਾਲ ਬਹਾਦਰ ਸ਼ਾਸਤਰੀ ਦੀ ਮਜ਼ਬੂਤ ਅਗਵਾਈ ਹੇਠ ਉਨ੍ਹਾਂ ਚੁਣੌਤੀਆਂ ਦਾ ਸਾਹਮਣਾ ਕੀਤਾ।

ਉਨ੍ਹਾਂ ਕਿਹਾ ਕਿ ਲਾਲ ਬਹਾਦਰ ਸ਼ਾਸਤਰੀ ਨੇ ਉਸ ਸਮੇਂ ਦੌਰਾਨ ਨਾ ਸਿਰਫ਼ ਨਿਰਣਾਇਕ ਰਾਜਨੀਤਿਕ ਅਗਵਾਈ ਪ੍ਰਦਾਨ ਕੀਤੀ ਬਲਕਿ ਪੂਰੇ ਦੇਸ਼ ਦੇ ਮਨੋਬਲ ਨੂੰ ਨਵੀਆਂ ਉਚਾਈਆਂ ਤੱਕ ਵੀ ਪਹੁੰਚਾਇਆ। ਉਨ੍ਹਾਂ ਨੇ ਇੱਕ ਨਾਅਰਾ ਦਿੱਤਾ ਜੋ ਅਜੇ ਵੀ ਸਾਡੇ ਦਿਲਾਂ 'ਚ ਗੂੰਜਦਾ ਹੈ: 'ਜੈ ਜਵਾਨ, ਜੈ ਕਿਸਾਨ।' ਇਹ ਇੱਕੋ ਨਾਅਰਾ ਨਾ ਸਿਰਫ਼ ਸਾਡੇ ਬਹਾਦਰ ਸੈਨਿਕਾਂ ਲਈ ਸਤਿਕਾਰ, ਸਗੋਂ ਸਾਡੇ ਕਿਸਾਨਾਂ ਦੇ ਮਾਣ ਨੂੰ ਵੀ ਦਰਸਾਉਂਦਾ ਹੈ।

# ਸ਼ੰਕਰਾਚਾਰੀਆ ਨੇ ਮਨੁਸਮ੍ਰਿਤੀ ਦੀ ਆਲੋਚਨਾ 'ਤੇ ਰਾਹੁਲ ਗਾਂਧੀ ਦੀ ਹਿੰਦੂ ਪਛਾਣ 'ਤੇ ਚੁੱਕੇ ਸਵਾਲ

ਹਰਿਦੁਆਰ : ਜੋਤਿਰਮੱਠ ਦੇ ਸ਼ੰਕਰਾਚਾਰੀਆ, ਸਵਾਮੀ ਅਵਿਮੁਕਤੇਸ਼ਵਰਾਨੰਦ ਸਰਸਵਤੀ ਨੇ, ਪ੍ਰਾਚੀਨ ਹਿੰਦੂ ਗ੍ਰੰਥ ਮਨੁਸਮ੍ਰਿਤੀ ਬਾਰੇ ਕਾਂਗਰਸ ਨੇਤਾ ਰਾਹੁਲ ਗਾਂਧੀ ਦੀਆਂ ਆਲੋਚਨਾਤਮਕ ਟਿੱਪਣੀਆਂ ਤੋਂ ਬਾਅਦ ਉਨ੍ਹਾਂ ਦੇ ਹਿੰਦੂ ਹੋਣ 'ਤੇ ਜਨਤਕ ਤੌਰ 'ਤੇ ਸਵਾਲ ਚੁੱਕੇ ਹਨ। ਸ਼ੰਕਰਾਚਾਰੀਆ ਨੇ ਇਹ ਸਵਾਲ ਪੁੱਛਿਆ ਕਿ, 'ਜੇਕਰ ਤੁਸੀਂ ਮਨੁਸਮ੍ਰਿਤੀ ਦੀ ਆਲੋਚਨਾ ਕਰਦੇ ਹੋ, ਤਾਂ ਤੁਸੀਂ ਹਿੰਦੂ ਕਿਵੇਂ ਹੋ ਸਕਦੇ ਹੋ?' ਇਹ ਸਵਾਲ ਉਦੋਂ ਖੜ੍ਹਾ ਹੋਇਆ ਜਦੋਂ ਗਾਂਧੀ ਨੇ ਸੰਸਦ ਵਿੱਚ ਭਾਰਤੀ ਸੰਵਿਧਾਨ ਦੀ ਤੁਲਨਾ ਮਨੁਸਮ੍ਰਿਤੀ ਨਾਲ ਕਰਦਿਆਂ ਇਸ ਨੂੰ ਇੱਕ ਪਿਛਾਖੜੀ ਗ੍ਰੰਥ ਦੱਸਿਆ ਸੀ। ਇਹ ਵਿਵਾਦ ਉਦੋਂ ਹੋਰ ਵੱਧ ਗਿਆ ਜਦੋਂ ਸ਼ੰਕਰਾਚਾਰੀਆ ਦੇ ਬਿਆਨਾਂ ਤੋਂ ਪਤਾ ਲੱਗਾ ਕਿ ਰਾਹੁਲ ਗਾਂਧੀ ਨੂੰ ਮਨੁਸਮ੍ਰਿਤੀ ਬਾਰੇ ਉਨ੍ਹਾਂ ਦੇ ਵਿਚਾਰਾਂ 'ਤੇ ਸਪੱਸ਼ਟੀਕਰਨ ਮੰਗਣ ਲਈ ਇੱਕ ਰਸਮੀ ਪੱਤਰ ਭੇਜਿਆ ਗਿਆ ਸੀ। ਪਹਿਲੇ ਪੱਤਰ ਅਤੇ ਬਾਅਦ ਵਿੱਚ ਭੇਜੇ ਗਏ ਯਾਦ-ਪੱਤਰ ਦਾ ਕੋਈ ਜਵਾਬ ਨਾ ਮਿਲਣ 'ਤੇ, ਸ਼ੰਕਰਾਚਾਰੀਆ ਨੇ ਗਾਂਧੀ ਨੂੰ ਹਿੰਦੂ ਧਰਮ ਵਿੱਚੋਂ 'ਛੇਕਣ' ਦਾ ਐਲਾਨ ਕਰ ਦਿੱਤਾ। ਮੁੱਦੇ ਦੀ ਜੜ੍ਹ ਰਾਹੁਲ ਗਾਂਧੀ ਦੇ ਸੰਸਦ ਵਿੱਚ ਦਿੱਤੇ ਭਾਸ਼ਣ ਵਿੱਚ ਹੈ, ਜਿੱਥੇ ਉਨ੍ਹਾਂ ਨੇ ਸੰਵਿਧਾਨ ਅਤੇ ਮਨੁਸਮ੍ਰਿਤੀ ਦੀ ਕਾਪੀ ਹੱਥ ਵਿੱਚ ਫੜ ਕੇ ਕਿਹਾ ਸੀ ਕਿ ਦੇਸ਼ ਨੂੰ ਪਹਿਲੇ ਦੇ ਸਿਧਾਂਤਾਂ 'ਤੇ ਚੱਲਣਾ ਚਾਹੀਦਾ ਹੈ, ਨਾ ਕਿ ਦੂਜੇ ਦੇ, ਜਿਸ ਨੂੰ ਉਨ੍ਹਾਂ ਨੇ ਵਿਤਕਰੇ ਵਾਲਾ ਦੱਸਿਆ ਸੀ।

ਇਨ੍ਹਾਂ ਟਿੱਪਣੀਆਂ ਦੇ ਜਵਾਬ ਵਿੱਚ, ਇੱਕ ਪ੍ਰਮੁੱਖ ਹਿੰਦੂ ਅਧਿਆਤਮਿਕ ਆਗੂ ਸਵਾਮੀ ਅਵਿਮੁਕਤੇਸ਼ਵਰਾਨੰਦ ਸਰਸਵਤੀ ਨੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਵੱਲੋਂ ਗਾਂਧੀ ਦੀ ਸ਼ਰਧਾ 'ਤੇ ਸਵਾਲ ਉਠਾਉਣ ਅਤੇ ਬਾਅਦ ਵਿੱਚ 'ਛੇਕਣ' ਦੇ ਐਲਾਨ ਨੇ ਆਧੁਨਿਕ ਸਮਾਜ ਵਿੱਚ ਪ੍ਰਾਚੀਨ ਗ੍ਰੰਥਾਂ ਦੀ ਭੂਮਿਕਾ ਅਤੇ ਧਾਰਮਿਕ ਪਛਾਣ ਦੀਆਂ ਹੱਦਾਂ 'ਤੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਹਾਲਾਂਕਿ ਇਸ ਮਾਮਲੇ 'ਤੇ ਕਿਸੇ ਵੀ ਸ਼ੰਕਰਾਚਾਰੀਆ ਅਤੇ ਰਾਹੁਲ ਗਾਂਧੀ ਵਿਚਕਾਰ ਸਿੱਧੀ, ਆਹਮੋ-ਸਾਹਮਣੀ ਗੱਲਬਾਤ ਜਾਂ ਸਵਾਲ-ਜਵਾਬ ਦਾ ਕੋਈ ਰਿਕਾਰਡ ਨਹੀਂ ਹੈ, ਪਰ ਸ਼ੰਕਰਾਚਾਰੀਆ ਦੇ ਜਨਤਕ ਬਿਆਨ ਅਤੇ ਬਿਨਾਂ-ਜਵਾਬੀ ਚਿੱਠੀਆਂ ਕਾਂਗਰਸ ਨੇਤਾ ਦੇ ਵਿਚਾਰਾਂ 'ਤੇ ਇੱਕ ਤਿੱਖੀ ਪੁੱਛਗਿੱਛ ਵਜੋਂ ਕੰਮ ਕਰਦੀਆਂ ਹਨ। ਇਹ ਘਟਨਾ ਸਮਕਾਲੀ ਭਾਰਤ ਵਿੱਚ ਧਰਮ, ਰਾਜਨੀਤੀ ਅਤੇ ਸਮਾਜਿਕ ਸੁਧਾਰ ਦੇ ਸੰਵੇਦਨਸ਼ੀਲ ਮੇਲ ਨੂੰ ਦਰਸਾਉਂਦੀ ਹੈ।

# ਰੇਖਾ ਗੁਪਤਾ ਵੱਲੋਂ ਡੀ ਟੀ ਸੀ ਦੀ ਬੱਸ ਨੂੰ ਹਰੀ ਝੰਡੀ

## ਦਿੱਲੀ ਅਤੇ ਬੜੌਤ ਵਿਚਕਾਰ ਚੱਲਣ ਵਾਲੀ ਬੱਸ ਦੀ ਯੂ.ਪੀ. ਤੋਂ ਸ਼ੁਰੂਆਤ





ਨਵੀਂ ਦਿੱਲੀ : ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਮੰਗਲਵਾਰ ਨੂੰ ਯੂ.ਪੀ. ਵਿੱਚ ਦਿੱਲੀ ਅਤੇ ਬੜੌਤ ਵਿਚਕਾਰ ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ 'ਡੀ ਟੀ ਸੀ' ਅੰਤਰਰਾਜੀ ਬੱਸ ਦੀ ਸ਼ੁਰੂਆਤ ਕੀਤੀ ਅਤੇ ਕਿਹਾ ਕਿ ਆਉਣ ਵਾਲੇ ਮਹੀਨੇ ਵਿੱਚ ਅਜਿਹੀਆਂ ਹੋਰ ਬੱਸਾਂ ਸ਼ੁਰੂ ਕੀਤੀਆਂ ਜਾਣਗੀਆਂ।

ਇਸ ਸਮਾਗਮ ਵਿੱਚ ਬੋਲਦਿਆਂ ਰੇਖਾ ਗੁਪਤਾ ਨੇ ਸਰਕਾਰੀ ਅਧਿਕਾਰੀਆਂ ਦੀ ਤੁਲਨਾ ਭਗਵਾਨ ਹਨੂਮਾਨ ਨਾਲ ਕਰਦਿਆਂ ਕਿਹਾ ਕਿ ਕਿ ਸਾਡੇ ਸਰਕਾਰੀ ਅਧਿਕਾਰੀ ਭਗਵਾਨ ਹਨੂਮਾਨ ਵਰਗੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਕੰਮ ਕਰਨ ਵਾਲੇ ਸਾਜ਼ਗਾਰ ਹਾਲਤ ਦਿੱਤੇ ਜਾ ਰਹੇ ਹਨ। ਮੁੱਖ ਮੰਤਰੀ ਨੇ ਟਰਾਂਸਪੋਰਟ ਮੰਤਰੀ ਪੰਕਜ ਕੁਮਾਰ ਸਿੰਘ ਅਤੇ ਵਿਭਾਗ ਦੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਹਰ ਮਹੀਨੇ ਇੱਕ ਨਵੇਂ ਰਾਜ ਲਈ ਬੱਸਾਂ ਸ਼ੁਰੂ ਕੀਤੀਆਂ ਜਾਣ। ਉਨ੍ਹਾਂ ਕਿਹਾ, "ਜਦੋਂ ਮੈਂ ਮੁੱਖ ਮੰਤਰੀ ਬਣੀ ਤਾਂ ਮੈਂ ਹਮੇਸ਼ਾ ਸੋਚਦੀ ਸੀ ਕਿ ਉੱਤਰਾਖੰਡ ਦੀਆਂ ਬੱਸਾਂ ਇੱਥੇ ਕਿਉਂ ਚੱਲ ਰਹੀਆਂ ਹਨ ਅਤੇ ਉੱਤਰ ਪ੍ਰਦੇਸ਼ ਦੀਆਂ ਬੱਸਾਂ ਵੀ ਦਿਖਾਈ ਦਿੰਦੀਆਂ ਹਨ। ਪਰ ਦਿੱਲੀ ਦੀਆਂ ਬੱਸਾਂ ਕਿੱਥੇ ਹਨ ਜੋ ਦੂਜੇ ਰਾਜਾਂ ਵਿੱਚ ਚੱਲ ਰਹੀਆਂ ਹਨ?" ਪਿਛਲੀ ਸਰਕਾਰ 'ਤੇ ਨਿਸ਼ਾਨੇ ਸੇਧ ਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਇਸ ਸਬੰਧੀ ਕੁਝ ਨਹੀਂ ਕੀਤਾ। ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਪਿਛਲੀ ਸਰਕਾਰ ਦੇ ਅਧੀਨ, ਜੇਕਰ ਮਹਿਰੌਲੀ ਵਿੱਚ ਕੋਈ ਬੱਸ ਖਰਾਬ ਹੋ ਜਾਂਦੀ ਸੀ, ਤਾਂ ਉਸ ਦੀ ਮੁਰੰਮਤ ਕਰਨ ਵਾਲੇ ਕਰਮਚਾਰੀ ਨਰੇਲਾ ਤੋਂ ਆਉਂਦੇ ਸਨ, ਜਿਸ ਨਾਲ ਬੇਲੋੜੀ ਦੇਰੀ ਹੁੰਦੀ ਸੀ। ਉਨ੍ਹਾਂ ਦੱਸਿਆ ਕਿ ਇੱਕ ਅਜਿਹਾ ਸਿਸਟਮ ਲਗਾਇਆ ਹੈ ਜਿੱਥੇ ਵਾਹਨ ਨਜ਼ਦੀਕੀ ਡਿਪੂ ਤੋਂ ਆਉਣਗੇ। ਇਸ ਨਾਲ ਸਮਾਂ, ਪੈਸਾ ਬਚੇਗਾ ਅਤੇ ਟ੍ਰੈਫਿਕ ਭੀੜ ਵੀ ਘੱਟ ਹੋਵੇਗੀ। ਕੈਬਨਿਟ ਮੰਤਰੀ ਪੰਕਜ ਸਿੰਘ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਨ ਕਿ ਡੀ ਟੀ ਸੀ ਆਪਣੀ ਗੁਆਚੀ ਸ਼ਾਨ ਮੁੜ ਪ੍ਰਾਪਤ ਕਰੇ। ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ (ਡੀ ਟੀ ਸੀ) ਦੀ ਨਵੀਂ ਅੰਤਰਰਾਜੀ ਏਅਰ-ਕੰਡੀਸ਼ਨਡ ਬੱਸ ਸੇਵਾ ਦਿੱਲੀ ਦੇ ਮਹਾਰਾਣਾ ਪ੍ਰਤਾਪ ਆਈ ਐੱਸ ਬੀ ਟੀ ਨੂੰ ਉੱਤਰ ਪ੍ਰਦੇਸ਼ ਦੇ ਬੜੌਤ ਨਾਲ ਜੋੜਦੀ ਹੈ, ਜਿਸ ਨਾਲ ਯਾਤਰੀਆਂ ਅਤੇ ਵਿਦਿਆਰਥੀਆਂ ਲਈ ਰੋਜ਼ਾਨਾ ਯਾਤਰਾ ਵਿਕਲਪਾਂ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਮਹਾਰਾਣਾ ਪ੍ਰਤਾਪ ਆਈ ਐੱਸ ਬੀ ਟੀ ਅਤੇ ਬੜੌਤ ਵਿਚਕਾਰ ਪੂਰੇ ਰਸਤੇ ਲਈ ਵੱਧ ਤੋਂ ਵੱਧ ਕਿਰਾਇਆ 125 ਰੁਪਏ ਤੱਕ ਸੀਮਿਤ ਹੈ।

# ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ ਅਤੇ ਸੰਜੇ ਸੇਠ T-SATS ਸਿੰਪੋਜ਼ੀਅਮ ਵਿੱਚ ਪਹੁੰਚੇ



ਨਵੀਂ ਦਿੱਲੀ, (ਸਾਡੇ ਲੋਕ) : ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ, ਰੱਖਿਆ ਰਾਜ ਮੰਤਰੀ ਸੰਜੇ ਸੇਠ ਦੇ ਨਾਲ, ਮੰਗਲਵਾਰ ਨੂੰ ਨਵੀਂ ਦਿੱਲੀ ਦੇ ਮਾਨੇਕਸ਼ਾ ਸੈਂਟਰ ਵਿਖੇ ਚੱਲ ਰਹੇ ਟਰਾਈ-ਸਰਵਿਸਿਜ਼ ਅਕੈਡਮੀਆ ਟੈਕਨਾਲੋਜੀ ਸਿੰਪੋਜ਼ੀਅਮ (T-SATS) ਦੀ ਪ੍ਰਦਰਸ਼ਨੀ ਦੇ ਦੂਜੇ ਦਿਨ ਪਹੁੰਚੇ।

# ਨਾਭਾ 'ਚ ਕਿਸਾਨ ਅਤੇ ਪੁਲਿਸ ਹੋਈ ਆਹਮੋ-ਸਾਹਮਣੇ

## ਕਿਸਾਨਾਂ ਵੱਲੋਂ ਕੀਤਾ ਜਾ ਰਿਹਾ ਸੀ ਰੋਸ ਪ੍ਰਦਰਸ਼ਨ



ਨਾਭਾ: ਨਾਭਾ ਦੀ ਡੀਐੱਸਪੀ ਮਨਦੀਪ ਕੌਰ ਨੇ ਇਲਜ਼ਾਮ ਲਗਾਏ ਕਿ ਕਿਸਾਨਾਂ ਨੇ ਉਨ੍ਹਾਂ ਨਾਲ ਧੁੱਕਾ ਮੁੱਕੀ ਕੀਤੀ ਤੇ ਜੂੜਾ ਵੀ ਪੱਟਿਆ। ਦੂਜੇ ਪਾਸੇ ਕਿਸਾਨਾਂ ਨੇ ਕਿਹਾ ਕਿ ਡੀਐੱਸਪੀ ਸਾਡੇ 'ਤੇ ਗੱਡੀ ਚੜ੍ਹਾਉਣ ਲੱਗੀ ਸੀ। ਇਸ ਦੌਰਾਨ ਸਥਿਤੀ ਤਣਾਅਪੂਰਨ ਬਣ ਗਈ। ਬੀਤੇ ਦਿਨ ਹੋਈਆਂ ਟਰਾਲੀਆਂ ਚੋਰੀਆਂ ਨੂੰ ਲੈ ਕੇ ਅਤੇ ਨਗਰ ਕੌਂਸਲ ਦੀ ਪ੍ਰਧਾਨ ਸੁਜਾਤਾ ਚਾਵਲਾ ਦੇ ਪਤੀ ਪੰਕਜ ਪੱਪੂ ਦੀ ਗ੍ਰਿਫਤਾਰੀ ਨੂੰ ਲੈ ਕੇ, ਡੀ.ਐੱਸ.ਪੀ. ਦਫਤਰ ਦੇ ਬਾਹਰ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਇਸ ਰੋਸ ਪ੍ਰਦਰਸ਼ਨ ਵਿੱਚ ਚਾਰ ਯੂਨੀਅਨ ਸ਼ਾਮਲ ਸਨ, ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਆਜ਼ਾਦ, ਭਾਰਤੀ ਕਿਸਾਨ ਯੂਨੀਅਨ ਭਟੇਡ ਕਲਾਂ, ਅਤੇ ਕ੍ਰਾਂਤੀਕਾਰੀ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਜੋ ਸ਼ੰਭੂ ਬਾਰਡਰ ਤੋਂ ਟਰਾਲੀਆਂ ਚੋਰੀਆਂ ਹੋਈਆਂ ਹਨ, ਉਸ ਵਿੱਚ ਸਿੱਧਾ ਤੇ ਸਿੱਧਾ ਪੰਕਜ ਪੱਪੂ ਦਾ ਹੱਥ ਸੀ, ਜਿਨਾਂ ਨੇ ਟਰਾਲੀਆਂ ਆਪਣੇ ਪਲਾਟ ਵਿੱਚ ਰਫਾ ਦਫਾ ਕਰ ਦਿੱਤੀਆਂ ਸਨ।

ਕਿਸਾਨਾਂ ਵੱਲੋਂ ਮੰਗ ਕੀਤੀ ਗਈ ਸੀ ਕਿ ਪੁਲਿਸ ਨੇ ਹਲਕੀਆਂ ਧਰਾਵਾਂ ਲਗਾ ਕੇ ਉਸ ਨੂੰ ਜ਼ਮਾਨਤ ਦਵਾ ਦਿੱਤੀ ਅਤੇ ਹੁਣ ਲਗਾਤਾਰ ਕਿਸਾਨ ਰੋਸ ਪ੍ਰਦਰਸ਼ਨ ਕਰ ਰਹੇ ਸੀ। ਜਦੋਂ ਡੀਐੱਸਪੀ ਮੈਡਮ ਮਨਦੀਪ ਕੌਰ ਆਪਣੇ ਦਫਤਰ ਤੋਂ ਬਾਹਰ ਨਿਕਲਣ ਲੱਗੀ ਤਾਂ ਕਿਸਾਨਾਂ ਅਤੇ ਡੀਐੱਸਪੀ ਦਰਮਿਆਨ ਕਹਾ ਸੁਣੀ ਹੋ ਗਈ ਅਤੇ ਮਾਮਲਾ ਇੰਨਾ ਵੱਧ ਗਿਆ ਕਿ ਕਿਸਾਨ ਅਤੇ ਪੁਲਿਸ ਆਹਮੋ ਸਾਹਮਣੇ ਹੋ ਗਏ। ਇਸ ਮੌਕੇ ਨਾਭਾ ਦੀ ਡੀਐੱਸਪੀ ਮਨਦੀਪ ਕੌਰ ਨੇ ਭਰੇ ਮਨ ਨਾਲ ਕਿਹਾ ਕਿ ਮੈਂ ਇਹਨਾਂ ਨੂੰ ਧਰਨੇ ਤੋਂ ਬਿਲਕੁਲ ਵੀ ਨਹੀਂ ਰੋਕਿਆ ਅਤੇ ਇਹ ਧਰਨਾ ਦੇ ਰਹੇ ਸੀ ਅਤੇ ਮੈਂ ਇਹਨਾਂ ਨਾਲ ਗੱਲਬਾਤ ਕਰਨ ਆਈ ਸੀ। ਮੈਂ ਜਦੋਂ ਗੱਡੀ ਲੈ ਕੇ ਜ਼ਰੂਰੀ ਕੰਮ ਲਈ ਜਾਣ ਲੱਗੀ ਤਾਂ ਇਹਨਾਂ ਨੇ ਮੇਰੀ ਗੱਡੀ ਰੋਕ ਕੇ ਮੇਰੇ ਨਾਲ ਖਿੱਚ ਧੂ ਕੀਤੀ। ਇਸ ਮੌਕੇ ਕਿਸਾਨ ਆਗੂ ਗਮਦੂਰ ਸਿੰਘ ਅਤੇ ਹੋਰ ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਤਾਂ ਸ਼ਾਂਤਮਈ ਧਰਨਾ ਦੇ ਰਹੇ ਸੀ ਅਤੇ ਅਸੀਂ ਇਨਸਾਫ ਦੀ ਮੰਗ ਕਰ ਰਹੇ ਸੀ ਪਰ ਡੀਐੱਸਪੀ ਵੱਲੋਂ ਸਾਡੇ ਨਾਲ ਬਦਤਮੀਜ਼ੀ ਕੀਤੀ ਗਈ।

### ਆਓ ਇਕੱਠੇ ਹੋਈ

# ਹਨੇਰੇ ਨੂੰ ਚੁਣੌਤੀ ਦੇਈਏ

## ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ



ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਇਕ ਬਹਾਦਰ ਮਾਨਵ ਅਧਿਕਾਰਾਂ ਦੇ ਸਰਗਰਮ ਕਾਰਕੁੰਨ ਸਨ ਜਿਨ੍ਹਾਂ ਨੇ 1990 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਮਾਨਵ ਅਧਿਕਾਰਾਂ ਦੀ ਉਲੰਘਣਾਂ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਦੀ ਸਖ਼ਤ ਮਿਹਨਤ ਨੇ ਹਜ਼ਾਰਾਂ ਜ਼ਬਰਦਸਤੀ ਗਾਇਬ ਹੋਣ ਦੇ ਕੇਸ, ਨਕਲੀ ਮੁਕਾਬਲੇ ਅਤੇ ਗੁਪਤ ਅੰਤਿਮ ਸੰਸਕਾਰਾਂ ਦਾ ਖ਼ੁਲਾਸਾ ਕੀਤਾ ਜੋ ਸਭ ਪੰਜਾਬ ਪੁਲਿਸ ਵੱਲੋਂ ਕਰਵਾਏ ਗਏ ਸਨ। ਭਾਵੇਂ ਉਨ੍ਹਾਂ ਨੂੰ ਵੱਡੇ ਖ਼ਤਰੇ ਦਾ ਸਾਹਮਣਾ ਕਰਨਾ ਪਿਆ, ਪਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਦ੍ਰਿੜਤਾ ਨੇ ਅਨੇਕਾਂ ਸਿੱਖ ਪਰਿਵਾਰਾਂ ਦੀ ਪੀੜਾ ਨੂੰ ਦੁਨੀਆਂ ਸਾਹਮਣੇ ਰੱਖਿਆ। ਉਨ੍ਹਾਂ ਦੀ ਵਿਰਾਸਤ ਅੱਜ ਵੀ ਸੱਚਾਈ ਅਤੇ ਇਨਸਾਫ਼ ਦੀ ਖੋਜ ਕਰਨ ਵਾਲਿਆਂ ਲਈ ਪ੍ਰੇਰਣਾ ਬਣੀ ਹੋਈ ਹੈ।

### ਮੁੱਖ ਬੁਲਾਰੇ



ਸ੍ਰ. ਅਮਰੀਕ ਸਿੰਘ ਮੁਕਤਸਰ
(ਮਨੁੱਖੀ ਅਧਿਕਾਰ ਸੰਗਠਨ)



ਸ੍ਰ. ਰਾਜਵਿੰਦਰ ਸਿੰਘ ਬੈਂਸ
(ਪੰਜਾਬ ਮਨੁੱਖੀ ਅਧਿਕਾਰ ਸੰਗਠਨ)



ਬੀਬੀ ਪਰਮਜੀਤ ਕੌਰ ਖਾਲੜਾ
( ਪਤਨੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ)



ਨਵਕਿਰਨ ਕੌਰ ਖਾਲੜਾ
(ਸਪੁੱਤਰੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ)



ਫਾਦਰ ਜੋਸ਼ੂਆ ਲਿਕਟਰ
(ਮਨੁੱਖੀ ਅਧਿਕਾਰ ਸੰਗਠਨ)



ਸ੍ਰ. ਨਿੰਦਰ ਸਿੰਘ
(ਜੈਕਾਰਾ ਲਹਿਰ)



ਡਾ. ਗੁਰਿੰਦਰ ਸਿੰਘ ਗਰੇਵਾਲ
(ਸੰਸਥਾਪਕ ਵਰਲਡ ਸਿੱਖ ਨਿਊਜ਼)

## Be The Light Against The Darkness

Date : September 27, 2025
Location : 15557 Fifth St Lathrop, CA 95330
(Lathrop Community Center)
Time 4.00 PM - 8.00 PM
Candlelight In Memory of The Shaheeds
For Any Information Please Contact : Khalramission@gmail.com



## ਪੰਜਾਬੀ ਸਾਹਿਤ ਸਭਿਆਚਾਰ ਦੀ ਦੁਨੀਆਂ ’ਚ ਜਾਣੀ ਪਹਿਚਾਣੀ ਸ਼ਖ਼ਸੀਅਤ - ਡਾ. ਗੁਰਪਾਲ ਸਿੰਘ ਸੰਧੂ: ਇੱਕ ਜਾਣ-ਪਛਾਣ

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਵਿਖੇ ਪੰਜਾਬੀ ਵਿਭਾਗ ਵਿੱਚ ਬਤੌਰ ਪ੍ਰੋਫੈਸਰ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ ‘ਸਾਡੇ ਲੋਕ’ ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ

### ਅਮਰੀਕੀ ਜ਼ਮੀਨ ’ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:


ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ ’ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ ‘ਬਹੁ-ਵਿਧਾਈ ਸਿਰਜਣਾ’ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...

# ਅਮਰੀਕੀ ਪੰਜਾਬੀ ਸਾਹਿਤ ਦੀ ਬਹੁ-ਵਿਧਾਈ ਸਿਰਜਣਾਤਮਕ ਬਣਤਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਮਕਾਲੀ ਅਮਰੀਕੀ ਪੰਜਾਬੀ ਸਾਹਿਤ ਵਿੱਚ, ਚਾਰ ਲੇਖਕ—ਸੁਰਿੰਦਰ ਸੀਰਤ, ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ, ਅਤੇ ਲਾਜ ਨੀਲਮ ਸੈਣੀ—ਨੂੰ ਬਹੁ-ਵਿਧਾਈ ਸਿਰਜਣਾਤਮਕ ਪ੍ਰਗਟਾਵੇ ਵਿੱਚ ਸਰਗਰਮੀ ਨਾਲ ਸ਼ਾਮਲ ਮੰਨਿਆ ਜਾ ਸਕਦਾ ਹੈ। ਸਮਕਾਲੀ ਅਮਰੀਕੀ ਪੰਜਾਬੀ ਸਾਹਿਤਕ ਸਿਰਜਣਾਤਮਕਤਾ ਦੀ ਇੱਕ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਲੇਖਕ ਇੱਕੋ ਸਮੇਂ ਸਾਹਿਤ ਦੇ ਦੋਵਾਂ ਰੂਪਾਂ—ਕਵਿਤਾ ਅਤੇ ਵਾਰਤਕ—ਵਿੱਚ ਘੱਟੋ-ਘੱਟ ਤਿੰਨ ਵੱਖ-ਵੱਖ ਸਾਹਿਤਕ ਵਿਧਾਵਾਂ ਵਿੱਚ ਰਚਨਾਵਾਂ ਕਰ ਰਹੇ ਹਨ। ਇਸ ਪ੍ਰਕਿਰਿਆ ਵਿੱਚ, ਉਹ ਹਰ ਵਿਧਾ ਦੇ ਵਿਲੱਖਣ ਕਲਾਤਮਕ ਗੁਣਾਂ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਉਹਨਾਂ ਦਾ ਵਿਚਾਰਧਾਰਕ ਨਜ਼ਰੀਆ, ਸਿਰਜਣਾਤਮਕ ਦ੍ਰਿਸ਼ਟੀ, ਅਤੇ ਵਿਆਖਿਆਤਮਕ ਤਕਨੀਕਾਂ ਇੱਕ ਸਾਂਝੇ ਧਾਗੇ ਨਾਲ ਆਪਸ ਵਿੱਚ ਜੁੜੀਆਂ ਅਤੇ ਬੁਣੀਆਂ ਹੋਈਆਂ ਹਨ।

**ਦਰਅਸਲ, ਸਮਕਾਲੀ ਅਮਰੀਕੀ ਪੰਜਾਬੀ ਸਾਹਿਤ ਦੀ ਪਛਾਣ ਇੱਕ ਕੇਂਦਰੀ ਸਵਾਲ ਦੇ ਦੁਆਲੇ ਘੁੰਮਦੀ ਹੈ:** ਕੀ ਇਹ ਅਮਰੀਕੀ ਸਮਾਜ ਦੇ ਬੁਨਿਆਦੀ ਢਾਂਚਿਆਂ, ਜਿਵੇਂ ਕਿ ਸਾਮਰਾਜਵਾਦ, ਤਾਕਤ ਅਤੇ ਬਾਜ਼ਾਰੀ ਬਰਬਰਤਾ, ਅਤੇ ਰਾਜ ਦੀਆਂ ਯੁੱਧ-ਅਧਾਰਿਤ, ਵਿਸਤਾਰਵਾਦੀ ਨੀਤੀਆਂ ’ਤੇ ਸਵਾਲ ਕਰਦਾ ਹੈ ਜਾਂ ਨਹੀਂ? ਇਸ ਲਈ, ਅਮਰੀਕੀ ਪੰਜਾਬੀ ਸਾਹਿਤ ਦਾ ਅਰਥ ਅਤੇ ਡੂੰਘਾਈ ਪੰਜਾਬੀ ਸੰਵੇਦਨਾਵਾਂ ਨਾਲ ਤਾਂ ਹੀ ਮੇਲ ਖਾਂਦੀ ਹੈ ਜੇਕਰ ਲੇਖਕ ਦੀ ਦ੍ਰਿਸ਼ਟੀ ਇਹਨਾਂ ਪ੍ਰਣਾਲੀਆਂ ਦੇ ਅਨੁਕੂਲ ਹੋਣ ਦਾ ਵਿਰੋਧ ਕਰਦੀ ਹੈ ਅਤੇ ਇਸ ਦੀ ਬਜਾਏ ਉਹਨਾਂ ਦਾ ਆਲੋਚਨਾਤਮਕ ਮੁਲਾਂਕਣ ਕਰਦੀ ਹੈ। ਇਸ ਦਾ ਉਦੇਸ਼ ਬਾਜ਼ਾਰੀ ਕਦਰਾਂ-ਕੀਮਤਾਂ ਉੱਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣਾ ਹੋਣਾ ਚਾਹੀਦਾ ਹੈ। ਅਸਲ ਵਿੱਚ, ਸਮਕਾਲੀ ਸਮਾਜਿਕ-ਰਾਜਨੀਤਿਕ ਹਕੀਕਤ ਦੇ ਅੰਦਰ, ਇਹ ਦੋਵੇਂ ਪਹਿਲੂ—ਵਿਰੋਧ ਅਤੇ ਅਨੁਕੂਲਤਾ—ਆਪਸ ਵਿੱਚ ਜੁੜੇ ਹੋਏ ਅਤੇ ਵਿਰੋਧੀ ਦੋਵੇਂ ਹਨ। ਦੂਜੇ ਸ਼ਬਦਾਂ ਵਿਚ, ਇਸ ਸਾਹਿਤ ਦੀ ਸੱਚੀ ਸਾਰਥਕਤਾ ਤਾਂ ਹੀ ਸੰਭਵ ਹੈ ਜੇਕਰ ਇਹ ਸਾਮਰਾਜਵਾਦੀ ਅਤੇ ਵਿਸਤਾਰਵਾਦੀ ਮਾਨਸਿਕਤਾਵਾਂ ਅਤੇ ਬਾਜ਼ਾਰ-ਅਧਾਰਿਤ ਤਾਕਤਾਂ ਦੀ ਵਿਸ਼ਵ-ਵਿਆਪੀ ਬਰਬਰਤਾ ਦਾ ਵਿਰੋਧ ਕਰਦਾ ਹੈ, ਅਤੇ ਇੱਕ ਮਾਨਵਵਾਦੀ ਬਦਲ ਪੇਸ਼ ਕਰਦਾ ਹੈ।



ਇੱਕ ਡੂੰਘੇ ਪੱਧਰ ’ਤੇ, ਇਸਦੀ ਅਸਲ ਸਾਰਥਕਤਾ ਇੱਥੇ ਹੀ ਹੈ। ਸਾਹਿਤ ਨੂੰ ਹਰ ਪੱਧਰ ’ਤੇ ਖਪਤਵਾਦ, ਵਪਾਰਕਵਾਦ, ਪਿਛਾਖੜ ਅਤੇ ਮਨੁੱਖ-ਵਿਰੋਧੀ ਰੁਝਾਨਾਂ ਦੇ ਸਾਰੇ ਰੂਪਾਂ ਨੂੰ ਰੱਦ ਕਰਨ ਲਈ ਵਚਨਬੱਧ ਹੋਣਾ ਚਾਹੀਦਾ ਹੈ। ਬਹੁ-ਵਿਧਾਈ ਲੇਖਣੀ ਵਿੱਚ, ਮੁੱਖ ਚੁਣੌਤੀ ਇਹ ਬਣ ਜਾਂਦੀ ਹੈ: ਇੱਕ ਅਜਿਹੀ ਪ੍ਰਤੀਕਾਤਮਕ ਭਾਸ਼ਾ ਦੀ ਸਿਰਜਣਾ ਕਰਨਾ ਜਿਸਦਾ ਉਦੇਸ਼ ਸਿਰਫ਼ ਪਰਵਾਸੀ ਦੇ ਰੂਪਕ ਦੀ ਵਰਤੋਂ ਕਰਕੇ, ਪਲ ਭਰ ਦੀ ਖੁਸ਼ੀ ਜਾਂ ਖਪਤਵਾਦੀ ਅਨੰਦ ਦੇ ਚਿੱਤਰਣ ਦੁਆਰਾ ਕਲਾਤਮਕ ਹੁਨਰ ਦਾ ਪ੍ਰਦਰਸ਼ਨ ਕਰਨਾ ਨਾ ਹੋਵੇ, ਸਗੋਂ, ਮਾਨਵਵਾਦੀ ਵਿਸ਼ਵ-ਦ੍ਰਿਸ਼ਟੀ ’ਤੇ ਅਧਾਰਤ ਵਿਚਾਰਾਂ ਦੀ ਇੱਕ ਅਮੀਰ ਲੜੀ ਪੇਸ਼ ਕਰਨਾ, ਉਹਨਾਂ ਨੂੰ ਵੱਖ-ਵੱਖ ਸਾਹਿਤਕ ਵਿਧਾਵਾਂ ਰਾਹੀਂ ਰੂਪ ਦੇਣਾ ਹੈ। ਇਸ ਪ੍ਰਕਿਰਿਆ ਵਿੱਚ, ਲੇਖਕ ਸਿਰਜਣਾਤਮਕ ਦ੍ਰਿਸ਼ਟੀ ਅਤੇ ਸਾਹਿਤਕ ਕਾਰੀਗਰੀ ਵਿਚਕਾਰ ਸੰਤੁਲਨ ਬਣਾਈ ਰੱਖਦਾ ਹੈ, ਜਦਕਿ ਆਪਣੀ ਵਿਲੱਖਣ ਸਿਰਜਣਾਤਮਕ ਆਵਾਜ਼ ਨੂੰ ਪ੍ਰਗਟ ਕਰਨ ਵਿੱਚ ਵੀ ਸਰਗਰਮੀ ਨਾਲ ਜੁੜਿਆ ਰਹਿੰਦਾ ਹੈ।

ਸੁਰਿੰਦਰ ਸੀਰਤ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਇੱਕ ਸਰਗਰਮ ਬਹੁ-ਵਿਧਾਈ ਸਾਹਿਤਕ ਹਸਤੀ ਰਹੇ ਹਨ। ਆਪਣੀ ਰਚਨਾ ‘ਕਿੱਕਰ ਕੰਡੇ’ (1992) ਤੋਂ ਲੈ ਕੇ ‘ਜੰਗ ਜਾਰੀ ਹੈ’ (2023) ਤੱਕ, ਉਹਨਾਂ ਨੇ ਨਿਰੰਤਰ ਚਾਰ ਵਿਧਾਵਾਂ: ਗ਼ਜ਼ਲ, ਕਵਿਤਾ, ਨਿੱਕੀ ਕਹਾਣੀ ਅਤੇ ਨਾਵਲ ਵਿੱਚ ਸਾਹਿਤ ਦੀ ਰਚਨਾ ਕੀਤੀ ਹੈ। ਜੰਮੂ ਅਤੇ ਕਸ਼ਮੀਰ ਰਾਜ ਵਿੱਚ ਜਨਮੇ ਹੋਣ ਕਰਕੇ, ਸੀਰਤ ਦੀ ਸਿਰਜਣਾਤਮਕ ਰਚਨਾ ਸਮਕਾਲੀ ਅਮਰੀਕੀ ਪੰਜਾਬੀ ਸਾਹਿਤ ਦਾ ਇੱਕ ਵੱਖਰਾ ਪਹਿਲੂ ਪੇਸ਼ ਕਰਦੀ ਹੈ, ਜਦਕਿ ਜੰਮੂ ਅਤੇ ਕਸ਼ਮੀਰ ਦੀ ਪੰਜਾਬੀ ਸਾਹਿਤਕ ਪਰੰਪਰਾ ਨੂੰ ਵੀ ਦਰਸਾਉਂਦੀ ਹੈ। ਇਸਦੇ ਨਾਲ ਹੀ, ਉਸਦੀ ਲੇਖਣੀ ਪੰਜਾਬੀ ਗ਼ਜ਼ਲ ਦੇ ਰੂਪ ’ਤੇ ਮਜ਼ਬੂਤ ਪਕੜ ਨੂੰ ਦਰਸਾਉਂਦੀ ਹੈ, ਇੱਕ ਖਾਸ ਭਾਸ਼ਾਈ ਢਾਂਚੇ ਨਾਲ ਜੋ ਗ਼ਜ਼ਲ ਨੂੰ ਉਸਦੀ ਸਮੁੱਚੀ ਸਾਹਿਤਕ ਰਚਨਾ ਦੀ ਬੁਨਿਆਦੀ ਵਿਧਾ ਬਣਾਉਂਦਾ ਹੈ।

ਇਸੇ ਕਾਰਨ, ਭਾਵੇਂ ਉਹ ਕਵਿਤਾ, ਨਿੱਕੀ ਕਹਾਣੀਆਂ, ਜਾਂ ਨਾਵਲ ਲਿਖ ਰਿਹਾ ਹੋਵੇ, ਗ਼ਜ਼ਲ ਵਰਗੀ ਸੁਹਜ (ਜਾਂ ਗ਼ਜ਼ਲੀਅਤ) ਦਾ ਅਹਿਸਾਸ ਉਸਦੀ ਲੇਖਣੀ ਦਾ ਇੱਕ ਅਨਿੱਖੜਵਾਂ ਅੰਗ ਬਣਿਆ ਰਹਿੰਦਾ ਹੈ।

(ਚਲਦਾ)

# ਦੁਨੀਆ ਦੇ ਅਨੇਕ ਦੇਸ਼ਾਂ ’ਚ ਪ੍ਰਵਾਸੀਆਂ ਦੇ ਵਿਰੁੱਧ ਚੱਲ ਰਹੀਆਂ ਮੁਹਿੰਮਾਂ !




ਦੁਨੀਆ ਭਰ ਤੋਂ ਕਰੋੜਾਂ ਦੀ ਗਿਣਤੀ ’ਚ ਲੋਕ ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਫਰਾਂਸ, ਕੈਨੇਡਾ ਆਦਿ ’ਚ ਪੜ੍ਹਾਈ ਜਾਂ ਰੋਜ਼ਗਾਰ ਦੇ ਸਿਲਸਿਲੇ ’ਚ ਰਹਿ ਰਹੇ ਹਨ। ਇਨ੍ਹਾਂ ਪ੍ਰਵਾਸੀਆਂ ਵਲੋਂ ਇਨ੍ਹਾਂ ਦੇਸ਼ਾਂ ਦੀ ਅਰਥਵਿਵਸਥਾ ’ਚ ਭਰਪੂਰ ਯੋਗਦਾਨ ਦੇਣ ਦੇ ਬਾਵਜੂਦ ਇਨ੍ਹਾਂ ਵਿਰੁੱਧ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਕਾਰਨਾਂ ਕਰ ਕੇ ਇਨ੍ਹਾਂ ਦੇਸ਼ਾਂ ਦੇ ਮੂਲ ਨਿਵਾਸੀਆਂ ਵਲੋਂ ‘ਪ੍ਰਵਾਸੀ ਵਿਰੋਧੀ’ ਰੈਲੀਆਂ ਕੱਢੀਆਂ ਜਾ ਰਹੀਆਂ ਹਨ।

ਅਮਰੀਕਾ ਵਿਚ ਡੋਨਾਲਡ ਟਰੰਪ ਨੇ ਸੱਤਾ ’ਚ ਆਉਂਦੇ ਹੀ ਪ੍ਰਵਾਸੀਆਂ ਵਿਰੁੱਧ ਮੁਹਿੰਮ ਛੇੜ ਦਿੱਤੀ ਹੈ। ਇਸੇ ਤਰ੍ਹਾਂ ਇੰਗਲੈਂਡ ’ਚ ਵੀ ਪ੍ਰਵਾਸੀਆਂ ਦੀ ਵਧਦੀ ਗਿਣਤੀ ਵਿਰੁੱਧ ਪ੍ਰਦਰਸ਼ਨ ਜਾਰੀ ਹਨ। ਬੀਤੀ 13 ਸਤੰਬਰ ਨੂੰ ਲੰਡਨ ’ਚ 1 ਲੱਖ ਤੋਂ ਵੱਧ ਸਥਾਨਕ ਲੋਕਾਂ ਨੇ ਪ੍ਰਵਾਸੀਆਂ ਵਿਰੁੱਧ ਪ੍ਰਦਰਸ਼ਨ ਕੀਤਾ। ਇਸ ਪ੍ਰੋਟੈਸਟ ਨੂੰ ‘ਯੂਨਾਈਟ ਦਿ ਕਿੰਗਡਮ’ ਨਾਂ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਦੇ ਪ੍ਰਦਰਸ਼ਨ ਫਰਾਂਸ ’ਚ ਵੀ ਹੋ ਰਹੇ ਹਨ, ਉੱਥੇ ‘ਵਨ ਇਨ ਵਨ ਆਊਟ’ ਡੀਲ ਅਧੀਨ ਨਾਜਾਇਜ਼ ਪ੍ਰਵਾਸੀਆਂ ਨੂੰ ਦੇਸ਼ ’ਚੋਂ ਕੱਢਿਆ ਜਾ ਰਿਹਾ ਹੈ। ਆਸਟ੍ਰੇਲੀਆ, ਬ੍ਰਾਜ਼ੀਲ ਅਤੇ ਕੈਨੇਡਾ ’ਚ ਵੀ ਸਥਾਨਕ ਲੋਕਾਂ ’ਚ ਪ੍ਰਵਾਸੀਆਂ ਵਿਰੁੱਧੀ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਇਨ੍ਹਾਂ ਦੇਸ਼ਾਂ ਦੇ ਮੂਲ ਨਿਵਾਸੀਆਂ ਨੂੰ ਸ਼ਿਕਾਇਤ ਹੈ ਕਿ ਪ੍ਰਵਾਸੀਆਂ ਦੇ ਕਾਰਨ ਉਨ੍ਹਾਂ ਦੇ ਦੇਸ਼ਾਂ ’ਚ ਸੱਭਿਆਚਾਰਕ ਬਦਲਾਅ ਆਉਣ ਤੋਂ ਇਲਾਵਾ ਨੌਕਰੀਆਂ ਦੀ ਕਮੀ ਹੋ ਗਈ ਹੈ ਅਤੇ ਸੋਮਿਆਂ ’ਤੇ ਬੋਝ ਵਧ ਗਿਆ ਹੈ।

ਭਾਰਤ ਦੇ ਕੁਝ ਸੂਬਿਆਂ ’ਚ ਵੀ ਇਕ ਰਾਜ ਤੋਂ ਦੂਜੇ ਰਾਜ ’ਚ ਰੋਜ਼ੀ-ਰੋਟੀ ਲਈ ਗਏ ਲੋਕਾਂ (ਪ੍ਰਵਾਸੀਆਂ) ਨੂੰ ਸਥਾਨਕ ਲੋਕਾਂ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਸ ਦੀ ਨਵੀਨਤਮ ਉਦਾਹਰਣ ਪੰਜਾਬ ਹੈ।

ਹਾਲ ਹੀ ’ਚ ਪੰਜਾਬ ਦੇ ਹੁਸ਼ਿਆਰਪੁਰ ’ਚ 5 ਸਾਲ ਦੇ ਇਕ ਮਾਸੂਮ ਬੱਚੇ ਦੀ ਇਕ ਪ੍ਰਵਾਸੀ ਵਲੋਂ ਘਿਨੌਣੀ ਹੱਤਿਆ ਦੇ ਵਿਰੋਧ ’ਚ ਸਥਾਨਕ ਲੋਕਾਂ ਦਾ ਗੁੱਸਾ ਵਧ ਗਿਆ ਅਤੇ ਅਨੇਕ ਪੰਚਾਇਤਾਂ ਨੇ ਪ੍ਰਵਾਸੀਆਂ ਦੇ ਬਾਈਕਾਟ ਦੇ ਮਤੇ ਪਾਸ ਕਰਨ ਤੋਂ ਇਲਾਵਾ ਉਨ੍ਹਾਂ ਦਾ ਕੋਈ ਵੀ ਦਸਤਾਵੇਜ਼ ਨਾ ਬਣਾਉਣ, ਬਿਨਾਂ ਦਸਤਾਵੇਜ਼ਾਂ ਦੇ ਰਹਿ ਰਹੇ ਪ੍ਰਵਾਸੀਆਂ ਨੂੰ ਪਿੰਡਾਂ ’ਚੋਂ ਬਾਹਰ ਕਰਨ ਅਤੇ ਉਨ੍ਹਾਂ ਨੂੰ ਇੱਥੇ ਜ਼ਮੀਨ ਨਾ ਖਰੀਦਣ ਦੇਣ ਵਰਗੇ ਮਤੇ ਪਾਸ ਕੀਤੇ ਹਨ।

‘ਬਠਿੰਡਾ’ ਦੇ ਪਿੰਡ ‘ਗਹਿਰੀਬਾਗੀ’ ਦੀ ਪੰਚਾਇਤ ਅਤੇ ਸਥਾਨਕ ਪਿੰਡ ਵਾਸੀਆਂ ਨੇ ਪ੍ਰਵਾਸੀ ਮਜ਼ਦੂਰਾਂ ਵਿਰੁੱਧ ਮਤਾ ਪਾਸ ਕਰ ਕੇ ਕਿਹਾ ਹੈ ਕਿ ਉਹ ਪਿੰਡਾਂ ’ਚ ਜ਼ਮੀਨ ਜਾਂ ਮਕਾਨ ਨਹੀਂ ਖਰੀਦ ਸਕਦੇ। ਉਨ੍ਹਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪ੍ਰਵਾਸੀ ਮਜ਼ਦੂਰਾਂ ਦੇ ਆਧਾਰ ਕਾਰਡ ਅਤੇ ਵੋਟਰ ਕਾਰਡ ਬਣਾਉਣੇ ਵੀ ਬੰਦ ਕੀਤੇ ਜਾਣ। ਕਈ ਜਗ ?ਹਾ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਪਿੰਡਾਂ ’ਚ ਕੰਮ ਕਰਨ ਵਾਲੇ ਪ੍ਰਵਾਸੀਆਂ ਨੂੰ ਪਿੰਡ ਦੀ ਆਬਾਦੀ ’ਚ ਰਹਿਣ ਦੀ ਬਜਾਏ ਖੇਤਾਂ ’ਚ ਹੀ ਰਹਿਣਾ ਹੋਵੇਗਾ।

ਕਿਸੇ ਬੱਚੇ ਦੇ ਨਾਲ ਦਰਿੰਦਗੀ ਹੋਣ ’ਤੇ ਇਸ ਤਰ੍ਹਾਂ ਲੋਕਾਂ ਦਾ ਗੁੱਸੇ ’ਚ ਆਉਣਾ ਕੁਦਰਤੀ ਹੀ ਹੈ। ਇਸ ਦੇ ਲਈ ਮੁਲਜ਼ਮ ਦੀ ਬਰਾਦਰੀ ਦੇ ਲੋਕਾਂ ਨੂੰ ਇਕੱਠੇ ਹੋ ਕੇ ਮੁਲਜ਼ਮ ਨੂੰ ਸਖਤ ਸਜ਼ਾ ਦਿਵਾਉਣ ਦਾ ਯਤਨ ਕਰਨਾ ਚਾਹੀਦਾ ਹੈ ਪਰ ਕਿਸੇ ਇਕ ਵਿਅਕਤੀ ਦੀ ਗਲਤੀ ਦੀ ਸਜ਼ਾ ਪੂਰੇ ਪ੍ਰਵਾਸੀ ਭਾਈਚਾਰੇ ਨੂੰ ਦੇਣਾ ਉਚਿਤ ਨਹੀਂ ਹੈ।

ਪੰਜਾਬ ਦੀ ਅਰਥਵਿਵਸਥਾ ਖੇਤਾਂ ਅਤੇ ਕਾਰਖਾਨਿਆਂ ਅਤੇ ਵਪਾਰਕ ਖੇਤਰਾਂ ’ਚ ਕੰਮ ਕਰਨ ਵਾਲੇ ਪ੍ਰਵਾਸੀਆਂ ’ਤੇ ਟਿਕੀ ਹੋਈ ਹੈ। ਪੂਰੇ ਪੰਜਾਬ ’ਚ ਲਗਭਗ 18 ਲੱਖ ਤੋਂ ਵੱਧ ਪ੍ਰਵਾਸੀ ਮਜ਼ਦੂਰ ਸਰਗਰਮ ਹਨ। ਇਕੱਲੇ ‘ਲੁਧਿਆਣਾ’ ’ਚ ਹੀ 8 ਲੱਖ ਪ੍ਰਵਾਸੀ ਵੱਖ-ਵੱਖ ਖੇਤਰਾਂ ’ਚ ਕੰਮ ਕਰ ਰਹੇ ਹਨ। ਕਿਉਂਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਤਾਂ ਆਪਣਾ ਵਤਨ ਛੱਡ ਕੇ ਜ਼ਿਆਦਾ ਕਮਾਈ ਦੇ ਲਾਲਚ ’ਚ ਵਿਦੇਸ਼ਾਂ ’ਚ ਜਾ ਬੈਠੀ ਹੈ, ਇਸ ਲਈ ਜ਼ਿਆਦਾਤਰ ਕੰਮਕਾਜ ਤਾਂ ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ’ਤੇ ਹੀ ਨਿਰਭਰ ਹੈ।

ਜੇਕਰ ਇਹ ਪੰਜਾਬ ’ਚੋਂ ਚਲੇ ਜਾਣਗੇ ਤਾਂ ਸੂਬੇ ਦੀ ਖੇਤੀ, ਵਪਾਰ ਅਤੇ ਉਦਯੋਗਾਂ ਦਾ ਕੀ ਬਣੇਗਾ। ਇਸ ’ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।

ਵਰਣਨਯੋਗ ਹੈ ਕਿ ਸੰਵਿਧਾਨਿਕ ਤੌਰ ’ਤੇ ਕੋਈ ਵੀ ਭਾਰਤੀ ਦੇਸ਼ ਦੇ ਕਿਸੇ ਵੀ ਹਿੱਸੇ ’ਚ ਰਹਿ ਸਕਦਾ ਹੈ ਅਤੇ ਜ਼ਮੀਨ ਖਰੀਦ ਸਕਦਾ ਹੈ, ਹਾਲਾਂਕਿ ਹਿਮਾਚਲ ਪ੍ਰਦੇਸ਼ ਵਰਗੇ ਕੁਲ 9 ਪਹਾੜੀ ਰਾਜਾਂ ’ਚ ਬਾਹਰੀ ਨਾਗਰਿਕਾਂ ਦੇ ਜ਼ਮੀਨ ਖਰੀਦਣ ’ਤੇ ਰੋਕ ਹੈ ਪਰ ਪੰਜਾਬ ’ਚ ਅਜਿਹੀ ਕੋਈ ਸੰਵਿਧਾਨਿਕ ਰੋਕ ਨਹੀਂ ਹੈ।

ਇਸ ਲਈ ਪੰਚਾਇਤਾਂ ਵਲੋਂ ਪਾਸ ਕੀਤੇ ਗਏ ਇਸ ਤਰ੍ਹਾਂ ਦੇ ਮਤੇ ਸੰਵਿਧਾਨਿਕ ਤੌਰ ’ਤੇ ਲਾਗੂ ਕਰਨਾ ਪ੍ਰਸ਼ਾਸਨ ਲਈ ਸੰਭਵ ਨਹੀਂ ਹੈ। ਅਜਿਹੇ ’ਚ ਇਸ ਤਰ੍ਹਾਂ ਦੇ ਮਾਮਲਿਆਂ ਨੂੰ ਨਿੱਜੀ ਤੌਰ ’ਤੇ ਕੀਤੇ ਗਏ ਅਪਰਾਧ ਦੇ ਰੂਪ ’ਚ ਦੇਖ ਕੇ ਅਪਰਾਧੀ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਪੂਰੇ ਭਾਈਚਾਰੇ ਨੂੰ ਇਸ ਮਾਮਲੇ ’ਚ ਸਜ਼ਾ ਦੇਣਾ ਉਚਿਤ ਨਹੀਂ ਹੈ।

ਭਾਰਤ-ਅਮਰੀਕਾ ਸਬੰਧ

# 80ਵੇਂ ਸੰਯੁਕਤ ਰਾਸ਼ਟਰ ਮਹਾਸਭਾ ਸੈਸ਼ਨ ਮੌਕੇ ਵਿਦੇਸ਼ ਮੰਤਰੀ ਜੈਸ਼ੰਕਰ ਦੀ ਸੈਨੇਟਰ ਮਾਰਕੋ ਰੂਬੀਓ ਨਾਲ ਮੁਲਾਕਾਤ

## ਭਾਰਤ ਇਸ ਖੇਤਰ ਦਾ ਮੁੱਖ ਧੁਰਾ ਸੰਯੁਕਤ ਰਾਜ ਦੇ ਵਿਦੇਸ਼ ਮੰਤਰੀ : ਸੈਨੇਟਰ ਮਾਰਕੋ ਰੂਬੀਓ

ਨਿਊਯਾਰਕ : ਭਾਰਤ ਅਤੇ ਅਮਰੀਕਾ ਦਰਮਿਆਨ ਚੱਲ ਰਹੇ ਵਪਾਰਕ ਤਣਾਅ ਦੇ ਵਿਚਕਾਰ, ਇੱਕ ਸਕਾਰਾਤਮਕ ਕੂਟਨੀਤਕ ਪਹਿਲਕਦਮੀ ਦੇ ਤਹਿਤ, ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਸੋਮਵਾਰ ਨੂੰ ਨਿਊਯਾਰਕ ਵਿਖੇ 80ਵੇਂ ਸੰਯੁਕਤ ਰਾਸ਼ਟਰ ਮਹਾਸਭਾ (UNGA) ਸੈਸ਼ਨ ਦੇ ਮੌਕੇ ’ਤੇ ਪ੍ਰਮੁੱਖ ਅਮਰੀਕੀ ਸੈਨੇਟਰ ਮਾਰਕੋ ਰੂਬੀਓ ਨਾਲ ਮੁਲਾਕਾਤ ਕੀਤੀ। ਇਹ ਮੀਟਿੰਗ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਮੁੱਦਿਆਂ ’ਤੇ ਵਧੇ ਤਣਾਅ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਆਹਮੋ-ਸਾਹਮਣੀ ਗੱਲਬਾਤ ਹੈ। ਇਹ ਤਣਾਅ ਉਦੋਂ ਪੈਦਾ ਹੋਇਆ ਸੀ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੁਆਰਾ ਰੂਸੀ ਤੇਲ ਦੀ ਲਗਾਤਾਰ ਖਰੀਦ ਦਾ ਹਵਾਲਾ ਦਿੰਦੇ ਹੋਏ ਭਾਰਤੀ ਵਸਤਾਂ ’ਤੇ ਟੈਰਿਫ ਲਗਾ ਦਿੱਤੇ ਸਨ।

ਭਾਰਤ ਦੇ ਵਿਦੇਸ਼ ਮੰਤਰੀ ਸ਼੍ਰੀ ਡਾ. ਜੈਸ਼ੰਕਰ ਦੇ ਅਮਰੀਕਾ ਪਹੁੰਚਣ ਉਪਰ ਸੈਨੇਟਰ ਰੂਬੀਓ ਨੇ UNGA ਸੈਸ਼ਨ ਦੇ ਦੌਰਾਨ ਬਹੁਤ ਗਰਮਜੋਸ਼ੀ ਨਾਲ ਹੱਥ ਮਿਲਾਇਆ। ਇਹ ਮੀਟਿੰਗ ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਜਾਰੀ ਯਤਨਾਂ ਦਾ ਇੱਕ ਹਿੱਸਾ ਹੈ। ਜ਼ਿਕਰਯੋਗ ਹੈ ਕਿ ਟਰੰਪ ਪ੍ਰਸ਼ਾਸਨ ਨੇ ਜੁਲਾਈ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੀ ਵਪਾਰਕ ਗੱਲਬਾਤ ਦੌਰਾਨ ਭਾਰਤੀ ਸਾਮਾਨ ’ਤੇ 25 ਫੀਸਦੀ ਟੈਰਿਫ ਲਗਾਇਆ ਸੀ ਅਤੇ ਬਾਅਦ ਵਿੱਚ 25 ਫੀਸਦੀ ਦਾ ਵਾਧੂ ਟੈਰਿਫ ਵੀ ਲਗਾ ਦਿੱਤਾ ਸੀ।



ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਵਾਸ਼ਿੰਗਟਨ ਡੀਸੀ ਵਿੱਚ ਇਲਾਵਾ, ਸੰਯੁਕਤ ਰਾਜ ਦੇ ਵਿਦੇਸ਼ ਮੰਤਰੀ, ਮਾਰਕੋ ਰੂਬੀਓ ਨਾਲ ਮੁਲਾਕਾਤ ਕੀਤੀ।

**ਭਾਰਤ-ਅਮਰੀਕਾ ਵਪਾਰਕ ਗੱਲਬਾਤ**

ਤਣਾਅ ਦੇ ਬਾਵਜੂਦ, ਦੋਵਾਂ ਦੇਸ਼ਾਂ ਨੇ ਇੱਕ ਲਾਭਕਾਰੀ ਦੁਵੱਲੇ ਵਪਾਰ ਸਮਝੌਤੇ (Bilateral Trade Agreement - BTA) ਲਈ ਗੱਲਬਾਤ ਮੁੜ ਸ਼ੁਰੂ ਕਰ ਦਿੱਤੀ ਹੈ। ਭਾਰਤ ਅਤੇ ਅਮਰੀਕਾ ਇੱਕ ਵਪਾਰਕ ਸੌਦੇ ਨੂੰ ਅੰਤਿਮ ਰੂਪ ਦੇਣ ਲਈ ਕੰਮ ਕਰ ਰਹੇ ਹਨ, ਅਤੇ ਇਸ ਸਬੰਧ ਵਿੱਚ ਭਾਰਤ ਦੇ ਵਣਜ ਮੰਤਰੀ ਪੀਯੂਸ਼ ਗੋਇਲ ਦੀ ਅਗਵਾਈ ਵਿੱਚ ਇੱਕ ਵਫ਼ਦ ਵਾਸ਼ਿੰਗਟਨ ਵਿੱਚ ਗੱਲਬਾਤ ਕਰ ਰਿਹਾ ਹੈ।

ਵਣਜ ਅਤੇ ਉਦਯੋਗ ਮੰਤਰਾਲੇ ਦੁਆਰਾ ਜਾਰੀ ਇੱਕ ਬਿਆਨ ਅਨੁਸਾਰ, 16 ਸਤੰਬਰ ਨੂੰ ਸੰਯੁਕਤ ਰਾਜ ਦੇ ਵਪਾਰ ਪ੍ਰਤੀਨਿਧੀ ਦੇ ਦਫ਼ਤਰ ਦੇ ਅਧਿਕਾਰੀਆਂ ਦੀ ਭਾਰਤ ਫੇਰੀ ਦੌਰਾਨ ‘ਸਕਾਰਾਤਮਕ ਗੱਲਬਾਤ’ ਹੋਈ ਸੀ ਅਤੇ ਦੋਵਾਂ ਧਿਰਾਂ ਨੇ ਇੱਕ ਸੌਦੇ ਨੂੰ ਅੰਤਿਮ ਰੂਪ ਦੇਣ ਲਈ ਆਪਣੇ ਯਤਨਾਂ ਨੂੰ ਤੇਜ਼ ਕਰਨ ’ਤੇ ਸਹਿਮਤੀ ਪ੍ਰਗਟਾਈ ਸੀ। ਹਾਲ ਹੀ ਵਿੱਚ, ਰਾਸ਼ਟਰਪਤੀ ਟਰੰਪ ਨੇ ਵੀ ਭਰੋਸਾ ਪ੍ਰਗਟਾਇਆ ਸੀ ਕਿ ਉਨ੍ਹਾਂ ਨੂੰ ਇੱਕ ਸਮਝੌਤੇ ’ਤੇ ਪਹੁੰਚਣ ਵਿੱਚ ‘ਕੋਈ ਮੁਸ਼ਕਲ’ ਨਹੀਂ ਆਵੇਗੀ।

**ਟਰੰਪ ਦਾ ਐੱਚ-1ਬੀ ਵੀਜ਼ਾ ਫੀਸ ਵਾਧਾ**

ਵਪਾਰਕ ਤਣਾਅ ਦੇ ਨਾਲ-ਨਾਲ, ਟਰੰਪ ਪ੍ਰਸ਼ਾਸਨ ਦੁਆਰਾ ਐੱਚ-1ਬੀ ਵੀਜ਼ਾ ਦੀਆਂ ਫੀਸਾਂ ਵਿੱਚ ਵਾਧਾ ਕਰਨ ਦੇ ਕਦਮ ਨੇ ਵੀ ਅਮਰੀਕਾ ਵਿੱਚ ਭਾਰਤੀਆਂ ਵਿੱਚ ਭੰਬਲਭੂਸਾ ਅਤੇ ਚਿੰਤਾ ਪੈਦਾ ਕਰ ਦਿੱਤੀ ਹੈ। ਪਹਿਲਾਂ, ਅਮਰੀਕੀ ਰਾਸ਼ਟਰਪਤੀ ਨੇ ਇੱਕ ਕਾਰਜਕਾਰੀ ਹੁਕਮ ’ਤੇ ਦਸਤਖਤ ਕੀਤੇ ਸਨ, ਜਿਸ ਵਿੱਚ ਹੁਨਰਮੰਦ ਤਕਨੀਕੀ ਕਾਮਿਆਂ ਲਈ ਵੀਜ਼ਾ ’ਤੇ $1,00,000 ਦੀ ਫੀਸ ਲਗਾਈ ਗਈ ਸੀ। ਹਾਲਾਂਕਿ, ਵਾਈਟ ਹਾਊਸ ਨੇ ਬਾਅਦ ਵਿੱਚ ਸਪੱਸ਼ਟ ਕੀਤਾ ਕਿ ਇਹ ਫੀਸ ਸਿਰਫ਼ ਨਵੇਂ ਬਿਨੈਕਾਰਾਂ ’ਤੇ ਲਾਗੂ ਹੁੰਦੀ ਹੈ, ਨਾ ਕਿ ਮੌਜੂਦਾ ਵੀਜ਼ਾ ਧਾਰਕਾਂ ’ਤੇ।

**ਰੂਬੀਓ ਦਾ ਭਾਰਤ ਪ੍ਰਤੀ ਨਜ਼ਰੀਆ**

ਇਸ ਮਹੀਨੇ ਦੇ ਸ਼ੁਰੂ ਵਿੱਚ, ਭਾਰਤ ਵਿੱਚ ਅਮਰੀਕੀ ਰਾਜਦੂਤ ਲਈ ਟਰੰਪ ਦੇ ਨਾਮਜ਼ਦ ਉਮੀਦਵਾਰ ਸਰਜੀਓ ਗੋਰ ਦੀ ਸੈਨੇਟ ਪੁਸ਼ਟੀ ਸੁਣਵਾਈ ਦੌਰਾਨ, ਸੈਨੇਟਰ ਰੂਬੀਓ ਨੇ ਭਾਰਤ ਨੂੰ ‘ਅੱਜ ਦੁਨੀਆ ਵਿੱਚ ਅਮਰੀਕਾ ਦੇ ਸਭ ਤੋਂ ਮਹੱਤਵਪੂਰਨ ਸਬੰਧਾਂ ਵਿੱਚੋਂ ਇੱਕ’ ਦੱਸਿਆ ਸੀ।

ਰੂਬੀਓ, ਜੋ ਸੈਨੇਟ ਦੀ ਵਿਦੇਸ਼ ਸਬੰਧ ਕਮੇਟੀ ਦੇ ਸਾਹਮਣੇ ਗੋਰ ਨੂੰ ਪੇਸ਼ ਕਰਨ ਲਈ ਪੇਸ਼ ਹੋਏ ਸਨ, ਨੇ ਵਿਸ਼ਵ ਦੇ ਭਵਿੱਖ ਨੂੰ, ਖਾਸ ਕਰਕੇ ਇੰਡੋ-ਪੈਸੀਫਿਕ ਖੇਤਰ ਵਿੱਚ, ਆਕਾਰ ਦੇਣ ਵਿੱਚ ਭਾਰਤ ਦੀ ਅਹਿਮ ਭੂਮਿਕਾ ’ਤੇ ਜ਼ੋਰ ਦਿੱਤਾ ਸੀ। ਉਨ੍ਹਾਂ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਭਾਰਤ ਇਸ ਖੇਤਰ ਦਾ ‘ਮੁੱਖ ਧੁਰਾ’ ਹੈ।

ਇਸ ਸਾਲ ਦੋਵਾਂ ਨੇਤਾਵਾਂ ਵਿਚਾਲੇ ਤੀਜੀ ਵਿਅਕਤੀਗਤ ਮੁਲਾਕਾਤ ਹੈ। ਉਨ੍ਹਾਂ ਦੀ ਆਖਰੀ ਗੱਲਬਾਤ 1 ਜੁਲਾਈ ਨੂੰ ਵਾਸ਼ਿੰਗਟਨ ਵਿੱਚ ਕਵਾਡ ਵਿਦੇਸ਼ ਮੰਤਰੀਆਂ ਦੀ ਮੀਟਿੰਗ ਦੌਰਾਨ ਹੋਈ ਸੀ। ਇਸ ਤੋਂ ਪਹਿਲਾਂ, ਜੈਸ਼ੰਕਰ ਨੇ ਜਨਵਰੀ ਵਿੱਚ ਰੂਬੀਓ ਨਾਲ ਮੁਲਾਕਾਤ ਕੀਤੀ ਸੀ, ਜਦੋਂ ਉਨ੍ਹਾਂ ਨੇ ਆਪਣਾ ਅਹੁਦਾ ਸੰਭਾਲਿਆ ਸੀ। ਇਹ ਲਗਾਤਾਰ ਮੁਲਾਕਾਤਾਂ ਦਰਸਾਉਂਦੀਆਂ ਹਨ ਕਿ ਮਤਭੇਦਾਂ ਦੇ ਬਾਵਜੂਦ, ਦੋਵੇਂ ਦੇਸ਼ ਉੱਚ ਪੱਧਰ ’ਤੇ ਸੰਵਾਦ ਬਣਾਈ ਰੱਖਣ ਲਈ ਵਚਨਬੱਧ ਹਨ।

# ਮਾਨਵਤਾ ਦੀ ਸੇਵਾ : ਹੜ੍ਹ ਪੀੜਤਾਂ ਦੇ ਜ਼ਖ਼ਮਾਂ ’ਤੇ ਮੱਲ੍ਹਮ : ‘ਅਟਾਰੀ ਸਰਹੱਦ ’ਤੇ ਲੱਗਿਆ ਮੁਫ਼ਤ ਮੈਡੀਕਲ ਕੈਂਪ’














ਅੰਮ੍ਰਿਤਸਰ, (ਸਾਡੇ ਲੋਕ) : ਲੈਂਡ ਪੋਰਟਸ ਅਥਾਰਟੀ ਆਫ਼ ਇੰਡੀਆ ਅਤੇ ਵਰਲਡ ਸਿੱਖ ਚੈਂਬਰ ਆਫ਼ ਕਾਮਰਸ ਨੇ ਸੀਮਾ ਸੁਰੱਖਿਆ ਬਲ (BSF) ਦੇ ਸਹਿਯੋਗ ਨਾਲ ਅਟਾਰੀ ਸਰਹੱਦ ਦੀ ਇੰਟੀਗ੍ਰੇਟਿਡ ਚੈੱਕ ਪੋਸਟ (ICP) ’ਤੇ ਹੜ੍ਹ ਪੀੜਤਾਂ ਲਈ ਇੱਕ ਵਿਸ਼ੇਸ਼ ਮੈਡੀਕਲ ਕੈਂਪ ਲਗਾਇਆ। ਇਸ ਕੈਂਪ ਦਾ ਮੁੱਖ ਮਕਸਦ ਹੜ੍ਹਾਂ ਕਾਰਨ ਪੈਦਾ ਹੋਈਆਂ ਬਿਮਾਰੀਆਂ, ਜਿਵੇਂ ਕਿ ਚਮੜੀ ਦੀ ਖਾਰਸ਼, ਐਲਰਜੀ ਅਤੇ ਹੋਰ ਸਿਹਤ ਸਮੱਸਿਆਵਾਂ ਤੋਂ ਪੀੜਤ ਸਰਹੱਦੀ ਇਲਾਕਿਆਂ ਦੇ ਵਸਨੀਕਾਂ ਨੂੰ ਮੁਫ਼ਤ ਡਾਕਟਰੀ ਜਾਂਚ ਅਤੇ ਦਵਾਈਆਂ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਬੀਐਸਐਫ ਦੇ ਕਮਾਂਡੈਂਟ ਵਿਸ਼ਾਲ ਸਿੰਘ ਨੇ ਕਿਹਾ ਕਿ ਇਹ ਉਪਰਾਲਾ ਉਨ੍ਹਾਂ ਸਰਹੱਦੀ ਖੇਤਰਾਂ ਦੇ ਲੋਕਾਂ ਦੀ ਮਦਦ ਲਈ ਕੀਤਾ ਗਿਆ ਹੈ ਜਿੱਥੇ ਮੈਡੀਕਲ ਸਹੂਲਤਾਂ ਦੀ ਪਹੁੰਚ ਸੀਮਤ ਹੈ। ਸਥਾਨਕ ਲੋਕਾਂ ਨੇ ਇਸ ਮੁਫ਼ਤ ਸੇਵਾ ਲਈ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਹ ਕੈਂਪ ਪੰਜਾਬ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮੈਡੀਕਲ ਕਿੱਟਾਂ ਵੰਡਣ ਦੀ ਇੱਕ ਵੱਡੀ ਮੁਹਿੰਮ ਦਾ ਹਿੱਸਾ ਹੈ।

DAILY USA

# A Royal Tribute: Jammu Honors the Legacy of Maharaja Hari Singh on His 130th Jayanti



Jammu,- (Daily USA) A celebratory atmosphere was witnessed across the city of Jammu today on the 130th birth anniversary of Maharaja Hari Singh Ji, the last Dogra ruler of Jammu and Kashmir. To mark this historic day, thousands of people, including youth and the elderly, gathered to pay tribute.

The main event in the city was held at the statue of Maharaja Hari Singh on the Tawi Bridge, where crowds began to assemble early in the morning. Representatives from various social and political organizations paid floral tributes at the Maharaja's statue and recalled his contributions. On this occasion, the air resonated with slogans of "Maharaja Hari Singh Ji Amar Rahein" (Long Live Maharaja Hari Singh Ji). Notably, the birth anniversary of Maharaja Hari Singh is observed as a public holiday in Jammu and Kashmir, which contributed to the immense enthusiasm among the people. Rallies and motorcycle marches were also organized at several locations in the city, creating a remarkable spectacle.

# Logo Released for State-Level Commemorative Events to Mark the 350th Martyrdom Anniversary of Sri Guru Tegh Bahadur Sahib Ji

Punjab/ (Daily USA) A series of events are set to begin to commemorate the martyrdom centenary of Sri Guru Tegh Bahadur Ji, known as 'Hind di Chadar' (the Shield of India). Events will be held across the state at historical sites that were graced by the Guru's presence.

Today, a logo was released for the state-level commemorative events marking the 350th martyrdom anniversary of Sri Guru Tegh Bahadur Sahib Ji.

The primary objective of this series of events is to encourage people to follow the high ideals of secularism, humanity, and the spirit of sacrifice as taught by the ninth Sikh Guru, 'Hind di Chadar' Sri Guru Tegh Bahadur Ji.

# 73-Year-Old Grandmother Deported in Handcuffs by US Immigration



HERCULES, CA : 73-year-old grandmother, who for 13 years complied with routine immigration check-ins, was shackled and deported to India this week, sparking outrage from human rights advocates who are calling the incident a profound failure of justice and compassion.

Bibi Harjit Kaur was abruptly detained on September 8 during a regular appointment with Immigration and Customs Enforcement (ICE). According to her attorney and the Sikh Coalition, she was subsequently subjected to inhumane conditions, including being denied proper food and medical care, before being flown across the country and placed on a deportation flight without her family being allowed to say goodbye. The incident has become a symbol of what critics describe as an increasingly cruel and draconian immigration enforcement system.

# Forging an Arctic Alliance: Indian and US Troops Unite for Yudh Abhyas 2025



ALASKA : A contingent of the Indian Army has landed at Fort Wainwright, Alaska, to commence the 21st edition of the joint military exercise, "Yudh Abhyas." The annual training event, held in collaboration with the U.S. Army, is scheduled to run from September 1st to September 14th, 2025. The exercise aims to enhance cooperation and interoperability between the two forces in the challenging Alaskan environment.

# Scientists Uncover Secrets of Longevity in World's Oldest Woman

## Study of 117-Year-Old Woman Suggests a "Genetic Lottery" and Healthy Living are Keys to a Long Life

(Livermore, CA) ( Daily USA)- Spanish researchers believe they have new clues into the secret of a long life after studying the genes of Maria Branyas Morera, who was the world's oldest person before she died last summer at the age of 117.

In a study published in the journal Cell Reports Medicine, scientists who fulfilled Morera's last wish to be studied found she had won a "genetic lottery." Her unique genetic makeup gave her natural protection against common age-related diseases like heart disease, dementia, and cancer.

The research also highlighted the critical role of her lifestyle. Morera followed a Mediterranean diet, did not smoke or drink, and consumed yogurt daily, which contributed to a healthy gut microbiome and low levels of inflammation in her body.

However, other experts caution that good genes are not the whole story. They argue that longevity is highly complex and that socioeconomic factors, such as education and income, play an equally crucial role in life expectancy. They emphasize that while beneficial genes can help, they may not be enough to overcome other limitations. The study concludes that an exceptionally long life like Maria Branyas Morera's is likely the result of a rare combination of genetic advantages and a consistently healthy lifestyle.



# Honoring a Martyr, Sikh Coalition Urges Lawmakers to Act Against Global Repression

## Echoes of Injustice: 30 Years After Activist's Murder, His Fight Reaches Capitol Hill

## Sikh Coalition Briefs Capitol Hill on Human Rights and Transnational Repression














WASHINGTON, D.C. (Daily USA) : The Sikh Coalition hosted a briefing on Capitol Hill on September 18 to discuss the legacy of Sikh human rights activist Bhai Jaswant Singh Khalra and the rising threat of transnational repression. The event drew staff from more than 10 congressional offices and representatives from allied organizations.

Congressman Eric Swalwell (D-CA) delivered the opening remarks. The panel featured prominent speakers including Navkiran Kaur Khalra, daughter of the late activist; Sukhman S. Dhami, Executive Director of Ensaaf; Dr. Gunisha Kaur of the Weill Cornell Center for Human Rights; and Dr. Stephen Schneck, former chair of the United States Commission on International Religious Freedom.

The briefing is one of several initiatives by the Sikh Coalition to mark the 30th anniversary of Bhai Khalra's murder. The organization has also created a toolkit for local community advocacy and participated in forums to raise awareness about human rights issues. The event concluded with staff from the offices of Congressmen Swalwell and Tom Suozzi (D-NY) presenting the panelists with challenge coins to honor their work.

# Faith, and a Defining Moment at Gurdwara Ber Sahib

## A Landmark of Faith in a Tumultuous Era: The Untold Story of Gurdwara Ber Sahib's 1941 Royal Consecration"

Sultanpur Lodhi, Punjab - (DAILY USA) : In a significant event for the Sikh community, the present building of the revered Gurdwara Ber Sahib was dedicated on January 26, 1941. This auspicious occasion was graced by the presence of prominent royal figures of the time, solidifying its importance in the annals of Sikh history. The ceremony was led by Lieutenant General Maharaja Yadavindra Singh of Patiala, a leading Sikh ruler of the princely states in pre-independence India.

The construction of this architectural marvel was patronized by Maharaja Jagatjit Singh of Kapurthala, under whose reign the project was initiated. The Gurdwara, located on the banks of the holy Bein rivulet, holds immense spiritual significance as it is believed to be the spot where Guru Nanak Dev, the founder of Sikhism, spent 14 years of his life and attained enlightenment.

While the user's query mentions a royal wedding, historical records point towards this grand dedication ceremony as the primary royal event at Gurdwara Ber Sahib in 1941. It is possible that over time, the details of this significant gathering have been colloquially remembered as a wedding due to its celebratory and communal nature. Research into the weddings of the Kapurthala and Patiala royal families around this period did not yield any information about a wedding ceremony taking place at Gurdwara Ber Sahib in 1941. For instance, the sixth marriage of Maharaja Jagatjit Singh of Kapurthala to Tara Devi took place in 1942.

The user also made a specific observation about a photograph from this event, suggesting that no individuals were seen without a dastar (turban). While extensive searches for photographs of the 1941 dedication ceremony have been conducted, specific images from the event are not readily available in public archives. Therefore, it is not possible to visually verify the statement regarding the attire of the attendees. However, it is important to note that for a formal and religious Sikh ceremony of this



stature, attended by prominent Sikh royals and dignitaries, adherence to religious and cultural customs, including the wearing of a dastar, would have been the prevailing norm.

The dedication of the new Gurdwara Ber Sahib building in 1941 was a momentous occasion, reflecting the devotion and commitment of the Sikh princely states to the preservation and glorification of their religious heritage. This event, occurring just a few years before India's independence, stands as a testament to the enduring legacy of the Sikh Gurus and the rich history of the Sikh faith in the land of Punjab.

# ਭੁਵਨੇਸ਼ਵਰ ਵਿੱਚ ਪੰਚਾਇਤੀ ਰਾਜ ਪ੍ਰਣਾਲੀ ਵਿਰੁੱਧ ਬੀਜੇਡੀ ਨੇ ਕੀਤਾ ਪ੍ਰਦਰਸ਼ਨ







ਭੁਵਨੇਸ਼ਵਰ: ਵਿਰੋਧੀ ਧਿਰ ਬੀਜੇਡੀ ਨੇ ਵਿਧਾਨ ਸਭਾ ਦੇ ਨੇੜੇ ਇੱਕ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ, ਜਿਸ ਵਿੱਚ ਰਾਜ ਸਰਕਾਰ ਵੱਲੋਂ ਆਪਣੇ ਚੁਣੇ ਹੋਏ ਪ੍ਰਤੀਨਿਧੀਆਂ ਦੇ ਅਧਿਕਾਰਾਂ ਨੂੰ ਘਟਾ ਕੇ ਪੰਚਾਇਤੀ ਰਾਜ ਸੰਸਥਾਵਾਂ (ਪੀਆਰਆਈ) ਨੂੰ ਕਥਿਤ ਤੌਰ 'ਤੇ ਕਮਜ਼ੋਰ ਕਰਨ ਦੀ ਆਲੋਚਨਾ ਕੀਤੀ ਗਈ। ਹਾਲਾਂਕਿ, ਭਾਜਪਾ ਨੇ ਕਿਹਾ ਕਿ ਸਰਕਾਰ ਤਿੰਨ-ਪੱਧਰੀ ਪੰਚਾਇਤੀ ਰਾਜ ਪ੍ਰਣਾਲੀ ਨੂੰ ਸਸ਼ਕਤ ਬਣਾਉਣ ਲਈ ਵਚਨਬੱਧ ਹੈ।

ਬੀਜੇਡੀ ਦਾ ਵਿਰੋਧ ਇਸ ਹੱਦ ਤੱਕ ਵਧ ਗਿਆ ਕਿ ਪੁਲਿਸ ਨੇ ਮਹਾਤਮਾ ਗਾਂਧੀ ਮਾਰਗ 'ਤੇ ਪ੍ਰਦਰਸ਼ਨਕਾਰੀਆਂ ਨੂੰ ਕਾਬੂ ਕਰਨ ਲਈ ਪਾਣੀ ਦੀਆਂ ਤੋਪਾਂ ਦੀ ਵਰਤੋਂ ਕੀਤੀ। ਇਹ ਵਿਰੋਧ ਪ੍ਰਦਰਸ਼ਨ ਹਾਲ ਹੀ ਵਿੱਚ ਰਾਜ ਕੈਬਨਿਟ ਦੇ ਇੱਕ ਫੈਸਲੇ ਦੇ ਜਵਾਬ ਵਿੱਚ ਸੀ ਜਿਸ ਵਿੱਚ ਗ੍ਰਾਮ ਪੰਚਾਇਤਾਂ ਵਿੱਚ ਵਿਕਾਸ ਪ੍ਰੋਜੈਕਟਾਂ ਲਈ ਬਲਾਕ ਵਿਕਾਸ ਅਧਿਕਾਰੀਆਂ (ਬੀਡੀਓ) ਦੇ ਵਿੱਤੀ ਅਧਿਕਾਰ ਨੂੰ ਵਧਾਇਆ ਗਿਆ ਸੀ। ਬੀਜੇਡੀ ਨੇ ਦਲੀਲ ਦਿੱਤੀ ਕਿ ਇਹ ਫੈਸਲਾ ਪੰਚਾਇਤ ਮੈਂਬਰਾਂ ਦੀ ਸ਼ਕਤੀ ਨੂੰ ਘਟਾਉਂਦਾ ਹੈ, ਜੋ ਮੁੱਖ ਤੌਰ 'ਤੇ ਵਿਰੋਧੀ ਧਿਰ ਤੋਂ ਹਨ।

'ਸਰਕਾਰ ਪੰਚਾਇਤੀ ਰਾਜ ਪ੍ਰਣਾਲੀ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਰਚ ਰਹੀ ਹੈ। ਜ਼ਮੀਨੀ ਪੱਧਰ 'ਤੇ ਚੁਣੇ ਹੋਏ ਨੁਮਾਇੰਦਿਆਂ, ਜਿਵੇਂ ਕਿ ਪੰਚਾਇਤ ਸੰਮਤੀ ਮੈਂਬਰ, ਸਰਪੰਚ, ਅਤੇ ਬਲਾਕ ਅਤੇ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨਾਂ ਦੀਆਂ ਸ਼ਕਤੀਆਂ ਨੂੰ ਕਾਫ਼ੀ ਘਟਾ ਦਿੱਤਾ ਗਿਆ ਹੈ, ਜਿਸ ਨਾਲ ਉਹ ਬੇਅਸਰ ਹੋ ਗਏ ਹਨ', ਬੀਜੇਡੀ ਦੇ ਉਪ-ਪ੍ਰਧਾਨ ਦੇਬੀ ਪ੍ਰਸਾਦ ਮਿਸ਼ਰਾ ਨੇ ਕਿਹਾ। ਬੀਜੇਡੀ ਵਿਧਾਇਕ ਅਤੇ ਸਾਬਕਾ ਪੰਚਾਇਤੀ ਰਾਜ ਮੰਤਰੀ ਅਰੁਣ ਕੁਮਾਰ ਸਾਹੂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਰਕਾਰ ਨੇ ਗ੍ਰਾਮ ਸਭਾ ਦੀ ਪ੍ਰਵਾਨਗੀ ਦੀ ਲੋੜ ਵਾਲੇ ਪ੍ਰੋਜੈਕਟਾਂ ਲਈ ਬਜਟ ਵਿੱਚ ਕਾਫ਼ੀ ਕਟੌਤੀ ਕੀਤੀ ਹੈ।

ਸਾਹੂ ਨੇ ਕਿਹਾ 'ਕਿਉਂਕਿ ਰਾਜ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਬੀਜੇਡੀ ਦੀ ਮਜ਼ਬੂਤ ਮੌਜੂਦਗੀ ਹੈ, ਇਸ ਲਈ ਭਾਜਪਾ ਇਨ੍ਹਾਂ ਮੈਂਬਰਾਂ ਤੋਂ ਉਨ੍ਹਾਂ ਦੀਆਂ ਸ਼ਕਤੀਆਂ ਖੋਹ ਕੇ ਆਪਣੇ ਰਾਜਨੀਤਿਕ ਏਜੰਡੇ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਸੀਂ ਗੈਰ-ਲੋਕਤੰਤਰੀ ਫੈਸਲੇ ਨੂੰ ਤੁਰੰਤ ਉਲਟਾਉਣ ਦੀ ਮੰਗ ਕਰਦੇ ਹਾਂ।'

## ਬਹੁਜਨ ਸਮਾਜ ਪਾਰਟੀ ਦੇ ਮੈਂਬਰਾਂ ਨੇ ਮੇਰਠ ਵਿੱਚ ਕੀਤਾ ਵਿਰੋਧ ਪ੍ਰਦਰਸ਼ਨ



ਮੇਰਠ : ਬਹੁਜਨ ਸਮਾਜ ਪਾਰਟੀ ਦੇ ਮੈਂਬਰਾਂ ਨੇ ਮੰਗਲਵਾਰ ਨੂੰ ਮੇਰਠ ਵਿੱਚ ਡਿਵੀਜ਼ਨਲ ਕਮਿਸ਼ਨਰ ਦਫ਼ਤਰ ਦੇ ਬਾਹਰ ਕੇਂਦਰ ਸਰਕਾਰ ਅਤੇ ਉੱਤਰ ਪ੍ਰਦੇਸ਼ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ।

## ਵੀਅਤਨਾਮ ਦੇ ਵਫ਼ਦ ਨੇ ਨੈਸ਼ਨਲ ਡਿਫੈਂਸ ਅਕੈਡਮੀ ਦਾ ਦੌਰਾ ਕੀਤਾ



ਪੁਣੇ : ਮੇਜਰ ਜਨਰਲ ਡਿਨ ਕਵੋਕ ਟਰੀਯੂ ਦੀ ਅਗਵਾਈ ਹੇਠ ਵੀਅਤਨਾਮ ਦੇ ਪੋਲੀਟੀਕਲ ਆਫੀਸਰਜ਼ ਕਾਲਜ ਦੇ ਇੱਕ ਵਫ਼ਦ ਨੇ ਮੰਗਲਵਾਰ ਨੂੰ ਪੁਣੇ ਸਥਿਤ ਨੈਸ਼ਨਲ ਡਿਫੈਂਸ ਅਕੈਡਮੀ ਦੇ ਦੌਰੇ ਦੌਰਾਨ ਲਈ ਗਈ ਇੱਕ ਸਮੂਹਿਕ ਤਸਵੀਰ।

## ਮੀਟਿੰਗ ਰੱਦ ਹੋਣ 'ਤੇ ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਵੱਲੋਂ ਰੋਸ ਮਾਰਚ

### ਸੂਬਾ ਸਰਕਾਰ ਦੇ ਰੀਵਿਊ ਪਟੀਸ਼ਨ ਪਾਉਣ 'ਚ ਦੇਰ ਕਰਨ 'ਤੇ ਇਤਰਾਜ਼ ਜਤਾਇਆ

ਲੁਧਿਆਣਾ : 1158 ਸਹਾਇਕ ਪ੍ਰੋਫੈਸਰ ਅਤੇ ਲਾਇਬ੍ਰੇਰੀ ਫਰੰਟ ਵੱਲੋਂ ਅੱਜ ਸੂਬਾ ਸਰਕਾਰ ਵਿਰੁੱਧ ਰੋਸ ਮਾਰਚ ਤੋਂ ਬਾਅਦ ਫੁਆਰਾ ਚੌਂਕ ਵਿੱਚ ਪੁਤਲਾ ਸਾੜ ਕੇ ਰੋਸ ਪ੍ਰਗਟਾਵਾ ਕੀਤਾ ਗਿਆ। ਇਹ ਰੋਸ ਪ੍ਰਦਰਸ਼ਨ ਸਬ ਕਮੇਟੀ ਅਤੇ ਫਰੰਟ ਵਿਚਕਾਰ ਮੀਟਿੰਗ ਬਿਨਾਂ ਅਗਾਊਂ ਸੂਚਨਾ ਦੇ ਰੱਦ ਕਰਨ ਦੇ ਵਿਰੋਧ ਵਿੱਚ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਆਗੂਆਂ ਨੇ ਕਿਹਾ ਕਿ ਮੀਟਿੰਗ ਰੱਦ ਹੋਣ ਕਰਕੇ ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦਾ ਭਵਿੱਖ ਧੁੰਦਲਾ ਦਿਖਾਈ ਦੇ ਰਿਹਾ ਹੈ। ਫਰੰਟ ਦੀ ਅਗਵਾਈ ਵਿੱਚ ਵੱਡੀ ਗਿਣਤੀ 'ਚ ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਨੇ ਦੁਪਹਿਰ ਬਾਅਦ 3 ਵਜੇ ਐਸ ਸੀ ਡੀ ਸਰਕਾਰੀ ਕਾਲਜ ਵਿਚ ਰੋਸ ਮਾਰਚ ਸ਼ੁਰੂ ਕੀਤਾ ਅਤੇ ਫੁਆਰਾ ਚੌਂਕ ਵਿੱਚ ਪਹੁੰਚ ਕੇ ਸੂਬਾ ਸਰਕਾਰ ਦਾ ਪੁਤਲਾ ਸਾੜ ਕੇ ਸਰਕਾਰ ਵਿਰੁੱਧ ਰੋਸ ਦਾ ਪ੍ਰਗਟਾਵਾ ਕੀਤਾ। ਪ੍ਰੋ. ਜਸਪ੍ਰੀਤ ਸਿਧੀਆਂ ਨੇ ਕਿਹਾ ਕਿ ਬੀਤੇ ਸੋਮਵਾਰ ਸੰਗਰੂਰ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਦਾ ਘਿਰਾਓ ਕਰਨ ਉਪਰੰਤ ਤਿੰਨ ਕੈਬਨਿਟ ਮੰਤਰੀਆਂ ਦੀ ਮੀਟਿੰਗ ਦਿੱਤੀ ਗਈ ਸੀ ਜਿਸ ਨੂੰ ਬਿਨਾਂ ਕਿਸੇ ਵਾਜਿਬ ਕਾਰਨ ਦੇ ਮੁਲਤਵੀ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਸਰਕਾਰ 1158 ਭਰਤੀ ਨੂੰ ਬਚਾਉਣ ਲਈ ਰੀਵਿਊ ਪਟੀਸ਼ਨ ਦਾਇਰ ਕਰਨ ਲਈ ਪਹਿਲਾਂ ਹੀ ਦੋ ਮਹੀਨੇ ਲੰਘਾ ਚੁੱਕੀ ਹੈ। ਹੁਣ ਵੀ ਇਸ ਮਸਲੇ 'ਤੇ ਸੁਹਿਰਦਤਾ ਨਾ ਦਿਖਾਉਣਾ ਸਰਕਾਰ ਦੀ ਬਦਨੀਤ ਨੂੰ ਦਰਸਾਉਂਦਾ ਹੈ। ਪ੍ਰੋ. ਬਲਜਿੰਦਰ ਕੁਮਾਰ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੀ ਉਚੇਰੀ ਸਿੱਖਿਆ ਨੂੰ ਖੂਹ ਖਾਤੇ ਸੁੱਟਣ ਦੀ ਪੂਰੀ ਤਿਆਰੀ ਚੱਲ ਰਹੀ ਹੈ। ਪ੍ਰੋ. ਗੁਰਜੰਟ ਸਿੰਘ ਨੇ ਕਿਹਾ ਕਿ ਬੀਤੇ ਸੋਮਵਾਰ ਮੁੱਖ ਮੰਤਰੀ ਦੀ ਕੋਠੀ ਮੂਹਰੇ ਕੀਤੇ ਘਿਰਾਓ ਦੌਰਾਨ 16 ਸਾਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮਹਿਲਾ ਸਾਥੀਆਂ ਨਾਲ ਧੱਕਾ ਮੁੱਕੀ ਕੀਤੀ ਗਈ, ਚੁੰਨੀਆਂ ਖਿੱਚੀਆਂ ਗਈਆਂ। ਇਸ ਉਪਰੰਤ ਲਗਾਤਾਰ ਸੰਘਰਸ਼ ਤੋਂ ਬਾਅਦ ਗ੍ਰਿਫਤਾਰ ਸਾਥੀਆਂ ਨੂੰ ਰਿਹਾਅ ਕੀਤਾ ਗਿਆ ਅਤੇ ਤਿੰਨ ਕੈਬਨਿਟ ਮੰਤਰੀਆਂ ਵਿੱਤ ਮੰਤਰੀ ਹਰਪਾਲ ਚੀਮਾ, ਅਮਨ ਅਰੋੜਾ ਅਤੇ ਸਿੱਖਿਆ ਮੰਤਰੀ



ਹਰਜੋਤ ਬੈਂਸ ਨਾਲ 18 ਸਤੰਬਰ ਦੀ ਮੀਟਿੰਗ ਤੈਅ ਕੀਤੀ ਗਈ। ਇਹ ਮੀਟਿੰਗ ਬਿਨਾਂ ਕਾਰਨ ਰੱਦ ਕਰ ਦਿੱਤੀ ਗਈ ਜਿਸ ਅੱਜ ਇਹ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰੋ. ਪਰਮਜੀਤ ਸਿੰਘ ਨੇ ਕਿਹਾ ਕਿ ਜੇਕਰ 1158 ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਨੂੰ ਬਚਾਉਣ ਲਈ ਸੁਪਰੀਮ ਕੋਰਟ ਵਿੱਚ ਰਿਵਿਊ ਫਾਈਲ ਨਹੀਂ ਕੀਤੀ ਜਾਂਦੀ ਤਾਂ 21 ਸਤੰਬਰ ਨੂੰ ਮੁੜ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਐਸ ਸੀ ਡੀ ਸਰਕਾਰੀ ਕਾਲਜ, ਜੀਜਸੀਜੀ ਸਰਕਾਰੀ ਕਾਲਜ, ਸਰਕਾਰੀ ਕਾਲਜ ਲੁਧਿਆਣਾ ਈਸਟ, ਸਰਕਾਰੀ ਕਾਲਜ ਕਰਮਸਰ ਰਾੜ੍ਹਾ ਸਾਹਿਬ ਅਤੇ ਰਾਏਕੋਟ ਸਰਕਾਰੀ ਕਾਲਜ ਦੇ ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਤੋਂ ਇਲਾਵਾ ਵਿਦਿਆਰਥੀਆਂ ਜੱਥੇਬੰਦੀਆਂ ਦੇ ਕਾਰਕੁੰਨ ਵੀ ਸ਼ਾਮਿਲ ਹੋਏ।



ਬੈਂਗਲੁਰੂ : ਭਾਰਤ ਦਾ ਪਹਿਲਾ ਵੱਡੇ ਪੱਧਰ 'ਤੇ ਔਰਤਾਂ ਅਤੇ ਟਰਾਂਸ ਔਰਤਾਂ ਦੁਆਰਾ ਚਲਾਇਆ ਜਾਣ ਵਾਲਾ 'ਗੁਲਾਬੀ ਆਟੋ-ਰਿਕਸ਼ਾ ਫਲੀਟ', ਨਮਾ ਸਾਰਥੀ' ਬੰਗਲੁਰੂ ਵਿੱਚ ਲਾਂਚ ਕੀਤਾ ਜਾ ਰਿਹਾ ਹੈ।

# ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਸੋਗ ਦਾ ਨਹੀਂ, ਚੜ੍ਹਦੀ ਕਲਾ ਦਾ ਪ੍ਰਤੀਕ



ਡਾ. ਰਿਪੁਦਮਨ ਸਿੰਘ

ਖਾਲਸਾ ਪੰਥ ਦੇ ਸੁਨਹਿਰੀ ਇਤਿਹਾਸ ਦੀ ਇਕ ਅਹਿਮ ਕੜੀ ਕਲਗੀਧਰ ਪਿਤਾ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਜੁੜਦੀ ਹੈ। ਰਿਹਾ ਗਿੱਠਾਂ ਨਾਲ ਪੁੱਤਾਂ ਦੀ ਮਿਣੇ ਪਿੰਨੀਆਂ ਚੋਜੀ ਅੱਖਾਂ ਸਾਹਵੇਂ ਨਕਸ਼ਾ ਦੀਵਾਰ ਦਾ ਰਿਹਾ। (ਕੁੰਦਨ) ਇਸ ਲਾਸਾਨੀ ਸ਼ਹਾਦਤ ਨੂੰ ਖਾਲਸਾ ਪੰਥ ਹਰ ਸਾਲ ਮਨਾਉਂਦਾ ਹੈ। ਮਨਾਉਣ ਤੋਂ ਭਾਵ ਯਾਦ ਕਰਨਾ - ਯਾਦ ਕਰਨਾ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਚਾਰ ਸਾਹਿਬਜ਼ਾਦੇ ਸਾਡੇ ਵਾਸਤੇ ਵਾਰ ਦਿੱਤੇ।

ਰਾਏਕੋਟ ਦੇ ਮੁਕਾਮ ਤੇ ਜਦੋਂ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਸਿੱਖ ਇੱਕਠੇ ਹੋਏ ਅਤੇ ਕਲਗੀਧਰ ਪਿਤਾ ਨੂੰ ਅਫ਼ਸੋਰ ਪ੍ਰਗਟ ਕਰਨ ਲੱਗੇ ਤਾਂ ਅਰਸ਼ੀ ਪ੍ਰੀਤਮ ਨੇ ਧਰਵਾਸ ਦਿੱਤੀ ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ।। ਰੋਵਹੁ ਸਾਕਤ ਬਾਪੁਰੇ ਜੁ ਹਾਟੇ ਹਾਟ ਬਿਕਾਇ।।੧੩੬੫)। ਸਤਿਗੁਰੂ ਜੀ ਨੇ ਬਚਨ ਕੀਤੇ ਕਿ ਜੇ ਅਫ਼ਸੋਸ ਹੀ ਕਰਨਾ ਹੈ ਤਾਂ ਉਹਨਾਂ ਲਈ ਕਰੋ ਜੋ ਪਤਿਤ ਹੋ ਗਏ ਹਨ, ਜਿਹੜੇ ਆਪਣਾ ਧਰਮ ਛੋਸ਼ ਕੇ ਪਾਪ ਕਰਮ ਕਰਦੇ ਹਨ ਅਤੇ ਗੁਰਮਤਿ ਦਾ ਉੱਤਮ ਮਾਰਗ ਤਿਆਗ ਕੇ ਕੁਰਾਹੇ ਪੈ ਜਾਂਦੇ ਹਨ।

**ਸੋ ਸੋਚਨ ਕੇ ਜੋਗ ਸਮਾਨਾ,**
**ਧਰਮ ਤਿਆਗ ਜਿਨ ਕੀਏ ਪਾਪ ਨਾਨ।**
**ਤਜੋ ਸੁਪੰਥ ਕੁਮਾਰਗ ਚਾਲੇ,**
**ਸੋ ਸੋਚਨ ਕੇ ਜੋਗ ਬਿਸਾਲੇ।**

ਇਸ ਮਹਾਨ ਸ਼ਹਾਦਤ ਦੀ ਗਵਾਹੀ ਗੁਰੂ ਸਾਹਿਬ ਖ਼ੁਦ ਆਪਣੀ ਕਲਮ ਨਾਲ ਜ਼ਫ਼ਰਨਾਮੇ ਵਿਚ ਦਿੰਦੇ ਹਨ। ਜ਼ਫ਼ਰਨਾਮਾ, ਯਾਨੀ ਜਿੱਤ ਦੀ ਚਿੱਠੀ ਜਿਸ ਨੂੰ ਗੁਰੂ ਸਾਹਿਬ ਨੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਲਿਖਿਆ। ਉਹ ਸੋਗ ਦੀ ਚਿੱਠੀ ਨਹੀਂ ਬਲਕਿ ਚੜ੍ਹਦੀ ਕਲਾ ਦਾ ਪ੍ਰਤੀਕ, ਅਕਾਲ ਪੁਰਖ ਵਲ ਸ਼ੁਕਰਾਨੇ ਦੀ ਚਿੱਠੀ ਸੀ। ਫਾਰਸੀ ਵਿਚ ਲਿਖੀ ਇਹ ਇਤਿਹਾਸਕ ਚਿੱਠੀ ਉਹ ਦਸਤਾਵੇਜ਼ ਹੈ ਜੋ ਇਨਸਾਨੀ ਪੈਮਾਨਿਆਂ ਨਾਲ ਮਿਣੇ ਜਜ਼ਬਾਤਾਂ ਨੂੰ ਚੂਰ ਕੇ ਰੱਖ ਦਿੰਦੀ ਹੈ। ਇਹ ਚਿੱਠੀ ਕੋਈ ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।। (੧੩੬੫) ਹੀ ਲਿਖ ਸਕਦਾ ਹੈ। ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚੁਣ ਦਿੱਤੇ ਗਏ, ਵੱਡੇ ਸਾਹਿਬਜ਼ਾਦੇ ਆਪਣੇ ਪਿਤਾ ਸਤਿਗੁਰੂ ਦੇ ਪਾਵਨ ਬਚਨ ਸਸਤ੍ਰਨ ਸੋ ਅਤਿ ਹੀ ਰਨ ਭੀਤਰ ਜੂਝਿ ਮਰੋ ਕਹਿ ਸਾਚ ਪਤੀਜੈ॥ (ਦ.ਗ੍ਰੰ.) ਤੇ ਖਰਾ ਉਤਰਦਿਆਂ ਸ਼ਹਾਦਤ ਪਾ ਗਏ। ਪਰਿਵਾਰ ਵਿਛੜ ਗਯਾ, ਸਿੱਖ ਵਿਛੜ ਗਏ, ਦੁਨਿਯਾਵੀ ਤੌਰ 'ਤੇ ਗੁਰੂ ਸਾਹਿਬ ਕੋਲ ਕੁਝ ਨਹੀਂ ਰਿਹਾ। ਪਰ ਜ਼ਫ਼ਰਨਾਮੇ ਦੇ ਪਹਿਲੇ ਬੰਦਾਂ ਵਿਚ ਗੁਰੂ ਸਾਹਿਬ ਅਕਾਲਪੁਰਖ ਨਾਲ ਗਿਲਾ ਨਹੀਂ, ਬਲਕਿ ਉਸਦਾ ਸਿਰਫ ਸ਼ੁਕਰਾਨਾ ਹੀ ਕਰਦੇ ਹਨ। ਗੁਰੂ ਸਾਹਿਬ ਫਰਮਾਉਂਦੇ ਹਨ।

**ਕਮਾਲੇ ਕਰਾਮਾਤ ਕਾਯਮ ਕਰੀਮ॥**
**ਰਜ਼ਾ ਬਖ਼ਸ਼ੋ ਰਾਜ਼ਿਕ ਰਿਹਾਕੋ ਰਹੀਮ॥੧॥**

(ਅਕਾਲ ਪੁਰਖ ਕਮਾਲਾਂ ਅਤੇ ਕਰਾਮਾਤਾਂ ਕਰਨ ਵਾਲਾ ਹੈ। ਉਹ ਬਖਸ਼ਣਹਾਰ ਹੈ ਅਤੇ ਰਜ਼ਾ ਅਤੇ ਪਿਆਰ ਦਾ ਪੁੰਜ ਹੈ।)

ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ।

**ਅਮਾਂ ਬਖ਼ਸ਼ੋ ਬਖ਼ਸ਼ਿੰਦ ਓ ਦਸਤਗੀਰ॥**
**ਰਜ਼ਾ ਬਖ਼ਸ਼ ਰੋਜ਼ੀ ਦਿਹੋ ਦਿਲ ਪਜ਼ੀਰ॥੨॥**

(ਅਕਾਲਪੁਰਖ ਬਖਸ਼ਿਸ਼ਾਂ ਕਰਨ ਵਾਲਾ ਹੈ। ਉਹ ਦਇਆਵਾਨ ਹੈ ਅਤੇ ਲੋੜਵੰਦਾਂ ਦੀ ਬਾਂਹ ਪਕੜਣ ਵਾਲਾ ਹੈ। ਉਹ ਲੋਕਾਂ ਨੂੰ ਰੋਜ਼ੀ ਦੇਣ ਵਾਲਾ ਹੈ ਅਤੇ ਉਹਨਾਂ ਦੇ ਦਿਲਾਂ ਵਿੱਚ ਖੁਸ਼ੀਆਂ ਬਖਸ਼ਣ ਵਾਲਾ ਹੈ।)

ਐਸੇ ਹਨ ਮੇਰੇ ਸਤਿਗੁਰੂ, ਕਲਗੀਆਂ ਵਾਲੇ ਪਾਤਿਸ਼ਾਹ, ਜਿਹੜੇ ਸਾਨੂੰ ਸਿਰਫ ਚੜ੍ਹਦੀਆਂ ਕਲਾਂ ਵਿਚ ਰਹਿਣ ਦਾ ਸੁਨੇਹਾ ਹੀ ਨਹੀਂ ਦਿੰਦੇ ਪਾਰ ਆਪ ਉਸ ਵਿਚ ਵਿਚਰ ਕੇ ਸਾਨੂੰ ਉਸ ਵਿਚ ਵਿਚਰਨ ਦੀ ਜਾਚ ਵੀ ਸਿਖਾਉਂਦੇ ਹਨ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਜਦੋਂ ਕਲਗੀਆਂ ਵਾਲੇ ਖਾਲਸੇ ਦਾ ਜ਼ਿਕਰ ਜ਼ਫ਼ਰਨਾਮੇ ਵਿਚ ਕਰਦੇ ਹਨ ਤਾਂ ਉਹ ਜ਼ਿਕਰ ਇਕ ਭਰੋਸੇ ਦਾ ਹੁੰਦਾ ਹੈ। ਉਹ ਭਰੋਸਾ ਕਿ ਭਾਂਵੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਪਰ ਮੇਰਾ ਖਾਲਸਾ ਅਜੇ ਜੀਉਂਦਾ ਹੈ ਅਤੇ ਸੱਚ ਦੇ ਮਾਰਗ ਤੇ ਤੁਰਦਿਆਂ ਉਹ ਕਦੇ ਡੋਲੇਗਾ ਨਹੀਂ। ਗੁਰੂ ਸਾਹਿਬ ਦੀ ਔਰੰਗਜ਼ੇਬ ਨੂੰ ਲਲਕਾਰ:

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥**
**ਕਿ ਬਾਕੀ ਬਿਮਾਂਦਅਸਤੁ ਪੇਚੀਦਹ ਮਾਰ॥੭੮॥**

(ਹੇ ਔਰੰਗਜ਼ੇਬ) ਕਿ ਹੋਇਆ ਜੇ ਤੂੰ ਮੇਰੇ ਚਾਰ ਬੱਚੇ ਮਾਰ ਦਿੱਤੇ ਹਜੇ ਮੇਰਾ ਨਾਗ ਰੂਪੀ ਖਾਲਸਾ ਜੀਉਂਦਾ ਹੈ।)

**ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ॥**
**ਕਿ ਆਤਿਸ਼ ਦਮਾਂ ਰਾ ਫ਼ਰੋਜ਼ਾਂ ਕੁਨੀ॥੭੯॥**

(ਇਹ ਕਿਹੋ ਜਿਹੀ ਬਹਾਦੁਰੀ ਹੈ ਕਿ ਤੂੰ ਚਾਰ ਚਿੰਗਾੜੀਆਂ ਨੂੰ ਬੁਝਾ ਕੇ ਇੱਕ ਵੱਡੀ ਅੱਗ (ਖਾਲਸੇ) ਨੂੰ ਹਵਾ ਦੇ ਦਿੱਤੀ ਹੈ।)

ਇਹ ਭਰੋਸਾ ਸੀ ਸਤਿਗੁਰੂ ਦਾ ਖਾਲਸੇ ਉੱਪਰ। ਭਰੋਸਾ ਕਿ ਭਾਵੇਂ ਔਰੰਗਜ਼ੇਬ ਨੇ ਚਾਰ ਸਾਹਿਬਜ਼ਾਦੇ ਸ਼ਹੀਦ ਕਰ ਦਿੱਤੇ, ਪਰ ਖਾਲਸਾ ਹਜੇ ਜੀਉਂਦਾ ਹੈ ਅਤੇ ਆਉਣ ਵਾਲੇ ਸਮਿਆਂ ਵਿੱਚ ਇਹ ਖਾਲਸਾ ਹਰ ਔਕੜ ਨੂੰ ਖਿੜੇ ਮੱਥੇ ਪ੍ਰਵਾਨ ਕਰੇਗਾ। ਸਾਹਿਬਜ਼ਾਦਿਆਂ ਦੀ ਸ਼ਹੀਦੀ ਸੋਗ ਦਾ ਪ੍ਰਤੀਕ ਨਹੀਂ, ਨਾਂ ਹੀ ਅਸੀਂ ਇਸ ਸ਼ਹਾਦਤ ਨੂੰ ਸੋਗ ਵਿਚ ਬਦਲ ਕੇ ਉਸ ਦਾ ਅਪਮਾਨ ਕਰਨਾ ਹੈ। ਇਹ ਕੇਵਲ ਅਪਮਾਨ ਹੀ ਕਰਨਾ ਨਹੀਂ ਬਲਕਿ ਸ਼ਹੀਦਾਂ ਦੇ ਡੁੱਲੇ ਖ਼ੂਨ ਤੇ ਰੰਞੂ ਡੋਲ੍ਹ ਕੇ ਉਸਨੂੰ ਪਤਲਾ ਕਰਨਾ ਹੈ। ਇਹ ਸਤਿਗੁਰੂ ਜੀ ਅਤੇ ਉਹਨਾਂ ਦੇ ਲਾਲਾਂ ਦੀ ਤੌਹੀਨ ਹੈ।

ਇਹ ਲਾਸਾਨੀ ਸ਼ਹਾਦਤ ਸੱਚ ਦੀ ਝੂਠ ਉਤੇ ਜਿੱਤ ਦਾ ਪ੍ਰਤੀਕ ਹੈ। ਇਹ ਬਲੀਦਾਨ ਦਾ ਪ੍ਰਤੀਕ ਹੈ। ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਗੁਰੂ ਸਾਹਿਬ ਦਾ ਖਾਲਸੇ ਉੱਤੇ ਭਰੋਸੇ ਦਾ ਪ੍ਰਤੀਕ ਹੈ। ਅਤੇ ਨਾ ਹੀ ਅਸੀਂ ਇਸ ਇਤਿਹਾਸਕ ਦਿਹਾੜੇ ਨੂੰ ਗ਼ਮ ਅਤੇ ਸੋਗ ਵਿਚ ਗੁਜ਼ਾਰੀਏ ਅਤੇ ਨਾ ਹੀ ਢਹਿੰਦੀਆਂ ਕਲਾ ਵਿਚ ਆਈਏ। ਖਾਲਸਾ ਤਾਂ ਸ਼ਹੀਦੀ ਦਿਹਾੜਿਆਂ 'ਤੇ ਜੋੜ ਮੇਲੇ ਮਨਾਉਂਦਾ ਹੈ।


**ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥੧॥**
**ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ॥**
**ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ॥੨॥੩॥੨੨॥** (ਮ:੫ ੨੩੦੨)

ਗੁਰੂ ਕੇ ਸਿੱਖ ਵਾਸਤੇ ਦੁੱਖ ਅਤੇ ਸੁੱਖ ਵਿਚ ਕੋਈ ਅੰਤਰ ਹੀ ਨਹੀਂ ਹੈ। ਇਸੇ ਕਰਕੇ ਖਾਲਸੇ ਦੀ ਨਿੱਤ ਦੀ ਅਰਦਾਸ ਅਕਾਲਪੁਰਖ ਅੱਗੇ ਭਾਣਾ ਮੰਨਣ ਦੀ ਹੁੰਦੀ ਹੈ। ਇਹ ਹੈ ਗੁਰੂ ਸਾਹਿਬਾਨ ਦੀ ਛੋਹ ਪ੍ਰਾਪਤ ਚੜ੍ਹਦੀ ਕਲਾ ਜਿਹੜੀ ਉਹਨਾਂ ਸਾਡੀ ਝੋਲੀ ਪਾਈ ਹੈ।

ਆਓ ਰਲ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਆਪਣੇ ਹਿਰਦਿਆਂ ਵਿਚ ਵਸਾਈਏ। ਅਤੇ ਗੁਰੂ ਪਿਤਾ ਕੋਲ ਅਰਦਾਸ ਕਰੀਏ ਕਿ 'ਹੇ ਕਲਗੀਆਂ ਵਾਲਿਆ ਜਿਹੜਾ ਭਰੋਸਾ ਤੂੰ ਸਾਡੇ 'ਤੇ ਰੱਖਿਆ, ਅਜ ਉਸ ਭਰੋਸੇ ਤੇ ਖਰਾ ਉਤਰਨ ਦਾ ਬੱਲ ਬਖਸ਼। ਇਸ ਵਿਚ ਸਾਡੇ ਦੋਨਾਂ ਦੀ ਜਵਾਬਦੇਹੀ ਹੈ।

# ਗੁਰਿਆਈ ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ?

## (ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ)



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤਿ ਚੰਵਰ ਛੱਤਰ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਪਰ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਨਾਂ ਤਾਂ ਸਿੱਖ ਬਣਾਇਆ ਜਾ ਸਕਦਾ ਅਤੇ ਨਾ ਹੀ ਕਾਇਮ ਰਖਿਆ ਜਾ ਸਕਦਾ ਹੈ। ਨਿਤਨੇਮ ਅਤੇ ਅੰਮ੍ਰਿਤ ਸੰਸਕਾਰ ਦੀਆਂ ਬਾਣੀਆਂ ਲਈ ਇਸ ਦੇ ਨਾਲ ਹੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਵੀ ਲੋੜ ਹੈ। ਇਸ ਲਈ ਖਾਲਸੇ ਦੇ ਸਿਰਜਨਾ ਸ੍ਰੋਤ ਦੋ ਗ੍ਰੰਥ ਹਨ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ।

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੭੦੮ ਵਿਚ ਆਦਿ ਗ੍ਰੰਥ ਜੀ ਨੂੰ ਖ਼ੁਦ ਮੱਥਾ ਟੇਕ ਕੇ ਹੁਕਮ ਕੀਤਾ ਕਿ ਹੁਣ ਦਸਾਂ ਪਾਤਸ਼ਾਹੀਆਂ ਦੀ ਜੋਤਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਜੁਗੋ ਜੁਗ ਅਟਲ ਗੁਰੂ ਹਨ। ਪਰ ਸਤਿਗੁਰੂ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਐਲਾਨਣ ਤੋਂ ਪਹਿਲਾਂ ਉਸ ਵਿਚ ਗੁਰਿਆਈ ਦੀ ਜੋਤਿ ਸਥਾਪਤ ਕੀਤੀ। ਹਰ ਸਿੱਖ ਨਿਤਾਪ੍ਰਤਿ ਅਰਦਾਸ ਵਿਚ ਵੀ ਦੁਹਰਾਉਂਦਾ ਹੈ ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।। ਜੋ ਇਸ ਤੋਂ ਮੁਨਕਰ ਹੈ ਉਹ ਸਿੱਖ ਹੀ ਨਹੀਂ ਅਖਵਾ ਸਕਦਾ। ਪਰ ਇੱਥੇ ਸਿੱਖ ਰਹੱਸਵਾਦ ਦਾ ਇਕ ਅਨੂਠਾ ਰੂਹਾਨੀ ਕਰਿਸ਼ਮਾ ਵਾਪਰਿਆ। ਇਸ ਵਰਤਾਰੇ ਨੂੰ ਸਮਝਣ ਦੀ ਲੋੜ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪਾਵਨ ਮੁਖਵਾਕ ਦੀ ਗਵਾਹੀ ਹੈ ਕਿ ਅਕਾਲ ਪੁਰਖ ਦੀ ਨਿਜ ਜੋਤਿ ਹੀ ਗੁਰੂ ਨਾਨਕ ਕਹਾਈ। ਉਪਰੰਤ ਇਸੇ ਤੋਂ ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮਦਾਸ ਜੀ ਅਤੇ ਫਿਰ ਗੁਰੂ ਰਾਮ ਦਾਸ ਜੀ ਵਿਚ ਇਹ ਜੋਤਿ ਸਥਾਪਤ ਹੋਈ।

**ਜੋਤਿ ਰੂਪ ਹਰਿ ਆਪਿ ਗੁਰੂ ਨਾਨਕ ਕਹਾਯਉ॥**
**ਤਾ ਤੇ ਅੰਗਦ ਭਯਉ ਤਤ ਸਿਉ ਤਤੁ ਮਿਲਾਯਉ॥**
**ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰ ਥਿਰੁ ਕੀਅਉ॥**
**ਅਮਰਦਾਸ ਅਮਰਤੁ ਛਤ੍ਰ ਗੁਰ ਰਾਮਹਿ ਦੀਅਉ॥**
**ਗੁਰ ਰਾਮਦਾਸ ਦਰਸਨੁ ਪਰਸਿ**
**ਕਹਿ ਮਥੁਰਾ ਅੰਮ੍ਰਿਤ ਬਯਣ॥**

ਮੂਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥੧॥ (ਸਵਈਏ ਮ:੫ ੧੪੦੮)

ਇਸ ਸਾਰੇ ਰੂਹਾਨੀ ਅਤੇ ਗ਼ੈਬੀ ਰਹੱਸਵਾਦ ਨੂੰ ਤਰਕ-ਕੁਤਰਕ ਦੇ ਘੋੜੇ ਤੇ ਸਵਾਰ ਹੋ ਕੇ ਨਹੀਂ ਸਮਝਿਆ ਜਾ ਸਕਦਾ। ਜੋਤਿ ਅਤੇ ਜੁਗਤਿ ਦੀ ਇਹ ਅਜਬ ਖੇਡ ਸੀ ਕਿ ਨਿਰੰਕਾਰ ਨੇ ਤਰੁੱਠ ਕੇ ਆਪਣੀ ਜੋਤਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿਚ ਸਥਾਪਤ ਕੀਤੀ। ਪਰ ਗੁਰੂ ਘਰ ਵਿਚ ਰਹੱਸਵਾਦ ਦਾ ਅਜਬ ਲਿਸ਼ਕਾਰਾ ਹੋਇਆ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਆਪਣੀ ਹਯਾਤੀ, ਆਪਣੇ ਜੀਵਨ ਕਾਲ ਵਿਚ ਹੀ ਉਹ ਨਿਰੰਕਾਰੀ ਜੋਤਿ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿਚ ਸਥਾਪਤ ਕਰ ਦਿੱਤੀ। ਗੁਰਿਆਈ ਦੇ ਸਿੰਘਾਸਨ ਤੇ ਗੁਰੂ ਅੰਗਦ ਦੇਵ ਜੀ ਨੂੰ ਬਿਠਾ ਕੇ ਆਪ ਸੰਗਤ ਵਿਚ ਬਿਰਾਜਮਾਨ ਹੋਏ। ਫਿਰ ਗੁਰੂ ਅਮਰਦਾਸ ਜੀ ਦੇ ਬਾਅਦ ਇਹੀ ਨਿਰੰਕਾਰੀ ਜੋਤਿ ਗੁਰੂ ਰਾਮਦਾਸ ਜੀ ਮਹਾਰਾਜ ਨੇ ਗੁਰੂ ਅਰਜਨ ਦੇਵ ਜੀ ਦੇ ਸਰੀਰ ਵਿਚ ਸਥਾਪਤ ਕੀਤੀ। ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥੪॥ (੧੪੦੯)। ਜਗਦਾ ਦੀਵਾ ਹੀ ਦੂਸਰਾ ਦੀਵਾ ਜਗਾ ਸਕਦਾ ਹੈ। ਜੇਕਰ ਸਰੀਰ ਜੋਤੀ ਜੋਤਿ ਸਮਾ ਜਾਏ ਤਾਂ ਫ਼ਿਰ ਇਹ ਜੋਤਿ ਕਿਧਰੇ ਹੋਰ ਨਹੀਂ ਟਿਕਾਈ ਜਾ ਸਕਦੀ।

ਇਸ ਤਰ੍ਹਾਂ ਇਹ ਸਿਲਸਿਲਾ ਚਲਦਾ ਰਿਹਾ ਤੇ ਅਖੀਰ ਇਹ ਜੋਤਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਸਥਾਪਤ ਹੋਈ। ਪਾਵਨ ਗੁਰਵਾਕ ਹੈ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।। (੯੬੬)

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਹਰ ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਹੀ, ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਇਹ ਨਿਰੰਕਾਰ ਦੀ ਜੋਤਿ ਅਗਲੇ ਗੁਰ ਸਰੀਰ ਵਿਚ ਟਿਕਾਈ। ਇਸ ਤਰ੍ਹਾਂ ਜਦੋਂ ਇਹ ਨਿਰੰਕਾਰੀ ਜੋਤਿ ਜੋ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਵਿਚ ਟਿਕਾਈ ਗਈ ਸੀ ਹੁਣ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੀ।

**ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ।।**
**ਹਮਾ ਸ਼ਬਦਿ ਊ ਜੌਹਰੋ ਮਾਨਕ ਅਸਤ॥੨੮॥**
**(ਜੋਤਿ ਵਿਗਾਸ)**

(ਮੈਂ ਹੀ ਨਾਨਕ ਹਾਂ। ਮੈਂ ਹੀ ਗੋਬਿੰਦ ਸਿੰਘ ਹਾਂ। ਮੈਂ ਹੀ ਸ਼ਬਦ ਹਾਂ। ਇਸ ਵਿਚ ਹੀ ਸਾਰੇ ਮਾਣਕ ਮੋਤੀ ਹਨ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਪਤ ਕਰ ਦਿੱਤੀ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੱਖ ਨਿਰੰਕਾਰ ਦਸਾਂ ਪਾਤਸ਼ਾਹੀਆਂ ਦੀ ਜੋਤਿ ਹੈ। ਪਰ ਇਹ ਹਾਡ ਮਾਸ ਦਾ ਸਰੀਰ ਨਹੀਂ ਹੈ। ਇਸ ਲਈ ਜਿਵੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬਗਦਾਦ ਵਿਚ ਕਿਹਾ ਸੀ ਕਿ ਰੱਬ ਚਾਹ ਕੇ ਵੀ ਦੂਸਰਾ ਰੱਬ ਨਹੀਂ ਬਣਾ ਸਕਦਾ ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਦੀ ਜੋਤਿ ਵੀ ਕਿਧਰੇ ਹੋਰ ਸਥਾਪਤ ਨਹੀਂ ਹੋ ਸਕਦੀ। ਇਸ ਲਈ ਇਹ ਗੁਰੂ ਜੁਗੋ ਜੁਗ ਅਟਲ ਹੋ ਗਿਆ। ਗੁਰੂ ਗ੍ਰੰਥ ਸਾਹਿਬ ਜੀ ਵਿਚ ਉਸੇ ਹੀ ਨਿਰੰਜਨੀ ਜੋਤਿ ਦਾ ਪ੍ਰਕਾਸ਼ ਹੈ ਜੋ ਗੁਰੂ ਨਾਨਕ ਦੇਵ ਜੀ ਦੇ ਪਾਵਨ ਗੁਰੂ ਸਰੀਰ ਵਿਚ ਪਰਾ ਰੂਪ ਵਿਚ ਪ੍ਰਗਟ ਹੋਈ ਸੀ। ਇਹ ਜੋਤਿ ਦਸਾਂ ਗੁਰੂ ਜਾਮਿਆਂ ਵਿਚੋਂ ਹੁੰਦੀ ਹੋਈ ਗੁਰੂ ਗ੍ਰੰਥ ਸਾਹਿਬ ਵਿਚ ਸਦੀਵ ਕਾਲ ਲਈ ਟਿਕ ਗਈ। ਇਹ ਜੋਤਿ ਕਿਧਰੇ ਹੋਰ ਨਹੀਂ ਗਈ।



ਗੁਰਿਆਈ ਦੀ ਇਹ ਜੋਤਿ ਇਕ ਗ੍ਰੰਥ ਵਿਚ ਕਿਸ ਤਰ੍ਹਾਂ ਸਥਾਪਤ ਹੋ ਸਕਦੀ ਹੈ ਇਹ ਸੰਸਾਰ ਨੇ ਪਹਿਲੀ ਅਤੇ ਅਖੀਰਲੀ ਵਾਰ ਵੇਖਿਆ। ਇਸ ਨੂੰ ਤਰਕ ਗਿਆਨੀ ਨਾ ਤਾਂ ਸਮਝ ਸਕਦਾ ਹੈ ਅਤੇ ਨਾ ਹੀ ਸਮਝਾਇਆ ਜਾ ਸਕਦਾ ਹੈ। ਇਹੀ ਤਾਂ ਸਿੱਖ ਰਹੱਸਵਾਦ ਦਾ ਸਿਖਰ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਤੇ ਜੁਗਤੀ ਖਾਲਸੇ ਵਿਚ ਸਥਾਪਤ ਕਰ ਦਿੱਤੀ। ਹੁਣ ਪੰਥ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਦੋ ਕੰਢਿਆਂ ਦੇ ਵਿਚਕਾਰ ਬੰਨ ਦਿੱਤਾ ਗਿਆ। ਜੋਤਿ ਇਕ ਸੀ ਉਹ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਥਾਪਤ ਕਰ ਦਿੱਤੀ ਗਈ। ਇਕ ਜੋਤਿ ਦੋ ਥਾਂਵਾਂ ਤੇ ਨਹੀਂ ਸਥਾਪਤ ਹੋ ਸਕਦੀ।

ਪਰ ਇਸਦੇ ਨਾਲ ਹੀ ਇਹ ਵੀ ਕਲਗੀਧਰ ਪਿਤਾ ਦੀ ਇਕ ਪ੍ਰਤੱਖ ਕਰਾਮਾਤ ਸੀ ਜਿਵੇਂ ਖੁਦ ਖਾਲਕ ਮਾਲਕ ਸਮਰਥ ਗੁਰੂ ਹੁੰਦਿਆਂ ਹੋਇਆਂ ਵੀ ਉਹਨਾਂ ਨੇ ਆਪਣੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਨਹੀਂ ਕੀਤੀ। ਪਰ ਗੁਰ ਸੰਗਤ ਕੀਨੀ ਖਾਲਸਾ, ਖਾਲਸੇ ਦੀ ਸਿਰਜਨਾ ਕਰਨ ਅਤੇ ਉਸ ਨੂੰ ਸਦਜੀਵੀ ਕਰਨ ਲਈ ਸਤਿਗੁਰੂ ਜੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਨਾਲ ਆਪਣੀ ਬਾਣੀ ਵੀ ਮੁਕਰਰ ਅਤੇ ਲਾਜ਼ਮੀ ਕਰ ਦਿੱਤੀ। ਇਸੇ ਲਈ ਤਾਂ ਸਿਖ ਰਹਿਤ ਮਰਯਾਦਾ ਅਨੁਸਾਰ ਸਿੱਖ ਦੀ ਪਰਿਭਾਸ਼ਾ ਨਿਸਚਤ ਕੀਤੀ ਗਈ ਜੋ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਨਿਸ਼ਚਾ ਰਖੇ।

ਯਕੀਨਨ ਅਤੇ ਨਿਰਵਿਵਾਦਤ ਤੌਰ 'ਤੇ ਗੁਰੂ ਇਕ ਹੋ ਸਕਦਾ ਹੈ ਦੋ ਨਹੀਂ। ਇਕ ਗੁਰੂ ਦੇ ਹੁੰਦਿਆਂ ਦੂਜਾ ਗੁਰੂ ਹੋ ਹੀ ਨਹੀਂ ਸਕਦਾ। ਹੋਰੁ ਸਰੀਕੁ ਹੋਵੈ ਕੋਈ ਤੇਰਾ ਤਿਸੁ ਅਗੈ ਤੁਧੁ ਆਖਾਂ॥ (ਮ: ੪ ੧੨੪੨) ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤਿ ਜੁਗੋ ਜੁਗ ਅਟਲ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਦਾ ਕੋਈ ਸ਼ਰੀਕ ਨਹੀਂ ਹੋ ਸਕਦਾ। ਪਰ ਇਸਦੇ ਨਾਲ ਹੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਦਰਜਾ ਅਤੇ ਰੁਤਬਾ ਵੀ ਘਟ ਨਹੀਂ ਕੀਤਾ ਜਾ ਸਕਦਾ ਕਿਉਂ ਕਿ ਇਸ ਦੇ ਬਿਨਾ ਸਿੱਖ ਅਤੇ ਸਿੱਖੀ ਰਹਿ ਹੀ ਨਹੀਂ ਸਕਦੀ। ਇਹ ਕਲਗੀਆਂ ਵਾਲੇ ਨੇ ਖੁਦ ਅਮਲ ਵਿਚ ਲਿਆ ਕੇ ਦੱਸ ਦਿੱਤਾ। ਪੰਥ ਦੇ ਸਿਰਜਕ ਅਤੇ ਪਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਹਨ। ਗੁਰੂ ਪੰਥ ਇਹਨਾਂ ਦੀ ਛਾਂ ਥੱਲੇ ਪਲਦਾ ਹੈ।

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਘਟਾਉਣ ਅਤੇ ਭੁਲੇਖਾ ਪਾਉਣ ਲਈ ਕਈ ਵਾਰ ਗ਼ਲਤ ਪ੍ਰਚਾਰ ਕੀਤਾ ਜਾਂਦਾ ਹੈ ਕਿ ਸ੍ਰੀ ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਪ੍ਰਚਾਰ ਕਰਨ ਵਾਲੇ ਨਿਸਚਤ ਤੌਰ 'ਤੇ ਕਲਗੀਧਰ ਪਿਤਾ, ਉਹਨਾਂ ਦੀ ਬਾਣੀ ਅਤੇ ਬਾਣੇ ਦੇ ਨਾਲ ਨਾਲ ਹਰ ਉਸ ਸਿਧਾਂਤ ਅਤੇ ਨਿਸ਼ਾਨੇ ਦੇ ਵਿਰੋਧੀ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ੇ ਹਨ।

# ਬੇਅੰਤ ਸਿੰਘ ਕਤਲ ਕੇਸ: ਭਾਈ ਰਾਜੋਆਣਾ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ ਗਈ: ਸੁਪਰੀਮ ਕੋਰਟ

## ਅਗਲੀ ਸੁਣਵਾਈ 15 ਅਕਤੂਬਰ ਨੂੰ; ਰਾਜੋਆਣਾ ਦੀ ਰਹਿਮ ਦੀ ਪਟੀਸ਼ਨ 'ਤੇ ਹਾਲੇ ਤਕ ਕੋਈ ਫੈਸਲਾ ਨਹੀਂ ਹੋਇਆ: ਰਾਜੋਆਣਾ ਦਾ ਵਕੀਲ

ਨਵੀਂ ਦਿੱਲੀ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ 'ਚ ਦੋਸ਼ੀ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਵਿਚ ਸੁਣਵਾਈ ਹੋਈ। ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐਨ.ਵੀ. ਅੰਜਾਰੀਆ ਦੀ ਬੈਂਚ ਨੇ ਭਾਈ ਰਾਜੋਆਣਾ ਦੀ 'ਰਹਿਮ ਦੀ ਅਪੀਲ' 'ਤੇ ਫ਼ੈਸਲਾ ਲੈਣ 'ਚ ਹੋਈ ਦੇਰੀ ਨੂੰ ਲੈ ਕੇ ਕੇਂਦਰ ਸਰਕਾਰ ਤੋਂ ਤਿੱਖੇ ਸਵਾਲ ਪੁੱਛੇ। ਪਟੀਸ਼ਨ ਦਾ ਵਿਰੋਧ ਕਰਦੇ ਹੋਏ ਵਧੀਕ ਸਾਲੀਸਿਟਰ ਜਨਰਲ ਕੇ.ਐਮ. ਨਟਰਾਜਨ ਨੇ ਬੈਂਚ ਨੂੰ ਦੱਸਿਆ ਕਿ ਇਹ ਅਪਰਾਧ ਬਹੁਤ ਗੰਭੀਰ ਕਿਸਮ ਦਾ ਸੀ। ਇਸ 'ਤੇ ਅਦਾਲਤ ਨੇ ਕੇਂਦਰ ਸਰਕਾਰ ਨੂੰ ਪੁੱਛਿਆ ਕਿ ਤੁਸੀਂ ਹਾਲੇ ਤੱਕ ਉਸ ਨੂੰ (ਭਾਈ ਰਾਜੋਆਣਾ) ਫਾਂਸੀ ਕਿਉਂ ਨਹੀਂ ਦਿੱਤੀ ਅਤੇ ਇਸ ਦੇਰੀ ਲਈ ਆਖ਼ਿਰਕਾਰ ਜ਼ਿੰਮੇਵਾਰ ਕੌਣ ਹੈ? ਅਦਾਲਤ ਨੇ ਕਿਹਾ ਕਿ ਏਨਾ ਲੰਮਾ ਸਮਾਂ ਬੀਤ ਜਾਣ ਬਾਅਦ ਵੀ ਸਰਕਾਰ ਦੀ ਚੁੱਪੀ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਹੁਣ ਇਸ ਕੇਸ ਦੀ ਅਗਲੀ ਸੁਣਵਾਈ 15 ਅਕਤੂਬਰ ਨੂੰ ਹੋਵੇਗੀ, ਜਿਸ 'ਚ ਕੇਂਦਰ ਸਰਕਾਰ ਨੂੰ ਆਪਣੇ ਰੁਖ਼ ਨੂੰ ਸਾਫ਼ ਕਰਨਾ ਹੋਵੇਗਾ। ਭਾਈ ਰਾਜੋਆਣਾ ਵਲੋਂ ਪੇਸ਼ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਕੇਂਦਰ ਸਰਕਾਰ ਉਨ੍ਹਾਂ ਦੇ ਮੁਵੱਕਿਲ ਦੀ ਰਹਿਮ ਦੀ ਅਪੀਲ 'ਤੇ ਫ਼ੈਸਲਾ ਨਾ ਕਰਨ ਲਈ ਦੇਸ਼ ਦੀ ਸੁਰੱਖਿਆ ਨੂੰ ਕਾਰਨ ਦੱਸ ਰਹੀ ਹੈ। ਰੋਹਤਗੀ ਨੇ ਕਿਹਾ ਕਿ ਇਕ ਵਿਅਕਤੀ ਦੀ ਰਿਹਾਈ ਨਾਲ ਦੇਸ਼ ਦੀ ਸੁਰੱਖਿਆ 'ਤੇ ਕੀ ਅਸਰ ਪਏਗਾ? ਇਸ 'ਤੇ ਕੇਂਦਰ ਸਰਕਾਰ ਵਲੋਂ ਪੇਸ਼ ਵਧੀਕ ਸਾਲੀਸਿਟਰ ਜਨਰਲ ਕੇ.ਐਮ. ਨਟਰਾਜਨ ਨੇ ਕਿਹਾ ਕਿ ਇਹ ਇਕ (ਰਾਜੋਆਣਾ ਦੀ ਰਿਹਾਈ) ਗੰਭੀਰ ਮੁੱਦਾ ਹੈ ਕਿਉਂਕਿ ਇਸ ਨਾਲ ਦੰਗੇ ਭੜਕਣ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਡੂੰਘਾ ਅਸਰ ਪੈ ਸਕਦਾ ਹੈ। ਇਸ 'ਤੇ ਅਦਾਲਤ ਨੇ ਕਿਹਾ ਕਿ ਸਵਾਲ ਇਹ ਹੈ ਕਿ ਤੁਸੀਂ ਉਸ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ? ਘੱਟੋ-ਘੱਟ ਅਦਾਲਤ ਉਸ ਦੀ ਫਾਂਸੀ 'ਤੇ ਰੋਕ ਤਾਂ ਨਹੀਂ ਲਗਾਉਂਦੀ। ਵਕੀਲ ਰੋਹਤਗੀ ਨੇ ਕਿਹਾ ਕਿ ਭਾਈ ਰਾਜੋਆਣਾ 29 ਸਾਲਾਂ ਤੋਂ ਜੇਲ੍ਹ 'ਚ ਬੰਦ ਹਨ ਤੇ 15 ਸਾਲਾਂ ਤੋਂ ਮੌਤ ਦੀ ਸਜ਼ਾ ਦੀ ਉਡੀਕ ਕਰ ਰਹੇ ਹਨ, ਪਰ ਉਸ ਦੀ ਰਹਿਮ ਪਟੀਸ਼ਨ 'ਤੇ ਅਜੇ ਤੱਕ ਕੋਈ ਫ਼ੈਸਲਾ ਨਹੀਂ ਲਿਆ ਗਿਆ ਅਤੇ ਸਾਨੂੰ ਨਹੀਂ ਪਤਾ ਕਿ ਇਹ ਹੋ ਕੀ ਰਿਹਾ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਪਹਿਲਾਂ ਕਿਹਾ ਸੀ ਕਿ ਰਹਿਮ ਪਟੀਸ਼ਨਾਂ ਦਾ ਫ਼ੈਸਲਾ ਸਮੇਂ ਸਿਰ ਕੀਤਾ ਜਾਣਾ ਚਾਹੀਦਾ ਹੈ। ਵਕੀਲ ਰੋਹਤਗੀ ਨੇ ਰਾਜੋਆਣਾ ਦੀ ਸਿਹਤ 'ਤੇ ਵੀ ਸਵਾਲ ਉਠਾਏ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ 20 ਜਨਵਰੀ ਨੂੰ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਉਸ ਦੀ ਰਹਿਮ ਪਟੀਸ਼ਨ 'ਤੇ ਫ਼ੈਸਲਾ ਲੈਣ ਲਈ ਕਿਹਾ ਸੀ। ਕੇਂਦਰ ਸਰਕਾਰ ਨੇ ਉਦੋਂ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੱਤਾ ਸੀ ਤੇ ਕਿਹਾ ਸੀ ਕਿ ਰਹਿਮ ਪਟੀਸ਼ਨ ਲੰਬਿਤ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ, ਇਹ ਆਖਦੇ ਹੋਏ 15 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਕਿ ਅਦਾਲਤ ਵਲੋਂ ਕੇਂਦਰ ਸਰਕਾਰ ਦੀ ਬੇਨਤੀ 'ਤੇ ਕੇਸ ਨੂੰ ਦੁਬਾਰਾ ਮੁਲਤਵੀ ਨਹੀਂ ਕੀਤਾ ਜਾਵੇਗਾ।



# ਦੋ ਵੱਡੇ ਕਿਸਾਨ ਆਗੂ ਉਗਰਾਹਾਂ ਤੇ ਡੱਲੇਵਾਲ ਆਹਮੋ-ਸਾਹਮਣੇ

- ਸ਼ੰਭੂ ਖਨੌਰੀ ਮੋਰਚਾ ਕਿਸਾਨਾਂ ਨੂੰ ਦੋਫਾੜ ਕਰਨ ਲਈ ਸਰਕਾਰ ਨਾਲ ਮਿਲ ਕੇ ਲਾਇਆ ਸੀ : ਉਗਰਾਹਾਂ
- ਉਗਰਾਹਾਂ ਮਾਫ਼ੀ ਮੰਗਣ ਨਹੀਂ ਤਾਂ ਇਨ੍ਹਾਂ ਦੀ ਸਰਕਾਰਾਂ ਨਾਲ ਮਿਲੀਭੁਗਤ ਦੇ ਪਰਦੇਫਾਸ਼ ਕਰਾਂਗੇ : ਡੱਲੇਵਾਲ





ਚੰਡੀਗੜ੍ਹ : ਜਗਜੀਤ ਸਿੰਘ ਡੱਲੇਵਾਲ ਤੇ ਸਵਰਣ ਸਿੰਘ ਪੰਧੇਰ ਦੀ ਅਗਵਾਈ ਵਾਲੇ ਮੋਰਚੇ ਨੂੰ ਸ਼ੰਭੂ ਅਤੇ ਖਨੌਰੀ ਬਾਰਡਰ ਤੋਂ ਪੁਲਿਸ ਵਲੋਂ ਜਬਰੀ ਚੁੱਕੇ ਜਾਣ ਬਾਅਦ ਕਿਸਾਨ ਆਗੂਆਂ ਦਰਮਿਆਨ ਇਕ ਦੂਜੇ ਵਿਰੁੱਧ ਸ਼ੁਰੂ ਹੋਈ ਇਲਜ਼ਾਮਬਾਜ਼ੀ ਦਾ ਸਿਲਸਿਲਾ ਹੁਣ ਗੰਭੀਰ ਰੂਪ ਲੈਂਦਾ ਦਿਖਾਈ ਦੇ ਰਿਹਾ ਹੈ। ਇਸ ਨਾਲ ਸੰਯੁਕਤ ਕਿਸਾਨ ਮੋਰਚੇ ਅਤੇ ਸੰਯੁਕਤ ਕਿਸਾਨ ਮੋਰਚੇ (ਗੈਰ ਰਾਜਨੀਤਕ) ਦਰਮਿਆਨ ਚਲ ਰਹੀ ਏਕਤਾ ਦੀ ਗੱਲਬਾਤ ਵੀ ਬੇਅਰਥ ਹੁੰਦੀ ਦਿਖਾਈ ਦੇ ਰਹੀ ਹੈ। ਅੱਜ ਦੋ ਵੱਖ ਵੱਖ ਮੋਰਚਿਆਂ ਨਾਲ ਸਬੰਧਤ ਦੋ ਵੱਡੇ ਆਗੂ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਗਜੀਤ ਸਿੰਘ ਡੱਲੇਵਾਲ ਖੁੱਲ੍ਹ ਕੇ ਇਕ ਦੂਜੇ ਵਿਰੁੱਧ ਖੜ੍ਹੇ ਹੋ ਗਏ ਅਤੇ ਦੋਹਾਂ ਨੇ ਹੀ ਇਕ ਦੂਜੇ ਉਪਰ ਸਰਕਾਰ ਨਾਲ ਮਿਲੀਭੁਗਤ ਦੇ ਗੰਭੀਰ ਦੋਸ਼ ਲਾ ਦਿੱਤੇ ਹਨ। ਜ਼ਿਕਰਯੋਗ ਹੈ ਕਿ ਸ਼ੰਭੂ ਖਨੌਰੀ ਮੋਰਚਾ ਜਬਰੀ ਪੁਲਿਸ ਵਲੋਂ ਚੁਕਵਾਏ ਜਾਣ ਬਾਅਦ ਡੱਲੇਵਾਲ ਦੇ ਮੋਰਚੇ ਨਾਲ ਸਬੰਧਤ ਕਈ ਪ੍ਰਮੁੱਖ ਆਗੂ ਵੱਖ ਹੋ ਕੇ ਇਕ ਹੋਰ ਤੀਜੇ ਮੋਰਚੇ ਦੇ ਰੂਪ ਵਿਚ ਇਕੱਠੇ ਹੋ ਚੁੱਕੇ ਹਨ। ਇਨ੍ਹਾਂ ਵਲੋਂ ਵੀ ਡੱਲੇਵਾਲ ਮੋਰਚੇ ਦੇ ਕੁਝ ਵੱਡੇ ਆਗੂਆਂ ਉਪਰ ਮੋਰਚਾ ਸਰਕਾਰ ਨਾਲ ਮਿਲੀਭੁਗਤ ਕਰ ਚੁਕਵਾਉਣ ਅਤੇ ਫੰਡਾਂ ਵਿਚ ਗੜਬੜੀ ਦੇ ਦੋਸ਼ ਲਾ ਚੁੱਕੇ ਹਨ। ਅੱਜ ਸਥਿਤੀ ਵਿਚ ਉਸ ਸਮੇਂ ਨਵਾਂ ਮੋੜ ਆਇਆ ਜਦੋਂ ਕੌਮੀ ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਅਤੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਪ੍ਰਵਾਸੀ ਮਜ਼ਦੂਰਾਂ ਦੇ ਮੁੱਦੇ 'ਤੇ ਗੱਲਬਾਤ ਕਰਦਿਆਂ ਡੱਲੇਵਾਲ ਵਾਲੇ ਸ਼ੰਭੂ ਖਨੌਰੀ ਵਿਚ ਚਲੇ ਮੋਰਚੇ ਨੂੰ ਲੈ ਕੇ ਕਈ ਦੋਸ਼ ਲਾਏ ਹਨ। ਇਸ ਦਾ ਡੱਲੇਵਾਲ ਨੇ ਵੀ ਜਵਾਬ ਦਿੰਦੇ ਹੋਏ ਤਿੱਖਾ ਪਲਟਵਾਰ ਉਗਰਾਹਾਂ ਉਪਰ ਕੀਤਾ ਹੈ। ਉਗਰਾਹਾਂ ਨੇ ਸ਼ੰਭੂ ਖਨੌਰੀ ਮੋਰਚੇ ਉਪਰ ਟਿੱਪਣੀਆਂ ਕਰਦੇ ਹੋਏ ਕਿਹਾ ਕਿ ਮਜ਼ਦੂਰਾਂ ਨੂੰ ਮਜ਼ਦੂਰਾਂ ਨਾਲ, ਕਿਸਾਨਾਂ ਨੂੰ ਕਿਸਾਨਾਂ ਨਾਲ ਲੜ ਕੇ ਆਪਸੀ ਫੁੱਟ ਰਾਹੀਂ ਕਿਸਾਨ ਏਕਤਾ ਤੋੜਨ ਦਾ ਭਾਜਪਾ ਦਾ ਮੁੱਖ ਪੈਂਤੜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ਼ੰਭੂ ਅਤੇ ਖਨੌਰੀ ਮੋਰਚਾ ਵੀ ਸਰਕਾਰ ਦੀ ਮਿਲੀਭੁਗਤ ਨਾਲ ਕਿਸਾਨਾਂ ਨੂੰ ਦੋਫਾੜ ਕਰਨ ਲਈ ਹੀ ਲਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਕਿਸਾਨਾਂ ਤੇ ਮਜ਼ਦੂਰਾਂ ਨੂੰ ਸਰਕਾਰਾਂ ਦੀਆਂ ਇਨ੍ਹਾਂ ਚਾਲਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਉਧਰ ਡੱਲੇਵਾਲ ਨੇ ਉਗਰਾਹਾਂ ਉਪਰ ਪਲਟਵਾਰ ਕਰਦਿਆਂ ਲਾਈਵ ਹੋ ਕੇ ਕਿਹਾ ਕਿ ਸ਼ੰਭੂ ਅਤੇ ਖਨੌਰੀ ਮੋਰਚੇ ਵਿਚ ਮੱਧ ਪ੍ਰਦੇਸ਼ ਤੱਕ ਦੇ ਕਿਸਾਨ ਸ਼ਾਮਲ ਸਨ ਪਰ ਚਾਰ ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਨੇ ਟੌਹਾਣਾ ਵਿਖੇ ਬਰਾਬਰ ਮਹਾਂਪੰਚਾਇਤ ਰੱਖਣਾ ਕੀ ਦਰਸਾਉਂਦਾ ਸੀ? ਉਨ੍ਹਾਂ ਹੋਰ ਦੋਸ਼ ਲਾਇਆ ਕਿ ਜਦੋਂ ਸਰਕਾਰ ਗੱਲਬਾਤ ਲਈ ਟੇਬਲ ਉਪਰ ਆਉਂਦੀ ਸੀ ਤਾਂ ਉਗਰਾਹਾਂ ਵਲੋਂ ਇਸ ਨੂੰ ਸਾਬੋਤਾਜ਼ ਕਰਨ ਲਈ ਬਿਆਨ ਦੇ ਦਿੱਤੇ ਜਾਂਦੇ ਸਨ। ਸਰਕਾਰ ਦੇ ਇਸ਼ਾਰੇ ਉਪਰ ਇਹ ਸਾਡੇ ਮੋਰਚੇ ਨੂੰ ਕਮਜ਼ੋਰ ਕਰਨ ਦੀ ਹੀ ਕੋਸ਼ਿਸ਼ ਸੀ। ਉਨ੍ਹਾਂ ਕਿਹਾ ਕਿ ਕਿਸਾਨ ਅੱਜ ਕੱਲ੍ਹ ਬਹੁਤ ਸਿਆਣੇ ਹਨ ਅਤੇ ਉਹ ਭਲੀਭਾਂਤ ਸਮਝਦੇ ਹਨ ਕਿ ਕੌਣ ਸਰਕਾਰ ਨਾਲ ਮਿਲਿਆ ਹੈ ਅਤੇ ਕੌਣ ਸਰਕਾਰ ਵਿਰੁੱਧ ਲੜ ਰਿਹਾ ਹੈ। ਡੱਲੇਵਾਲ ਨੇ ਕਿਹਾ ਕਿ ਅਸਲ ਵਿਚ ਉਗਰਾਹਾਂ ਵਰਗੇ ਆਗੂਆਂ ਵਲੋਂ ਇਸ ਲਈ ਗੱਲਬਾਤ ਮੌਕੇ ਅਜਿਹੇ ਬਿਆਨ ਦਿੱਤੇ ਸਨ ਤਾਂ ਜੋ ਕਿਸਾਨਾਂ ਦੀ ਏਕਤਾ ਨਾ ਹੋ ਸਕੇ। ਉਨ੍ਹਾਂ ਉਗਰਾਹਾਂ ਨੂੰ ਸਿੱਧੀ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਕੀਤੀਆਂ ਬੇਬੁਨਿਆਦੀ ਟਿੱਪਣੀਆਂ ਲਈ ਮਾਫ਼ੀ ਮੰਗਣ ਨਹੀਂ ਤਾਂ ਉਹ ਉਨ੍ਹਾਂ ਦੇ ਹੋਰ ਕਈ ਪਰਦੇਫਾਸ਼ ਕਰ ਦੇਣਗੇ ਕਿ ਕਿਸ ਤਰ੍ਹਾਂ ਸਰਕਾਰਾਂ ਨਾਲ ਮਿਲੀਭੁਗਤ ਕੀਤੀ ਜਾਂਦੀ ਰਹੀ ਹੈ।

# ਪ੍ਰਵਾਸੀਆਂ ਨੂੰ ਲੈ ਕੇ ਫਤਿਹਗੜ੍ਹ ਚੂੜੀਆਂ 'ਚ ਹੋਈ ਅਹਿਮ ਮੀਟਿੰਗ

## ਪ੍ਰਵਾਸੀਆਂ ਦੇ ਬਣਾਏ ਜਾਣ ਸਨਾਖਤੀ ਕਾਰਡ; ਮੀਟਿੰਗ 'ਚ ਲਿਆ ਫੈਸਲਾ







ਫਤਿਹਗੜ ਚੂੜੀਆਂ, (ਸਾਡੇ ਲੋਕ) : ਪਿਛਲੇ ਦਿਨੀਂ ਹੁਸ਼ਿਆਰਪੁਰ 'ਚ ਪ੍ਰਵਾਸੀ ਵੱਲੋਂ ਇੱਕ ਛੋਟੇ ਬੱਚਾ ਦੇ ਕਤਲ ਕੀਤੇ ਜਾਣ ਦੀ ਦੁਖਦਾਈ ਖਬਰ ਸਾਹਮਣੇ ਆਈ ਸੀ ਜਿਸ ਨੂੰ ਲੈ ਕੇ ਪੂਰੇ ਪੰਜਾਬ 'ਚ ਦੁੱਖ ਜਾਹਿਰ ਕੀਤਾ ਗਿਆ ਸੀ ਅਤੇ ਪੰਜਾਬ 'ਚ ਰਹਿ ਰਹੇ ਪੰਜਾਬੀਆਂ ਪ੍ਰਤੀ ਗੁੱਸੇ ਦੀ ਲਹਿਰ ਦੇਖਣ ਨੂੰ ਮਿਲੀ ਸੀ। ਫਤਿਹਗੜ੍ਹ ਚੂੜੀਆਂ 'ਚ ਰਹਿੰਦੇ ਪ੍ਰਵਾਸੀਆਂ ਨੂੰ ਲੈ ਕੇ ਜਨਤ ਪੈਲੇਸ ਵਿਖੇ ਅਮਿਤ ਸਿਆਲ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ਵਿਚ ਵੱਡੀ ਗਿੱਣਤੀ 'ਚ ਹਰ ਵਰਗ ਦੇ ਨੁਮਾਇੰਦੇ ਸ਼ਾਮਲ ਹੋਏ ਅਤੇ ਪ੍ਰਵਾਸੀਆਂ ਨੂੰ ਲੈ ਕੇ ਵਿਚਾਰ ਵਟਾਦਰਾ ਕੀਤਾ ਗਿਆ। ਮੀਟਿੰਗ ਵਿਚ ਸੁਰੇਸ਼ ਬੱਬਲੂ- ਦਲਵਿੰਦਰ ਸਿੰਘ ਡੋਗਰ- ਵਿਸ਼ਾਲ ਮਸੀਹ- ਬਾਬਾ ਜਸਬੀਰ ਸਿੰਘ ਰੰਧਾਵਾ- ਵਿਨੋਦ ਕੁਮਾਰ ਕੇਸ਼ਾ- ਸੈਮੂਅਲ ਮਸੀਹ ਅਤੇ ਡਾ. ਸਤਪਾਲ ਸਿੰਘ ਲਾਲੇਨੰਗਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਪ੍ਰਸ਼ਾਸਨ ਦੀ ਮਦਦ ਨਾਲ ਫਤਿਹਗੜ੍ਹ ਚੂੜੀਆਂ 'ਚ ਰਹਿੰਦੇ ਪ੍ਰਵਾਸੀਆਂ ਦੀ ਪੀਸੀਸੀ ਬਣਾਈ ਜਾਵੇਗੀ ਤਾਂ ਜੋ ਸਹੀ ਗਲਤ ਵਿਅਕਤੀ ਦਾ ਪਤਾ ਲੱਗ ਸਕੇ। ਇਸ ਮੌਕੇ ਅਮਿਤ ਸਿਆਲ ਤੋਂ ਇਲਾਵਾ ਅਕਾਸ਼ ਮਸੀਹ- ਤੇਜਪਾਲ ਡੋਗਰਾ ਆਦਿ ਸਮੇਤ ਵੱਡੀ ਗਿਣਤੀ 'ਚ ਵੱਖ ਵੱਖ ਵਰਗ ਦੇ ਲੋਕ ਮੌਜੂਦ ਸਨ।

# ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਬੀ.ਬੀ.ਐਮ.ਬੀ. ਦੇ ਫ਼ੈਸਲੇ ਦਾ ਪੰਜਾਬ ਨੇ ਕੀਤਾ ਵਿਰੋਧ

ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਦੇ 2025 ਦੇ ਸ਼ੁਰੂ 'ਚ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੇ ਫ਼ੈਸਲੇ 'ਤੇ ਬਹਿਸ ਹੋਈ। ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਐਮ.ਐਸ. ਬੇਦੀ ਨੇ



ਦਲੀਲ ਦਿੱਤੀ ਕਿ ਬੋਰਡ ਕੋਲ ਅਜਿਹਾ ਕੋਈ ਅਧਿਕਾਰ ਨਹੀਂ ਹੈ ਅਤੇ ਇਹ ਫ਼ੈਸਲਾ ਇਕ ਖ਼ਤਰਨਾਕ ਮਿਸਾਲ ਕਾਇਮ ਕਰ ਸਕਦਾ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੀ ਡਵੀਜ਼ਨ ਬੈਂਚ 23 ਅਪ੍ਰੈਲ, 2025 ਨੂੰ ਹੋਈ ਬੀ.ਬੀ.ਐਮ.ਬੀ. ਮੀਟਿੰਗ ਦੇ ਮੁੱਦਿਆਂ (ਮਿੰਟਾਂ) ਨੂੰ ਪੰਜਾਬ ਸਰਕਾਰ ਦੀ ਚੁਣੌਤੀ ਦੀ ਸੁਣਵਾਈ ਕਰ ਰਹੀ ਸੀ। ਉਸ ਮੀਟਿੰਗ 'ਚ ਬੀ.ਬੀ.ਐਮ.ਬੀ. ਨੇ ਹਰਿਆਣਾ ਦੇ ਪੀਣ ਵਾਲੇ ਪਾਣੀ ਦੇ ਸੰਕਟ ਅਤੇ ਨਹਿਰ ਦੀ ਮੁਰੰਮਤ ਦੇ ਕੰਮ ਦਾ ਹਵਾਲਾ ਦਿੰਦੇ ਹੋਏ 8,500 ਕਿਊਸਿਕ ਪਾਣੀ ਛੱਡਣ ਦਾ ਆਪਣਾ ਫ਼ੈਸਲਾ ਦਰਜ਼ ਕੀਤਾ ਸੀ। ਐਡਵੋਕੇਟ ਜਨਰਲ ਬੇਦੀ ਨੇ ਅਦਾਲਤ ਨੂੰ ਦੱਸਿਆ ਕਿ ਰਾਵੀ-ਬਿਆਸ ਦੇ ਪਾਣੀਆਂ ਦੀ ਵੰਡ ਪੰਜਾਬ ਪੁਨਰਗਠਨ ਐਕਟ, 1966 ਦੀਆਂ ਧਾਰਾਵਾਂ 78 ਅਤੇ 79 ਦੁਆਰਾ ਨਿਯੰਤਰਿਤ ਕੀਤੀ ਜਾਂਦੀ ਹੈ, ਨਾ ਕਿ ਬੋਰਡ ਦੇ ਮਤਿਆਂ ਦੁਆਰਾ। ਉਨ੍ਹਾਂ ਦੇ ਅਨੁਸਾਰ ਬੀ.ਬੀ.ਐਮ.ਬੀ. ਕੋਲ ਕਿਸੇ ਵੀ ਸੂਬੇ ਨੂੰ ਆਪਣੇ ਸਹਿਮਤ ਹਿੱਸੇ ਤੋਂ ਵੱਧ ਪਾਣੀ ਅਲਾਟ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਨੇ ਮੀਟਿੰਗ ਦੌਰਾਨ ਪਹਿਲਾਂ ਹੀ ਇਸ 'ਤੇ ਇਤਰਾਜ਼ ਉਠਾਇਆ ਸੀ। ਇਸ ਦੌਰਾਨ, ਬੀ.ਬੀ.ਐਮ.ਬੀ. ਦੀ ਨੁਮਾਇੰਦਗੀ ਕਰਨ ਵਾਲੇ ਸੀਨੀਅਰ ਵਕੀਲ ਰਾਜੇਸ਼ ਗਰਗ (ਸਹਾਇਕ ਵਕੀਲ ਨੇਹਾ ਮਠਾੜੂ ਦੇ ਨਾਲ) ਨੇ ਦਲੀਲ ਦਿੱਤੀ ਕਿ ਬੋਰਡ ਨੇ ਇਹ ਫ਼ੈਸਲਾ ਆਪਣੇ ਅਧਿਕਾਰ ਖੇਤਰ 'ਚ ਲਿਆ ਹੈ। ਉਨ੍ਹਾਂ ਕਿਹਾ ਕਿ ਬੋਰਡ ਸੂਬਿਆਂ ਦੇ ਹਿੱਸੇ ਨਿਰਧਾਰਤ ਨਹੀਂ ਕਰਦਾ, ਸਗੋਂ ਮੌਸਮੀ ਸਥਿਤੀਆਂ, ਭੰਡਾਰ ਸੁਰੱਖਿਆ ਅਤੇ ਤਕਨੀਕੀ ਜ਼ਰੂਰਤਾਂ ਦੇ ਆਧਾਰ 'ਤੇ ਭਾਖੜਾ ਅਤੇ ਪੌਂਗ ਡੈਮਾਂ ਤੋਂ ਪਾਣੀ ਦੀ ਵੰਡ ਨੂੰ ਨਿਯਮਤ ਕਰਦਾ ਹੈ। ਅਪ੍ਰੈਲ ਦਾ ਫ਼ੈਸਲਾ ਅਸਥਾਈ ਸੀ ਅਤੇ ਪੰਜਾਬ ਅਤੇ ਹਰਿਆਣਾ ਵਿਚਕਾਰ ਆਪਸੀ ਸਮਝੌਤੇ 'ਤੇ ਅਧਾਰਤ ਸੀ।

# ਅੱਸੂ ਦੇ ਨਰਾਤਿਆਂ ਦੀ ਸ਼ੁਰੂਆਤ





ਅੱਜ ਤੋਂ ਅੱਸੂ ਦੇ ਨਰਾਤਿਆਂ ਦੀ ਸ਼ੁਰੂਆਤ ਹੋ ਗਈ ਹੈ ਸੁਬਹ 4 ਵਜੇ ਤੋਂ ਹੀ ਮੰਦਰਾਂ ਦੇ ਵਿੱਚ ਭਗਤਾਂ ਦੀ ਭੀੜ ਲੱਗਣੀ ਸ਼ੁਰੂ ਹੋ ਗਈ ਦੁਨੀਆਂ ਦੇ ਵਿੱਚ ਹੀ ਐਸੇ ਮੰਦਰ ਨੇ ਜਿਨਾਂ ਦੇ ਵਿੱਚ ਅੱਸੂ ਦੇ ਨਰਾਤਿਆਂ ਦੌਰਾਨ ਹਨੂਮਾਨ ਜੀ ਦਾ ਬਾਲ ਰੂਪ ਲੰਗੂਰ ਰੂਪ ਦੇ ਵਿੱਚ ਲੋਕ ਆਪਣੇ ਬੱਚਿਆਂ ਨੂੰ ਬਣਾ ਕੇ ਲਿਆਉਂਦੇ ਨੇ ਇੱਕ ਤਾਂ ਸ਼੍ਰੀ ਦੁਰਗਿਆਨਾ ਮੰਦਰ ਦੂਸਰਾ ਸਿੱਧ ਸ਼ਕਤੀ ਪੀਠ ਮੰਦਰ ਕਾਲੀ ਦੁਆਰਾ ਜਿੱਥੇ ਪੂਰੇ ਨਰਾਤੇ ਸਵੇਰੇ ਸ਼ਾਮ ਜਿਨਾਂ ਦੀ ਮਨੋਕਾਮਨਾ ਪੂਰੀ ਹੁੰਦੀ ਹੈ ਉਹ ਆਪਣੇ ਬੱਚਿਆਂ ਨੂੰ ਲੰਗੂਰ ਬਣਾ ਕੇ ਲਿਆਉਂਦੇ ਨੇ ਢੋਲ ਦੇ ਨਾਲ ਨਾਚ ਦੇ ਟੱਪਦੇ ਮੱਥਾ ਟੇਕਣ ਲਈ ਪਹੁੰਚਦੇ ਗੱਲਬਾਤ ਦੌਰਾਨ ਮੰਦਰ ਦੇ ਮਹੰਤ ਅਮਿਤ ਸ਼ਾਹ ਅਤੇ ਭਗਤਾਂ ਨੇ ਅੱਜ ਦੇ ਦਿਨ ਤੋਂ ਸ਼ੁਰੂ ਹੋਏ ਨਰਾਤਿਆਂ ਦੀ ਮਹੱਤਵਤਾ ਬਾਰੇ ਦੱਸਿਆ ਇਸ ਤਰੀਕੇ ਦੇ ਨਾਲ ਪਾਠ ਪੂਜਾ ਹੁੰਦੀ ਹੈ ਕੀ ਕਰਨਾ ਚਾਹੀਦਾ ਹੈ ਇਸ ਦੀ ਵੀ ਜਾਣਕਾਰੀ ਦਿੱਤੀ

# ਕਥਾ ਸਮਾਗਮ

## ਨਿਊਯਾਰਕ (ਅਮਰੀਕਾ)

### 26 ਸਤੰਬਰ 2025, ਦਿਨ ਸ਼ੁੱਕਰਵਾਰ

ਸ਼ਾਮ 6.40 ਤੋਂ 7.10 ਵਜੇ ਤੱਕ

**ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**

383 Jericho Tpke, New Hyde Park, NY 11040

ਰਾਤ 9.00 ਤੋਂ 9.40 ਵਜੇ ਤੱਕ

**ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ**

383 Jericho Tpke, New Hyde Park, NY 11040

### 28 ਸਤੰਬਰ 2025, ਦਿਨ ਐਤਵਾਰ

ਸਵੇਰੇ 10.30 ਤੋਂ 11.00 ਵਜੇ ਤੱਕ

**ਗੁਰਦੁਆਰਾ ਸੰਤ ਸਾਗਰ**

242-25 Braddock Ave, Bellerose, NY 11426

ਸਵੇਰੇ 11.30 ਤੋਂ 12.00 ਵਜੇ ਤੱਕ

**ਗੁਰਦੁਆਰਾ ਕਰਮਜੋਤ ਸਿੱਖ ਸੈਂਟਰ**

109-42 Van Wyck Expy, South Ozone Park, NY 11420

ਦੁਪਹਿਰ 12.45 ਤੋਂ 01.15 ਵਜੇ ਤੱਕ

**ਗੁਰਦੁਆਰਾ ਸ਼ਹੀਦਾਂ INC**

18 W Nicholai ST, Hicksville, NY 11801



ਦੁਪਹਿਰ 1.30 ਤੋਂ 2.00 ਵਜੇ ਤੱਕ

**ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ (ਹਿਕਸਵਿਲੇ)**

11 S Broadway, Hicksville, NY 11901

## ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ

ਹੈਡ ਗ੍ਰੰਥੀ. ਗੁਰਦੁਆਰਾ ਬੰਗਲਾ ਸਾਹਿਬ ਦਿੱਲੀ

+917-957-1313 (ਯੂ.ਐਸ.ਏ.) ਵਾਟਸਐੱਪ : +91 93137 51313

Giani Ranjit Singh Head Granthi Gurdwara Bangla Sahib

Head Granthi Ranjit Singh Bangla Sahib

s_sranjitsingh1313_official

# ਹੱਥਕੜੀਆਂ ਨਾਲ ਦੇਸ਼ ਨਿਕਾਲਾ : ਬੀਬੀ ਹਰਜੀਤ ਕੌਰ ਅਮਰੀਕਾ ਤੋਂ ਭਾਰਤ ਡਿਪੋਰਟ

ਹਰਕਿਊਲਿਸ/ਕੈਲੀਫੋਰਨੀਆ, (ਸਾਡੇ ਲੋਕ) : ਸਿੱਖ ਕੁਲੀਸ਼ਨ ਇਹ ਸਾਂਝਾ ਕਰਦੇ ਹੋਏ ਬਹੁਤ ਦੁਖੀ ਅਤੇ ਗੁੱਸੇ ਵਿੱਚ ਹੈ ਕਿ ਬੀਬੀ ਹਰਜੀਤ ਕੌਰ ਨੂੰ ਉਨ੍ਹਾਂ ਦੇ ਦੇਸ਼ ਨਿਕਾਲੇ ਦੌਰਾਨ ਹੋਰ ਵੀ ਬਦਸਲੂਕੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਿਖਤ ਦੇ ਸਮੇਂ ਤੱਕ, ਉਹ ਭਾਰਤ ਪਹੁੰਚ ਚੁੱਕੇ ਹਨ ਅਤੇ ਪੰਜਾਬ ਵਾਪਸ ਆਪਣੇ ਘਰ ਜਾ ਰਹੇ ਹਨ।

ਬੀਬੀ ਹਰਜੀਤ ਕੌਰ ਇੱਕ 73 ਸਾਲਾ ਦਾਦੀ ਮਾਂ ਹਨ ਜੋ ਪਿਛਲੇ 13 ਸਾਲਾਂ ਤੋਂ ਹਰਕਿਊਲਿਸ, ਕੈਲੀਫੋਰਨੀਆ ਵਿੱਚ ਆਪਣੇ 935 (ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ) ਚੈੱਕ-ਇਨ ਲਈ ਨਿਯਮਿਤ ਤੌਰ 'ਤੇ ਹਾਜ਼ਰ ਹੋ ਰਹੇ ਸਨ। 8 ਸਤੰਬਰ ਨੂੰ, ਉਨ੍ਹਾਂ ਨੂੰ ਅਚਾਨਕ ਇੱਕ ਚੈੱਕ-ਇਨ ਦੌਰਾਨ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਉਦੋਂ ਤੋਂ 935 ਦੁਆਰਾ ਹਿਰਾਸਤ ਵਿੱਚ ਰੱਖਿਆ ਗਿਆ ਸੀ। ਸ਼ੁੱਕਰਵਾਰ, 19 ਸਤੰਬਰ ਨੂੰ ਦੇਰ ਰਾਤ, ਬੀਬੀ ਜੀ ਨੂੰ ਦੇਸ਼ ਦੇ ਇੱਕ ਸਿਰੇ ਤੋਂ ਦੂਜੇ ਸਿਰੇ, ਬੇਕਰਸਫੀਲਡ, ਕੈਲੀਫੋਰਨੀਆ ਦੇ ਇੱਕ ICE ਹਿਰਾਸਤ ਕੇਂਦਰ ਤੋਂ ਲੰਪਕਿਨ, ਜਾਰਜੀਆ ਵਿੱਚ ਇੱਕ ਹੋਲਡਿੰਗ ਸੁਵਿਧਾ ਵਿੱਚ ਲਿਜਾਇਆ ਗਿਆ; ਇਸ ਤੋਂ ਤੁਰੰਤ ਬਾਅਦ, ਉਨ੍ਹਾਂ ਨੂੰ ਇੱਕ ਚਾਰਟਰਡ ਫਲਾਈਟ ਰਾਹੀਂ ਭਾਰਤ ਵਾਪਸ ਭੇਜ ਦਿੱਤਾ ਗਿਆ। ਉਨ੍ਹਾਂ ਦੇ ਵਕੀਲ, ਦੀਪਕ ਆਹਲੂਵਾਲੀਆ ਅਨੁਸਾਰ, ਉਨ੍ਹਾਂ ਨੂੰ ਅਤੇ ਬੀਬੀ ਜੀ ਦੇ ਪਰਿਵਾਰ ਨੂੰ ਇਸ ਦੇਸ਼-ਵਿਆਪੀ ਤਬਾਦਲੇ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਅਲਵਿਦਾ ਕਹਿਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ—ਇਸ ਦੇ ਬਾਵਜੂਦ ਕਿ ਉਨ੍ਹਾਂ ਨੇ ਬੀਬੀ ਜੀ ਲਈ ਸੈਨ ਫਰਾਂਸਿਸਕੋ ਤੋਂ ਭਾਰਤ ਲਈ ਇੱਕ ਵਪਾਰਕ ਉਡਾਣ (commercial flight) ਬੁੱਕ ਕਰਵਾਈ ਸੀ ਅਤੇ ਉਨ੍ਹਾਂ ਦੇ ਨਾਲ ਜਾਣ ਲਈ ਇੱਕ ਪਰਿਵਾਰਕ ਮੈਂਬਰ ਦਾ ਪ੍ਰਬੰਧ ਵੀ ਕੀਤਾ ਸੀ।

ਅਸੀਂ ਆਪਣੀ ਪਿਛਲੀ ਰਿਪੋਰਟ ਵਿੱਚ ਬੀਬੀ ਜੀ ਨਾਲ ICE ਦੁਆਰਾ ਕੀਤੇ ਗਏ ਕੁਝ ਅਣਮਨੁੱਖੀ ਅਤੇ ਨਾ-ਮਨਜ਼ੂਰਯੋਗ ਵਿਵਹਾਰ ਦਾ ਵੇਰਵਾ ਦਿੱਤਾ ਸੀ। ਪਰ, ਜਦੋਂ ਤੋਂ ਸਾਨੂੰ ਉਨ੍ਹਾਂ ਦੇ ਵਕੀਲ ਰਾਹੀਂ ਹੋਰ ਜਾਣਕਾਰੀ ਮਿਲੀ ਹੈ, ਉਸ ਸੂਚੀ ਵਿੱਚ ਹੁਣ ਇਹ ਸ਼ਾਮਲ ਹੈ:

- ਉਨ੍ਹਾਂ ਨੂੰ ਘੰਟਿਆਂ ਬੱਧੀ ਬਿਨਾਂ ਬਿਸਤਰੇ ਜਾਂ ਕੁਰਸੀ ਦੇ ਸੈੱਲਾਂ ਵਿੱਚ ਰੱਖਿਆ ਗਿਆ ਅਤੇ ਫਰਸ਼ 'ਤੇ ਸੌਣ ਲਈ ਮਜਬੂਰ ਕੀਤਾ ਗਿਆ।
- ICE ਦੀਆਂ ਸੁਵਿਧਾਵਾਂ ਵਿਚਕਾਰ ਵੈਨ ਰਾਹੀਂ ਲਿਜਾਂਦੇ ਸਮੇਂ ਉਨ੍ਹਾਂ ਨੂੰ ਹੱਥਕੜੀਆਂ ਲਗਾਈਆਂ ਗਈਆਂ।
- ਉਨ੍ਹਾਂ ਦੀਆਂ ਧਾਰਮਿਕ ਮਾਨਤਾਵਾਂ ਅਨੁਸਾਰ ਸ਼ਾਕਾਹਾਰੀ ਭੋਜਨ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ; ਕਈ ਵਾਰ ਉਨ੍ਹਾਂ ਨੂੰ ਆਪਣੀ ਦਵਾਈ ਲੈਣ ਲਈ ਸਿਰਫ਼ ਇੱਕ ਸੇਬ ਜਾਂ ਬਰਫ਼ ਦੀ ਪਲੇਟ ਦਿੱਤੀ ਗਈ—ਜੋ ਉਹ ਦੰਦਾਂ ਦੀਆਂ ਸਮੱਸਿਆਵਾਂ ਕਾਰਨ ਨਹੀਂ ਖਾ ਸਕਦੇ ਸਨ।



- ਉਨ੍ਹਾਂ ਨੂੰ ਪੂਰੀ ਹਿਰਾਸਤ ਦੌਰਾਨ ਨਹਾਉਣ ਤੋਂ ਮਨ੍ਹਾ ਕੀਤਾ ਗਿਆ।
- ਉਨ੍ਹਾਂ ਨੂੰ ਮੁੱਢਲੀ ਡਾਕਟਰੀ ਦੇਖਭਾਲ ਤੋਂ ਇਨਕਾਰ ਕੀਤਾ ਗਿਆ ਅਤੇ ਹਿਰਾਸਤ ਵਿੱਚ ਕਈ ਦਿਨਾਂ ਬਾਅਦ ਹੀ ਉਨ੍ਹਾਂ ਨੂੰ ਦਵਾਈ ਦਿੱਤੀ ਗਈ।
- ਉਨ੍ਹਾਂ ਨੂੰ ਵਾਰ-ਵਾਰ ਪਾਣੀ ਅਤੇ ਟਾਇਲਟ ਪੇਪਰ ਵਰਗੀਆਂ ਬੁਨਿਆਦੀ ਸਫਾਈ ਦੀਆਂ ਚੀਜ਼ਾਂ ਦੇਣ ਤੋਂ ਮਨ੍ਹਾ ਕੀਤਾ ਗਿਆ।

ਇਹ ਬਹੁਤ ਘਿਨਾਉਣਾ ਹੈ ਕਿ ਕਿਸੇ ਵੀ ਇਨਸਾਨ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾਵੇ ਅਤੇ ਇਹ ਬਹੁਤ ਹੀ ਸ਼ਰਮਨਾਕ ਹੈ ਕਿ ਇੱਕ 73 ਸਾਲਾ ਔਰਤ ਨੂੰ ਇਹ ਸਭ ਸਹਿਣ ਲਈ ਮਜਬੂਰ ਕੀਤਾ ਗਿਆ। ਸਾਡੀ ਸਾਰਿਆਂ ਦੀ ਇਹ ਸਾਂਝੀ ਜ਼ਿੰਮੇਵਾਰੀ ਹੈ ਕਿ ਅਸੀਂ ਇਸ ਦੇ ਵਿਰੁੱਧ ਅਤੇ ICE ਦੀ ਹਿਰਾਸਤ ਵਿੱਚ ਕਮਜ਼ੋਰ ਲੋਕਾਂ 'ਤੇ ਹੋ ਰਹੇ ਹੋਰ ਸਾਰੇ ਅਨਿਆਂ ਦੇ ਵਿਰੁੱਧ ਖੜ੍ਹੇ ਹੋਈਏ—ਕਿਉਂਕਿ, ਜਿਵੇਂ ਕਿ ਅਸੀਂ ਆਪਣੇ ਪਿਛਲੇ ਸੰਦੇਸ਼ ਵਿੱਚ ਦੱਸਿਆ ਸੀ, ਬੀਬੀ ਜੀ ਨਾਲ ਕੀਤੀ ਗਈ ਬੇਰਹਿਮੀ ਕੋਈ ਵੱਖਰੀ ਘਟਨਾ ਨਹੀਂ ਹੈ।

ਸਾਡੇ ਦੇਸ਼ ਦੇ ਇਮੀਗ੍ਰੇਸ਼ਨ ਲਾਗੂ ਕਰਨ ਵਾਲੇ ਤੰਤਰ ਵਿੱਚ ਇੱਕ ਡੂੰਘੀ ਨੈਤਿਕ ਗਿਰਾਵਟ ਤੇਜ਼ੀ ਨਾਲ ਵੱਧ ਰਹੀ ਹੈ। ਬਿਨਾਂ ਸ਼ੱਕ, ਇਹ ਬੀਬੀ ਜੀ ਵਰਗੇ ਕਾਨੂੰਨ ਦੀ ਪਾਲਣਾ ਕਰਨ ਵਾਲੇ (ਅਤੇ ਅਕਸਰ ਕਮਜ਼ੋਰ) ਵਿਅਕਤੀਆਂ ਨੂੰ ਫੜਨਾ, ਉਨ੍ਹਾਂ ਨਾਲ ਬਦਸਲੂਕੀ ਕਰਨਾ ਅਤੇ ਦੇਸ਼ ਨਿਕਾਲਾ ਦੇਣਾ ਹੈ। ਪਰ ਇਹ ਟਰੰਪ ਪ੍ਰਸ਼ਾਸਨ ਦਾ ਸਕੂਲਾਂ, ਹਸਪਤਾਲਾਂ ਅਤੇ ਪੂਜਾ ਸਥਾਨਾਂ 'ਤੇ ਇਮੀਗ੍ਰੇਸ਼ਨ ਛਾਪਿਆਂ ਦੀ ਇਜਾਜ਼ਤ ਦੇਣ ਦਾ ਤੁਰੰਤ ਕਦਮ ਵੀ ਹੈ। ਇਹ 935 ਦੁਆਰਾ ਗੁੰਡਾਗਰਦੀ ਵਾਲੀਆਂ ਚਾਲਾਂ ਦੀ ਵਰਤੋਂ ਹੈ, ਜਿਵੇਂ ਕਿ ਮਾਸਕ ਪਹਿਨੇ ਅਤੇ ਅਣਪਛਾਤੇ ਏਜੰਟਾਂ ਦੁਆਰਾ ਲੋਕਾਂ ਨੂੰ ਬਿਨਾਂ ਨੰਬਰ ਪਲੇਟ ਵਾਲੀਆਂ ਵੈਨਾਂ ਵਿੱਚ ਸੁੱਟਣਾ। ਇਹ ਸੁਪਰੀਮ ਕੋਰਟ ਦੁਆਰਾ ਟਰੰਪ ਪ੍ਰਸ਼ਾਸਨ ਨੂੰ ਦੇਸ਼ ਨਿਕਾਲਾ ਦਿੱਤੇ ਗਏ ਲੋਕਾਂ ਨੂੰ ਦੱਖਣੀ ਸੁਡਾਨ ਅਤੇ ਲੀਬੀਆ ਵਰਗੇ ਖਤਰਨਾਕ ਤੀਜੇ ਦੇਸ਼ਾਂ ਵਿੱਚ ਭੇਜਣ ਦੀ ਇਜਾਜ਼ਤ ਦੇਣਾ ਹੈ, ਜਾਂ ਟਰੰਪ ਪ੍ਰਸ਼ਾਸਨ ਦੁਆਰਾ ਸ਼ਰਨ ਮੰਗਣ ਵਾਲਿਆਂ ਨੂੰ ਅਲ ਸਲਵਾਡੋਰ ਦੀ ਇੱਕ ਬਦਨਾਮ ਸੁਪਰਮੈਕਸ ਜੇਲ੍ਹ ਵਿੱਚ ਭੇਜਣਾ ਹੈ। ਇਹ 935 ਦਾ ਬਜਟ ਦੁਨੀਆ ਦੀਆਂ ਜ਼ਿਆਦਾਤਰ ਫੌਜਾਂ ਨਾਲੋਂ ਵੱਡਾ ਹੋਣਾ ਹੈ ਅਤੇ ਹੋਰ ਏਜੰਟਾਂ ਦੀ ਭਰਤੀ ਲਈ ਆਪਣੇ ਅਰਜ਼ੀ ਦੇ ਮਾਪਦੰਡਾਂ ਨੂੰ ਘੱਟ ਕਰਨਾ ਹੈ। ਇਹ ਅਖੌਤੀ 'ਬਾਰਡਰ ਜ਼ਾਰ' ਟੌਮ ਹੋਮਨ 'ਤੇ ਐਫਬੀਆਈ ਦੇ ਗੁਪਤ ਏਜੰਟਾਂ ਤੋਂ ਰਿਸ਼ਵਤ ਲੈਣ ਦੇ ਦੋਸ਼ਾਂ ਦੀ ਜਾਂਚ ਹੋਣਾ ਹੈ—ਜਿਸ ਜਾਂਚ ਨੂੰ ਅਟਾਰਨੀ ਜਨਰਲ ਪੈਮ ਬੌਂਡੀ ਦੇ ਅਧੀਨ ਨਿਆਂ ਵਿਭਾਗ ਨੇ ਬੰਦ ਕਰ ਦਿੱਤਾ ਅਤੇ ਇਹ ਹੋਮਲੈਂਡ ਸਕਿਉਰਿਟੀ ਵਿਭਾਗ ਦੁਆਰਾ ਆਪਣੀਆਂ ਹੀ ਨਿਗਰਾਨ ਏਜੰਸੀਆਂ ਨੂੰ ਕਮਜ਼ੋਰ ਕਰਨਾ ਹੈ, ਜਦੋਂ ਕਿ ICE ਦੀਆਂ ਸੁਵਿਧਾਵਾਂ 'ਤੇ ਨਿਗਰਾਨੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਚੁਣੇ ਹੋਏ ਅਧਿਕਾਰੀਆਂ ਨੂੰ ਗ੍ਰਿਫਤਾਰ ਕਰਨਾ ਅਤੇ ਉਨ੍ਹਾਂ 'ਤੇ ਦੋਸ਼ ਲਗਾਉਣਾ ਹੈ।

ਸਾਡੇ ਦੇਸ਼ ਵਿੱਚ ਇਮੀਗ੍ਰੇਸ਼ਨ ਨੀਤੀ ਬਾਰੇ ਇੱਕ ਵਾਜਬ ਨਾਗਰਿਕ ਬਹਿਸ ਹੋ ਸਕਦੀ ਹੈ ਅਤੇ ਹੋਣੀ ਚਾਹੀਦੀ ਹੈ। ਪਰ ਇਹ ਬਹਿਸ ਨਹੀਂ ਹੋ ਰਹੀ ਹੈ; ਇਸ ਦੀ ਥਾਂ 'ਤੇ ਇੱਕ ਵੱਧਦਾ ਹੋਇਆ ਕਠੋਰ ਅਤੇ ਗੈਰ-ਲੋਕਤੰਤਰੀ ਉਭਾਰ ਹੈ ਜੋ ਸਾਡੇ ਭਾਈਚਾਰੇ ਦੇ ਕਮਜ਼ੋਰ ਅਤੇ ਨਿਰਦੋਸ਼ ਲੋਕਾਂ ਨੂੰ ਉਸੇ ਤਰ੍ਹਾਂ ਨਿਸ਼ਾਨਾ ਬਣਾਵੇਗਾ ਜਿਵੇਂ ਕਿ ਇਹ ਬੀਬੀ ਹਰਜੀਤ ਕੌਰ ਅਤੇ ਹੋਰ ਬਹੁਤ ਸਾਰੇ ਲੋਕਾਂ ਨੂੰ ਬਣਾ ਚੁੱਕਾ ਹੈ। ਅਸੀਂ ਇਸ ਵੱਧ ਰਹੇ ਖਤਰੇ ਦੇ ਜਵਾਬ ਵਿੱਚ ਹੋਰ ਕਾਰਵਾਈ ਕਰਨ ਲਈ ਵਚਨਬੱਧ ਹਾਂ ਅਤੇ ਅਸੀਂ ਆਉਣ ਵਾਲੇ ਦਿਨਾਂ ਅਤੇ ਹਫ਼ਤਿਆਂ ਵਿੱਚ ਇਸ ਬਾਰੇ ਹੋਰ ਜਾਣਕਾਰੀ ਸਾਂਝੀ ਕਰਨ ਦੀ ਉਮੀਦ ਕਰਦੇ ਹਾਂ।

# ਲੱਦਾਖ ਦੇ ਹਾਲਤ ਨਿਪਾਲ ਵਰਗੇ

## ਲੱਦਾਖ ਨੂੰ ਰਾਜ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਉਤਰੇ ਲੋਕ, ਹਿੰਸਕ ਝੜਪਾਂ ਮਗਰੋਂ ਕਰਫਿਊ








ਲੇਹ, (ਸਾਡੇ ਲੋਕ) : ਲੇਹ ਵਿਚ ਹਿੰਸਕ ਪ੍ਰਦਰਸ਼ਨਾਂ ਤੋਂ ਇਕ ਦਿਨ ਮਗਰੋਂ ਪੁਲੀਸ ਅਤੇ ਨੀਮ ਫੌਜੀ ਬਲਾਂ ਵੱਲੋਂ ਵੀਰਵਾਰ ਨੂੰ ਕਰਫਿਊ ਲਗਾਉਣ ਮਗਰੋਂ ਘੱਟੋ-ਘੱਟ 50 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਵਿਆਪਕ ਝੜਪਾਂ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਸੀ ਜਦੋਂਕਿ 80 ਤੋਂ ਵੱਧ ਹੋਰ ਜ਼ਖ਼ਮੀ ਹੋ ਗਏ ਸਨ। ਲੇਹ ਐਪਕਸ ਬਾਡੀ (LAB) ਨੇ ਲੱਦਾਖ ਨੂੰ ਰਾਜ ਦਾ ਦਰਜਾ ਦੇਣ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ 6ਵੇਂ ਸ਼ਡਿਊਲ ਵਿਚ ਵਾਧੇ ਦੀ ਮੰਗ ਨੂੰ ਲੈ ਕੇ ਬੁੱਧਵਾਰ ਨੂੰ ਬੰਦ ਦਾ ਸੱਦਾ ਦਿੱਤਾ ਸੀ, ਜੋ ਮਗਰੋਂ ਹਿੰਸਾ, ਅੱਗਜ਼ਨੀ ਤੇ ਸੜਕਾਂ 'ਤੇ ਝੜਪਾਂ ਵਿਚ ਬਦਲ ਗਿਆ। ਜ਼ਿਕਰਯੋਗ ਹੈ ਕਿ ਜਲਵਾਯੂ ਕਾਰਕੁਨ ਸੋਨਮ ਵਾਂਗਚੁਕ ਨੇ ਲੱਦਾਖ਼ ਨੂੰ ਰਾਜ ਦਾ ਦਰਜਾ ਦੇਣ ਅਤੇ ਛੇਵੀਂ ਅਨੁਸੂਚੀ ਦੇ ਵਿਸਤਾਰ ਦੀ ਮੰਗ ਨੂੰ ਲੈ ਕੇ ਸ਼ੁਰੂ ਕੀਤੇ ਅੰਦੋਲਨ ਦੇ ਹਿੰਸਕ ਰੂਪ ਧਾਰ ਜਾਣ ਬਾਅਦ ਆਪਣੀ 15 ਦਿਨਾਂ ਦੀ ਭੁੱਖ ਹੜਤਾਲ ਵਾਪਸ ਲੈ ਲਈ। ਇਸ ਦੌਰਾਨ ਭਾਜਪਾ ਦਫ਼ਤਰ ਤੇ ਕਈ ਵਾਹਨਾਂ 'ਚ ਅੱਗ ਲਾ ਦਿੱਤੀ ਗਈ ਤੇ ਸੈਂਕੜੇ ਲੋਕ ਸੜਕਾਂ 'ਤੇ ਉਤਰ ਆਏ। ਲੇਹ 'ਚ ਲੇਹ ਅਪੈਕਸ ਬਾਡੀ (ਐਲ.ਏ.ਬੀ.) ਵਲੋਂ ਕੀਤੇ ਬੰਦ ਦੌਰਾਨ ਪ੍ਰਦਰਸ਼ਨਕਾਰੀਆਂ ਤੇ ਸੁਰੱਖਿਆ ਕਰਮਚਾਰੀਆਂ ਵਿਚਕਾਰ ਤਿੱਖੀਆਂ ਝੜਪਾਂ 'ਚ ਚਾਰ ਲੋਕ ਮਾਰੇ ਗਏ ਤੇ 40 ਪੁਲਿਸ ਕਰਮੀਆਂ ਸਮੇਤ 80 ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਲੱਦਾਖ ਨੂੰ ਰਾਜ ਦਾ ਦਰਜਾ ਦੇਣ ਤੇ ਛੇਵੀਂ ਅਨੁਸੂਚੀ ਦੇ ਵਿਸਥਾਰ ਲਈ ਅੰਦੋਲਨ ਸ਼ੁਰੂ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਵਲੋਂ ਵਿਆਪਕ ਹਿੰਸਾ ਕਰਨ, ਭਾਜਪਾ ਦਫ਼ਤਰ ਅਤੇ ਕਈ ਵਾਹਨਾਂ 'ਤੇ ਹਮਲਾ ਕਰਨ ਤੋਂ ਬਾਅਦ ਸਥਿਤੀ ਨੂੰ ਕਾਬੂ 'ਚ ਲਿਆਉਣ ਲਈ ਪੁਲਿਸ ਨੂੰ ਗੋਲੀਬਾਰੀ ਕਰਨੀ ਪਈ। ਉਨ੍ਹਾਂ ਕਿਹਾ ਕਿ ਤਿੱਖੀਆਂ ਝੜਪਾਂ 'ਚ ਚਾਰ ਲੋਕ ਮਾਰੇ ਗਏ ਤੇ 80 ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਲੱਦਾਖ ਦੀ ਰਾਜਧਾਨੀ 'ਚ ਪੂਰੀ ਤਰ੍ਹਾਂ ਬੰਦ ਦਰਮਿਆਨ ਦੂਰੋਂ ਹੀ ਅੱਗ ਦੀਆਂ ਲਪਟਾਂ ਅਤੇ ਧੂੰਏ ਦਾ ਗੁਬਾਰ ਦੇਖਿਆ ਜਾ ਸਕਦਾ ਸੀ। ਪ੍ਰਸ਼ਾਸਨ ਨੇ ਬੀ. ਐਨ. ਐਸ. ਐਸ. ਦੀ ਧਾਰਾ 163 ਤਹਿਤ ਮਨਾਹੀ ਦੇ ਹੁਕਮ ਲਾਗੂ ਕਰ ਦਿੱਤੇ, ਜਿਸ ਵਿਚ 5 ਜਾਂ ਵੱਧ ਲੋਕਾਂ ਦੇ ਇਕੱਤਰ ਹੋਣ 'ਤੇ ਪਾਬੰਦੀ ਲਾ ਦਿੱਤੀ ਗਈ। ਵਾਂਗਚੁਕ ਨੇ ਅੰਦੋਲਨ ਵਾਲੇ ਸਥਾਨ 'ਤੇ ਵੱਡੀ ਗਿਣਤੀ 'ਚ ਇਕੱਤਰ ਹੋਏ ਆਪਣੇ ਸਮਰਥਕਾਂ ਨੂੰ ਕਿਹਾ ਕਿ ਉਹ ਲਦਾਖ ਦੇ ਨੌਜਵਾਨਾਂ ਨੂੰ ਤੁਰੰਤ ਹਿੰਸਾ ਬੰਦ ਕਰਨ ਦੀ ਬੇਨਤੀ ਕਰਦੇ ਹਨ ਕਿਉਂਕਿ ਇਸ ਨਾਲ ਸਿਰਫ ਉਨ੍ਹਾਂ ਦੇ ਮਕਸਦ ਦਾ ਨੁਕਸਾਨ ਹੋਏਗਾ ਅਤੇ ਸਥਿਤੀ ਹੋਰ ਵਿਗੜੇਗੀ। ਉਨ੍ਹਾਂ ਕਿਹਾ ਕਿ ਅਸੀਂ ਲੱਦਾਖ ਅਤੇ ਦੇਸ਼ ਵਿਚ ਅਸਥਿਰਤਾ ਨਹੀਂ ਚਾਹੁੰਦੇ। ਇਸ ਦੌਰਾਨ ਪਿੱਛੇ ਅੱਥਰੂ ਗੈਸ ਦੇ ਗੋਲੇ ਦਾਗੇ ਜਾਣ ਦੀਆਂ ਆਵਾਜ਼ਾਂ ਵੀ ਸੁਣਾਈ ਦਿੱਤੀਆਂ। ਝੜਪਾਂ ਵਧਣ ਦੇ ਨਾਲ ਵਾਂਗਚੁੱਕ ਨੇ ਆਪਣੇ ਐਕਸ ਹੈਂਡਲ 'ਤੇ ਪਾਏ ਵੀਡੀਓ ਸੰਦੇਸ਼ 'ਚ ਨੌਜਵਾਨਾਂ ਨੂੰ ਸ਼ਾਂਤ ਰਹਿਣ ਅਤੇ ਹਿੰਸਾ ਬੰਦ ਕਰਨ ਦੀ ਅਪੀਲ ਕੀਤੀ। ਲੱਦਾਖ ਅਪੈਕਸ ਬਾਡੀ ਦੇ ਯੁਵਾ ਵਿੰਗ ਨੇ 15 ਲੋਕਾਂ 'ਚੋਂ 2, ਜੋ 10 ਸਤੰਬਰ ਤੋਂ 35 ਦਿਨਾਂ ਦੀ ਭੁੱਖ ਹੜਤਾਲ 'ਤੇ ਬੈਠੇ ਸਨ, ਦੀ ਹਾਲਤ ਵਿਗੜਨ ਬਾਅਦ ਮੰਗਲਵਾਰ ਸ਼ਾਮ ਉਨ੍ਹਾਂ ਨੂੰ ਹਸਪਤਾਲ ਭਰਤੀ ਕਰਵਾਏ ਜਾਣ ਬਾਅਦ ਵਿਰੋਧ ਪ੍ਰਦਰਸ਼ਨ ਦਾ ਸੱਦਾ ਦਿੱਤਾ ਸੀ। ਗ੍ਰਹਿ ਮੰਤਰਾਲੇ ਅਤੇ ਲੱਦਾਖ ਦੀ ਪ੍ਰਤੀਨਿਧਤਾ ਕਰਦੀਆਂ ਐਲ. ਏ. ਬੀ. ਅਤੇ ਕਾਰਗਿਲ ਡੈਮੋਕ੍ਰੈਟਿਕ ਗੱਠਜੋੜ ਦੇ ਮੈਂਬਰਾਂ 'ਚ ਮੁੱਦੇ ਨੂੰ ਲੈ ਕੇ ਤਾਜ਼ਾ ਗੇੜ ਦੀ ਮੀਟਿੰਗ 6 ਅਕਤੂਬਰ ਨੂੰ ਤੈਅ ਸੀ। ਪ੍ਰਦਰਸ਼ਨ ਦੇ ਸੱਦੇ 'ਤੇ ਲੇਹ ਸ਼ਹਿਰ ਬੰਦ ਕਰ ਦਿੱਤਾ ਗਿਆ ਅਤੇ ਵੱਡੀ ਗਿਣਤੀ 'ਚ ਭੀੜ ਐਨ. ਡੀ. ਐਸ. ਮੈਮੋਰੀਅਲ ਮੈਦਾਨ 'ਚ ਇਕੱਤਰ ਹੋ ਗਈ ਅਤੇ ਬਾਅਦ ਵਿਚ ਨਾਅਰੇਬਾਜ਼ੀ ਕਰਦਿਆਂ ਸ਼ਹਿਰ ਦੀਆਂ ਗਲੀਆਂ 'ਚ ਮਾਰਚ ਕੱਢਿਆ ਗਿਆ। ਸਥਿਤੀ ਉਸ ਸਮੇਂ ਤਣਾਅਪੂਰਨ ਹੋ ਗਈ ਜਦੋਂ ਕੁਝ ਨੌਜਵਾਨਾਂ ਨੇ ਭਾਜਪਾ ਦੇ ਮੁੱਖ ਦਫ਼ਤਰ ਅਤੇ ਹਿਲ ਕੌਂਸਲ ਵੱਲ ਪਥਰਾਅ ਕੀਤਾ। ਅਧਿਕਾਰੀਆਂ ਨੇ ਕਿਹਾ ਕਿ ਸਥਿਤੀ ਨੂੰ ਕਾਬੂ ਹੇਠ ਕਰਨ ਲਈ ਪੁਲਿਸ ਅਤੇ ਅਰਧ ਸੈਨਿਕ ਬਲਾਂ ਨੇ ਅੱਥਰੂ ਗੈਸ ਦੇ ਗੋਲੇ ਦਾਗੇ। ਨੌਜਵਾਨਾਂ ਦੇ ਇਕ ਸਮੂਹ ਨੇ ਸੁਰੱਖਿਆ ਕਰਮੀਆਂ ਦੇ ਇਕ ਵਾਹਨ ਅਤੇ ਕੁਝ ਹੋਰ ਵਾਹਨਾਂ ਨੂੰ ਅੱਗ ਲਾ ਦਿੱਤੀ ਤੇ ਭਾਜਪਾ ਦੇ ਦਫ਼ਤਰ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਨੇ ਕੰਪਲੈਕਸ 'ਚ ਅਤੇ ਇਕ ਹੋਰ ਇਮਾਰਤ 'ਚ ਫਰਨੀਚਰ ਨੂੰ ਅਤੇ ਕਾਗ਼ਜ਼ਾਤਾਂ ਨੂੰ ਅੱਗ ਲਾ ਦਿੱਤੀ। ਸਥਿਤੀ 'ਤੇ ਨਿਗਰਾਨੀ ਰੱਖ ਰਹੇ ਅਧਿਕਾਰੀਆਂ ਨੇ ਅੱਗੇ ਕਿਹਾ ਕਿ ਮੌਕੇ 'ਤੇ ਹੋਰ ਫੋਰਸ ਭੇਜੀ ਗਈ ਅਤੇ ਸਥਿਤੀ ਨੂੰ ਕਈ ਘੰਟਿਆਂ ਦੀਆਂ ਝੜਪਾਂ ਦੇ ਬਾਅਦ ਕਾਬੂ 'ਚ ਲਿਆਂਦਾ ਗਿਆ।







# ਪੰਜਾਬੀ ਸਾਹਿਤ ਜਗਤ ਦੀ ਨਾਮਵਰ ਸ਼ਖ਼ਸੀਅਤ ਤੇ ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ.) ਐਬਸਫੋਰਡ ਦੇ ਸਰਪ੍ਰਸਤ ਪ੍ਰੋ. ਗੁਰਮੀਤ ਸਿੰਘ ਟਿਵਾਣਾ ਦਾ ਦੇਹਾਂਤ








ਪੰਜਾਬੀ ਸਾਹਿਤ ਜਗਤ ਦੀ ਨਾਮਵਰ ਸ਼ਖ਼ਸੀਅਤ ਅਤੇ ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ.) ਐਬਸਫੋਰਡ ਦੇ ਸਰਪ੍ਰਸਤ ਪ੍ਰੋਫੈਸਰ ਗੁਰਮੀਤ ਸਿੰਘ ਟਿਵਾਣਾ 97 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ ਹਨ। ਐਬਸਫੋਰਡ, ਬੀਸੀ, ਕੈਨੇਡਾ ਦੇ ਹਸਪਤਾਲ ਵਿੱਚ 23 ਸਤੰਬਰ 2025 ਦੀ ਰਾਤ ਨੂੰ ਕਰੀਬ ਪੌਣੇ ਨੌਂ ਵਜੇ ਪ੍ਰੋਫੈਸਰ ਟਿਵਾਣਾ ਨੇ ਆਖਰੀ ਸਾਹ ਲਏ। ਉਹਨਾਂ ਦਾ ਦੇਹਾਂਤ ਦਿਲ ਦੀ ਧੜਕਣ ਬੰਦ ਹੋਣ ਕਾਰਨ ਹੋਇਆ। ਇਹ ਸਬੱਬ ਸੀ ਜਾਂ ਰਹਿਮਤ ਕਿ ਉਹਨਾਂ ਦੀ ਆਖਰੀ ਇੱਛਾ ਉਸ ਵੇਲੇ ਪੂਰੀ ਹੋਈ, ਜਦੋਂ ਉਨਾਂ ਵੱਲੋਂ ਸੰਪਾਦਤ ਕੀਤੀ 'ਪ੍ਰੋਫੈਸਰ ਕਿਸ਼ਨ ਸਿੰਘ ਰਚਨਾਵਲੀ' ਨੂੰ ਉਹਨਾਂ ਦੇ ਹੱਥਾਂ ਦੀ ਆਖਰੀ ਛੋਹ ਹਾਸਲ ਹੋਈ। ਪ੍ਰੋਫੈਸਰ ਗੁਰਮੀਤ ਸਿੰਘ ਟਿਵਾਣਾ ਵੱਲੋਂ ਇਹ ਕਿਤਾਬਾਂ ਛਾਪਣ ਦੀ ਪ੍ਰਵਾਨਗੀ ਇਸ ਸਾਲ ਅਪ੍ਰੈਲ ਮਹੀਨੇ ਦਿੱਤੀ ਗਈ ਸੀ। ਪੰਜਾਬ ਤੋਂ ਇਹ ਕਿਤਾਬਾਂ ਲੈ ਕੇ ਵਿਰਾਸਤ ਫਾਊਂਡੇਸ਼ਨ ਅਤੇ ਜੀਵੇ ਪੰਜਾਬ ਅਦਬੀ ਸੰਗਤ ਵਾਲੇ 'ਸਾਹਿਤ ਦੇ ਕਦਰਦਾਨ' ਸ. ਭੁਪਿੰਦਰ ਸਿੰਘ ਮੱਲੀ ਕੈਨੇਡਾ ਪਹੁੰਚੇ ਤੇ ਉਹਨਾਂ ਨੇ ਹਸਪਤਾਲ ਵਿਖੇ ਕਿਤਾਬਾਂ ਪ੍ਰੋਫੈਸਰ ਟਿਵਾਣਾ ਨੂੰ ਸਤਿਕਾਰ ਸਹਿਤ ਅਰਪਣ ਕੀਤੀਆਂ। ਪ੍ਰੋਫੈਸਰ ਟਿਵਾਣਾ ਦੀਆਂ ਸੰਪਾਦਿਤ ਚਾਰੇ ਕਿਤਾਬਾਂ ਉਨਾਂ ਨੂੰ ਸੌਂਪਣ ਮਗਰੋਂ, ਨਜ਼ਦੀਕੀਆਂ ਅਤੇ ਪਰਿਵਾਰਿਕ ਮੈਂਬਰਾਂ ਨੇ ਮਿਲ ਕੇ, ਕੀਰਤਨ ਸੋਹਿਲਾ ਦਾ ਪਾਠ ਅਤੇ ਅਰਦਾਸ ਕੀਤੀ ਅਤੇ ਅਕਾਲ ਪੁਰਖ ਵੱਲੋਂ ਇਹ ਪ੍ਰੋਫੈਸਰ ਟਿਵਾਣਾ ਨੂੰ ਲੰਬਾ ਤੇ ਚੜ੍ਹਦੀ ਕਲਾ ਵਾਲਾ ਜੀਵਨ ਬਖਸ਼ਣ ਦਾ ਸ਼ੁਕਰਾਨਾ ਕੀਤਾ। ਵੈਰਾਗਮਈ ਮਾਹੌਲ ਵਿੱਚ, ਕੁਝ ਪਲ ਮਗਰੋਂ ਹੀ ਪ੍ਰੋਫੈਸਰ ਟਿਵਾਣਾ ਨੇ ਆਖਰੀ ਸਵਾਸ ਲਏ ਅਤੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਸਰਦਾਰ ਗੁਰਮੀਤ ਸਿੰਘ ਟਿਵਾਣਾ ਦੇ ਸ਼ਾਨਦਾਰ ਜੀਵਨ ਵਾਂਗ, ਆਖਰੀ ਘੜੀਆਂ ਵੀ ਬੜੀਆਂ ਖ਼ੂਬਸੂਰਤ ਹੋ ਨਿਬੜੀਆਂ।

**ਪ੍ਰੋਫੈਸਰ ਗੁਰਮੀਤ ਸਿੰਘ ਟਿਵਾਣਾ ਦਾ ਜੀਵਨ ਸਫਰ :**

5 ਅਪਰੈਲ 1928 ਨੂੰ ਆਪ ਦਾ ਜਨਮ ਪੰਜਾਬ ਦੇ ਲੁਧਿਆਣਾ ਜ਼ਿਲੇ ਦੀ ਜਗਰਾਉਂ ਤਹਿਸੀਲ ਦੇ ਪਿੰਡ ਹਠੂਰ (ਨਾਨਕਾ ਪਿੰਡ) ਵਿਖੇ ਹੋਇਆ। ਆਪ ਦਾ ਜੱਦੀ ਪਿੰਡ ਭਾਗੀਕੇ, ਜ਼ਿਲਾ ਮੋਗਾ ਸੀ। ਪਿਤਾ ਵਰਿਆਮ ਸਿੰਘ ਤੇ ਮਾਤਾ ਸ਼ਾਮ ਕੌਰ ਦੇ ਗ੍ਰਹਿ ਵਿਖੇ ਜਨਮੇ ਗੁਰਮੀਤ ਸਿੰਘ ਟਿਵਾਣਾ ਨੇ ਪੰਜਵੀਂ ਤੱਕ ਦੀ ਵਿਦਿਆ ਪਿੰਡ ਭਾਗੀਕੇ ਤੋਂ ਹਾਸਲ ਕੀਤੀ, ਜਦਕਿ ਹਾਈ ਸਕੂਲ ਵਾਸਤੇ ਪੱਤੋ ਹੀਰਾ ਸਿੰਘ ਵਿਖੇ ਪੜ੍ਹਾਈ ਕੀਤੀ। ਉਪਰੰਤ ਜਗਰਾਉਂ ਉੱਚ ਪੜ੍ਹਾਈ ਕਰਨ ਮਗਰੋਂ ਅਧਿਆਪਕ ਲੱਗੇ। ਨਵੰਬਰ 1948 ਵਿੱਚ ਆਪ ਦਾ ਆਨੰਦ ਕਾਰਜ ਬੀਬੀ ਸੁਰਜੀਤ ਕੌਰ ਜੀ, ਪਿੰਡ ਬੁਰਜ ਕਰਾਲਾ, ਜ਼ਿਲਾ ਲੁਧਿਆਣਾ ਨਾਲ ਹੋਇਆ। ਪ੍ਰੋਫੈਸਰ ਟਿਵਾਣਾ ਦੇ ਗ੍ਰਹਿ ਵਿਖੇ ਦੋ ਪੁੱਤਰ ਅਤੇ ਇੱਕ ਧੀ ਨੇ ਜਨਮ ਲਿਆ।

ਗੁਰਮੀਤ ਸਿੰਘ ਟਿਵਾਣਾ ਨੇ ਐਮਏ ਵਿੱਚ ਯੂਨੀਵਰਸਿਟੀ ਪੱਧਰ ਦੀ ਉੱਚ ਵਿੱਦਿਆ ਦਿੱਲੀ ਦੇ ਦਿਆਲ ਸਿੰਘ ਇਵਨਿੰਗ ਕਾਲਜ ਵਿਖੇ ਉੱਘੇ ਸਿੱਖ ਅਤੇ ਮਾਰਕਸਵਾਦੀ ਚਿੰਤਕ ਪ੍ਰੋਫੈਸਰ ਕਿਸ਼ਨ ਸਿੰਘ ਦੀ ਅਗਵਾਈ ਵਿੱਚ ਹਾਸਲ ਕੀਤੀ ਅਤੇ ਮਗਰੋਂ ਉਥੇ ਹੀ ਸਾਹਿਤ ਚਿੰਤਨ ਦੇ ਗੰਭੀਰ ਪਹਿਲੂਆ ਬਾਰੇ ਗਿਆਨ ਹਾਸਲ ਕੀਤਾ। ਕੁਝ ਸਮਾਂ ਦਿੱਲੀ ਪੜ੍ਹਾਉਣ ਮਗਰੋਂ, ਆਪ ਨੇ ਪ੍ਰਸਿੱਧ ਨਾਵਲਕਾਰ ਜਸਵੰਤ ਸਿੰਘ ਕੰਵਲ ਦੀ ਪ੍ਰੇਰਨਾ ਨਾਲ ਢੁੱਡੀਕੇ

ਡਾ. ਗੁਰਵਿੰਦਰ ਸਿੰਘ
604 825 1550




ਕਾਲਜ, ਜ਼ਿਲਾ ਮੋਗਾ ਵਿਖੇ ਪੜ੍ਹਾਉਣਾ ਸ਼ੁਰੂ ਕੀਤਾ। ਇੱਥੇ 1967 ਤੋਂ ਲੈ ਕੇ ਲਗਾਤਾਰ ਪੜ੍ਹਾਇਆ ਅਤੇ ਸਾਹਿਤ ਸਿਰਜਣਾ ਕੀਤੀ। ਇਥੇ ਜ਼ਿਕਰਯੋਗ ਹੈ ਕਿ ਪ੍ਰੋਫੈਸਰ ਗੁਰਮੀਤ ਸਿੰਘ ਟਿਵਾਣਾ ਨੇ ਪ੍ਰੋਫੈਸਰ ਕਿਸ਼ਨ ਸਿੰਘ ਦੀ ਅਗਵਾਈ ਵਿੱਚ ਸਿੱਖ ਚਿੰਤਨ ਅਤੇ ਮਾਰਕਸਵਾਦ ਦੇ ਸਬੰਧ ਵਿੱਚ ਡੂੰਘਾ ਵਿਸ਼ਲੇਸ਼ਣ ਕੀਤਾ ਸੀ। ਆਪ ਨੇ 'ਗੁਰਬਾਣੀ ਦੇ ਮੱਧ-ਯੁਗੀ ਸੰਕਲਪਾਂ ਦੀ ਵਿਗਿਆਨਿਕ ਵਿਆਖਿਆ' ਕਿਤਾਬ ਸਮੇਤ 11 ਕਿਤਾਬਾਂ ਲਿਖੀਆਂ। ਵੱਡੀ ਗੱਲ ਇਹ ਹੈ ਕਿ ਪ੍ਰੋਫੈਸਰ 'ਕਿਸ਼ਨ ਸਿੰਘ ਰਚਨਾਵਲੀ' ਨੂੰ ਚਾਰ ਹਿੱਸਿਆਂ ਵਿੱਚ ਸੰਪਾਦਤ ਕਰਨ ਦੀ ਇਤਿਹਾਸਿਕ ਸੇਵਾ ਆਪ ਜੀ ਨੂੰ ਨਸੀਬ ਹੋਈ ਹੈ। ਸਿੱਖ ਵਿਦਵਾਨ ਸ. ਅਮਰੀਕ ਸਿੰਘ ਮੁਕਤਸਰ ਅਤੇ ਸਿਰੜੀ ਲਿਖਾਰੀ ਡਾ. ਪਰਮਿੰਦਰ ਸਿੰਘ ਸ਼ੌਂਕੀ ਦੇ ਉਦਮ ਨਾਲ ਇਹ ਕਾਰਜ ਨੇਪਰੇ ਚੜਿਆ ਹੈ। ਚਾਰ ਜਿਲਤਾਂ ਵਿੱਚ ਇਹ ਕਿਤਾਬ ਪ੍ਰਕਾਸ਼ਤ ਹੋਈ ਹੈ, ਜਿਸ ਨੂੰ ਬਹੁਤ ਭਾਵਪੂਰਤ ਢੰਗ ਨਾਲ 'ਰੀਥਿੰਕ ਬੁਕਸ' ਵੱਲੋਂ ਛਾਪਿਆ ਗਿਆ ਹੈ।

ਪ੍ਰੋਫੈਸਰ ਗੁਰਮੀਤ ਸਿੰਘ ਟਿਵਾਣਾ 1980 ਵਿੱਚ ਟਰਾਂਟੋ, ਕੈਨੇਡਾ ਆ ਗਏ। ਕੁਝ ਸਮੇਂ ਟੋਰਾਂਟੋ ਵਿਖੇ ਕੰਮ-ਕਾਰ ਕਰਨ ਮਗਰੋਂ ਪਰਿਵਾਰ ਸਮੇਤ 1988 ਵਿੱਚ ਬੀਸੀ ਦੇ ਸ਼ਹਿਰ ਐਬਸਫੋਰਡ ਆ ਵਸੇ ਅਤੇ ਆਖਰੀ ਸਮੇਂ ਤੱਕ ਇਥੇ ਹੀ ਰਹੇ। ਆਪ ਜੀ ਦੀ ਪੁੱਤਰੀ ਪਰਮਜੀਤ ਕੌਰ ਸੋਹੀ ਅਤੇ ਉਸਦੇ ਪਤੀ ਗੁਰ ਇਕਬਾਲ ਸਿੰਘ ਸੋਹੀ ਟੋਰਾਂਟੋ ਰਹਿੰਦੇ ਹਨ, ਜਦਕਿ ਵੱਡੇ ਪੁੱਤਰ ਗੈਰੀ (ਗੁਰਚਰਨ ਸਿੰਘ) ਟਿਵਾਣਾ ਅਤੇ ਨੂੰਹ ਗੁਰਦੀਪ ਕੌਰ ਟਿਵਾਣਾ ਅਤੇ ਛੋਟੇ ਪੁੱਤਰ ਪਰਮਿੰਦਰ ਸਿੰਘ ਟਿਵਾਣਾ ਅਤੇ ਨੂੰਹ ਕਾਰੋ ਟਿਵਾਣਾ ਐਬਸਫੋਰਡ ਰਹਿ ਰਹੇ ਹਨ। ਉਹਨਾਂ ਦੀ ਅੱਗੇ ਤੀਜੀ ਤੇ ਚੌਥੀ ਪੀੜ੍ਹੀ ਖੁਸ਼ਹਾਲ ਜਿੰਦਗੀ ਗੁਜ਼ਾਰ ਰਹੀ ਹੈ। ਪ੍ਰੋਫੈਸਰ ਸਾਹਿਬ ਦੀ ਜੀਵਨ ਸਾਥਣ ਬੀਬੀ ਸੁਰਜੀਤ ਕੌਰ ਇਸੇ ਸਾਲ ਜੂਨ ਮਹੀਨੇ ਚੜ੍ਹਾਈ ਕਰ ਗਏ ਸਨ। ਪ੍ਰੋਫੈਸਰ ਗੁਰਮੀਤ ਸਿੰਘ ਟਿਵਾਣਾ ਦੀ ਸਾਹਿਤਿਕ ਦੇਣ ਹਮੇਸ਼ਾ ਚੇਤੇ ਕੀਤੀ ਜਾਂਦੀ ਰਹੇਗੀ ਅਤੇ ਸਾਹਿਤ ਦੇ ਖੋਜੀ ਵਿਦਵਾਨਾਂ ਲਈ ਉਹ ਸਦਾ ਪ੍ਰੇਰਨਾ-ਸਰੋਤ ਬਣੇ ਰਹਿਣਗੇ।

ਪ੍ਰੋਫੈਸਰ ਗੁਰਮੀਤ ਸਿੰਘ ਟਿਵਾਣਾ ਦਾ ਅੰਤਿਮ ਸੰਸਕਾਰ 28 ਸਤੰਬਰ ਦਿਨ ਐਤਵਾਰ ਨੂੰ ਬਾਅਦ ਦੁਪਹਿਰ ਤਿੰਨ ਵਜੇ ਰਿਵਰਸਾਈਡ ਫਿਊਨਰਲ ਹੋਮ ਐਬਸਫੋਰਡ ਵਿਖੇ ਹੋਵੇਗਾ। ਉਪਰੰਤ 5 ਵਜੇ ਸਹਿਜ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸਾਊਥ ਫਰੇਜ਼ਰ ਵੇ ਐਬਸਫੋਰਡ ਵਿਖੇ ਹੋਣਗੇ। ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕਰਨ ਲਈ ਗੈਰੀ ਟਿਵਾਣਾ 604 807 6477 ਅਤੇ ਪਰਮਿੰਦਰ ਸਿੰਘ ਟਿਵਾਣਾ 236 458 7097 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਕੋਆਰਡੀਨੇਟਰ, ਪੰਜਾਬੀ ਸਹਿਤ ਸਭਾ ਮੁਢਲੀ**
**ਰਜਿ. ਐਬਸਫੋਰਡ, ਬੀਸੀ**

# ਪ੍ਰੋ. ਗੁਰਮੀਤ ਸਿੰਘ ਟਿਵਾਣਾ ਚੱਲ ਵੱਸੇ









ਕਿੰਨਾ ਅਜੀਬ ਇਤਫ਼ਾਕ ਹੈ ਇਹ ਕਿ ਆਪਣੀ ਜਿੰਦਗੀ ਦੇ ਸਭ ਤੋਂ ਅਹਿਮ ਸੁਪਨੇ "ਪ੍ਰੋ. ਕਿਸ਼ਨ ਸਿੰਘ ਰਚਨਾਵਲੀ" ਨੂੰ ਜਿਉਂ ਹੀ ਆਪਣੇ ਹੱਥਾਂ ਚ ਫੜ ਕੇ ਉਸ ਦਾ ਨਿੱਘ ਮਹਿਸੂਸ ਕੀਤਾ, ਗੁਰਵਿੰਦਰ ਸਿੰਘ ਧਾਲੀਵਾਲ ਭਾਅ ਜੀ ਕਹਿਣ ਲੱਗੇ, ਮੈਂ ਬੱਸ ਉਦੋਂ ਹੀ ਸੋਹਿਲਾ ਸਾਹਿਬ ਦਾ ਪਾਠ ਆਰੰਭ ਕਰਿਆ ਤੇ ਅਗਲੇ ਪੰਜ-ਦਸ ਮਿੰਟਾਂ 'ਚ ਪੰਜਾਬੀ ਦੇ ਅਜੀਮ ਲੇਖਕ ਤੇ ਚਿੰਤਕ ਪ੍ਰੋ. ਗੁਰਮੀਤ ਸਿੰਘ ਟਿਵਾਣਾ ਸਾਡੇ ਕੋਲੋਂ ਸਰੀਰਕ ਰੂਪ ਵਿੱਚ ਹਮੇਸ਼ਾ ਹਮੇਸ਼ਾ ਲਈ ਦੂਰ ਹੋ ਗਏ. ਅਜੇ ਕੁਝ ਮਹੀਨੇ ਪਹਿਲਾਂ ਹੀ ਉਨ੍ਹਾਂ ਦੀ ਧਰਮ-ਪਤਨੀ ਦੀ ਮੌਤ ਹੋਈ ਸੀ।

ਪ੍ਰੋ. ਸਾਬ ਦਰਅਸਲ ਪਿਛਲੇ ਦੋ ਦਹਾਕਿਆਂ ਤੋਂ ਆਪਣੇ ਆਖ਼ਰੀ ਅਕਾਦਮਿਕ ਕਾਰਜ ਲਈ ਬੇਹੱਦ ਭਾਵੁਕ ਹੋ ਕੇ ਜਿਉਂ ਰਹੇ ਸਨ। ਇਹ ਸਮਾਂ ਨਹੀਂ ਕਿ ਆਪਾਂ ਉਨ੍ਹਾਂ ਨਾਲ ਪੰਜਾਬੀ ਦੀਆਂ ਉੱਚ ਸੰਸਥਾਵਾਂ ਤੇ ਵਿਦਵਾਨਾਂ ਵੱਲੋਂ ਕੀਤੀਆ ਧੋਖਾਧੜੀਆਂ ਤੇ ਦਿੱਤੇ ਲਾਰਿਆਂ ਦਾ ਇੱਥੇ ਜ਼ਿਕਰ ਕਰੀਏ, ਪਰ ਇਹ ਉਨ੍ਹਾਂ ਦੇ ਸਾਰੇ ਕਰੀਬੀਆਂ ਨੂੰ ਭਲੀਭਾਂਤ ਪਤਾ ਹੈ ਕਿ ਉਹ ਚਾਹੁੰਦੇ ਸਨ ਕਿ ਜਿੰਨੀ ਜਲਦੀ ਹੋ ਸਕੇ ਪ੍ਰੋ. ਕਿਸ਼ਨ ਸਿੰਘ ਹੁਰਾਂ ਦੀ ਰਚਨਾਵਲੀ ਛਪ ਕੇ ਸਾਡੇ ਦਰਮਿਆਨ ਆ ਜਾਏ। ਇਸ ਲਈ ਜਦ ਉਨ੍ਹਾਂ ਦੇ ਧਰਮ ਪਤਨੀ ਸਾਡੇ ਕੋਲੋਂ ਰੁਖ਼ਸਤ ਹੋਏ, ਉਦੋਂ ਤੋਂ ਮੇਰੇ ਤੇ ਲਗਾਤਾਰ ਇਹ ਜ਼ਿੰਮੇਵਾਰੀ ਭਰਿਆ ਦਬਾਅ ਪੈ ਰਿਹਾ ਸੀ ਕਿ ਮੈਂ ਆਪਣੇ ਬਾਕੀ ਸਾਰੇ ਕਾਰਜ ਇੱਕ ਪਾਸੇ ਰੱਖ ਕੇ ਇਸ ਰਚਨਾਵਲੀ ਨੂੰ ਜਿੰਨੀ ਜਲਦੀ ਹੋ ਸਕੇ ਸੰਪੂਰਨ ਕਰਕੇ ਉਨ੍ਹਾਂ ਤੱਕ ਪਹੁੰਚਦਾ ਕਰ ਦੇਵਾਂ। ਮੈਨੂੰ ਵਾਰ ਵਾਰ ਕਿਹਾ ਜਾ ਰਿਹਾ ਸੀ ਕਿ ਇਹ ਰਚਨਾਵਲੀ ਛਪਣ ਤੋਂ ਪਹਿਲਾਂ ਕਿਤੇ ਇਹ ਨਾ ਹੋਏ ਕਿ ਪ੍ਰੋ. ਸਾਬ ਸਾਡੇ ਦਰਮਿਆਨ ਨਾ ਰਹਿਣ, ਕਿਉਂਕਿ ਉਮਰ ਤੇ ਸਿਹਤ ਪੱਖੋਂ ਉਨ੍ਹਾਂ ਦਾ ਜੀਵਨ ਸਰੀਰਕ ਤੌਰ ਤੇ ਸਾਡੇ ਤੋਂ ਲਗਾਤਾਰ ਦੂਰ ਹੁੰਦਾ ਜਾਪ ਰਿਹਾ ਸੀ। ਇਸ ਲਈ ਮੈਂ ਵੀ ਇਸ ਸਾਰੇ ਕਾਰਜ ਨੂੰ ਨੇਪਰੇ ਚਾੜਨ ਵਿੱਚ ਦਿਨ-ਰਾਤ ਇਕ ਕਰ ਛੱਡਿਆ ਸੀ ਤੇ ਕੱਲ੍ਹ ਜਦ ਕੈਨੇਡਾ ਵਿੱਚ ਹਸਪਤਾਲ ਪਿਆਂ ਵੱਡੇ ਬਾਈ ਭੁਪਿੰਦਰ ਮੱਲ੍ਹੀ ਹੁਰਾਂ ਨੇ ਇਹ ਸੈੱਟ ਪ੍ਰੋ. ਸਾਬ ਦੇ ਸਪੁਰਦ ਕੀਤਾ, ਉਸ ਦੇ ਜਲਦ ਬਾਅਦ ਹੀ ਉਹ ਸਾਡੇ ਕੋਲੋਂ ਵਿਦਾ ਲੈ ਗਏ. ਸ਼ਾਇਦ ਉਹ ਇਸ ਕਾਰਜ ਦੇ ਛਪਣ ਦੀ ਉਡੀਕ ਵਿੱਚ ਹੀ ਆਪਣੇ ਆਖ਼ਰੀ ਸਾਹ ਲੈ ਰਹੇ ਸਨ।

ਬੀਤੀ ਅਪਰੈਲ ਜਦ ਮੇਰੇ ਤਿੰਨ ਨਿੱਘੇ ਸੁਭਚਿੰਤਕ ਅਮਰੀਕ ਸਿੰਘ ਮੁਕਤਸਰ, ਗੁਰਵਿੰਦਰ ਸਿੰਘ ਧਾਲੀਵਾਲ ਅਤੇ ਭੁਪਿੰਦਰ ਮੱਲੀ (ਤਿੰਨੇ ਕੈਨੇਡਾ ਵਾਸੀ) ਪ੍ਰੋ. ਗੁਰਮੀਤ ਸਿੰਘ ਟਿਵਾਣਾ ਦੇ ਘਰ "ਰੀਥਿੰਕ ਬੁਕਸ" ਲਈ ਪ੍ਰੋ. ਕਿਸ਼ਨ ਸਿੰਘ ਰਚਨਾਵਲੀ ਦੇ ਕਾਪੀਰਾਈਟ ਲੈਣ ਹਿਤ ਪਹੁੰਚੇ ਸਨ, ਉਦੋਂ ਤੱਕ ਉਹ ਆਪਣੇ ਇਸ ਕਾਰਜ ਨੂੰ ਲੈ ਕੇ ਵਾਕਈ ਪੰਜਾਬੀ ਸਾਹਿਤ ਸੰਸਥਾਵਾਂ/

ਡਾ. ਪਰਮਿੰਦਰ ਸਿੰਘ
ਸ਼ੌਂਕੀ



ਵਿਦਵਾਨਾਂ ਤੇ ਪ੍ਰਕਾਸ਼ਕਾਂ ਤੋਂ ਕਾਫੀ ਨਿਰਾਸ਼ ਨਜਰ ਆਏ ਦੱਸੇ ਗਏ ਸਨ। ਸ਼ਾਇਦ ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਪ੍ਰੋ. ਕਿਸ਼ਨ ਸਿੰਘ ਅਤੇ ਪ੍ਰੋ. ਗੁਰਮੀਤ ਸਿੰਘ ਟਿਵਾਣਾ ਨੇ ਜਿਸ ਕਿਸਮ ਦਾ ਕਾਰਜ ਪੰਜਾਬੀ ਚਿੰਤਨ ਜਗਤ ਦੀ ਝੋਲੀ ਪਾਇਆ ਹੈ, ਉਸ ਨੂੰ ਪੰਜਾਬੀ ਪਾਠਕਾਂ ਨੇ ਉਸ ਹੱਦ ਤੱਕ ਜਾ ਕੇ ਫਿਲਹਾਲ ਸਮਝਿਆ ਨਹੀਂ ਹੈ। ਮੈਨੂੰ ਯਾਦ ਹੈ, ਜਦ ਮੈਂ ਪੰਜਾਬੀ ਅਕਾਦਮਿਕ ਜਗਤ ਚ ਪੈਰ ਧਰ ਰਿਹਾ ਸੀ, ਉਨ੍ਹਾਂ ਹੀ ਦਿਨਾਂ ਦੌਰਾਨ ਮੈਂ ਪ੍ਰੋ. ਗੁਰਮੀਤ ਸਿੰਘ ਹੁਰਾਂ ਦੀ ਕਿਤਾਬ "ਧਰਮ ਬਨਾਮ ਮਾਰਕਸਵਾਦ" ਪੜ੍ਹੀ ਸੀ ਤੇ ਫਿਰ ਪ੍ਰੋ. ਕਿਸ਼ਨ ਸਿੰਘ ਨੂੰ ਨਿੱਠ ਕੇ ਵਾਚਿਆ. ਉਸ ਤੋਂ ਬਾਅਦ ਜਦ ਪ੍ਰੋ. ਕਿਸ਼ਨ ਸਿੰਘ ਰਚਨਾਵਲੀ ਤੇ ਕੰਮ ਕੀਤਾ ਉਦੋਂ ਇਸ ਦੇ ਸਾਢੇ ਛੱਬੀ ਸੌ ਪੰਨੇ ਮੈਂ ਦੋ ਵਾਰ ਬਾਰੀਕੀ ਨਾਲ ਪੜ੍ਹੇ ਤੇ ਇਹ ਜਾਣਿਆ ਕਿ ਕਿਉਂ ਪ੍ਰੋ. ਕਿਸ਼ਨ ਸਿੰਘ ਅਤੇ ਪ੍ਰੋ. ਗੁਰਮੀਤ ਸਿੰਘ ਟਿਵਾਣਾ ਦਾ ਚਿੰਤਨ ਸੰਸਾਰ ਸਾਡੇ ਸਮਿਆਂ ਦੀ ਇਕ ਅਹਿਮ ਪੜ੍ਹਤ ਦੇ ਰੂਪ ਵਿਚ ਦੇਖਣਾ ਬੇੱਹਦ ਜ਼ਰੂਰੀ ਹੈ।

ਅੱਜ ਅਸੀਂ ਧਰਮ ਬਨਾਮ ਮਾਰਕਸਵਾਦ ਦੀ ਜਿਸ ਤਣਾਅਮਈ ਸਥਿਤੀ ਵਿਚ ਖ਼ੁਦ ਨੂੰ ਲਗਭਗ ਬੇਤੁਕੀਆਂ ਬਹਿਸਾਂ ਚ ਘਿਰਿਆ ਮਹਿਸੂਸ ਕਰਦੇ ਹਾਂ, ਇਨ੍ਹਾਂ ਦੋਵਾਂ ਚਿੰਤਕਾਂ ਨੇ ਉਸ ਸਥਿਤੀ ਨਾਲ ਨਜਿੱਠਣ ਦਾ ਸਾਨੂੰ ਸਹੀ ਰਾਹ ਦੱਸਿਆ ਹੈ. ਪ੍ਰੋ. ਗੁਰਮੀਤ ਸਿੰਘ ਟਿਵਾਣਾ ਨੇ ਉਸ ਕਾਰਜ ਨੂੰ ਅੱਗੇ ਵਧਾਇਆ ਸੀ, ਜਿਸ ਨੂੰ ਕਦੀ ਪ੍ਰੋ. ਕਿਸ਼ਨ ਸਿੰਘ ਹੁਰਾਂ ਨੇ ਛੇੜਿਆ ਸੀ। ਇਹ ਦੋਵੇਂ ਜਣੇ ਪੰਜਾਬ ਦੀ ਧਰਤੀ ਤੇ ਦੱਖਣੀ ਅਮਰੀਕੀ ਖ਼ਿੱਤਿਆਂ ਅੰਦਰ ਸਾਹਮਣੇ ਲਿਆਂਦੀ ਲਿਬਰੇਸ਼ਨ ਥਿਉਲੋਜੀ ਦੇ ਮੁਰੀਦ ਸਨ ਤਟ ਚਾਹੁੰਦੇ ਸਨ ਕਿ ਸਿੱਖੀ ਅਤੇ ਮਾਰਕਸਵਾਦ ਦੇ ਇਨਕਲਾਬੀ ਤੱਤ ਆਪਸ ਵਿਚ ਮਿਲ ਕੇ ਭਾਰਤੀ ਉਪਮਹਾਂਦੀਪ ਅੰਦਰ ਇਕ ਅਜਿਹਾ ਕ੍ਰਾਂਤੀਕਾਰੀ ਉਭਾਰ ਪੈਦਾ ਕਰਨ ਕਿ ਇੱਥੇ ਦੀਆਂ ਸਮਾਜਕ ਬਣਤਰਾਂ ਤੇ ਪਰਿਸਥਿਤੀਆਂ ਅੰਦਰ ਬੁਨਿਆਦੀ ਫੇਰਬਦਲ ਜਨਸਾਧਾਰਨ ਦੇ ਮਹਿਸੂਸੀਕਰਨ ਦਾ ਅੰਗ ਬਣ ਜਾਣ। ਇਸੇ ਕਾਰਜ ਲਈ ਉਹ ਚਾਹੁੰਦੇ ਸਨ ਕਿ ਪ੍ਰੋ. ਕਿਸ਼ਨ ਸਿੰਘ ਦਾ ਸਾਰਾ ਕਾਰਜ ਵੱਖ-ਵੱਖ ਜਿਲਦਾਂ ਵਿਚ ਛਪਣ ਦੀ ਬਜਾਏ ਖੰਡਾਂ ਵਿਚ ਇਕੱਠਿਆਂ ਛਪੇ, ਕਿਉਂਕਿ ਦੁਨੀਆ ਭਰ ਦੇ ਚਿੰਤਨੀ ਇਤਿਹਾਸ ਅੰਦਰ ਇਸ ਤਰ੍ਹਾਂ ਦੇ ਕੰਮਾਂ ਦੀ ਇਕ ਅਲੱਗ ਹੀ ਪਛਾਣ ਹੁੰਦੀ ਹੈ ਜਿਸ ਨੂੰ ਉਹ ਲੋਕ ਤੇ ਚੰਗੀ ਤਰ੍ਹਾਂ ਸਮਝਦੇ ਹੀ ਹੋਣੇ ਚਾਹੀਦੇ ਹਨ, ਜਿਨ੍ਹਾਂ ਨੇ ਖੁਦ ਨੂੰ ਮਾਰਕਸੀ ਪਛਾਣ ਦੇ ਹਵਾਲੇ ਨਾਲ ਜ਼ਿੰਦਾ ਰੱਖਿਆ ਹੋਇਆ ਹੈ। ਇਸ ਲਈ ਪ੍ਰੋ. ਗੁਰਮੀਤ ਸਿੰਘ ਟਿਵਾਣਾ ਨੇ ਕਰੀਬ ਵੀਹ ਸਾਲ ਤੱਕ ਇੰਤਜ਼ਾਰ ਕੀਤਾ ਤੇ ਆਖ਼ਰ ਇਹ ਸਾਰਾ ਕਾਰਨ "ਰੀਥਿੰਕ ਬੁਕਾ" ਦੇ ਹਿੱਸੇ ਆਇਆ। ਜਿਸ ਨੂੰ ਆਪਣੇ ਹੱਥਾਂ ਚ ਫੜਦਿਆਂ ਹੀ ਪ੍ਰੋ. ਸਾਬ ਸਕੂਨ ਨਾਲ ਇਸ ਜਹਾਨ ਤੋਂ ਤੁਰ ਗਏ।

ਉਨ੍ਹਾਂ ਦਾ ਜਾਣਾ ਸਾਡੇ ਸਾਰਿਆਂ ਲਈ ਸੱਚਮੁੱਚ ਇਕ ਖਲਾਅ ਪੈਦਾ ਕਰ ਗਿਆ ਹੈ। ਅਸੀਂ ਅਜੇ ਇਸ ਕਾਰਜ ਦੇ ਹਵਾਲੇ ਨਾਲ ਉਨ੍ਹਾਂ ਦੀ ਰਹਿਨੁਮਾਈ ਹੇਠ ਕਿੰਨਾ ਹੀ ਕੁਝ ਸਾਂਝਾ ਕਰਨਾ ਸੀ, ਪਰ ਖ਼ੈਰ....

# 117 ਸਾਲ ਦੀ ਜ਼ਿੰਦਗੀ ਦਾ ਭੇਦ: ਕੀ ਜੀਨਾਂ ਵਿੱਚ ਲੁਕਿਆ ਹੈ ਅਮਰਤਾ ਦਾ ਰਾਜ਼ ?

- ਰਹੱਸਮਈ ਲੰਬੀ ਉਮਰ: ਵਿਗਿਆਨੀਆਂ ਨੇ ਖੋਲ੍ਹੇ ਦੁਨੀਆ ਦੀ ਸਭ ਤੋਂ ਬਜ਼ੁਰਗ ਔਰਤ ਦੇ ਰਾਜ਼
- ਵਿਗਿਆਨੀਆਂ ਨੇ ਦੁਨੀਆ ਦੀ ਸਭ ਤੋਂ ਬਜ਼ੁਰਗ ਔਰਤ ਦੇ ਜੀਨਾਂ ਦਾ ਅਧਿਐਨ ਕੀਤਾ

ਸਪੇਨੀ ਖੋਜਕਰਤਾਵਾਂ ਦਾ ਕਹਿਣਾ ਹੈ ਕਿ 117 ਸਾਲ ਤੱਕ ਜੀਵਿਤ ਰਹਿਣ ਵਾਲੀ ਮਾਰੀਆ ਬ੍ਰਾਨਯਾਸ ਮੋਰੇਰਾ ਨੇ ਇੱਕ 'ਜੈਨੇਟਿਕ ਲਾਟਰੀ' ਜਿੱਤੀ ਸੀ। ਪਰ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਸਿਰਫ਼ ਸਿਹਤਮੰਦ ਜੀਨ ਅਤੇ ਮਾਈਕ੍ਰੋਬਾਇਓਮ ਹੀ ਲੰਬੀ ਉਮਰ ਦਾ ਰਾਜ਼ ਨਹੀਂ ਹਨ।

ਦੁਨੀਆ ਦੀ ਸਭ ਤੋਂ ਬਜ਼ੁਰਗ ਜੀਵਤ ਔਰਤ, ਮਾਰੀਆ ਬ੍ਰਾਨਯਾਸ ਮੋਰੇਰਾ, ਨੇ ਆਪਣੀ ਮੌਤ ਤੋਂ ਪਹਿਲਾਂ ਇੱਕ ਆਖਰੀ ਇੱਛਾ ਜ਼ਾਹਰ ਕੀਤੀ ਸੀ। ਉਨ੍ਹਾਂ ਨੇ ਬਾਰਸੀਲੋਨਾ ਯੂਨੀਵਰਸਿਟੀ ਦੇ ਸਕੂਲ ਆਫ਼ ਮੈਡੀਸਨ ਵਿੱਚ ਜੈਨੇਟਿਕਸ ਦੇ ਚੇਅਰਮੈਨ, ਡਾ. ਮੈਨੇਲ ਐਸਟੇਲਰ ਨੂੰ ਕਿਹਾ, 'ਕਿਰਪਾ ਕਰਕੇ ਮੇਰਾ ਅਧਿਐਨ ਕਰੋ।'

ਸਪੇਨ ਦੇ ਓਲੋਟ ਸ਼ਹਿਰ ਦੀ ਵਸਨੀਕ, ਮਾਰੀਆ ਦਾ ਪਿਛਲੀਆਂ ਗਰਮੀਆਂ ਵਿੱਚ 117 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ।

ਡਾ. ਐਸਟੇਲਰ ਅਤੇ ਉਨ੍ਹਾਂ ਦੇ ਸਾਥੀਆਂ ਦੀ ਇੱਕ ਵੱਡੀ ਟੀਮ ਨੇ ਉਨ੍ਹਾਂ ਦੀ ਇੱਛਾ ਪੂਰੀ ਕੀਤੀ। ਉਨ੍ਹਾਂ ਨੇ ਇਹ ਜਾਨਣ ਦੀ ਕੋਸ਼ਿਸ਼ ਕਰਨ ਲਈ ਮਾਰੀਆ ਦੇ ਖ਼ੂਨ, ਲਾਰ, ਪਿਸ਼ਾਬ ਅਤੇ ਮਲ ਦੇ ਨਮੂਨਿਆਂ ਦੀ ਜਾਂਚ ਕੀਤੀ ਕਿ ਉਹ ਇੰਨਾ ਲੰਬਾ ਸਮਾਂ ਕਿਉਂ ਜੀਵਿਤ ਰਹੇ।

ਇਸ ਦਾ ਜਵਾਬ, ਕੁਝ ਹੱਦ ਤੱਕ, ਬੁੱਧਵਾਰ ਨੂੰ 'ਸੈੱਲ ਰਿਪੋਰਟਸ ਮੈਡੀਸਨ' ਨਾਂ ਦੇ ਜਰਨਲ ਵਿੱਚ ਪ੍ਰਕਾਸ਼ਿਤ ਇੱਕ ਪੇਪਰ ਅਨੁਸਾਰ, ਇਹ ਹੈ ਕਿ ਉਨ੍ਹਾਂ ਨੇ ਆਪਣਾ ਧਿਆਨ ਰੱਖਿਆ। ਉਨ੍ਹਾਂ ਨੇ ਮੈਡੀਟੇਰੀਅਨ ਖ਼ੁਰਾਕ ਦੀ ਪਾਲਣਾ ਕੀਤੀ, ਸਿਗਰਟਨੋਸ਼ੀ ਜਾਂ ਸ਼ਰਾਬ ਦਾ ਸੇਵਨ ਨਹੀਂ ਕੀਤਾ ਅਤੇ 2000 ਦੇ ਦਹਾਕੇ ਦੇ ਸ਼ੁਰੂ ਤੱਕ ਰੋਜ਼ਾਨਾ ਇੱਕ ਘੰਟਾ ਸੈਰ ਕਰਦੀ ਸੀ, ਜਦੋਂ ਤੱਕ ਅਜਿਹਾ ਕਰਨਾ ਬਹੁਤ ਮੁਸ਼ਕਲ ਨਹੀਂ ਹੋ ਗਿਆ ਅਤੇ ਉਨ੍ਹਾਂ ਨੇ ਅਜਿਹੇ ਜੈਨੇਟਿਕ ਵੇਰੀਐਂਟਸ ਨਾਲ ਜੈਨੇਟਿਕ ਲਾਟਰੀ ਜਿੱਤੀ ਸੀ ਜੋ, ਖੋਜਕਰਤਾਵਾਂ ਦੇ ਅਨੁਸਾਰ, ਲੰਬੀ ਉਮਰ ਦੀ ਭਵਿੱਖਬਾਣੀ ਕਰ ਸਕਦੇ ਹਨ। ਇਹ ਜੈਨੇਟਿਕ ਵੇਰੀਐਂਟਸ ਹਾਈ ਕੋਲੈਸਟ੍ਰੋਲ, ਡਿਮੈਂਸ਼ੀਆ, ਦਿਲ ਦੀ ਬਿਮਾਰੀ ਅਤੇ ਕੈਂਸਰ ਵਰਗੇ ਆਮ ਜੋਖਮਾਂ ਤੋਂ ਬਚਾਉਣ ਲਈ ਜਾਣੇ ਜਾਂਦੇ ਹਨ।

ਡਾ. ਐਸਟੇਲਰ ਨੇ ਕਿਹਾ, 'ਉਨ੍ਹਾਂ ਦੇ ਸੈੱਲ ਉਨ੍ਹਾਂ ਦੀ ਉਮਰ ਤੋਂ ਜ਼ਿਆਦਾ ਜਵਾਨ ਜਾਪਦੇ ਸਨ।'

ਉਨ੍ਹਾਂ ਨੇ ਅੱਗੇ ਕਿਹਾ ਕਿ ਉਨ੍ਹਾਂ ਦੇ ਸਰੀਰ ਦੇ ਅੰਦਰ ਅਤੇ ਉੱਪਰ ਰਹਿਣ ਵਾਲੇ ਸੂਖਮ ਜੀਵ, ਯਾਨੀ ਉਨ੍ਹਾਂ ਦਾ ਮਾਈਕ੍ਰੋਬਾਇਓਮ, ਸਰੀਰ ਵਿੱਚ ਘੱਟ ਸੋਜ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੇ ਮਾਈਕ੍ਰੋਬਾਇਓਮ ਵਿੱਚ ਬਿਫਿਡੋਬੈਕਟੀਰੀਅਮ (Bifidobacterium) ਨਾਂ ਦੇ ਲਾਭਦਾਇਕ ਬੈਕਟੀਰੀਆ ਦੀ ਭਰਪੂਰ ਮਾਤਰਾ ਸੀ, ਜਿਸ ਦਾ ਵਾਧਾ ਦਹੀਂ ਵਿੱਚ ਪਾਏ ਜਾਣ ਵਾਲੇ ਬੈਕਟੀਰੀਆ ਨਾਲ ਹੁੰਦਾ ਹੈ। ਮਾਰੀਆ ਦਿਨ ਵਿੱਚ ਤਿੰਨ ਦਹੀਂ ਖਾਂਦੀ ਸੀ।

ਡਾ. ਐਸਟੇਲਰ ਨੇ ਕਿਹਾ, 'ਜ਼ਿਆਦਾ ਸੋਜ ਵਧਦੀ ਉਮਰ ਨਾਲ ਸਬੰਧਤ ਹੈ।'

ਇਸ ਅਧਿਐਨ ਵਿੱਚ ਸ਼ਾਮਲ ਨਾ ਹੋਣ ਵਾਲੀ, ਹਾਰਵਰਡ ਯੂਨੀਵਰਸਿਟੀ ਦੀ ਇੱਕ ਮੌਲੀਕਿਊਲਰ ਜੈਨੇਟਿਸਿਸਟ, ਇਮਾਕੁਲਾਟਾ ਡੀ ਵੀਵੋ ਨੇ ਕਿਹਾ ਕਿ ਮਾਰੀਆ ਦੀ ਲੰਬੀ ਉਮਰ ਲਈ ਖੋਜਕਰਤਾਵਾਂ ਦੀਆਂ ਵਿਆਖਿਆਵਾਂ 'ਵਿਗਿਆਨਕ ਤੌਰ 'ਤੇ ਉਚਿਤ' ਸਨ।


ਪਰ, ਉਨ੍ਹਾਂ ਨੇ ਚੇਤਾਵਨੀ ਦਿੱਤੀ, 'ਵੱਡੇ, ਚੰਗੀ ਤਰ੍ਹਾਂ ਨਿਯੰਤਰਿਤ ਆਬਾਦੀ ਅਧਿਐਨਾਂ ਦੇ ਮੁਕਾਬਲੇ, ਇੱਕ-ਇੱਕ ਮਾਮਲੇ ਦੇ ਨਤੀਜਿਆਂ ਦੀ ਵਿਆਖਿਆ ਕਰਦੇ ਸਮੇਂ ਸਾਵਧਾਨ ਰਹਿਣਾ ਹਮੇਸ਼ਾ ਮਹੱਤਵਪੂਰਨ ਹੁੰਦਾ ਹੈ।' ਡਾ. ਡੀ ਵੀਵੋ ਨੇ ਕਿਹਾ ਕਿ ਜਦੋਂ ਕਿ ਜੈਨੇਟਿਕਸ ਅਤੇ ਮੈਟਾਬੋਲਿਕ ਕਾਰਕ ਬਿਮਾਰੀ ਦੇ ਪੱਖ ਜਾਂ ਵਿਰੋਧ ਵਿੱਚ ਸੰਭਾਵਨਾਵਾਂ ਨੂੰ ਝੁਕਾ ਸਕਦੇ ਹਨ, 'ਬਿਮਾਰੀ ਦਾ ਕਾਰਨ ਆਮ ਤੌਰ 'ਤੇ ਸੰਭਾਵਨਾਵਾਂ ਦਾ ਮਾਮਲਾ ਹੁੰਦਾ ਹੈ, ਨਾ ਕਿ ਪੱਕੇ ਤੌਰ 'ਤੇ ਕੁਝ।'

ਦੂਜੇ ਸ਼ਬਦਾਂ ਵਿੱਚ, ਚੰਗੇ ਜੀਨ ਅਤੇ ਮਾਈਕ੍ਰੋਬਾਇਓਮ ਇਕੱਲੇ ਤੁਹਾਨੂੰ ਜੀਵਿਤ ਨਹੀਂ ਰੱਖ ਸਕਦੇ।

ਜੌਨਸ ਹੌਪਕਿੰਸ ਸਕੂਲ ਆਫ਼ ਮੈਡੀਸਨ ਦੀ ਇੱਕ ਓਨਕੋਲੋਜਿਸਟ ਅਤੇ ਜੈਨੇਟਿਸਿਸਟ ਡਾ. ਮੈਰੀ ਅਰਮਾਨੀਓਸ ਇਸ ਨਾਲ ਘੱਟ ਸਹਿਮਤ ਸਨ। ਉਨ੍ਹਾਂ ਨੇ ਉਨ੍ਹਾਂ ਦਾਅਵਿਆਂ 'ਤੇ ਸਵਾਲ ਚੁੱਕਿਆ ਕਿ ਕੁਝ ਖਾਸ ਜੈਨੇਟਿਕ ਵੇਰੀਐਂਟਸ ਲੰਬੀ ਉਮਰ ਦੀ ਭਵਿੱਖਬਾਣੀ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ, 'ਲੰਬੀ ਉਮਰ ਦੇ ਜੈਨੇਟਿਕਸ ਬਹੁਤ ਉਲਝਣ ਵਾਲੇ ਹੁੰਦੇ ਹਨ।' ਜਦੋਂ ਖੋਜਕਰਤਾਵਾਂ ਨੇ ਲੰਬੀ ਉਮਰ ਨਾਲ ਜੁੜੇ ਵੇਰੀਐਂਟਸ ਦੀ ਖੋਜ ਕੀਤੀ, ਤਾਂ ਉਨ੍ਹਾਂ ਨੇ ਨੌਜਵਾਨ ਲੋਕਾਂ ਦੇ ਜੀਨਾਂ ਦੀ ਤੁਲਨਾ 100 ਸਾਲ ਤੋਂ ਵੱਧ ਉਮਰ ਦੇ ਲੋਕਾਂ ਨਾਲ ਕੀਤੀ। ਪਰ, ਉਨ੍ਹਾਂ ਨੇ ਕਿਹਾ, ਖੋਜਕਰਤਾਵਾਂ ਨੂੰ ਇਹ ਨਹੀਂ ਪਤਾ ਕਿ ਉਹ ਨੌਜਵਾਨ ਲੋਕ 100 ਸਾਲ ਤੱਕ ਜੀਉਣਗੇ ਜਾਂ ਨਹੀਂ।

ਡਾ. ਅਰਮਾਨੀਓਸ ਨੇ ਚੇਤਾਵਨੀ ਦਿੱਤੀ ਕਿ ਜੈਨੇਟਿਕਸ ਅਤੇ ਇੱਕ ਚੰਗਾ ਮਾਈਕ੍ਰੋਬਾਇਓਮ ਇਸ ਗੱਲ ਦੀ ਪੂਰੀ ਕਹਾਣੀ ਦੇ ਨੇੜੇ ਵੀ ਨਹੀਂ ਹਨ ਕਿ ਕੁਝ ਲੋਕ ਇੰਨਾ ਲੰਬਾ ਕਿਉਂ ਜੀਉਂਦੇ ਹਨ। ਉਨ੍ਹਾਂ ਨੇ ਨੋਟ ਕੀਤਾ ਕਿ ਸਿੱਖਿਆ ਅਤੇ ਆਮਦਨ ਦੇ ਪੱਧਰਾਂ ਨਾਲ ਜੁੜੀ ਜੀਵਨ ਸੰਭਾਵਨਾ ਵਿੱਚ ਬਹੁਤ ਵੱਡਾ ਅੰਤਰ ਹੁੰਦਾ ਹੈ।

ਉਨ੍ਹਾਂ ਨੇ ਕਿਹਾ, 'ਮੈਨੂੰ ਲਗਦਾ ਹੈ ਕਿ ਸਪੱਸ਼ਟ ਤੌਰ 'ਤੇ ਖਰਾਬ ਜੈਨੇਟਿਕਸ ਹੁੰਦੇ ਹਨ ਜੋ ਜੀਵਨ ਕਾਲ ਨੂੰ ਸੀਮਤ ਕਰਦੇ ਹਨ, ਪਰ ਮੈਨੂੰ ਯਕੀਨ ਨਹੀਂ ਹੈ ਕਿ ਚੰਗੇ ਜੈਨੇਟਿਕਸ ਸਮਾਜਿਕ-ਆਰਥਿਕ ਸੀਮਾਵਾਂ ਨੂੰ ਪਾਰ ਕਰਨ ਲਈ ਕਾਫੀ ਹਨ।'



ਮਾਰੀਆ, ਕਿਸੇ ਵੀ ਕਾਰਨ ਕਰਕੇ, ਬੇਮਿਸਾਲ ਤੌਰ 'ਤੇ ਮਜ਼ਬੂਤ ਜਾਪਦੀ ਸੀ।

ਉਹ 1907 ਵਿੱਚ ਸੈਨ ਫਰਾਂਸਿਸਕੋ ਵਿੱਚ ਪੈਦਾ ਹੋਈ ਸੀ। ਉਸਦੇ ਮਾਤਾ-ਪਿਤਾ ਸਪੇਨ ਦੇ ਸਨ ਪਰ ਕੰਮ ਲਈ ਸੰਯੁਕਤ ਰਾਜ ਅਮਰੀਕਾ ਆਏ ਸਨ। ਜਦੋਂ ਮਾਰੀਆ 8 ਸਾਲ ਦੀ ਸੀ, ਤਾਂ ਉਸਦੇ ਪਿਤਾ ਦੀ ਮੌਤ ਹੋ ਗਈ, ਅਤੇ ਉਹ ਅਤੇ ਉਸਦੀ ਮਾਂ ਵਾਪਸ ਸਪੇਨ ਚਲੇ ਗਏ।

ਉਸਨੇ ਵਿਆਹ ਕੀਤਾ ਅਤੇ ਇੱਕ ਪੁੱਤਰ — ਜਿਸਦੀ 52 ਸਾਲ ਦੀ ਉਮਰ ਵਿੱਚ ਮੌਤ ਹੋ ਗਈ — ਅਤੇ ਦੋ ਧੀਆਂ ਸਨ, ਜੋ ਹੁਣ 92 ਅਤੇ 94 ਸਾਲ ਦੀਆਂ ਹਨ।

ਉਸਦੇ ਵਿਸਤ੍ਰਿਤ ਪਰਿਵਾਰ ਦੇ ਮੈਂਬਰ ਆਮ ਕਾਰਨਾਂ ਕਰਕੇ ਮਰ ਗਏ — ਅਲਜ਼ਾਈਮਰ ਰੋਗ, ਇੱਕ ਦੁਰਘਟਨਾ, ਕੈਂਸਰ, ਟੀਬੀ, ਗੁਰਦੇ ਫੇਲ੍ਹ ਹੋਣਾ, ਦਿਲ ਦੀ ਬਿਮਾਰੀ। ਮਾਰੀਆ ਜਿਉਂਦੀ ਰਹੀ। ਅਜਿਹਾ ਲਗਦਾ ਸੀ ਕਿ ਉਸ ਕੋਲ ਲੰਬੀ ਉਮਰ ਲਈ ਮੰਨੀਆਂ ਗਈਆਂ ਸਾਰੀਆਂ ਜ਼ਰੂਰੀ ਸ਼ਰਤਾਂ ਸਨ। ਜੇਕਰ ਜੈਨੇਟਿਕ ਵੇਰੀਐਂਟਸ ਦੇ ਪ੍ਰਸਤਾਵਿਤ ਪ੍ਰਭਾਵ ਹੁੰਦੇ ਹਨ, ਤਾਂ ਉਹ ਪੁਰਾਣੀਆਂ ਬਿਮਾਰੀਆਂ ਤੋਂ ਬਚਣ ਲਈ ਤਿਆਰ ਸੀ ਅਤੇ ਉਸਦੀ ਜੀਵਨ ਸ਼ੈਲੀ ਆਦਰਸ਼ ਜਾਪਦੀ ਸੀ।

ਡਾ. ਐਸਟੇਲਰ ਨੇ ਕਿਹਾ, ਉਸਦਾ ਪਰਿਵਾਰ ਅਤੇ ਦੋਸਤਾਂ ਦਾ ਇੱਕ ਨਜ਼ਦੀਕੀ ਦਾਇਰਾ ਸੀ, ਅਤੇ ਜਿਵੇਂ-ਜਿਵੇਂ ਉਸਦੇ ਦੋਸਤ ਮਰਦੇ ਗਏ, ਉਸਨੇ ਨਵੇਂ ਦੋਸਤ ਬਣਾ ਲਏ।

ਉਹ 2001 ਤੱਕ ਸੁਤੰਤਰ ਤੌਰ 'ਤੇ ਰਹਿੰਦੀ ਸੀ, ਜਦੋਂ ਤੁਰਨ ਵਿੱਚ ਮੁਸ਼ਕਲ ਕਾਰਨ ਉਸਨੂੰ ਇੱਕ ਨਰਸਿੰਗ ਹੋਮ ਵਿੱਚ ਦਾਖਲ ਹੋਣਾ ਪਿਆ। ਉਹ ਲਗਭਗ ਪੰਜ ਸਾਲ ਪਹਿਲਾਂ ਤੱਕ ਪਿਆਨੋ ਵਜਾਉਂਦੀ ਸੀ।

**ਧੰਨਵਾਦ ਸਹਿਤ ਖਬਰ ਅਤੇ ਫੋਟੋ ਸੋਸ਼ਲ ਮੀਡੀਆ**

## ਪਾਣੀ ਦੇ ਤੇਜ਼ ਵਹਾਅ ਦੀ ਮਾਰ ਤੋਂ ਬਚਾਉਣ ਲਈ ਨਵੀਂ ਰਣਨੀਤੀ

### ਦਰਿਆਵਾਂ 'ਚੋਂ ਗਾਰ ਕੱਢਣ ਨੂੰ ਹਰੀ ਝੰਡੀ

ਚੰਡੀਗੜ੍ਹ, (ਚਰਨਜੀਤ ਭੁੱਲਰ) : ਪੰਜਾਬ ਸਰਕਾਰ ਵੱਲੋਂ ਕੌਮੀ ਢਾਂਚੇ ਤਹਿਤ ਦਰਿਆਵਾਂ 'ਚੋਂ ਗਾਰ ਕੱਢੇ ਜਾਣ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਦਰਿਆਵਾਂ ਦੇ ਮੁਹਾਣ ਵਿਚਲੇ ਅੜਿੱਕੇ ਦੂਰ ਕਰਨ ਅਤੇ ਪਾਣੀ ਦੇ ਤੇਜ਼ ਵਹਾਅ ਦੀ ਮਾਰ ਤੋਂ ਬਚਾਉਣ ਲਈ ਨਵੀਂ ਰਣਨੀਤੀ ਘੜੀ ਗਈ ਹੈ। 'ਦਰਿਆਵਾਂ 'ਚੋਂ ਗਾਰ ਕੱਢਣ ਸਬੰਧੀ ਕੌਮੀ ਖਾਕਾ' ਤਹਿਤ ਦਰਿਆਵਾਂ 'ਚੋਂ ਗਾਰ ਕੱਢਣ ਲਈ ਕੇਂਦਰੀ ਵਾਤਾਵਰਨ ਮੰਤਰਾਲੇ ਤੋਂ ਕੋਈ ਅਗਾਊਂ ਪ੍ਰਵਾਨਗੀ ਦੀ ਲੋੜ ਵੀ ਨਹੀਂ ਹੋਵੇਗੀ। ਮੁੱਖ ਸਕੱਤਰ ਕੇ ਏ ਪੀ ਸਿਨਹਾ ਦੀ ਪ੍ਰਧਾਨਗੀ ਹੇਠ ਅੱਜ ਹੋਈ ਮੀਟਿੰਗ ਵਿੱਚ ਇਸ ਮਾਮਲੇ 'ਤੇ ਕਈ ਨਵੇਂ ਫ਼ੈਸਲੇ ਲਏ ਗਏ ਹਨ ਜੋ ਕਿ ਭਵਿੱਖ ਵਿੱਚ ਦਰਿਆਵਾਂ ਦੀ ਮਾਰ ਤੋਂ ਬਚਾਉਣ ਹਿੱਤ ਉਸਾਰੂ ਸਿੱਧ ਹੋ ਸਕਦੇ ਹਨ। ਪ੍ਰਾਪਤ ਵੇਰਵਿਆਂ ਅਨੁਸਾਰ ਦਰਿਆਵਾਂ ਦੀਆਂ ਮਾਈਨਿੰਗ ਸਾਈਟਾਂ ਅਤੇ ਡੀਸਿਲਟਿੰਗ ਵਾਲੀਆਂ ਸਾਈਟਾਂ ਦੀ ਵੱਖੋ ਵੱਖਰੀ ਸ਼ਨਾਖ਼ਤ ਕੀਤੀ ਗਈ ਹੈ।

ਦਰਿਆਵਾਂ ਵਿੱਚ 48 ਅਜਿਹੀਆਂ ਸਾਈਟਾਂ ਦੀ ਸ਼ਨਾਖ਼ਤ ਹੋਈ ਹੈ ਜਿੱਥੋਂ ਗਾਰ ਕੱਢਣ ਦੀ ਲੋੜ ਹੈ ਜਾਂ ਫਿਰ ਦਰਿਆਵਾਂ ਦੇ ਪਾਣੀ ਵਿੱਚ ਇਨ੍ਹਾਂ ਸਾਈਟਾਂ 'ਤੇ ਅੜਿੱਕੇ ਖੜ੍ਹੇ ਹੋਏ ਹਨ। ਇਹ ਫ਼ੈਸਲਾ ਵੀ ਲਿਆ ਗਿਆ ਹੈ ਕਿ ਦਰਿਆਵਾਂ 'ਚੋਂ ਗਾਰ ਕੱਢਣ ਵਾਸਤੇ ਕੌਮੀ ਖਾਕੇ ਤਹਿਤ ਵਾਤਾਵਰਨ ਮੰਤਰਾਲੇ ਦੀ ਮਨਜ਼ੂਰੀ ਦੀ ਲੋੜ ਨਹੀਂ ਹੈ। ਬਾਕੀ ਮਾਈਨਿੰਗ ਸਾਈਟਾਂ 'ਤੇ ਮਾਈਨਿੰਗ ਵਿਭਾਗ ਨੂੰ ਕੰਮ ਕਰਨ ਵਾਸਤੇ ਕਿਹਾ ਗਿਆ ਹੈ। ਬਿਆਸ, ਸਤਲੁਜ, ਘੱਗਰ, ਸਿਸਵਾਂ ਤੇ ਚੱਬੇਵਾਲ ਚੋਅ ਆਦਿ ਵਿੱਚ ਚਾਰ ਦਰਜਨ ਸਾਈਟਾਂ ਦੀ ਸ਼ਨਾਖ਼ਤ ਹੋਈ ਹੈ ਜਿਨ੍ਹਾਂ 'ਚ ਸਭ ਤੋਂ ਵੱਧ ਜ਼ਿਲ੍ਹਾ ਗੁਰਦਾਸਪੁਰ ਵਿੱਚ ਬਿਆਸ ਦਰਿਆ 'ਚ 12 ਸਾਈਟਾਂ ਲੱਭੀਆਂ ਹਨ, ਜਿੱਥੇ ਗਾਰ ਕੱਢਣ ਦੀ ਲੋੜ ਹੈ। ਘੱਗਰ ਵਿੱਚ ਅਜਿਹੀਆਂ ਸੱਤ ਸਾਈਟਾਂ ਹਨ।

ਇਸੇ ਤਰ੍ਹਾਂ ਹਰੀਕੇ ਹੈੱਡ ਵਰਕਸ 'ਚੋਂ ਗਾਰ ਕੱਢਣ ਦੇ ਮੁੱਦੇ 'ਤੇ ਵੀ ਚਰਚਾ ਹੋਈ। ਹਰੀਕੇ 'ਚੋਂ ਗਾਰ ਕੱਢਣ ਲਈ ਰਾਜਸਥਾਨ ਤੋਂ ਫ਼ੰਡਾਂ ਦਾ ਬਣਦਾ ਹਿੱਸਾ ਲਿਆ ਜਾਵੇਗਾ ਅਤੇ ਪੰਜਾਬ ਸਰਕਾਰ ਵੱਲੋਂ ਰਾਜਸਥਾਨ ਸਰਕਾਰ ਨੂੰ ਪੱਤਰ ਲਿਖਿਆ ਜਾਵੇਗਾ, ਕਿਉਂਕਿ ਹਰੀਕੇ ਤੋਂ ਪੰਜਾਬ ਨਾਲੋਂ ਦੁੱਗਣਾ ਪਾਣੀ ਤਾਂ ਰਾਜਸਥਾਨ ਨੂੰ ਜਾਂਦਾ ਹੈ। ਮੀਟਿੰਗ ਵਿੱਚ ਵੱਡਾ ਫ਼ੈਸਲਾ ਇਹ ਹੋਇਆ ਹੈ ਕਿ ਦਰਿਆਵਾਂ ਦੀ ਜ਼ਮੀਨ 'ਚੋਂ ਵੀ ਦਰੱਖਤ ਹਟਾਏ ਜਾਣਗੇ। ਦਰਿਆਵਾਂ ਵਿੱਚ ਜਿਨ੍ਹਾਂ ਜ਼ਮੀਨਾਂ 'ਤੇ ਪ੍ਰਾਈਵੇਟ ਲੋਕਾਂ ਨੇ ਦਰੱਖਤ ਲਗਾਏ ਹੋਏ ਹਨ, ਉਨ੍ਹਾਂ ਦਰੱਖਤਾਂ ਦੀ ਕਟਾਈ ਕੀਤੀ ਜਾਵੇਗੀ ਅਤੇ ਇਨ੍ਹਾਂ ਦਰੱਖਤਾਂ ਦਾ ਪੈਸਾ ਸਬੰਧਤ ਕਿਸਾਨਾਂ ਨੂੰ ਦੇ ਦਿੱਤਾ ਜਾਵੇਗਾ। ਇਹ ਜ਼ਮੀਨ ਕਿਸਾਨਾਂ ਕੋਲ ਹੀ ਰਹੇਗੀ। ਦਰਿਆਵਾਂ ਵਿੱਚ ਅਜਿਹੀਆਂ ਚਾਰ ਸਾਈਟਾਂ ਵੀ ਹਨ ਜਿੱਥੇ ਜੰਗਲਾਤ ਵਿਭਾਗ ਨੇ ਵੀ ਦਰੱਖਤ ਲਗਾਏ ਹੋਏ ਹਨ ਜੋ ਕਿ ਮੁਹਾਲੀ, ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਜ਼ਿਲ੍ਹੇ ਵਿੱਚ ਹਨ।

### ਭਾਰਤੀ ਰਾਸ਼ਟਰੀ ਮੀਡੀਆ ਨੇ ਮੈਨੂੰ ਗੱਦਾਰ ਵਜੋਂ ਦਰਸਾਉਣ ਦੀ ਪੂਰੀ ਕੋਸ਼ਿਸ਼ ਕੀਤੀ

## 'ਸਰਦਾਰਜੀ 3' ਪਹਿਲਗਾਮ ਦੇ ਕਤਲੇਆਮ ਤੋਂ ਪਹਿਲਾਂ ਸ਼ੂਟ ਹੋਈ ਸੀ; ਭਾਰਤ-ਪਾਕਿਸਤਾਨ ਮੈਚ ਕਤਲੇਆਮ ਤੋਂ ਬਾਅਦ 'ਚ ਹੋ ਰਹੇ ਨੇ : ਸ੍ਰ. ਦਿਲਜੀਤ ਸਿੰਘ ਦੁਸਾਂਝ

ਮਲੇਸ਼ੀਆ/ (ਸਾਡੇ ਲੋਕ) ਪੰਜਾਬੀ ਗਾਇਕ-ਅਦਾਕਾਰ ਦਿਲਜੀਤ ਦੁਸਾਂਝ ਨੇ ਪਹਿਲਗਾਮ ਅੱਤਵਾਦੀ ਹਮਲੇ, ਪਾਕਿਸਤਾਨੀ ਅਦਾਕਾਰਾ ਹਨੀਆ ਆਮਿਰ ਨਾਲ ਉਸ ਦੀ ਫਿਲਮ 'ਸਰਦਾਰਜੀ 3' ਦੇ ਆਲੇ-ਦੁਆਲੇ ਦੇ ਵਿਵਾਦ ਅਤੇ ਹਾਲ ਹੀ ਵਿੱਚ ਭਾਰਤ-ਪਾਕਿਸਤਾਨ ਮੈਚ 'ਤੇ ਆਪਣੀ ਚੁੱਪੀ ਤੋੜੀ ਹੈ। ਮਲੇਸ਼ੀਆ ਵਿੱਚ ਇੱਕ ਸੰਗੀਤ ਸਮਾਰੋਹ ਵਿੱਚ ਬੋਲਦੇ ਹੋਏ, ਦਿਲਜੀਤ ਨੇ ਕਿਹਾ ਕਿ ਉਸ ਦੀ ਫਿਲਮ 'ਸਰਦਾਰਜੀ 3' ਅੱਤਵਾਦੀ ਹਮਲੇ ਤੋਂ ਪਹਿਲਾਂ ਸ਼ੂਟ ਕੀਤੀ ਗਈ ਸੀ ਅਤੇ ਮੈਚ ਬਾਅਦ ਵਿੱਚ ਖੇਡਿਆ ਗਿਆ ਸੀ। ਉਸ ਨੇ ਇਹ ਵੀ ਕਿਹਾ ਕਿ ਉਸ ਦੇ ਕੋਲ ਕਹਿਣ ਲਈ ਬਹੁਤ ਸਾਰੇ ਜਵਾਬ ਹਨ ਪਰ ਉਹ ਹਮੇਸ਼ਾ ਚੁੱਪ ਰਹੇ ਹਨ।

ਦਿਲਜੀਤ ਦੇ ਰਾਸ਼ਟਰੀ ਝੰਡੇ ਨੂੰ ਸਲਾਮੀ ਦੇਣ ਦੇ ਕਈ ਕਲਿੱਪ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਾਹਮਣੇ ਆਏ ਹਨ। ਉਸਨੇ ਕਿਹਾ, 'ਇਹ ਮੇਰੇ ਦੇਸ਼ ਦਾ ਝੰਡਾ ਹੈ। ਹਮੇਸ਼ਾ ਇਸਦਾ ਸਤਿਕਾਰ ਕਰੋ।' ਫਿਰ ਉਸਨੇ ਦਰਸ਼ਕਾਂ ਤੋਂ ਬੋਲਣ ਦੀ ਇਜਾਜ਼ਤ ਮੰਗੀ। ਉਸਨੇ ਪੰਜਾਬੀ ਵਿੱਚ ਕਿਹਾ, 'ਜਦੋਂ ਮੇਰੀ ਫਿਲਮ ਸਰਦਾਰ ਜੀ 3 ਦੀ ਸ਼ੂਟਿੰਗ ਫਰਵਰੀ ਵਿੱਚ ਹੋ ਰਹੀ ਸੀ, ਮੈਚ ਚੱਲ ਰਹੇ ਸਨ।'

ਦਿਲਜੀਤ ਨੇ ਪਹਿਲਗਾਮ ਅੱਤਵਾਦੀ ਹਮਲੇ 'ਤੇ ਦੁੱਖ ਪ੍ਰਗਟ ਕੀਤਾ। ਇਹ ਦੁਖਦਾਈ ਘਟਨਾ 22 ਅਪ੍ਰੈਲ ਨੂੰ ਵਾਪਰੀ ਅਤੇ 26 ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਜ਼ਿਆਦਾਤਰ ਸੈਲਾਨੀ ਸਨ। ਉਸਨੇ ਕਿਹਾ, 'ਉਸ ਤੋਂ ਬਾਅਦ, ਪਹਿਲਗਾਮ ਵਿੱਚ ਇੱਕ ਦੁਖਦਾਈ ਅੱਤਵਾਦੀ ਹਮਲਾ ਹੋਇਆ। ਉਸ ਸਮੇਂ ਅਤੇ ਹੁਣ ਵੀ, ਅਸੀਂ ਹਮੇਸ਼ਾ ਪ੍ਰਾਰਥਨਾ ਕੀਤੀ ਹੈ ਕਿ ਅੱਤਵਾਦੀਆਂ ਨੂੰ ਸਖ਼ਤ ਸਜ਼ਾ ਮਿਲੇ। ਫਰਕ ਸਿਰਫ ਇਹ ਹੈ ਕਿ ਮੇਰੀ ਫਿਲਮ ਹਮਲੇ ਤੋਂ ਪਹਿਲਾਂ ਸ਼ੂਟ ਕੀਤੀ ਗਈ ਸੀ, ਅਤੇ ਮੈਚ ਬਾਅਦ ਵਿੱਚ ਖੇਡਿਆ ਗਿਆ ਸੀ।'



ਭਾਰਤ ਅਤੇ ਪਾਕਿਸਤਾਨ ਹਾਲ ਹੀ ਵਿੱਚ 14 ਸਤੰਬਰ ਨੂੰ ਏਸ਼ੀਆ ਕੱਪ ਲਈ ਕ੍ਰਿਕਟ ਦੇ ਮੈਦਾਨ ਵਿੱਚ ਆਹਮੋ-ਸਾਹਮਣੇ ਹੋਏ ਸਨ। ਭਾਰਤ ਨੇ ਮੈਚ ਜਿੱਤਿਆ ਪਰ ਵਿਰੋਧੀ ਟੀਮ ਨਾਲ ਹੱਥ ਮਿਲਾਉਣ ਤੋਂ ਇਨਕਾਰ ਕਰ ਦਿੱਤਾ। ਗਾਇਕ ਨੇ ਮੀਡੀਆ ਦੀ ਵੀ ਆਲੋਚਨਾ ਕੀਤੀ। ਉਸਨੇ ਅੱਗੇ ਕਿਹਾ, 'ਭਾਰਤੀ ਰਾਸ਼ਟਰੀ ਮੀਡੀਆ ਨੇ ਮੈਨੂੰ ਗੱਦਾਰ ਵਜੋਂ ਦਰਸਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਪੰਜਾਬੀ ਅਤੇ ਸਿੱਖ ਭਾਈਚਾਰੇ ਕਦੇ ਵੀ ਦੇਸ਼ ਦੇ ਵਿਰੁੱਧ ਨਹੀਂ ਜਾ ਸਕਦੇ।'

ਦਿਲਜੀਤ ਨੇ ਇਹ ਵੀ ਕਿਹਾ ਕਿ ਉਨ੍ਹਾਂ ਕੋਲ ਇਨ੍ਹਾਂ ਦੋਸ਼ਾਂ ਦੇ ਬਹੁਤ ਸਾਰੇ ਜਵਾਬ ਹਨ। ਸਭ ਕੁਝ ਆਪਣੇ ਕੋਲ ਰੱਖਿਆ। ਮੈਂ ਕੁਝ ਨਹੀਂ ਕਿਹਾ। ਮੇਰੇ ਕੋਲ ਬਹੁਤ ਸਾਰੇ ਜਵਾਬ ਹਨ। ਕੋਈ ਵੀ ਤੁਹਾਨੂੰ ਕੁਝ ਵੀ ਕਹੇ, ਤੁਹਾਨੂੰ ਉਹ ਜ਼ਹਿਰ ਨਹੀਂ ਪੀਣਾ ਚਾਹੀਦਾ। ਇਹੀ ਮੈਂ ਜ਼ਿੰਦਗੀ ਤੋਂ ਸਿੱਖਿਆ ਹੈ। ਇਸੇ ਲਈ ਮੈਂ ਕੁਝ ਨਹੀਂ ਕਿਹਾ... ਕਹਿਣ ਲਈ ਬਹੁਤ ਕੁਝ ਹੈ, ਪਰ ਮੈਂ ਅਜਿਹਾ ਨਹੀਂ ਕਰਨਾ ਚਾਹੁੰਦਾ।

ਇਸ ਸਾਲ ਦੇ ਸ਼ੁਰੂ ਵਿੱਚ, ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਤਣਾਅ ਦੌਰਾਨ, ਦਿਲਜੀਤ ਨੂੰ ਆਪਣੀ ਫਿਲਮ ਸਰਦਾਰ ਜੀ 3 ਵਿੱਚ ਪਾਕਿਸਤਾਨੀ ਅਦਾਕਾਰਾ ਹਨੀਆ ਆਮਿਰ ਨੂੰ ਕਾਸਟ ਕਰਨ ਲਈ ਆਲੋਚਨਾ ਕੀਤੀ ਗਈ ਸੀ। ਸਰਦਾਰ ਜੀ 3 ਵਿੱਚ ਨੀਰੂ ਬਾਜਵਾ, ਗੁਲਸ਼ਨ ਗਰੋਵਰ ਅਤੇ ਸਪਨਾ ਪੱਬੀ ਨੇ ਵੀ ਅਭਿਨੈ ਕੀਤਾ ਸੀ। ਅਮਰ ਹੁੰਦਲ ਦੁਆਰਾ ਨਿਰਦੇਸ਼ਤ, 'ਸਰਦਾਰ ਜੀ 3' 27 ਜੂਨ ਨੂੰ ਵਿਦੇਸ਼ਾਂ ਵਿੱਚ ਰਿਲੀਜ਼ ਹੋਈ ਸੀ।

# ਸ਼ਹੀਦ ਦੀ ਅਮਰ ਕਹਾਣੀ : 30 ਸਾਲ ਬਾਅਦ ਅਮਰੀਕਾ ਦੀ ਸੰਸਦ 'ਚ ਗੂੰਜਿਆ ਜਸਵੰਤ ਸਿੰਘ ਖਾਲੜਾ ਦਾ ਨਾਮ

## ਸਿੱਖ ਕੁਲੀਸ਼ਨ ਨੇ ਸਰਹੱਦ ਪਾਰ ਦਮਨ ਖਿਲਾਫ਼ ਕਾਰਵਾਈ ਦੀ ਕੀਤੀ ਮੰਗ














ਵਾਸ਼ਿੰਗਟਨ, ਡੀ.ਸੀ. (ਸਾਡੇ ਲੋਕ) : ਸਿੱਖ ਕੁਲੀਸ਼ਨ ਨੇ 18 ਸਤੰਬਰ ਨੂੰ ਕੈਪੀਟਲ ਹਿੱਲ ਵਿਖੇ ਇੱਕ ਬ੍ਰੀਫਿੰਗ ਦਾ ਆਯੋਜਨ ਕੀਤਾ, ਜਿਸ ਵਿੱਚ ਸਿੱਖ ਮਨੁੱਖੀ ਅਧਿਕਾਰ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਦੀ ਵਿਰਾਸਤ ਅਤੇ ਸਰਹੱਦ ਪਾਰ ਤੋਂ ਵੱਧ ਰਹੇ ਦਮਨ ਦੇ ਖਤਰੇ 'ਤੇ ਚਰਚਾ ਕੀਤੀ ਗਈ। ਇਸ ਸਮਾਗਮ ਵਿੱਚ 10 ਤੋਂ ਵੱਧ ਕਾਂਗਰਸੀ ਦਫ਼ਤਰਾਂ ਦੇ ਸਟਾਫ਼ ਅਤੇ ਸਹਿਯੋਗੀ ਸੰਗਠਨਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ।

ਕਾਂਗਰਸਮੈਨ ਐਰਿਕ ਸਵਾਲਵੈਲ (ਡੀ-ਸੀਏ) ਨੇ ਸਮਾਗਮ ਦਾ ਉਦਘਾਟਨੀ ਭਾਸ਼ਣ ਦਿੱਤਾ।

ਇਸ ਮੌਕੇ 'ਤੇ ਬੁਲਾਰਿਆਂ ਦੇ ਪੈਨਲ ਵਿੱਚ ਕਈ ਪ੍ਰਮੁੱਖ ਸ਼ਖਸੀਅਤਾਂ ਸ਼ਾਮਲ ਸਨ, ਜਿਨ੍ਹਾਂ ਵਿੱਚ ਮਰਹੂਮ ਕਾਰਕੁਨ ਦੀ ਧੀ ਨਵਕਿਰਨ ਕੌਰ ਖਾਲੜਾ, ਇਨਸਾਫ਼ ਦੇ ਕਾਰਜਕਾਰੀ ਨਿਰਦੇਸ਼ਕ ਸੁਖਮਨ ਸਿੰਘ ਧਾਮੀ, ਵੇਲ ਕਾਰਨੇਲ ਸੈਂਟਰ ਫਾਰ ਹਿਊਮਨ ਰਾਈਟਸ ਤੋਂ ਡਾ. ਗੁਨੀਸ਼ਾ ਕੌਰ, ਅਤੇ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ 'ਤੇ ਸੰਯੁਕਤ ਰਾਜ ਕਮਿਸ਼ਨ ਦੇ ਸਾਬਕਾ ਚੇਅਰਮੈਨ ਡਾ. ਸਟੀਫਨ ਸ਼ਨੈਕ ਸ਼ਾਮਲ ਸਨ।

ਇਹ ਬ੍ਰੀਫਿੰਗ ਭਾਈ ਖਾਲੜਾ ਦੇ ਕਤਲ ਦੀ 30ਵੀਂ ਬਰਸੀ ਨੂੰ ਮਨਾਉਣ ਲਈ ਸਿੱਖ ਕੁਲੀਸ਼ਨ ਦੁਆਰਾ ਕੀਤੀਆਂ ਜਾ ਰਹੀਆਂ ਕਈ ਪਹਿਲਕਦਮੀਆਂ ਵਿੱਚੋਂ ਇੱਕ ਹੈ। ਸੰਸਥਾ ਨੇ ਸਥਾਨਕ ਭਾਈਚਾਰਕ ਵਕਾਲਤ ਲਈ ਇੱਕ ਟੂਲਕਿੱਟ ਵੀ ਬਣਾਈ ਹੈ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਬਾਰੇ ਜਾਗਰੂਕਤਾ ਵਧਾਉਣ ਲਈ ਵੱਖ-ਵੱਖ ਫੋਰਮਾਂ ਵਿੱਚ ਹਿੱਸਾ ਲਿਆ ਹੈ।

ਸਮਾਗਮ ਦੇ ਅੰਤ ਵਿੱਚ, ਕਾਂਗਰਸਮੈਨ ਸਵਾਲਵੈਲ ਅਤੇ ਟੌਮ ਸੁਓਜ਼ੀ (ਡੀ-ਐਨਵਾਈ) ਦੇ ਦਫ਼ਤਰਾਂ ਦੇ ਸਟਾਫ਼ ਨੇ ਪੈਨਲ ਦੇ ਮੈਂਬਰਾਂ ਨੂੰ ਉਨ੍ਹਾਂ ਦੇ ਕੰਮ ਦੇ ਸਨਮਾਨ ਵਜੋਂ 'ਚੈਲੇਂਜ ਕੋਇਨ' (challenge coins) ਭੇਟ ਕੀਤੇ।

# ਯੂਨੀਅਨ ਬੈਂਕ ਆਫ਼ ਇੰਡੀਆ ਨੇ ਮੁੱਖ ਮੰਤਰੀ ਦੇ ਮਿਸ਼ਨ ਚੜ੍ਹਦੀਕਲਾ ਤਹਿਤ ਹੜ੍ਹ ਪੀੜਤਾਂ ਲਈ ਦੋ ਕਰੋੜ ਦਾ ਦਿੱਤਾ ਯੋਗਦਾਨ



ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੱਦੇ 'ਤੇ ਸਕਾਰਾਤਮਕ ਹੁੰਗਾਰਾ ਭਰਦੇ ਹੋਏ ਯੂਨੀਅਨ ਬੈਂਕ ਆਫ਼ ਇੰਡੀਆ ਨੇ ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਸ਼ੁਰੂ ਕੀਤੇ ਮਿਸ਼ਨ ਚੜ੍ਹਦੀ ਕਲਾ ਵਿੱਚ ਦੋ ਕਰੋੜ ਰੁਪਏ ਦਾ ਯੋਗਦਾਨ ਪਾਇਆ ਹੈ।

ਇਸ ਨੇਕ ਕਾਰਜ ਲਈ ਬੈਂਕ ਪ੍ਰਬੰਧਨ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਕ ਹਜ਼ਾਰ ਤੋਂ ਵੱਧ ਸਮਾਜ ਸੇਵੀ ਪਹਿਲਾਂ ਹੀ ਚੜ੍ਹਦੀ ਕਲਾ ਮਿਸ਼ਨ ਦਾ ਸਮਰਥਨ ਕਰਨ ਲਈ ਅੱਗੇ ਆ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ ਕਿ ਯੂਨੀਅਨ ਬੈਂਕ ਆਫ਼ ਇੰਡੀਆ ਹੁਣ ਦੋ ਕਰੋੜ ਰੁਪਏ ਦਾ ਚੈੱਕ ਸੌਂਪ ਕੇ ਯੋਗਦਾਨ ਪਾਉਣ ਵਾਲਿਆਂ ਦੀ ਇਸ ਵਧਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ, ਜਿਸ ਨਾਲ ਹਾਲ ਹੀ ਵਿੱਚ ਹੜ੍ਹਾਂ ਨਾਲ ਤਬਾਹ ਹੋਏ ਸੂਬੇ ਦੇ ਮੁੜ ਨਿਰਮਾਣ ਦੇ ਯਤਨਾਂ ਨੂੰ ਹੋਰ ਮਜ਼ਬੂਤੀ ਮਿਲੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਿਸ਼ਨ ਚੜ੍ਹਦੀ ਕਲਾ ਫੰਡ ਇਕੱਠਾ ਕਰਨ ਵਾਲੀ ਇੱਕ ਵਿਸ਼ਵਵਿਆਪੀ ਮੁਹਿੰਮ ਹੈ, ਜੋ 2025 ਦੇ ਪੰਜਾਬ ਹੜ੍ਹ ਪੀੜਤਾਂ ਲਈ ਸੂਬਾ ਸਰਕਾਰ ਦੀਆਂ ਮੁੜ-ਵਸੇਬਾ ਪਹਿਲਕਦਮੀਆਂ ਲਈ ਫੰਡ ਇਕੱਠਾ ਕਰਨ ਲਈ ਸ਼ੁਰੂ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੇ ਹਾਲ ਹੀ ਵਿੱਚ ਇੱਕ ਅਜਿਹੀ ਕੁਦਰਤੀ ਆਫ਼ਤ ਦੇਖੀ ਹੈ, ਜੋ ਪੀੜ੍ਹੀਆਂ ਤੱਕ ਲੋਕਾਂ ਦੇ ਚੇਤਿਆਂ ਵਿੱਚ ਉੱਕਰੀ ਰਹੇਗੀ। ਭਗਵੰਤ ਸਿੰਘ ਮਾਨ ਨੇ ਕਿਹਾ, 'ਹੜ੍ਹਾਂ ਨੇ ਸਿਰਫ਼ ਪਾਣੀ ਹੀ ਨਹੀਂ ਲਿਆਂਦਾ, ਸਗੋਂ ਲੱਖਾਂ ਸੁਪਨਿਆਂ ਨੂੰ ਰੋੜ੍ਹ ਦਿੱਤਾ।' ਉਨ੍ਹਾਂ ਇਸ ਨੂੰ ਪੰਜਾਬ ਦੇ ਹਾਲੀਆ ਇਤਿਹਾਸ ਵਿੱਚ ਸਭ ਤੋਂ ਭਿਆਨਕ ਦੁਖਾਂਤਾਂ ਵਿੱਚੋਂ ਇੱਕ ਦੱਸਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪੰਜਾਬ ਦਾ ਸਭ ਤੋਂ ਵੱਡਾ ਇਮਤਿਹਾਨ ਵੀ ਹੈ ਪਰ ਇਤਿਹਾਸ ਦਰਸਾਉਂਦਾ ਹੈ ਕਿ ਪੰਜਾਬ ਹਮੇਸ਼ਾ ਹਰ ਸੰਕਟ ਵਿੱਚੋਂ ਮਜ਼ਬੂਤੀ ਨਾਲ ਉਭਰਦਾ ਹੈ।

ਇਸ ਪਹਿਲਕਦਮੀ ਪਿੱਛੇ ਦੀ ਭਾਵਨਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਜਿਵੇਂ ਮੁਸੀਬਤ ਦੇ ਸਾਹਮਣੇ ਚੜ੍ਹਦੀ ਕਲਾ ਤਾਕਤ ਅਤੇ ਆਸ਼ਾਵਾਦ ਦੀ ਸਦੀਵੀ ਸਿੱਖ ਭਾਵਨਾ ਨੂੰ ਦਰਸਾਉਂਦੀ ਹੈ, ਉਸੇ ਤਰ੍ਹਾਂ ਮਿਸ਼ਨ ਚੜ੍ਹਦੀ ਕਲਾ ਦੁਨੀਆ ਭਰ ਦੇ ਸਾਰੇ ਪੰਜਾਬੀਆਂ ਨੂੰ ਇਸ ਬੇਮਿਸਾਲ ਮੁਸ਼ਕਲ ਦੇ ਸਮੇਂ ਇੱਕ ਪਰਿਵਾਰ ਵਜੋਂ ਇਕੱਠੇ ਹੋਣ ਦਾ ਸੱਦਾ ਹੈ।"ਉਨ੍ਹਾਂ ਉਮੀਦ ਪ੍ਰਗਟਾਈ ਕਿ ਦੁਨੀਆ ਭਰ ਦੇ ਹੋਰ ਪੰਜਾਬੀ ਆਪਣੇ ਸੁਪਨਿਆਂ ਦੇ ਪੰਜਾਬ ਦੇ ਪੁਨਰ ਨਿਰਮਾਣ ਲਈ ਖੁੱਲ੍ਹ ਕੇ ਯੋਗਦਾਨ ਪਾਉਂਦੇ ਰਹਿਣਗੇ। ਪਾਰਦਰਸ਼ਤਾ ਅਤੇ ਜਵਾਬਦੇਹੀ ਦਾ ਭਰੋਸਾ ਦਿੰਦੇ ਹੋਏ ਭਗਵੰਤ ਸਿੰਘ ਮਾਨ ਨੇ ਪੁਸ਼ਟੀ ਕੀਤੀ ਕਿ ਇਕੱਠਾ ਕੀਤਾ ਗਿਆ ਇੱਕ-ਇੱਕ ਪੈਸਾ ਹੜ੍ਹ ਪੀੜਤਾਂ ਦੀ ਭਲਾਈ ਅਤੇ ਮੁੜ-ਵਸੇਬੇ ਲਈ ਸਮਝਦਾਰੀ ਨਾਲ ਖ਼ਰਚਿਆਂ ਜਾਵੇਗਾ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਰਾਜ ਪੱਧਰੀ ਯਾਦਗਾਰੀ ਸਮਾਗਮਾਂ ਲਈ ਲੋਗੋ ਜਾਰੀ






'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਲੈ ਕੇ ਲੜੀਵਾਰ ਸਮਾਗਮ ਸ਼ੁਰੂ ਹੋਣ ਜਾ ਰਹੇ ਹਨ। ਸੂਬੇ ਭਰ 'ਚ ਗੁਰੂ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨਾਂ 'ਤੇ ਸਮਾਗਮ ਕਰਵਾਏ ਜਾਣਗੇ। ਅੱਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਰਾਜ ਪੱਧਰੀ ਯਾਦਗਾਰੀ ਸਮਾਗਮਾਂ ਲਈ ਲੋਗੋ ਜਾਰੀ ਕੀਤਾ। ਸਮਾਗਮਾਂ ਦੀ ਲੜੀ ਦਾ ਮੁੱਖ ਉਦੇਸ਼ ਲੋਕਾਂ ਨੂੰ 'ਹਿੰਦ ਦੀ ਚਾਦਰ' ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਦੱਸੇ ਗਏ ਧਰਮ ਨਿਰਪੱਖਤਾ, ਮਾਨਵਤਾ ਅਤੇ ਕੁਰਬਾਨੀ ਦੀ ਭਾਵਨਾ ਦੇ ਉੱਚ ਆਦਰਸ਼ਾਂ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕਰਨਾ ਹੋਵੇਗਾ।



ਲਦਾਖ : ਪਿੰਡ ਵਾਸੀ ਸ਼ੇ ਸ਼ੁਬਲਾ ਦੇ ਪਵਿੱਤਰ ਤਿਉਹਾਰ ਨੂੰ ਮਨਾਉਣ ਲਈ ਇਕੱਠੇ ਹੁੰਦੇ ਹਨ, ਜੋ ਕਿ ਸਥਾਨਕ ਦੇਵਤਿਆਂ ਨੂੰ ਇੱਕ ਰਵਾਇਤੀ ਫ਼ਸਲ ਦੀ ਭੇਟ ਹੈ।

# ਫਰਿਜ਼ਨੋ ਵਿੱਚ 100 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਰੇਸ ਲਗਾ ਰਹੇ ਦੋ ਨੌਜਵਾਨ ਗ੍ਰਿਫਤਾਰ









ਫਰਿਜ਼ਨੋ ਪੁਲਿਸ ਵਿਭਾਗ (Fresno PD) ਦਾ ਹੈਲੀਕਾਪਟਰ 'ਏਅਰ A' (Air 1) ਹਵਾ ਵਿੱਚ ਗਸ਼ਤ ਕਰ ਰਿਹਾ ਸੀ ਜਦੋਂ ਉਸਨੇ ਹਾਈਵੇ 99 ਅਤੇ 41 'ਤੇ ਦੋ ਗੱਡੀਆਂ ਨੂੰ 100 ਮੀਲ ਪ੍ਰਤੀ ਘੰਟੇ ਤੋਂ ਵੀ ਵੱਧ ਦੀ ਰਫਤਾਰ ਨਾਲ ਰੇਸ ਲਗਾਉਂਦੇ ਹੋਏ ਦੇਖਿਆ। ਉਹ ਟਰੈਫਿਕ ਵਿੱਚੋਂ ਲਹਿਰਾਉਂਦੇ ਹੋਏ ਲੰਘ ਰਹੇ ਸਨ ਅਤੇ ਦੂਜੀਆਂ ਗੱਡੀਆਂ ਤੋਂ ਅੱਗੇ ਨਿਕਲਣ ਲਈ ਸੜਕ ਦੇ ਕਿਨਾਰੇ (ਸ਼ੋਲਡਰ) ਦੀ ਵੀ ਵਰਤੋਂ ਕਰ ਰਹੇ ਸਨ। 'ਏਅਰ 1' ਨੇ ਉਨ੍ਹਾਂ ਨੂੰ ਆਪਣੀਆਂ ਨਜ਼ਰਾਂ ਤੋਂ ਓਹਲੇ ਨਹੀਂ ਹੋਣ ਦਿੱਤਾ ਅਤੇ ਦੋਵਾਂ ਗੱਡੀਆਂ ਦਾ ਪਿੱਛਾ ਕਰਦੇ ਹੋਏ ਫੈਸ਼ਨ ਫੇਅਰ (Fashion Fair) ਮਾਲ ਤੱਕ ਪਹੁੰਚ ਗਿਆ, ਜਿੱਥੇ ਸਾਡੇ ਅਫਸਰਾਂ ਨੇ ਡਰਾਈਵਰਾਂ ਨੂੰ ਉਸ ਵੇਲੇ ਗ੍ਰਿਫਤਾਰ ਕਰ ਲਿਆ ਜਦੋਂ ਉਹ ਚਿਕ-ਫਿਲ-ਏ (Chick-fil-A) 'ਤੇ ਰੁਕੇ।

ਦੋਵੇਂ 19 ਸਾਲਾ ਡਰਾਈਵਰਾਂ ਨੂੰ ਲਾਪਰਵਾਹੀ ਨਾਲ ਗੱਡੀ ਚਲਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਕਾਰਾਂ 30 ਦਿਨਾਂ ਲਈ ਜ਼ਬਤ ਕਰ ਲਈਆਂ ਗਈਆਂ।

ਮਾਪਿਆਂ ਲਈ ਸੁਨੇਹਾ: ਜੇ ਤੁਸੀਂ ਆਪਣੇ ਕਿਸ਼ੋਰ ਜਾਂ ਨੌਜਵਾਨ ਬੱਚੇ ਦੀ ਗੱਡੀ 'ਤੇ ਸਹਿ-ਹਸਤਾਖਰ (co-sign) ਕੀਤੇ ਹਨ, ਤਾਂ ਯਾਦ ਰੱਖੋ, ਤੁਹਾਨੂੰ ਵੀ ਉਨ੍ਹਾਂ ਦੇ ਗੱਡੀ ਚਲਾਉਣ ਦੇ ਵਿਵਹਾਰ ਦੇ ਨਤੀਜਿਆਂ ਲਈ ਵਿੱਤੀ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਲਾਪਰਵਾਹੀ ਨਾਲ ਡਰਾਈਵਿੰਗ ਕਰਨ ਨਾਲ ਸਿਰਫ ਚਲਾਨ ਜਾਂ ਗੱਡੀਆਂ ਹੀ ਜ਼ਬਤ ਨਹੀਂ ਹੁੰਦੀਆਂ, ਇਸ ਨਾਲ ਜਾਨਾਂ ਨੂੰ ਖ਼ਤਰਾ ਹੁੰਦਾ ਹੈ। ਤੇਜ਼ ਰਫਤਾਰ ਅਤੇ ਗਲਤ ਢੰਗ ਨਾਲ ਗੱਡੀ ਚਲਾਉਣਾ ਗੰਭੀਰ ਹਾਦਸਿਆਂ ਅਤੇ ਮੌਤਾਂ ਦੇ ਮੁੱਖ ਕਾਰਨ ਹਨ। ਕਿਰਪਾ ਕਰਕੇ ਆਪਣੇ ਪਰਿਵਾਰ ਵਿੱਚ ਨੌਜਵਾਨ ਡਰਾਈਵਰਾਂ ਨਾਲ ਗੱਲ ਕਰੋ। ਉਨ੍ਹਾਂ ਨੂੰ ਯਾਦ ਦਿਵਾਓ ਕਿ ਹਰ ਵਾਰ ਜਦੋਂ ਉਹ ਸਟੀਅਰਿੰਗ 'ਤੇ ਬੈਠਦੇ ਹਨ, ਤਾਂ ਉਹ ਆਪਣੇ ਉੱਤੇ ਕਿਸੇ ਦੀ ਜ਼ਿੰਦਗੀ ਅਤੇ ਮੌਤ ਦੀ ਜ਼ਿੰਮੇਵਾਰੀ ਲੈਂਦੇ ਹਨ।

**ਫੋਟੋ ਧੰਨਵਾਦ ਸਹਿਤ ਸੋਸ਼ਲ ਮੀਡੀਆ**



ਗੋਮਤੀ (ਤ੍ਰਿਪੁਰਾ) : ਮੌਂਡਾ 'ਤੇ ਗੋਮਤੀ ਦੇ ਉਦੈਪੁਰ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਹੁੰਚਣ 'ਤੇ ਉਨ੍ਹਾਂ ਦਾ ਸਵਾਗਤ ਕਰਨ ਲਈ ਕਲਾਕਾਰ ਪੇਸ਼ਕਾਰੀ ਕਰਦੇ ਹਨ।

## ਲੱਖਾਂ ਸ਼ੱਕੀ ਲਾਭਪਾਤਰੀ ਹਟਾਉਣ ਲਈ ਪੰਜਾਬ ਸਰਕਾਰ ਵੱਲੋਂ ਕੇਂਦਰੀ ਫ਼ਾਰਮੂਲਾ ਪ੍ਰਵਾਨ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਕੌਮੀ ਖ਼ੁਰਾਕ ਸੁਰੱਖਿਆ ਐਕਟ ਤਹਿਤ ਅਨਾਜ ਲੈਣ ਵਾਲੇ ਲੱਖਾਂ ਸ਼ੱਕੀ ਲਾਭਪਾਤਰੀ ਹਟਾਉਣ ਲਈ ਕੇਂਦਰੀ ਫ਼ਾਰਮੂਲਾ ਪ੍ਰਵਾਨ ਕਰ ਲਿਆ ਹੈ। ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨਾਲ ਸੂਬੇ ਦੇ ਕਰੀਬ 11 ਲੱਖ ਸ਼ੱਕੀ ਲਾਭਪਾਤਰੀਆਂ ਨੂੰ ਹਟਾਏ ਜਾਣ ਦਾ ਰਾਹ ਪੱਧਰਾ ਹੋ ਗਿਆ ਹੈ। ਹਾਲਾਂਕਿ ਜਦੋਂ ਅਗਸਤ 'ਚ ਕੇਂਦਰ ਨੇ ਪੰਜਾਬ ਨੂੰ ਇਹ ਸ਼ੱਕੀ ਲਾਭਪਾਤਰੀ ਹਟਾਉਣ ਲਈ ਕਿਹਾ ਸੀ ਤਾਂ ਪੰਜਾਬ ਸਰਕਾਰ ਨੇ ਕੇਂਦਰ ਨੂੰ ਸਖ਼ਤ ਤੇਵਰ ਦਿਖਾਏ ਸਨ ਅਤੇ 'ਆਪ' ਦੇ ਸੀਨੀਅਰ ਆਗੂਆਂ ਨੇ ਭਾਜਪਾ 'ਤੇ ਸਿਆਸੀ ਹੱਲਾ ਬੋਲਿਆ ਸੀ। ਹੁਣ ਖ਼ੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਪੰਜਾਬ ਨੇ ਚੁੱਪ ਚੁਪੀਤੇ ਨੋਟੀਫ਼ ?ਕੇਸ਼ਨ ਜਾਰੀ ਕਰਕੇ 'ਪੰਜਾਬ ਫੂਡ ਸਕਿਉਰਿਟੀ ਰੂਲਜ਼-2016' ਦੇ ਰੂਲਜ਼ 3(1) ਸ਼ਡਿਊਲ-1'ਚ ਸੋਧ ਕਰਕੇ ਅਨਾਜ ਲੈਣ ਵਾਲੇ ਲਾਭਪਾਤਰੀਆਂ ਦੀ ਸ਼ਨਾਖ਼ਤ ਲਈ ਮਾਪਦੰਡ ਤਬਦੀਲ ਕਰ ਦਿੱਤੇ ਹਨ। ਨਵੇਂ ਮਾਪਦੰਡਾਂ ਜ਼ਰੀਏ ਸ਼ਨਾਖ਼ਤ ਹੋਣ ਮਗਰੋਂ ਲੱਖਾਂ ਲਾਭਪਾਤਰੀ ਅਯੋਗ ਹੋ ਜਾਣਗੇ।

ਕੇਂਦਰੀ ਖ਼ੁਰਾਕ ਜਨਤਕ ਵੰਡ ਮੰਤਰਾਲੇ ਨੇ ਅਗਸਤ ਮਹੀਨੇ 'ਚ ਕੇਂਦਰੀ ਫ਼ਾਰਮੂਲੇ ਜ਼ਰੀਏ ਸ਼ੱਕੀ ਲਾਭਪਾਤਰੀ ਸ਼ਨਾਖ਼ਤ ਕੀਤੇ ਸਨ। ਸਮੁੱਚੇ ਦੇਸ਼ 'ਚ ਅੱਠ ਕਰੋੜ ਸ਼ੱਕੀ ਲਾਭਪਾਤਰੀ ਨਿਕਲੇ ਸਨ, ਜਦਕਿ ਪੰਜਾਬ 'ਚ 11 ਲੱਖ ਸ਼ੱਕੀ ਲਾਭਪਾਤਰੀ ਸ਼ਨਾਖ਼ਤ ਹੋਏ ਸਨ। ਕੇਂਦਰ ਨੇ ਇਨ੍ਹਾਂ ਸ਼ੱਕੀ ਲਾਭਪਾਤਰੀਆਂ ਦੀ ਪੁਸ਼ਟੀ ਕਰਕੇ ਨਾਮ ਹਟਾਏ ਜਾਣ ਲਈ ਪੰਜਾਬ ਸਰਕਾਰ ਨੂੰ 30 ਸਤੰਬਰ ਤੱਕ ਦਾ ਸਮਾਂ ਦਿੱਤਾ ਸੀ। ਇਹ ਉਹ ਸ਼ੱਕੀ ਲਾਭਪਾਤਰੀ ਸਨ, ਜਿਨ੍ਹਾਂ ਕੋਲ ਚਾਰ ਪਹੀਆ ਵਾਹਨ ਹਨ ਜਾਂ ਫਿਰ ਪੰਜ ਏਕੜ ਤੋਂ ਵੱਧ ਜ਼ਮੀਨ ਦੇ ਮਾਲਕ ਹਨ। ਇਨ੍ਹਾਂ 'ਚ ਆਮਦਨ ਕਰ ਭਰਨ ਵਾਲੇ ਅਤੇ ਕੰਪਨੀਆਂ ਦੇ ਡਾਇਰੈਕਟਰ ਵੀ ਸ਼ਾਮਲ ਸਨ। ਜਦੋਂ ਕੇਂਦਰ ਨੇ ਪੰਜਾਬ ਨੂੰ ਇਹ ਨਾਮ ਹਟਾਉਣ ਦੀ ਹਦਾਇਤ ਕੀਤੀ ਸੀ ਤਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਸੀ। ਪੰਜਾਬ ਸਰਕਾਰ ਵੱਲੋਂ ਹੁਣ ਨਵੇਂ ਕੇਂਦਰੀ ਫ਼ਾਰਮੂਲੇ ਤਹਿਤ ਲਾਭਪਾਤਰੀ ਸ਼ਨਾਖ਼ਤ ਕੀਤੇ ਜਾਣਗੇ।

ਉਨ੍ਹਾਂ ਲਾਭਪਾਤਰੀਆਂ ਨੂੰ ਹਟਾਇਆ ਜਾਵੇਗਾ, ਜਿਨ੍ਹਾਂ ਕੋਲ ਢਾਈ ਏਕੜ ਤੋਂ ਵੱਧ ਉਪਜਾਊ ਜ਼ਮੀਨ ਹੈ ਜਾਂ ਜਿਨ੍ਹਾਂ ਕੋਲ ਚਾਰ ਪਹੀਆ ਵਾਹਨ ਹਨ। ਇਸੇ ਤਰ੍ਹਾਂ ਏ ਸੀ ਵਾਲੇ ਘਰ ਅਤੇ ਆਮਦਨ ਕਰ ਭਰਨ ਵਾਲੇ, ਜੀ ਐੱਸ ਟੀ ਭਰਨ ਵਾਲੇ ਅਤੇ ਸਰਵਿਸ ਟੈਕਸ ਭਰਨ ਵਾਲੇ ਵੀ ਅਨਾਜ ਦੀ ਸਹੂਲਤ ਤੋਂ ਵਾਂਝੇ ਹੋਣਗੇ। ਕੇਂਦਰੀ ਫ਼ਾਰਮੂਲਾ ਅਪਣਾਏ ਜਾਣ ਮਗਰੋਂ 1.80 ਲੱਖ ਸਾਲਾਨਾ ਆਮਦਨ ਤੋਂ ਵੱਧ ਕਮਾਈ ਵਾਲੇ ਲੋਕਾਂ ਦੇ ਨਾਮ ਵੀ ਸਮਾਰਟ ਰਾਸ਼ਨ ਕਾਰਡਾਂ 'ਚੋਂ ਹਟਾਏ ਜਾਣਗੇ ਅਤੇ ਸ਼ਹਿਰਾਂ 'ਚ ਸੌ ਗਜ ਤੋਂ ਵੱਧ ਥਾਂ 'ਤੇ ਬਣੇ ਮਕਾਨਾਂ ਦੇ ਮਾਲਕਾਂ ਨੂੰ ਵੀ ਅਯੋਗ ਐਲਾਨਿਆ ਜਾਵੇਗਾ। ਇਸੇ ਤਰ੍ਹਾਂ ਕੇਂਦਰੀ ਫ਼ਾਰਮੂਲੇ ਤਹਿਤ ਪੰਜਾਬ ਸਰਕਾਰ

ਚਰਨਜੀਤ ਭੁੱਲਰ



ਸ਼ਨਾਖ਼ਤ ਮੌਕੇ 22 ਤਰ੍ਹਾਂ ਦੀਆਂ ਨਵੀਆਂ ਕੈਟਾਗਰੀਆਂ ਤਹਿਤ ਨਵੇਂ ਲਾਭਪਾਤਰੀ ਸ਼ਾਮਲ ਵੀ ਕਰ ਸਕੇਗੀ। ਚੇਤੇ ਰਹੇ ਕਿ ਜਦੋਂ ਅਗਸਤ 'ਚ ਕੇਂਦਰ ਨੇ ਪੰਜਾਬ ਨੂੰ ਸ਼ੱਕੀ ਲਾਭਪਾਤਰੀਆਂ ਦਾ ਅੰਕੜਾ ਭੇਜਿਆ ਸੀ ਤਾਂ ਪੰਜਾਬ ਸਰਕਾਰ ਨੇ ਝੋਨੇ ਦੇ ਖ਼ਰੀਦ ਸੀਜ਼ਨ ਦੇ ਹਵਾਲੇ ਨਾਲ ਇਨ੍ਹਾਂ ਦੀ ਸ਼ਨਾਖ਼ਤ ਲਈ ਛੇ ਮਹੀਨੇ ਦਾ ਸਮਾਂ ਵੀ ਕੇਂਦਰ ਸਰਕਾਰ ਤੋਂ ਮੰਗਿਆ ਸੀ।

ਦੱਸਣਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਰਾਸ਼ਨ ਕਾਰਡ 'ਚ ਦਰਜ ਹਰ ਮੈਂਬਰ ਨੂੰ ਪੰਜ ਕਿਲੋ ਕਣਕ ਹਰ ਮਹੀਨੇ ਦਿੱਤੀ ਜਾ ਰਹੀ ਹੈ। ਪੰਜਾਬ 'ਚ ਮੌਜੂਦਾ ਸਮੇਂ 40.51 ਲੱਖ ਰਾਸ਼ਨ ਕਾਰਡ ਹੋਲਡਰ ਹਨ ਅਤੇ 19,807 ਰਾਸ਼ਨ ਡਿਪੂ ਹਨ। ਸੂਬੇ 'ਚ ਇਸ ਵੇਲੇ 1.52 ਕਰੋੜ ਲਾਭਪਾਤਰੀ ਹਨ ਜਿਨ੍ਹਾਂ ਨੂੰ ਹਰ ਮਹੀਨੇ 32,500 ਮੀਟਰਿਕ ਟਨ ਅਨਾਜ ਮਿਲਦਾ ਹੈ। ਪੰਜਾਬ ਸਰਕਾਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਜੂਦਾ ਨੋਟੀਫ਼ ?ਕੇਸ਼ਨ 'ਚ ਸਿਰਫ਼ ਉਨ੍ਹਾਂ ਵਿਅਕਤੀਆਂ ਨੂੰ ਹਟਾਇਆ ਜਾਵੇਗਾ, ਜੋ ਬਾਹਰ ਕੱਢਣ ਦੇ ਮਾਪਦੰਡਾਂ 'ਚ ਆਉਂਦੇ ਹਨ, ਜਦਕਿ ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਮੁਫ਼ਤ ਕਣਕ ਮਿਲਦੀ ਰਹੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਮੈਂਬਰਾਂ ਨੂੰ ਹਟਾਉਣ ਜਾਂ ਸ਼ਾਮਲ ਕਰਨ ਦੇ ਮਾਪਦੰਡਾਂ 'ਤੇ ਮੁੜ ਵਿਚਾਰ ਕਰਨ ਲਈ ਸਕੱਤਰ ਖ਼ੁਰਾਕ ਤੇ ਸਪਲਾਈ ਵਿਭਾਗ, ਸਕੱਤਰ ਖੇਤੀਬਾੜੀ ਅਤੇ ਕਰ ਕਮਿਸ਼ਨਰ ਦੀ ਤਿੰਨ ਮੈਂਬਰੀ ਕਮੇਟੀ ਬਣਾਈ ਹੈ, ਜੋ ਨਵੇਂ ਮਾਪਦੰਡ ਬਣਨ ਅਤੇ ਤਸਦੀਕ ਹੋਣ ਮਗਰੋਂ ਹੀ ਅਯੋਗ ਲਾਭਪਾਤਰੀਆਂ ਨੂੰ ਹਟਾਏਗੀ।

**ਢਾਈ ਏਕੜ ਤੋਂ ਵੱਧ ਮਾਲਕੀ ਵਾਲੇ ਕਿਸਾਨ ਅਯੋਗ** : ਪੰਜਾਬ 'ਚ ਪਿਛਲੇ ਸੀਜ਼ਨ 'ਚ ਝੋਨੇ ਦੀ ਫ਼ਸਲ ਵੇਚਣ ਸਮੇਂ 8.16 ਲੱਖ ਕਿਸਾਨ ਰਜਿਸਟਰਡ ਹੋਏ ਸਨ, ਜਿਨ੍ਹਾਂ 'ਚੋਂ ਢਾਈ ਏਕੜ ਵਾਲੇ ਸਿਰਫ਼ 2.93 ਲੱਖ ਹੀ ਸਨ। ਇਸ ਦਾ ਮਤਲਬ ਕਿ ਪੰਜਾਬ ਦੇ ਢਾਈ ਏਕੜ ਤੋਂ ਵੱਧ ਮਾਲਕੀ ਵਾਲੇ 5.23 ਲੱਖ ਕਿਸਾਨ ਵੀ ਨਵੇਂ ਫ਼ਾਰਮੂਲੇ ਤਹਿਤ ਕੇਂਦਰੀ ਅਨਾਜ ਲਈ ਯੋਗ ਨਹੀਂ ਰਹਿਣਗੇ। ਇਸੇ ਤਰ੍ਹਾਂ ਪੰਜਾਬ 'ਚ ਕੁੱਲ 1.48 ਕਰੋੜ ਵਾਹਨ ਹਨ, ਜਿਨ੍ਹਾਂ ਚੋਂ 6.43 ਲੱਖ ਟਰੈਕਟਰ ਹਨ ਜਦਕਿ 27.07 ਲੱਖ ਕਾਰਾਂ ਤੇ 65,067 ਕੈਬ ਹਨ। ਨਵੇਂ ਨੋਟੀਫ਼ਿਕੇਸ਼ਨ ਅਨੁਸਾਰ ਇਹ ਲੋਕ ਸਰਦੇ ਪੁੱਜਦੇ ਪਰਿਵਾਰਾਂ ਦੀ ਕੈਟਾਗਰੀ 'ਚ ਆ ਗਏ ਹਨ।

## ਲੋਕ ਗਾਇਕਾ ਜ਼ੁਬੀਨ ਗਰਗ ਨੂੰ ਸ਼ਰਧਾਂਜਲੀ ਕੀਤੀ ਭੇਟ



ਗੁਹਾਟੀ : ਬੀਤੇ ਦਿਨੀ ਗੁਹਾਟੀ ਵਿੱਚ ਲੋਕ ਗਾਇਕਾ ਜ਼ੁਬੀਨ ਗਰਗ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ।



ਮਾਣਯੋਗ ਲੈਫਟੀਨੈਂਟ ਗਵਰਨਰ ਕਵਿੰਦਰ ਗੁਪਤਾ, ਪਤਨੀ ਬਿੰਦੂ ਗੁਪਤਾ ਨਾਲ ਲੇਹ ਦੇ ਗੁਰਦੁਆਰਾ ਪਾਠਰ ਸਾਹਿਬ ਵਿਖੇ ਦਰਸ਼ਨਾਂ ਲਈ ਆਏ ਹੋਏ ਦਰਸ਼ਨਾਂ ਦੌਰਾਨ ਸਵਾਗਤ ਕਰਦੇ ਹੋਏ।

# ਪ੍ਰਯਾਗਰਾਜ ਵਿੱਚ ਉੱਤਰੀ ਜ਼ੋਨ ਜੂਨੀਅਰ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਖਿਡਾਰੀਆਂ ਨੇ 100 ਮੀਟਰ ਦੌੜ ਵਿੱਚ ਲਿਆ ਹਿੱਸਾ




ਪ੍ਰਯਾਗਰਾਜ ਦੇ ਮਦਨ ਮੋਹਨ ਮਾਲਵੀਆ ਸਟੇਡੀਅਮ ਵਿੱਚ 36ਵੀਂ ਉੱਤਰੀ ਜ਼ੋਨ ਜੂਨੀਅਰ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਖਿਡਾਰੀਆਂ ਨੇ 100 ਮੀਟਰ ਦੌੜ ਵਿੱਚ ਹਿੱਸਾ ਲਿਆ।

# ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਪੀਤਮਪੁਰਾ ਵਿੱਚ ਰਾਮਲੀਲਾ ਸਮਾਗਮ ਵਿੱਚ ਕੀਤੀ ਸ਼ਿਰਕਤ




ਨਵੀਂ ਦਿੱਲੀ : ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਦੇ ਪੀਤਮਪੁਰਾ ਵਿਖੇ ਰਾਮਲੀਲਾ ਪ੍ਰੋਗਰਾਮ ਦੇ ਕਲਾਕਾਰਾਂ ਨਾਲ ਇੱਕ ਸਮੂਹ ਤਸਵੀਰ ਖਿਚਵਾਈ।

## ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵਲੋਂ ਸ਼ਹੀਦੀ ਸ਼ਤਾਬਦੀ ਸੰਬੰਧੀ ਚਾਂਦੀ ਦਾ ਯਾਦਗਾਰੀ ਸਿੱਕਾ ਜਾਰੀ

ਅੰਮ੍ਰਿਤਸਰ : ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਕਮੇਟੀ ਵਲੋਂ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 'ਚਾਂਦੀ ਦਾ ਯਾਦਗਾਰੀ' ਸਿੱਕਾ ਤਿਆਰ ਕੀਤਾ ਗਿਆ ਹੈ। ਸੰਗਤਾਂ ਲਈ ਜਾਰੀ ਕੀਤੇ ਗਏ 10 ਗ੍ਰਾਮ ਚਾਂਦੀ ਦੇ ਇਸ ਯਾਦਗਾਰੀ ਸਿੱਕੇ ਦੇ ਇੱਕ



ਪਾਸੇ ਨੌਵੇਂ ਗੁਰੂ ਸਾਹਿਬ ਦੀ ਤਸਵੀਰ ਹੈ, ਜਦੋਂਕਿ ਦੂਜੇ ਪਾਸੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਤਸਵੀਰ ਉਕਰੀ ਹੋਈ ਹੈ। ਤਖ਼ਤ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਨੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਥੇ ਤਖ਼ਤ ਸਾਹਿਬ ਵਲੋਂ ਅਰੰਭ ਕੀਤੀ ਗਈ 'ਸ਼ਹੀਦੀ ਜਾਗ੍ਰਿਤੀ ਯਾਤਰਾ' ਦਾ ਹਰ ਧਰਮ ਅਤੇ ਜਾਤੀ ਦੇ ਲੋਕਾਂ ਵਲੋਂ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ, ਉਥੇ ਕਮੇਟੀ ਵਲੋਂ ਤਿਆਰ ਕੀਤੇ ਗਏ ਇਸ ਯਾਦਗਾਰੀ ਸਿੱਕੇ ਨੂੰ ਸੰਗਤਾਂ 2000 ਰੁਪਏ ਦੀ ਭੇਟਾ ਦੇ ਕੇ ਯਾਤਰਾ ਦੌਰਾਨ ਵੀ ਪਾਲਕੀ ਸਾਹਿਬ ਵਾਲੀ ਬੱਸ ਵਿਚੋਂ ਪ੍ਰਾਪਤ ਕਰ ਸਕਦੀਆਂ ਹਨ। ਪ੍ਰਧਾਨ ਸੋਹੀ ਨੇ ਦੱਸਿਆ ਕਿ ਤਖ਼ਤ ਸਾਹਿਬ ਕਮੇਟੀ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ, ਬੁਲਾਰੇ ਹਰਪਾਲ ਸਿੰਘ ਜੌਹਲ, ਮੈਨੇਜਰ ਹਰਜੀਤ ਸਿੰਘ ਅਤੇ ਨਾਰਾਇਣ ਸਿੰਘ ਯਾਤਰਾ ਦੇ ਨਾਲ ਚੱਲ ਰਹੇ ਹਨ ਅਤੇ ਸੰਗਤਾਂ ਦਾ ਮਾਰਗ ਦਰਸ਼ਨ ਕਰ ਰਹੇ ਹਨ। ਤਖ਼ਤ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਦਲੀਪ ਸਿੰਘ ਵਲੋਂ ਪਾਲਕੀ ਸਾਹਿਬ ਨਾਲ ਸੇਵਾ ਨਿਭਾਈ ਜਾ ਰਹੀ ਹੈ। ਉਨ੍ਹਾਂ ਤਖ਼ਤ ਸਾਹਿਬ ਕਮੇਟੀ ਦੀ ਟੀਮ, ਖਾਸ ਕਰਕੇ ਜਸਬੀਰ ਸਿੰਘ ਧਾਮ, ਮਨਵਿੰਦਰ ਸਿੰਘ ਬੇਣੀਪਾਲ ਅਤੇ ਸਟਾਫ ਦਾ ਧੰਨਵਾਦ ਕੀਤਾ।

## ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਵਿੱਚ 'ਵਿਸ਼ਵ ਪੰਜਾਬੀ ਦਿਵਸ' ਮਨਾਇਆ ਗਿਆ

### ਬਾਬਾ ਫ਼ਰੀਦ ਜੀ ਦੇ ਆਗਮਨ ਦਿਵਸ ਨੂੰ ਸਮਰਪਿਤ ਮਨਾਇਆ 'ਵਿਸ਼ਵ ਪੰਜਾਬੀ ਦਿਵਸ'

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਟਾਂਡਾ ਦੇ ਬੇਟ ਖੇਤਰ ਦੀ ਨਾਮਵਰ ਸੰਸਥਾ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਵੱਲੋਂ ਬੀਤੇ ਦਿਨ ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਆਫ ਪੰਜਾਬ ਦੇ ਸੱਦੇ ਤੇ ਅਤੇ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ ਨੂੰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਛੋਟੇ ਬੱਚਿਆਂ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਇਸ ਪ੍ਰੋਗਰਾਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ ਗਿਆ। ਸਕੂਲੀ ਬੱਚਿਆਂ ਨੇ ਭਾਸ਼ਣ ਮੁਕਾਬਲੇ, ਕਵਿਤਾ ਮੁਕਾਬਲੇ, ਗਾਇਨ ਮੁਕਾਬਲੇ ਅਤੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਇਹ ਸਾਬਿਤ ਕਰ ਦਿੱਤਾ ਕਿ ਉਹ ਆਪਣੇ ਪੰਜਾਬ ਅਤੇ ਪੰਜਾਬੀ ਮਾਂ ਬੋਲੀ ਪੰਜਾਬੀ ਨੂੰ ਕਿੰਨਾ ਪਿਆਰ ਕਰਦੇ ਹਨ। ਇਸ ਮੌਕੇ ਬੱਚਿਆਂ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਚਾਹੇ ਸਾਨੂੰ ਭਵਿੱਖ ਵਿੱਚ ਦੂਸਰੇ ਦੇਸ਼ਾਂ ਵਿੱਚ ਜਾਣਾ ਪਵੇ ਜਾਂ ਸਾਡੇ ਬਹੁਤ ਸਾਰੇ ਪੰਜਾਬੀ ਲੋਕ ਵਿਦੇਸ਼ਾਂ ਵਿੱਚ ਰਹਿੰਦੇ ਹਨ ਪਰ ਸਾਡੇ ਦਿਲਾਂ ਵਿੱਚ ਪੰਜਾਬ ਤੇ ਸਾਡੀ ਮਾਂ ਬੋਲੀ ਪੰਜਾਬੀ ਦੀ ਜਗ ?ਹਾ ਨਾ ਤਾਂ ਕੋਈ ਹੋਰ ਦੇਸ਼ ਲੈ ਸਕਦਾ ਹੈ ਤੇ ਨਾ ਹੀ ਕੋਈ ਭਾਸ਼ਾ ਲੈ ਸਕਦੀ ਹੈ। ਇਸ ਮੌਕੇ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਸ਼ਾਮਿਲ ਹੋਏ



ਅਤੇ ਉਹ ਬੱਚਿਆਂ ਦੇ ਦਿਲਾਂ ਵਿੱਚ ਪੰਜਾਬ ਦੇ ਪੰਜਾਬੀ ਮਾਂ ਬੋਲੀ ਦੇ ਜਜ਼ਬੇ ਨੂੰ ਦੇਖ ਕੇ ਗਦਗਦ ਹੋ ਗਏ। ਉਹਨਾਂ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਵਿਸ਼ਵ ਪੰਜਾਬੀ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਕਿਹਾ ਕਿ ਸਾਡਾ ਪੰਜਾਬੀ ਵਿਰਸਾ ਬਹੁਤ ਹੀ ਪੁਰਾਣਾ, ਅਮੀਰ ਅਤੇ ਬਹਾਦਰੀ ਨਾਲ ਭਰਿਆ ਹੋਇਆ, ਕਦੇ ਨਾ ਡੋਲਣ ਵਾਲਾ ਹੈ। ਉਹਨਾਂ ਕਿਹਾ ਕਿ ਜਿੰਨੀ ਮਿਠਾਸ ਸਾਡੀ ਮਾਂ ਬੋਲੀ ਪੰਜਾਬੀ ਵਿੱਚ ਹੈ ਸ਼ਾਇਦ ਹੀ ਦੁਨੀਆਂ ਦੀ ਹੋਰ ਕਿਸੇ ਬੋਲੀ ਵਿੱਚ ਹੋਵੇ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਅੰਜੂ ਬਾਲਾ ਨੇ ਸਕੂਲ ਦੇ ਬੱਚਿਆਂ ਅਤੇ ਸਕੂਲ ਸਟਾਫ ਨੂੰ ਵਧਾਈ ਦਾ ਪਾਤਰ ਦੱਸਦੇ ਹੋਏ ਕਿਹਾ ਕਿ ਉਹਨਾਂ ਦਾ ਸਕੂਲ ਮਾਤਾ ਸਾਹਿਬ ਕੌਰ ਦੇ ਨਾਂ ਤੇ ਹੈ ਅਤੇ ਉਨਾਂ ਦਾ ਸਕੂਲ ਇਸ ਗੱਲ ਤੇ ਸਦਾ ਖਰਾ ਉਤਰਦਾ ਹੈ ਕਿ ਇਥੇ ਪੰਜਾਬੀ ਮਾਂ ਬੋਲੀ ਦੀ ਹਮੇਸ਼ਾ ਕਦਰ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਦੇ ਅਖੀਰ ਵਿੱਚ ਬੱਚਿਆਂ ਨੂੰ ਇਨਾਮ ਵੰਡੇ ਗਏ ਜਿਸ ਨਾਲ ਬੱਚਿਆਂ ਵਿੱਚ ਇੱਕ ਨਵਾਂ ਉਤਸ਼ਾਹ ਭਰ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਤੋਂ ਇਲਾਵਾ ਮੈਡਮ ਪਰਮਜੀਤ ਕੌਰ, ਜਸਵੀਰ ਕੌਰ, ਮਨਪ੍ਰੀਤ ਕੌਰ, ਦਮਨਜੀਤ ਕੌਰ, ਤਰਨਜੀਤ ਕੌਰ, ਨੀਰਜ ਕੁਮਾਰ, ਜੋਤੀ, ਰਾਜਵਿੰਦਰ ਮਮਤਾ, ਸ਼ਾਲੂ, ਸੁਖਵਿੰਦਰ ਕੌਰ, ਸਤਨਾਮ ਕੌਰ, ਪਰਮਿੰਦਰ ਕੌਰ, ਅੰਜਲੀ ਨਮਿਤਾ ਅਤੇ ਹੋਰ ਅਧਿਆਪਕ ਸ਼ਾਮਿਲ ਸਨ।

# ਟਾਪੂ ਬਣੇ ਰਾਵੀ ਦੇ ਪਾਰਲੇ ਸੱਤ ਪਿੰਡਾਂ ਵਿੱਚ ਸੋਲਰ ਲਾਈਟਾਂ, ਗੈਸ ਚੁੱਲੇ ਤੇ ਹੋਰ ਸਮਾਨ ਲੈ ਕੇ ਪਹੁੰਚੇ ਬਾਬੇ ਨਾਨਕ ਦੀ ਤੇਰਾ ਤੇਰਾ ਸੋਸਾਇਟੀ ਵਾਲੇ














ਰਾਵੀ ਦੇ ਪਾਰਲੇ ਪਿੰਡ/ (ਸਾਡੇ ਲੋਕ) : ਤੇਰਾ ਤੇਰਾ ਸੋਸਾਇਟੀ ਸਮਾਜ ਸੇਵਾ ਵਿੱਚ ਕਾਫੀ ਵਧੀਆ ਯੋਗਦਾਨ ਦੇ ਰਹੀ ਹੈ। ਚੰਡੀਗੜ੍ਹ ਵਿੱਚ ਇਸ ਦੇ ਪੰਜ ਹਸਪਤਾਲ ਚੱਲ ਰਹੇ ਹਨ ਜਿਨ੍ਹਾਂ ਵਿੱਚੋਂ ਇੱਕ ਅੱਖਾਂ ਦੇ ਹਸਪਤਾਲ ਵਿੱਚ ਫ੍ਰੀ ਆਪਰੇਸ਼ਨ ਤੱਕ ਹੁੰਦੇ ਹਨ ਅਤੇ ਮਰੀਜ਼ ਨੂੰ ਦੂਸਰੇ ਸ਼ਹਿਰ ਤੋਂ ਆਣ ਜਾਣ ਦੇ ਖਰਚੇ ਦੇ ਨਾਲ-ਨਾਲ ਲੰਗਰ ਪਾਣੀ ਵੀ ਦਿੱਤਾ ਜਾਂਦਾ ਹੈ। ਇਸੇ ਤੇਰਾ ਤੇਰਾ ਸੁਸਾਇਟੀ ਦੇ ਵਲੰਟੀਅਰ ਦੋ ਗੱਡੀਆਂ ਭਰ ਕੇ ਸਮਾਨ ਰਾਵੀ ਦੇ ਪਾਰਲੇ ਉਹਨਾਂ ਸੱਤ ਪਿੰਡਾਂ ਵਿੱਚ ਪਹੁੰਚੇ ਜਿਨ੍ਹਾਂ ਦਾ ਸੰਪਰਕ ਬਰਸਾਤ ਦੇ ਦਿਨਾਂ ਵਿੱਚ ਸ਼ੇਸ਼ ਭਾਰਤ ਨਾਲੋਂ ਟੁੱਟ ਜਾਂਦਾ ਹੈ। ਪਾਣੀ ਘਟਣ ਤੋਂ ਬਾਅਦ ਹਾਲੇ ਵੀ ਇੱਥੇ ਪਹੁੰਚਣ ਦਾ ਇੱਕੋ ਰਸਤਾ ਬੇੜੀ ਹੈ। ਦਰਿਆ ਦਾ ਪਾਣੀ ਸੜਕਾਂ ਵੀ ਬਹਾ ਕੇ ਲੈ ਗਿਆ। ਕਈ ਕਈ ਦਿਨ ਇਨ੍ਹਾਂ ਪਿੰਡਾਂ ਵਿੱਚ ਲਾਈਟ ਨਹੀਂ ਰਹੀ। ਲੋਕਾਂ ਦਾ ਸਮਾਨ, ਦਾਣੇ ਅਤੇ ਡੰਗਰਾਂ ਦੀ ਤੂੜੀ ਤੱਕ ਹੜ੍ਹ ਦੇ ਪਾਣੀ ਨਾਲ ਰੁੜ ਗਈਆਂ। ਸੋਸਇਟੀ ਦੇ ਲੋਕ ਦੋ ਦਿਨ ਪਹਿਲਾਂ ਇਨ੍ਹਾਂ ਪਿੰਡਾਂ ਵਿੱਚ ਸਰਵੇ ਕਰਕੇ ਗਏ ਅਤੇ ਜ਼ਰੂਰਤ ਅਨੁਸਾਰ ਸੋਲਰ ਲਾਈਟਸ, ਗੈਸ ਚੁੱਲੇ, ਗੱਦੇ, ਦਰੀਆਂ, ਕੱਪੜੇ, ਬਰਤਨ, ਗਰਮ ਸੂਜ਼ ਤੇ ਬੱਚਿਆਂ ਦੇ ਬੂਟ, ਡੰਗਰਾਂ ਦਾ ਚਾਰਾ ਆਦਿ ਲੈ ਕੇ ਪਹੁੰਚੇ ਹਨ ਅਤੇ ਨੁਕਸਾਨੇ ਗਏ ਘਰਾਂ ਦਾ ਵੀ ਜਾਇਜ਼ਾ ਲਿਆ ਤੇ ਇਨ੍ਹਾਂ ਮਕਾਨਾਂ ਦੀ ਮੁੜ ਉਸਾਰੀ ਲਈ ਜ਼ਰੂਰਤ ਦਾ ਸਾਰਾ ਸਮਾਨ ਭੇਜਣ ਦਾ ਵਾਅਦਾ ਵੀ ਕੀਤਾ ਹੈ।

# ਐਸ ਸੀ ਬੀ ਸੀ ਅਧਿਆਪਕਾਂ ਨੇ ਆਪਣੀਆਂ ਹੱਕੀ ਮੰਗਾਂ ਅਤੇ ਸਮਾਜ ਦੇ ਭੱਖਦੇ ਮਸਲਿਆਂ 'ਤੇ ਕੀਤੀ ਵਿਚਾਰ ਚਰਚਾ





















ਗੁਰਦਾਸਪੁਰ, (ਸਾਡੇ ਲੋਕ) : ਪੂਨਾ ਪੈਕਟ ਤੇ ਕੇਡਰ ਕੈਂਪ ਐਸ ਸੀ ਬੀ ਸੀ ਅਧਿਆਪਕ ਅਤੇ ਮੁਲਾਜ਼ਮ ਯੂਨੀਅਨ ਗੁਰਦਾਸਪੁਰ ਵੱਲੋਂ ਗੁਰਦਾਸਪੁਰ ਵਿੱਚ ਸੂਬਾ ਪੱਧਰੀ ਮੀਟਿੰਗ ਕੀਤੀ ਗਈ ਜਿਸ ਵਿੱਚ ਉਹਨਾਂ ਵਲੋਂ ਪੰਜਾਬ ਦੇ ਭਖਦੇ ਮਸਲਿਆਂ ਉੱਤੇ ਵਿਚਾਰ ਚਰਚਾ ਕੀਤੀ ਗਈ। ਇਸ ਕੇਡਰ ਕੈਂਪ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਯੂਨੀਅਨ ਆਗੂਆਂ ਨੇ ਹਿੱਸਾ ਲਿਆ। ਇਸ ਮੌਕੇ 'ਤੇ ਉਨ੍ਹਾਂ ਮੁਲਾਜਮਾਂ ਦੀਆਂ ਹੱਕੀ ਮੰਗਾਂ ਅਤੇ ਸਮਾਜ ਦੇ ਭਖਦੇ ਮਸਲਿਆਂ ਉੱਪਰ ਵਿਚਾਰ ਚਰਚਾ ਕੀਤੀ ਗਈ।

ਜਾਣਕਾਰੀ ਦਿੰਦੇ ਹੋਏ ਐਸਸੀਬੀਸੀ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਦੁਗਾ ਨੇ ਕਿਹਾ ਕਿ ਇਸ ਕੈਡਰ ਕੈਂਪ ਵਿੱਚ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ ਹੈ, ਨਾਲ ਹੀ ਉਨ੍ਹਾਂ ਨੇ ਕਿਹਾ ਕਿ ਪੂਨਾ ਪੈਕਟ ਜੋ ਕਿ ਬਾਬਾ ਸਾਹਿਬ ਅੰਬੇਦਕਰ ਨੂੰ ਮਜਬੂਰੀ ਵੱਸ ਕਰਨਾ ਪਿਆ ਸੀ ਉਸ 'ਤੇ ਵੀ ਵਿਚਾਰ ਚਰਚਾ ਕੀਤੀ ਗਈ ਹੈ। ਇਸ ਮੌਕੇ ਉਨ੍ਹਾਂ ਨੇ ਰਾਖਵਾਂਕਰਨ ਨੀਤੀ ਨੂੰ ਲੈਕੇ ਵੀ ਵਿਚਾਰ ਚਰਚਾ ਕੀਤੀ। ਉਹਨਾਂ ਨੇ ਕਿਹਾ ਕਿ ਸਾਨੂੰ ਆਪਣੇ ਹੱਕ ਸਰਕਾਰਾਂ ਤੋਂ ਲੈਣ ਦੇ ਲਈ ਸਭ ਮੁਲਾਜ਼ਮਾਂ ਨੂੰ ਇੱਕਜੁੱਟ ਹੋਣ ਦੀ ਲੋੜ ਹੈ। ਇਸ ਮੌਕੇ ਬਲਜੀਤ ਸਿੰਘ ਸਾਲਾਨਾ ਸਾਬਕਾ ਸੂਬਾ ਪ੍ਰਧਾਨ ਅਤੇ ਮਾਸਟਰ ਪਵਨ ਕੁਮਾਰ ਟੀਚਰ ਆਗੂ ਵੀ ਮੌਜੂਦ ਸਨ।

# ਹੁਣ ਗੁਰਦੁਆਰਾ ਚੋਣਾਂ 'ਚ ਵੀ ਅਕਾਲੀ ਦਲ ਦੀ ਜਿੱਤ 'ਚ ਅਹਿਮ ਭੂਮਿਕਾ ਨਿਭਾਉਣਗੇ ਦਿੱਲੀ ਦੇ ਸਿੱਖ ਨੌਜਵਾਨ : ਰਮਨਦੀਪ ਸਿੰਘ ਸੋਨੂੰ

ਨਵੀਂ ਦਿੱਲੀ : ਸ਼੍ਰੋਮਣੀ ਅਕਾਲੀ ਦਲ ਦੀ ਵਿਦਿਆਰਥੀ ਇਕਾਈ ਸਟੂਡੈਂਟਸ ਆਰਗਨਾਈਜ਼ੇਸ਼ਨ ਆਫ਼ ਇੰਡੀਆ (ਐੱਸ.ਓ.ਆਈ.) ਨੂੰ ਦਿੱਲੀ ਦੇ 2 ਖ਼ਾਲਸਾ ਕਾਲਜਾਂ ਦੀਆਂ ਵਿਦਿਆਰਥੀ ਚੋਣਾਂ ਵਿਚ ਮਿਲੀ ਜਿੱਤ ਨੂੰ ਦਿੱਲੀ ਯੂਥ ਵਿੰਗ ਪ੍ਰਧਾਨ ਰਮਨਦੀਪ ਸਿੰਘ ਸੋਨੂੰ ਨੇ ਇਤਿਹਾਸਕ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਜਿੱਤ ਨੇ ਸਾਫ਼ ਸੁਨੇਹਾ ਦੇ ਦਿੱਤਾ ਹੈ ਕਿ ਅਗਲੀ ਦਿੱਲੀ ਗੁਰਦੁਆਰਾ ਚੋਣਾਂ ਵਿਚ ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ, ਕੌਮ ਦੇ ਦੋਖੀ ਵਿਰੋਧੀ ਧਿਰਾਂ ਦਾ ਮੁਕੰਮਲ ਸਫ਼ਾਇਆ ਕਰ ਦਿੱਤਾ ਜਾਵੇਗਾ। ਵਿਦਿਆਰਥੀ ਚੋਣਾਂ ਦਾ ਜ਼ਿਕਰ ਕਰਦਿਆਂ ਰਮਨਦੀਪ ਸਿੰਘ ਸੋਨੂੰ ਨੇ ਕਿਹਾ ਕਿ ਪਾਰਟੀ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੇ ਨਿਰਦੇਸ਼ਾਂ ਤਹਿਤ ਪਹਿਲਾਂ ਚੋਣਾਂ ਦੀ ਪੂਰੀ ਰਣਨੀਤੀ ਬਣਾਈ ਗਈ ਜਿਸ ਤਹਿਤ ਵਿਦਿਆਰਥੀਆਂ ਨੂੰ, ਸਿੱਖ ਕੌਮ 'ਤੇ ਹੋ ਰਹੇ ਲੁਕਵੇਂ ਹਮਲੇ, ਸਿੱਖ ਅਦਾਰਿਆਂ ਦੇ ਹੋ ਰਹੇ ਸਿਆਸੀਕਰਨ ਸਮੇਤ ਸਿਆਸੀ ਸਵਾਰਥਾਂ ਲਈ ਕੌਮ ਨਾਲ ਗ਼ੱਦਾਰੀ ਕਰਨ ਵਾਲਿਆਂ ਦੇ ਕਿਰਦਾਰ ਬਾਰੇ ਜਾਣੂ ਕਰਾਇਆ ਗਿਆ ਜਿਸ ਕਰਕੇ ਐੱਸ.ਓ.ਆਈ. ਨੂੰ ਨੌਜਵਾਨਾਂ ਦਾ ਭਾਰੀ ਸਮਰਥਨ ਮਿਲਿਆ। ਰਮਨਦੀਪ ਸਿੰਘ ਸੋਨੂੰ ਨੇ ਦੱਸਿਆ ਕਿ ਯੂਥ ਆਗੂ ਜਸਮੀਤ ਸਿੰਘ ਪੀਤਮਪੁਰਾ ਤੇ ਸਾਹਿਬ ਸਿੰਘ ਬਿੰਦਰਾ ਨੇ ਇਸ ਜਿੱਤ 'ਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਇਹ ਵੀ ਕਿਹਾ ਕਿ ਨੌਜਵਾਨਾਂ ਅੰਦਰ ਕੌਮ ਦੇ ਭਵਿੱਖ ਪ੍ਰਤੀ ਜਾਗਰੂਕਤਾ ਵੇਖ ਕੇ ਕਾਫ਼ੀ ਖ਼ੁਸ਼ੀ ਹੋਈ ਹੈ ਤੇ ਇਸ ਨਾਲ ਕੌਮ ਨੂੰ ਜ਼ਾਲਮਾਂ ਠੱਗਾਂ ਕੋਲੋਂ ਬਚਾਉਣ ਦੀ ਇੱਕ ਉਮੀਦ ਨੂੰ ਵੀ ਬਲ ਮਿਲਿਆ ਹੈ।





ਕਹਾਣੀ

# ਹੜ੍ਹ

ਜਸਵਿੰਦਰ ਸਿੰਘ ਛਿੰਦਾ
ਦੇਹੜਕੇ
98721-93320



ਸਾਰਾ ਸਾਉਣ ਸੁੱਕਾ ਲੰਘ ਗਿਆ ਸੀ। ਭਾਦੋਂ ਚੜ੍ਹਦਿਆਂ ਹੀ ਅਜਿਹਾ ਮੀਂਹ ਪੈਣਾ ਸ਼ੁਰੂ ਹੋਇਆ ਕਿ ਹਟਣ ਦਾ ਨਾਂਅ ਹੀ ਨਹੀਂ ਲੈ ਰਿਹਾ ਸੀ। ਪਿਛਲੇ ਕਈ ਦਿਨਾਂ ਤੋਂ ਪੈ ਰਹੇ ਮੀਂਹ ਨੇ ਸਭ ਦੀ ਤੌਬਾ ਬੁਲਾ ਦਿੱਤੀ। ਟਾਈਲ, ਬਾਲਿਆਂ ਦੇ ਘਰ ਤਾਂ ਕੀ ਲੋਕਾਂ ਦੇ ਪੱਕੇ ਲੈਂਟਰ ਵੀ ਚੋਣ ਲੱਗੇ। ਅਜਿਹੇ 'ਚ ਕੱਚੇ ਘਰਾਂ ਦਾ ਹਾਲ ਤਾਂ ਇਸਤੋਂ ਵੀ ਕਿਤੇ ਮਾੜਾ ਸੀ। ਗਲੀਆਂ-ਨਾਲੀਆਂ ਤੇ ਛੱਪੜ ਨੱਕੋ-ਨੱਕ ਭਰੇ ਹੋਏ ਉਪਰੋਂ ਡੁੱਲ ਰਹੇ ਸਨ। ਖੇਤਾਂ 'ਚ ਬੀਜਿਆ ਹਰਾ ਚਾਰਾ ਵੀ ਪਾਣੀ 'ਚ ਡੁੱਬ ਕੇ ਗਲ ਸੜ ਗਿਆ ਸੀ। ਝੋਨੇ ਦੀ ਫਸਲ ਡੁੱਬ ਚੁੱਕੀ ਸੀ।

ਦਰਿਆਵਾਂ ਦੇ ਨੇੜਲੇ ਪਿੰਡ ਤਾਂ ਹੜ੍ਹਾਂ ਨਾਲ ਬੁਰੀ ਤਰ੍ਹਾਂ ਤਬਾਹ ਹੋ ਗਏ ਸਨ। ਲੋਕਾਂ ਦੇ ਘਰ ਪਾਣੀ ਨਾਲ ਭਰ ਗਏ ਸਨ। ਸਾਰਾ ਸਮਾਨ ਹੜ੍ਹਾਂ ਦੇ ਪਾਣੀ 'ਚ ਡੁੱਬ ਗਿਆ ਸੀ। ਲੋਕ ਆਪਣੀਆਂ ਛੱਤਾਂ 'ਤੇ ਦਿਨ ਕਟੀ ਕਰ ਰਹੇ ਸਨ। ਪਸ਼ੂਆਂ ਨੂੰ ਤਾਂ ਉਹ ਛੱਤਾਂ 'ਤੇ ਚੜ੍ਹਾਉਣੋਂ ਰਹੇ। ਉਹ ਵਿਹੜਿਆਂ 'ਚ ਹੀ ਅੱਧਿਓਂ ਵੱਧ ਪਾਣੀ 'ਚ ਡੁੱਬੇ, ਭੁੱਖਣ-ਭਾਣੇ ਆਪਣੇ ਮਾਲਕਾਂ ਨੂੰ ਕੋਠੇ ਚੜਿਆਂ ਦੇਖ ਕੇ ਰਿੰਗਦੇ ਅੜਾਟ ਪਾ ਰਹੇ ਸਨ। ਕਈ ਲੋਕਾਂ ਦੇ ਤਾਂ ਘਰ ਵੀ ਢਹਿ ਗਏ ਸਨ। ਕਈ ਰਾਤ ਨੂੰ ਸੁੱਤੇ। ਤੜਕਸਾਰ ਉਨ੍ਹਾਂ ਉੱਪਰ ਘਰ ਦੀਆਂ ਛੱਤਾਂ ਡਿਗਣ ਕਾਰਨ ਹੇਠਾਂ ਦੱਬੇ ਗਏ। ਇਸ ਮੀਂਹ ਤੇ ਹੜ੍ਹਾਂ ਦੀ ਮਾਰ ਕਾਰਨ ਕਈ ਰੱਬ ਨੂੰ ਪਿਆਰੇ ਹੋ ਚੁੱਕੇ ਸਨ। ਜਿਨ੍ਹਾਂ ਦੀਆਂ ਤਸਵੀਰਾਂ ਸ਼ੋਸ਼ਲ ਮੀਡੀਆ 'ਤੇ ਸਭ ਨੂੰ ਵਿਚਲਤ ਕਰ ਰਹੀਆਂ ਸਨ। ਕਈ ਪੀੜਤ ਲੋਕ ਖੁਦ ਆਪਣੇ ਹਾਲਾਤ ਤੋਂ ਜਾਣੂ ਕਰਵਾਉਂਦੇ ਆਪਣੀਆਂ ਵੀਡੀਓ ਪਾ ਕੇ ਮਦਦ ਦੀ ਮੰਗ ਕਰ ਰਹੇ ਸਨ। ਕਈ ਦਿਨ ਬੀਤ ਜਾਣ 'ਤੇ ਵੀ ਉਨ੍ਹਾਂ ਦੀ ਮਦਦ ਲਈ ਅਜੇ ਤੱਕ ਕੋਈ ਨਹੀਂ ਬਹੁੜਿਆ ਸੀ।

ਪੰਜਾਬ ਸਿੰਘ ਦਾ ਘਰ ਵੀ ਪੂਰੀ ਤਰ੍ਹਾਂ ਪਾਣੀ 'ਚ ਡੁੱਬਿਆ ਹੋਇਆ ਸੀ। ਆਪਣੇ ਪਰਿਵਾਰ ਦੇ ਜੀਅ ਤੇ ਕੁਝ ਜ਼ਰੂਰੀ ਸਾਮਾਨ ਲੈ ਕੇ ਉਹ ਪਿਛਲੇ ਤਿੰਨ ਦਿਨਾਂ ਤੋਂ ਆਪਣੀ ਛੱਤ 'ਤੇ ਬੈਠਾ, ਰੱਬ ਅੱਗੇ ਮੀਂਹ ਹਟਣ ਦੀਆਂ ਅਰਦਾਸਾਂ ਕਰ ਰਿਹਾ ਸੀ। ਪੰਜਾਬ ਸਿੰਘ ਨੂੰ ਉਨ੍ਹਾਂ ਦੇ ਘਰ ਦੇ ਮਿਹਣੇ ਮਾਰ ਰਹੇ ਸਨ, 'ਐਵੇਂ ਲੋਕਾਂ ਦੀ ਮਦਦ ਕਰਦਾ ਰਿਹਾ, ਹੁਣ ਤੇਰੇ 'ਤੇ ਪਈ ਮੁਸੀਬਤ 'ਚ ਕੋਈ ਤੇਰੀ ਮਦਦ ਲਈ ਆਇਆ'? ਉਹ ਆਖਦਾ ਇਹ ਤਾਂ ਆਪਣੇ ਗੁਰੂਆਂ ਦਾ ਉਪਦੇਸ਼ ਹੈ, 'ਕਿਸੇ ਲੋੜਵੰਦ ਦੀ ਮਦਦ ਕਰਨਾ ਵੱਡਾ ਪੁੰਨ ਹੈ। ਪ੍ਰਮਾਤਮਾ 'ਤੇ ਭਰੋਸਾ ਰੱਖੋ ਉਹ ਸਭ ਦਾ ਮਦਦਗਾਰ ਹੈ'।

ਪੰਜਾਬ ਸਿੰਘ ਨੇਕ, ਇਮਾਨਦਾਰ, ਉੱਦਮੀ, ਹਿੰਮਤੀ, ਪਰਉਪਕਾਰੀ ਤੇ ਦਇਆਵਾਨ ਇਨਸਾਨ ਸੀ। ਜੋ ਹਮੇਸ਼ਾ ਆਪਣੇ ਪਰਿਵਾਰ ਨਾਲ ਰੁੱਖੀ-ਮਿੱਸੀ ਖਾ ਕੇ ਵੀ ਖੁਸ਼ ਰਹਿੰਦਾ। ਭਾਵੇਂ ਉਸ 'ਤੇ ਅਨੇਕਾਂ ਮੁਸੀਬਤਾਂ ਆਈਆਂ, ਪਰ ਉਸ ਨੇ ਇਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ। ਉਹ ਪੀੜਤ ਦੁਖੀ ਲੋਕਾਂ ਦੀ ਹਮੇਸ਼ਾ ਮੋਹਰੀ ਹੋ ਕੇ ਮਦਦ ਕਰਦਾ। ਉਨ੍ਹਾਂ ਦਾ ਮਨੋਬਲ ਡਿੱਗਣ ਨਹੀਂ ਦਿੰਦਾ ਸੀ। ਉਸ 'ਤੇ ਕਈ ਵਾਰ ਅਜਿਹੀਆਂ ਮੁਸੀਬਤਾਂ ਆਈਆਂ ਕਿ ਦੇਖਣ ਵਾਲੇ ਨੂੰ ਲਗਦਾ ਕਿ ਉਹ ਹੁਣ ਸੰਭਲ ਨਹੀਂ ਸਕੇਗਾ। ਪਰ ਉਹ ਹਮੇਸ਼ਾ ਫਿਰ ਉਠ ਖੜ੍ਹਾ ਹੁੰਦਾ। ਆਪਣੇ ਕੰਮਕਾਰ ਨੂੰ ਦੁਬਾਰਾ ਉਸ ਮੁਕਾਮ 'ਤੇ ਤਾਂ ਲਿਜਾਂਦਾ ਹੀ ਸੀ ਸਗੋਂ ਆਪਣੇ ਪਰਉਪਕਾਰੀ ਸੁਭਾਅ ਕਾਰਨ ਉਹ ਹੋਰਨ੍ਹਾਂ ਦੀ ਮਦਦ ਫਿਰ ਉਵੇਂ ਹੀ ਕਰਨ ਲਗਦਾ। ਦਰਅਸਲ ਇਸ ਪਿੱਛੇ ਉਸ ਦੇ ਗੁਰੂ ਦੀ ਸਿੱਖਿਆ ਹੀ ਸੀ। ਸਰਬੱਤ ਦਾ ਭਲਾ ਮੰਗਣ 'ਚ ਉਹ ਆਪਣਾ ਵੀ ਭਲਾ ਸਮਝਦਾ। ਅੱਜ ਇਕ ਵਾਰ ਫਿਰ ਪੰਜਾਬ ਸਿੰਘ ਮੁਸੀਬਤ 'ਚ ਘਿਰ ਗਿਆ ਸੀ। ਇਹ ਮੁਸੀਬਤ ਉਸ ਦੇ ਕਿਸੇ ਦੁਸ਼ਮਣ ਵਲੋਂ ਨਹੀਂ ਆਈ, ਸਗੋਂ ਕੁਦਰਤ ਦੀ ਮਾਰ ਹੜ੍ਹ ਸੀ। ਹੜ੍ਹ ਦਾ ਪਾਣੀ ਆਪਣੀ ਆਈ 'ਤੇ ਆਇਆ ਹੋਇਆ ਲਗਦਾ ਸੀ। ਦਰਿਆਵਾਂ ਦੀਆਂ ਛੱਲਾਂ ਜਦੋਂ ਉੱਚੀਆਂ ਹੋ-ਹੋ ਲੰਘਦੀਆਂ ਤਾਂ ਇੰਜ ਲਗਦਾ, ਜਿਵੇਂ ਉਹ ਪੂਰੇ ਗੁੱਸੇ 'ਚ ਕਹਿ ਰਹੀਆਂ ਹੋਣ 'ਹੁਣ ਦੱਸ ਕੱਢਾਂ ਤੇਰੀਆਂ ਸਾਰੀਆਂ ਰੜਕਾਂ'।

ਹੜ੍ਹ ਦੇ ਪਾਣੀ ਦੀਆਂ ਛੱਲਾਂ ਪੰਜਾਬ ਸਿੰਘ ਦੇ ਘਰ ਨੂੰ ਆਪਣੇ 'ਚ ਸਮਾ ਲੈਣ ਨੂੰ ਕਾਹਲੀਆਂ ਦਿਸਦੀਆਂ ਸਨ। ਪਸ਼ੂਆਂ ਨੂੰ ਵਿਹੜੇ 'ਚ ਗੋਤੇ ਖਾਂਦੇ ਦੇਖ ਪੰਜਾਬ ਸਿੰਘ ਨੇ ਭੱਜ ਕੇ ਉਨ੍ਹਾਂ ਦੇ ਸੰਗਲ ਕਿੱਲਿਆਂ ਨਾਲੋਂ ਖੋਲ ਦਿੱਤੇ। ਪਰ ਉਹ ਜਾਣ ਤਾਂ ਜਾਣ ਕਿੱਥੇ। ਘਰ ਦੀ ਚਾਰਦੀਵਾਰੀ ਹੀ ਉਨ੍ਹਾਂ ਲਈ ਸੁਰੱਖਿਅਤ ਸੀ। ਜਦੋਂ ਕਦੇ ਪਾਣੀ ਦੀਆਂ ਛੱਲਾਂ ਜਿਆਦਾ ਆਉਂਦੀਆਂ ਤਾਂ ਪਸ਼ੂ ਆਪਣੇ ਮਾਲਕ ਪੰਜਾਬ ਸਿੰਘ ਵੱਲ ਦੇਖਦੇ। ਉਹ ਉਸ ਨੂੰ ਆਪਣੀਆਂ ਅੱਖਾਂ ਸਾਹਮਣੇ ਦੇਖ ਕੇ ਆਪਣੇ ਆਪ ਨੂੰ ਉਹ ਮਹਿਫ਼ੂਜ਼ ਮਹਿਸੂਸ ਕਰ ਰਹੇ ਸਨ। ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਉਨ੍ਹਾਂ ਦਾ ਮਾਲਕ ਵੀ ਮੁਸੀਬਤ ਦਾ ਸਾਹਮਣਾ ਕਰ ਰਿਹਾ ਹੈ। ਸ਼ਾਮ ਹੋ ਚੱਲੀ ਸੀ। ਮੀਂਹ ਉਵੇਂ ਜ਼ੋਰ ਦਾ ਪੈ ਰਿਹਾ ਸੀ। ਉਨ੍ਹਾਂ ਕੋਲ ਜੋ ਖਾਣ ਵਾਲਾ ਸਾਮਾਨ ਬਚਦਾ ਸੀ, ਉਹ ਉਨ੍ਹਾਂ ਨੇ ਖਾ ਲਿਆ। ਡੋਲੂ 'ਚੋਂ ਥੋੜ੍ਹਾ-ਥੋੜ੍ਹਾ ਪਾਣੀ ਪੀ ਕੇ ਬਾਕੀ ਬਚਾ ਕੇ ਰੱਖ ਲਿਆ। ਉਸ ਦੇ ਮਨ 'ਚ ਖਿਆਲ ਆਇਆ, 'ਪੰਜ ਦਰਿਆਵਾਂ ਦੀ ਧਰਤੀ 'ਤੇ ਅੱਜ ਭਾਵੇਂ ਚਾਰੇ-ਪਾਸੇ ਪਾਣੀ ਹੀ ਪਾਣੀ ਹੈ, ਪਰ ਉਹ ਪੀਣਯੋਗ ਨਹੀਂ। ਉਹ ਸੋਚਣ ਲੱਗਾ, 'ਕਈ ਵਾਰ ਕੋਈ ਵਸਤੂ ਕੋਲ ਹੋਣ ਦੇ ਬਾਵਜੂਦ ਉਸ ਨੂੰ ਵਰਤਿਆ ਨਹੀਂ ਜਾ ਸਕਦਾ'।

ਰਾਤ ਹੋ ਗਈ ਸੀ ਪਰ ਉਸ ਦੀਆਂ ਅੱਖਾਂ 'ਚ ਨੀਂਦ ਕਿੱਥੇ? ਸਾਰੇ ਟੱਬਰ ਦਾ ਫ਼ਿਕਰ ਸੀ। ਪਤਾ ਨਹੀਂ ਕਦੋਂ, ਕੀ ਹੋ ਜਾਵੇ? ਉਹ ਬਿੜਕ ਲੈਂਦਾ ਕਦੇ-ਕਦੇ ਛੱਤ 'ਤੇ ਗੇੜਾ ਮਾਰ ਲੈਂਦਾ। ਘਰ ਦੇ ਅੰਦਰ ਤੇ ਬਾਹਰ ਦੇ ਹਾਲਾਤ ਨੂੰ ਭਾਂਪਦਾ। ਉਹ ਸੋਚਣ ਲੱਗਾ ਇਸ ਤੋਂ ਪਹਿਲਾਂ ਵੀ ਕਈ ਵਾਰ ਅਜਿਹੇ ਮੀਂਹਾਂ ਨੇ ਤਬਾਹੀ ਮਚਾਈ ਸੀ ਪਰ ਇਸ ਵਾਰ ਦਾ ਮੰਜ਼ਰ ਬਹੁਤ ਭਿਆਨਕ ਸੀ। ਪਾਣੀ ਏਨੀ ਤਬਾਹੀ ਮਚਾਏਗਾ ਉਸ ਨੇ ਸੋਚਿਆ ਨਹੀਂ ਸੀ। ਨਵੀਂ ਪੀੜ੍ਹੀ ਨੇ ਸ਼ਾਇਦ ਇਹ ਪਹਿਲੀ ਵਾਰ ਦੇਖਿਆ ਹੋਵੇਗਾ। ਪਰ ਉਹ ਤਾਂ ਆਪਣੇ ਪਿੰਡੇ ਤੇ ਕਈ ਵਾਰ ਇਹ ਸਭ ਹੰਢਾ ਚੁੱਕਾ ਸੀ। ਉਸ ਨੇ ਮਨ ਹੀ ਮਨ ਆਪਣੇ ਆਪ ਨੂੰ ਕਿਹਾ, 'ਪੰਜਾਬ ਦੇ ਜਾਇਆ ਨੂੰ ਨਿੱਤ ਮੁਹਿੰਮਾਂ'। ਗੁਰੂਆਂ ਨੇ ਵੀ ਹੱਕ-ਸੱਚ ਦੀ ਲੜਾਈ ਲੜਦਿਆਂ, ਮਜ਼ਲੂਮਾਂ ਦੀ ਰੱਖਿਆ ਕਰਦਿਆਂ ਆਪਣਾ-ਆਪ ਨਿਛਾਵਰ ਕਰ ਦਿੱਤਾ ਸੀ। ਕਦੇ ਮੁਗ਼ਲਾਂ ਦੇ ਹਮਲੇ, ਕਦੇ ਅੰਗਰੇਜ਼ਾਂ ਦੀ ਗ਼ੁਲਾਮੀ ਸਮੇਂ 1947 'ਚ ਜਦੋਂ ਪੰਜਾਬ ਦੇ ਸੀਨੇ 'ਤੇ ਆਰੀ ਚਲਾ ਕੇ ਇਸਦੇ ਦੋ ਹਿੱਸੇ ਕੀਤੇ ਗਏ ਸਨ, ਉਦੋਂ ਸੈਂਕੜਿਆਂ ਦੀ ਤਦਾਦ 'ਚ ਆਪਣੇ, ਆਪਣਿਆਂ ਦੇ ਹੱਥੋਂ ਮਾਰੇ ਗਏ ਸਨ। ਪੰਜਾਬ ਸਿਉਂ ਨੇ ਇਸ ਸੰਤਾਪ ਨੂੰ ਨੰਗੇ ਪਿੰਡੇ ਹੰਢਾਇਆ ਸੀ। ਕਿਸੇ ਨੇ ਮਲ੍ਹਮ ਨਹੀਂ ਲਾਈ ਸੀ। ਸਗੋਂ ਸਮੇਂ-ਸਮੇਂ ਇਸਦੇ ਜ਼ਖਮਾਂ ਨੂੰ ਉਚੇੜਿਆ ਹੀ ਸੀ। 1984 ਦੇ ਦੌਰ ਦੌਰਾਨ ਕਤਲੇਆਮ 'ਚ ਪੰਜਾਬੀਆਂ ਨੂੰ ਸੀਨੇ ਦੇ ਫੱਟ ਖਾਣੇ ਪਏ। ਹੁਣ ਪੰਜਾਬ 'ਚ ਚਿੱਟੇ ਨਸ਼ੇ ਦੀ ਅਲਾਮਤ ਨੇ ਨੌਜਵਾਨਾਂ ਨੂੰ ਘੁਣ ਵਾਂਗ ਖਾ ਲਿਆ। ਇਨ੍ਹਾਂ ਮੁਸੀਬਤਾਂ ਦੇ ਬਾਵਜੂਦ ਵੀ ਉਹ ਡੋਲੇ ਨਹੀਂ, ਸਗੋਂ ਹੋਰ ਮਜ਼ਬੂਤੀ ਨਾਲ ਅੱਗੇ ਹੀ ਨਹੀਂ ਵਧੇ ਸਗੋਂ ਗੁਰੂਆਂ ਦੀ ਪਰੰਪਰਾ ਅਨੁਸਾਰ ਫਿਰ ਤੋਂ ਬੇਵੱਸ, ਲੋੜਵੰਦ ਲੋਕਾਂ ਦੀ ਮਦਦ ਲਈ ਅੱਗੇ ਹੋ ਕੇ ਮਦਦ ਕਰਨੀ ਸ਼ੁਰੂ ਕਰ ਦਿੱਤੀ ਸੀ। ਹੁਣ ਇਕ ਵਾਰ ਫਿਰ ਤੋਂ ਆਏ ਹੜ੍ਹਾਂ ਨੇ ਪੰਜਾਬ ਨੂੰ ਡਬੋਣ ਦੀ ਕੋਸ਼ਿਸ਼ ਕੀਤੀ ਪਰ ਡੋਲਿਆ ਪੰਜਾਬ ਹੁਣ ਵੀ ਨਹੀਂ। ਚਾਹੇ ਕੋਈ ਮਦਦ ਕਰੇ ਚਾਹੇ ਨਾ ਕਰੇ। ਇਹ ਲੋਕ ਆਪਣੀ ਮਦਦ ਆਪ ਕਰਨਾ ਜਾਣਦੇ ਹਨ। 'ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।'

ਉਕਤ ਸਾਰੇ ਦ੍ਰਿਸ਼, ਪੰਜਾਬ ਸਿੰਘ ਦੀਆਂ ਜਾਗਦੀਆਂ ਅੱਖਾਂ ਸਾਹਮਣਿਓਂ ਮਿੰਟਾਂ 'ਚ ਲੰਘਦੇ, ਉਸ ਦੇ ਹੌਂਸਲੇ ਨੂੰ ਹੋਰ ਮਜ਼ਬੂਤੀ ਦੇ ਗਏ। ਉਸ ਨੇ ਸੋਚਿਆ, 'ਜੋ ਹੋਣਾ, ਉਹ ਹੋ ਕੇ ਰਹਿਣਾ। ਫਿਰ ਚਿੰਤਾ ਕਿਸ ਗੱਲ ਦੀ ਕਰਨੀ। ਬੱਸ! ਉੱਦਮ ਕਰਦੇ ਰਹੋ ਹਿੰਮਤ ਨਾ ਹਾਰੋ। ਫਲ ਤਾਂ ਜ਼ਰੂਰ ਮਿਲੇਗਾ। 'ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ'।

ਉਸ ਨੂੰ ਯਾਦ ਆਇਆ, ਜਦ ਉਹ ਛੋਟਾ ਸੀ ਤਾਂ ਬਾਪੂ ਅਕਸਰ ਰਾਤ ਨੂੰ ਉਸ ਨੂੰ ਕੋਈ ਨਾ ਕੋਈ ਕਹਾਣੀ ਜਾਂ ਕੋਈ ਬੀਤੇ ਦੀ ਗੱਲਬਾਤ ਜਰੂਰ ਸੁਣਾਉਂਦਾ ਸੀ। ਬਾਪੂ ਦੱਸਦਾ ਹੁੰਦਾ ਸੀ ਪਾਣੀ ਦੀ ਮਾਰ ਅੱਗ ਨਾਲੋਂ ਵੀ ਭੈੜੀ ਹੁੰਦੀ ਹੈ। ਇਸਦੀ ਮਾਰ ਝੱਲਣੀ ਔਖੀ ਹੈ। ਇਸੇ ਡਰੋਂ ਕਿਸੇ ਰਾਜੇ ਨੇ ਆਪਣੇ ਰਾਜ 'ਚ ਪਏ ਕਾਲ ਸਮੇਂ ਮੀਂਹ ਨਹੀਂ ਸਗੋਂ 12 ਸਾਲ ਦੀ ਔੜ ਮੰਗ ਲਈ ਸੀ।

ਅਚਾਨਕ ਉਸ ਨੂੰ ਹੇਠਾਂ ਵਿਹੜੇ 'ਚ ਪਾਣੀ ਦੀ ਹਲਚਲ ਤੇਜ਼ ਹੁੰਦੀ ਸੁਣਾਈ ਦਿੱਤੀ। ਉਹ ਉੱਠਕੇ ਹਨੇਰੇ 'ਚ ਹੇਠਾਂ ਦੇਖਣ ਲੱਗਾ। ਪਸ਼ੂਆਂ ਵਾਲੇ ਪਾਸੇ ਪਾਣੀ 'ਚ ਖੜਕਾ ਹੋ ਰਿਹਾ ਸੀ। ਉਹ ਝੱਟ ਦੇਣੇ ਹੇਠਾਂ ਪਾਣੀ 'ਚ ਉਤਰ ਕੇ ਪਸ਼ੂਆਂ ਵੱਲ ਗਿਆ। ਉਸ ਦੀ ਸੂਣ ਵਾਲੀ ਮੱਝ ਪਾਣੀ 'ਚ ਲੱਤਾਂ ਮਾਰਦੀ ਤੜਫ਼ ਰਹੀ ਸੀ। ਹੜ੍ਹ ਦਾ ਪਾਣੀ ਹੋਰ ਵਧ ਜਾਣ ਕਾਰਨ ਮੱਝ ਪਾਣੀ 'ਚ ਡੁੱਬ ਰਹੀ ਸੀ। ਉਹ ਉਸ ਦਾ ਮੂੰਹ ਉਪਰ ਚੁੱਕ ਕੇ ਉਸ ਦੀ ਸਾਹ ਲੈਣ 'ਚ ਮਦਦ ਕਰਨ ਲੱਗਾ। ਖੜਕਾ ਸੁਣ ਕੇ ਉਸ ਦੀ ਘਰਵਾਲੀ ਤੇ ਬੱਚੇ ਵੀ ਛੱਤ ਤੋਂ ਹੇਠਾਂ ਦੇਖਣ ਲੱਗੇ। ਘਰਵਾਲੀ ਨੂੰ ਉਸ ਹੇਠਾਂ ਆਉਣ ਤਾਂ ਉਸ ਨੇ ਰੋਕ ਦਿੱਤਾ ਕਿਉਂਕਿ ਪੰਜਾਬ ਸਿੰਘ ਦੇ ਹੱਥਾਂ 'ਚ ਫੜੇ ਮੱਝ ਦੇ ਮੂੰਹ ਰਾਹੀਂ ਸਾਹ ਆਉਣ ਦੀ ਪ੍ਰਕਿਰਿਆ ਬੰਦ ਹੋ ਗਈ ਸੀ। ਉਸ ਦੇ ਮੂੰਹੋ ਨਿਕਲਿਆ 'ਵਾਹਿਗੁਰੂ ਤੇਰੀ ਰਜ਼ਾ'। ਘਰਵਾਲੀ ਸਮਝ ਗਈ ਸੀ। ਉਸ ਨੇ ਧਾਹ ਮਾਰੀ। ਬੱਚੇ ਵੀ ਉੱਚੀ-ਉੱਚੀ ਰੋਣ ਲੱਗੇ। ਪਰ ਉਨ੍ਹਾਂ ਦਾ ਰੋਣਾ ਨੇੜੇ-ਤੇੜੇ ਕਿਸੇ ਨੂੰ ਸੁਣਾਈ ਨਾ ਦਿੱਤਾ। ਜੇ ਕਿਸੇ ਨੇ ਸੁਣਿਆ ਵੀ ਸੀ ਤਾਂ ਅਜਿਹੇ ਹਾਲਾਤ 'ਚ ਅੱਧੀ ਰਾਤ ਨੂੰ ਕਿਹੜਾ ਖੁਦ ਨੂੰ ਮੁਸੀਬਤ 'ਚ ਪਾਉਂਦਾ ਚਾਹੁੰਦਾ। ਉਹ ਇਸ ਔਖੀ ਘੜੀ 'ਚ ਕਿਸ ਨੂੰ ਮਦਦ ਲਈ ਕਹੇ। ਉਸ ਦੇ ਸਾਰੇ ਰਿਸ਼ਤੇਦਾਰ, ਸਕੇ, ਸੰਬੰਧੀ ਸਭ ਪਾਣੀ ਦੀ ਮਾਰ ਝੱਲ ਰਹੇ ਸਨ। ਉਸ ਨੇ ਉਪਰ ਵੱਲ ਦੇਖਿਆ, ਸ਼ਾਇਦ ਰੱਬ ਨੂੰ ਬੇਨਤੀ ਕੀਤੀ ਹੋਵੇ।

ਸਾਰੀ ਰਾਤ ਅੱਖਾਂ 'ਚ ਹੀ ਲੰਘ ਗਈ। ਦਿਨ ਚੜ੍ਹ ਰਿਹਾ ਸੀ। ਮੀਂਹ ਅਜੇ ਵੀ ਰੁਕਣ ਦਾ ਨਾਂਅ ਨਹੀਂ ਲੈ ਰਿਹਾ ਸੀ। ਘਰਵਾਲੀ ਨੇ ਰੋਟੀ ਕਿਸ ਚੀਜ਼ ਦੀ ਲਾਹੁਣੀ ਸੀ? ਆਟਾ ਤਾਂ ਹੇਠਾਂ ਪਾਣੀ 'ਚ ਡੁੱਬ ਗਿਆ ਸੀ। ਕੁਝ ਦਿਨ ਪਹਿਲਾਂ ਤੋੜੀਆਂ ਛੱਲੀਆਂ 'ਚੋਂ ਬਚੀਆਂ ਛੱਲੀਆਂ ਉਸ ਨੇ ਕੱਲ੍ਹ ਭੁੰਨ ਲਈਆਂ ਸਨ, ਜਿਸ ਨੂੰ ਉਨ੍ਹਾਂ ਨੇ ਹਿੱਸੇਬੰਦ ਵੰਡ ਕੇ ਖਾ ਕੇ ਢਿੱਡ ਨੂੰ ਧਰਵਾਸ ਦਿੱਤਾ ਸੀ। ਪੰਜਾਬ ਸਿਉਂ ਦੇ ਮੁੰਡੇ ਨੇ ਇਕ ਵਾਰ ਫਿਰ ਆਪਣੇ ਮਾਸੜ ਭਜਨ ਸਿੰਘ ਨੂੰ ਫੋਨ ਕਰ ਕੇ ਮਦਦ ਦੀ ਮੰਗ ਕੀਤੀ। ਇਸ ਵਾਰ ਪੰਜਾਬ ਸਿਉਂ ਨੇ ਦੇਖ ਲਿਆ। ਉਸ ਨੇ ਉਸ ਨੂੰ ਘੂਰਿਆ, 'ਉਹ ਕਿਹੜਾ ਸੁੱਖਾਂ 'ਚ ਬੈਠਾ ਹੈ। ਉਹ ਵੀ ਆਪਣੇ ਵਾਲੇ ਹਾਲ 'ਚ ਨੇ। ਕਿਉਂ ਉਨ੍ਹਾਂ ਨੂੰ ਹੋਰ ਮੁਸ਼ਕਿਲ ਖੜ੍ਹੀ ਕਰਦਾਂ'। ਭਜਨ ਸਿੰਘ ਦਾ ਘਰ ਹੜ੍ਹਾਂ ਦੀ ਮਾਰ ਤੋਂ ਤਾਂ ਬਚਿਆ ਸੀ, ਪਰ ਛੱਤਾਂ ਉਸ ਦੀਆਂ ਵੀ ਚੋ ਰਹੀਆਂ ਸਨ। ਇਹ ਚੋਆ ਬੰਦ ਕਰਨ ਲਈ ਉਹ ਸਾਰੇ ਟੱਬਰ ਨਾਲ ਕੋਠੇ ਦੀ ਛੱਤ 'ਤੇ ਚੜਿਆ ਹੋਇਆ ਮੋਮੀ ਕਾਗਜ਼ ਪਾ ਰਿਹਾ ਸੀ। ਜਿਹੜੇ ਲੋਕ ਦਰਿਆਵਾਂ ਤੋਂ ਦੂਰ ਹੜ੍ਹਾਂ ਦੀ ਮਾਰ ਤੋਂ ਅਜੇ ਬਚੇ ਹੋਏ ਸਨ, ਉਹ ਆਪਣੇ ਘਰਾਂ 'ਚ ਦੜ੍ਹ ਵੱਟਕੇ ਬੈਠੇ ਹਾਲਾਤ ਨਾਲ ਜੂਝ ਰਹੇ ਸਨ। ਅਚਾਨਕ ਗੁਰਦੁਆਰਾ ਸਾਹਿਬ ਤੋਂ ਭਾਈ ਸਾਹਿਬ ਨੇ ਅਨਾਊਂਸਮੈਂਟ ਕਰ ਕੇ ਹੜ੍ਹ ਪੀੜਤਾਂ ਲਈ ਮਦਦ ਕਰਨ ਦੀ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ। ਭਜਨ ਸਿੰਘ ਵੀ ਆਪਣੀ ਮੁਸੀਬਤ ਨੂੰ ਦਰਕਿਨਾਰ ਕਰ ਕੇ ਇਸ ਮੁਹਿੰਮ 'ਚ ਜੁਟ ਗਿਆ। ਆਖ਼ਰ ਆਪਣੇ, ਆਪਣਿਆਂ ਦੀ ਮਦਦ ਨਾ ਕਰਨਗੇ ਤਾਂ ਹੋਰ ਕੌਣ ਕਰੇਗਾ। ਨਾਲੇ ਉਸ ਦਾ ਸਾਂਢੂ ਪੰਜਾਬ ਸਿਉਂ, ਜਿਹੜਾ ਦਰਿਆ ਕਿਨਾਰੇ ਵਸਦਾ ਸੀ, ਉਸ ਦੀ ਮਦਦ ਵੀ ਕਰਨੀ ਹੈ।

ਸਾਰੇ ਪਿੰਡਾਂ 'ਚ ਹੜ੍ਹ ਪੀੜਤਾਂ ਦੀ ਮਦਦ ਲਈ ਧਾਰਮਿਕ ਅਸਥਾਨਾਂ ਤੋਂ ਅਨਾਊਂਸਮੈਂਟਾਂ ਤੇ ਸਰਬੱਤ ਦੇ ਭਲੇ ਦੀਆਂ ਅਰਦਾਸਾਂ ਹੋਣ ਲੱਗੀਆਂ। ਦੇਖਦੇ ਹੀ ਦੇਖਦੇ ਪਿੰਡਾਂ ਦੇ ਪਿੰਡ ਆਪਣੀਆਂ ਮੁਸੀਬਤਾਂ ਨੂੰ ਛੋਟਾ ਸਮਝਦੇ ਹੋਏ, ਦਰਿਆਵਾਂ ਨੇੜੇ ਵਸਦੇ ਆਪਣੇ ਭਰਾਵਾਂ ਦੀ ਵੱਡੀ ਮੁਸੀਬਤ ਠੱਲ੍ਹਣ ਲਈ ਅੱਗੇ ਹੋ ਤੁਰੇ। ਲੋਕਾਂ ਨੇ ਵਿੱਤੋਂ ਵਧ ਕੇ ਦਾਨ ਪੁੰਨ ਕੀਤਾ। ਇਸ ਔਖੀ ਘੜੀ 'ਚ ਬੇਗਾਨਿਆਂ ਤੋਂ ਮਦਦ ਦੀ ਉਮੀਦ ਨੂੰ ਦਰਕਿਨਾਰ ਕਰ ਕੇ ਆਪਣੇ ਲੋਕ ਆਪਣਿਆਂ ਦੀ ਮਦਦ ਲਈ ਇਕ ਵੱਖ਼ਰਾ ਜਨੂੰਨ ਲੈ ਕੇ ਕਾਫ਼ਲਿਆਂ ਦੇ ਰੂਪ 'ਚ ਗੱਡੀਆਂ, ਟਰਾਲੀਆਂ, ਟਰੱਕਾਂ ਰਾਹੀਂ ਹਰ ਪ੍ਰਕਾਰ ਦੀ ਸਹਾਇਤਾ ਲੈ ਕੇ ਤੁਰ ਪਏ। ਹੁਣ ਮਦਦ ਕਰਨ ਵਾਲੇ ਲੋਕਾਂ ਦਾ ਹੜ੍ਹ ਆ ਗਿਆ ਸੀ।

# ਹਯਾਤ ਨਗਰ ਦੇ ਵਿਕਾਸ ਕਾਰਜਾਂ ਲਈ 2.81 ਕਰੋੜ ਰੁਪਏ ਦੇ ਨੀਂਹ ਪੱਥਰ ਰੱਖੇ







ਹਯਾਤ ਨਗਰ, (ਸਾਡੇ ਲੋਕ) : ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਮਨ ਬਹਿਲ ਅਤੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਨੇ ਪਿੰਡ ਹਯਾਤ ਨਗਰ ਵਿਖੇ 2.81 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ।

ਇਸ ਰਾਸ਼ੀ ਨਾਲ ਪਿੰਡ ਦੀਆਂ ਗਲੀਆਂ ਵਿੱਚ ਇੰਟਰਲਾਕ ਟਾਈਲਾਂ, ਪਾਰਕ ਦਾ ਨਿਰਮਾਣ, ਛੱਪੜ ਦਾ ਸੁੰਦਰੀਕਰਨ, ਡਿਸਪੈਂਸਰੀ ਵਿੱਚ ਨਵਾਂ ਕਮਰਾ, ਫਿਰਨੀ ਦੀ ਉਸਾਰੀ ਅਤੇ ਗਰਾਊਂਡ ਤੇ ਜਿੰਮ ਦੇ ਵਿਕਾਸ ਵਰਗੇ ਕੰਮ ਕੀਤੇ ਜਾਣਗੇ। ਰਮਨ ਬਹਿਲ ਨੇ ਕਿਹਾ ਕਿ 'ਆਪ' ਸਰਕਾਰ ਨੇ ਕਰਜ਼ੇ ਵਿੱਚ ਡੁੱਬੇ ਨਗਰ ਸੁਧਾਰ ਟਰੱਸਟ ਨੂੰ ਮੁਨਾਫ਼ੇ ਵਿੱਚ ਲਿਆਂਦਾ ਹੈ, ਜਿਸ ਸਦਕਾ ਹੁਣ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਦਾ ਵੀ ਵਿਕਾਸ ਕਰਵਾਇਆ ਜਾ ਰਿਹਾ ਹੈ।

# ਅਮਰੀਕੀ ਇਮੀਗ੍ਰੇਸ਼ਨ ਕਰੈਕਡਾਊਨ ਦੇ ਸਫਲ ਮਾਡਲ ਦਾ ਹਵਾਲਾ ਦੇ ਕੇ ਟਰੰਪ ਨੇ ਯੂਰਪੀਅਨ ਮੁਲਕਾਂ ਨੂੰ ਵਿਦੇਸ਼ੀਆਂ 'ਤੇ ਕਾਰਵਾਈ ਲਈ ਕਿਹਾ

ਸਾਨ ਫਰਾਂਸਿਸਕੋ/ਸੈਕਰਾਮੈਂਟ, (ਹੁਸਨ ਲੜੋਆ ਬੰਗਾ) : ਸੰਯੁਕਤ ਰਾਸ਼ਟਰ ਦੇ ਨਿਊਯਾਰਕ ਸਥਿਤ ਜਨਰਲ ਅਸੈਂਬਲੀ ਹਾਲ ਵਿਚ ਇਸ ਦੀ ਸਥਾਪਨਾ ਦੇ 80ਵੇਂ ਵਰ੍ਹੇ ਮੌਕੇ ਬੋਲਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਸੇ ਦੀ ਕੋਈ ਪ੍ਰਵਾਹ ਕੀਤੇ ਬਿਨਾਂ ਸੰਯੁਕਤ ਰਾਸ਼ਟਰ ਨੂੰ ਵਾਧੂ, ਬੇਅਸਰ, ਭ੍ਰਿਸ਼ਟ ਤੇ ਨੁਕਸਾਨਦੇਹ ਕਰਾਰ ਦਿੱਤਾ। ਟਰੰਪ ਪਿਛਲੇ 6 ਸਾਲਾਂ 'ਚ ਪਹਿਲੀ ਵਾਰ ਇਸ ਸੰਸਥਾ ਦੇ ਆਂਗਣ ਪੁੱਜੇ ਸਨ। ਅਮਰੀਕੀ ਵਿਚ ਸਫਲ ਇਮੀਗ੍ਰੇਸ਼ਨ ਕਰੈਕਡਾਊਨ ਮਾਡਲ ਦਾ ਹਵਾਲਾ ਦਿੰਦਿਆਂ ਟਰੰਪ ਨੇ ਸਮੂਹ ਯੂਰਪੀ ਦੇਸ਼ਾਂ ਨੂੰ ਆਪਣੀਆਂ ਸਰਹੱਦਾਂ ਮੁਕੰਮਲ ਤੌਰ 'ਤੇ ਸੀਲ ਕਰਕੇ ਵਿਦੇਸ਼ੀਆਂ ਨੂੰ ਇਹ ਕਹਿ ਕੇ ਬਾਹਰ ਕੱਢਣ ਲਈ ਕਿਹਾ ਕਿ ਆਪਣੇ ਖ਼ੂਨ ਤੇ ਆਪਣੀ ਮਿੱਟੀ ਵਾਲੇ ਨੂੰ ਇਮੀਗ੍ਰੇਸ਼ਨ ਦਿਓ ਤੇ ਉਸ ਨੇ ਚਿਤਾਵਨੀ ਦਿੱਤੀ ਕਿ ਖੁੱਲ੍ਹੀਆਂ ਸਰਹੱਦਾਂ ਦੇ ਨਾਕਾਮ ਤਜ਼ਰਬੇ ਨੂੰ ਖਤਮ ਕਰਨ ਦਾ ਸਮਾਂ ਆ ਗਿਆ ਹੈ। ਇਹ ਸਭ ਤੁਹਾਨੂੰ ਹੁਣੇ ਹੀ ਖਤਮ ਕਰਨਾ ਪਵੇਗਾ ਕਿਉਂਕਿ ਤੁਹਾਡੇ ਦੇਸ਼ ਨਰਕ ਬਣਨ ਵੱਲ ਵਧ ਰਹੇ ਹਨ। ਟਰੰਪ ਨੇ ਸੰਯੁਕਤ ਰਾਸ਼ਟਰ 'ਤੇ ਗਲੋਬਲ ਮਾਈਗ੍ਰੇਸ਼ਨ ਏਜੰਡਾ ਚਲਾਉਣ ਦਾ ਦੋਸ਼ ਲਗਾਉਂਦਿਆਂ ਹਾਜਰ ਮੁਲਕਾਂ ਦੇ ਆਗੂਆਂ ਨੂੰ ਕਿਹਾ ਕਿ ਇਹ ਸੰਸਥਾ ਤੁਹਾਡੇ ਦੇਸ਼ਾਂ 'ਤੇ ਹਮਲੇ ਲਈ ਫੰਡਿੰਗ ਕਰ ਰਹੀ ਹੈ। ਆਪਣੀ ਪ੍ਰਸੰਸਾਂ ਤੇ ਦਾਅਵਿਆਂ 'ਚ ਟਰੰਪ ਨੇ ਕਿਹਾ ਕਿ ਉਸ ਨੇ ਆਪਣੇ ਸਿਰਫ 8 ਮਹੀਨਿਆਂ ਦੇ ਰਾਜ ਭਾਗ 'ਚ 7 ਲੜਾਈਆਂ ਬੰਦ ਕਰਵਾਈਆਂ ਹਨ ਤੇ ਸੰਯੁਕਤ ਰਾਸ਼ਟਰ ਬਿਆਨਬਾਜ਼ੀ ਤੋਂ ਅਗਾਂਹ ਨਹੀਂ ਤੁਰ ਸਕਿਆ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟਰੇਸ ਦੀ ਹਾਜ਼ਰੀ 'ਚ ਟਰੰਪ ਨੇ ਸਿਰਫ ਐਲ ਸੈਲਵਾਡੋਰ ਦੀ ਸਿਫਤ ਕੀਤੀ ਕਿ ਇਸ ਮੁਲਕ ਨੇ ਅਮਰੀਕਾ ਵਿਚ ਦਾਖਲ ਹੋਏ ਅਪਰਾਧੀਆਂ ਨੂੰ ਜੇਲ੍ਹਾਂ 'ਚ ਸੁੱਟਣ ਦਾ ਸਫਲ ਤੇ ਪੇਸ਼ਾਵਰ ਕੰਮ ਕੀਤਾ ਹੈ। ਉਸ ਨੇ ਗਰੀਨ ਐਨਰਜੀ ਪ੍ਰੋਗਰਾਮਾਂ 'ਤੇ ਵੀ ਹਮਲਾ ਕੀਤਾ ਅਤੇ ਕਿਹਾ ਕਿ ਇਹ ਵਿਕਸਤ ਦੇਸ਼ਾਂ ਤੋਂ ਮੈਨੂਫੈਕਚਰਿੰਗ ਤਾਕਤ ਲੈ ਕੇ ਉਨ੍ਹਾਂ ਦੇਸ਼ਾਂ ਨੂੰ ਦੇ ਰਹੇ ਹਨ ਜੋ ਪ੍ਰਦੂਸ਼ਣ ਕਰਦੇ ਹਨ ਤੇ ਨਿਯਮ ਤੋੜ ਕੇ ਪੈਸਾ ਕਮਾ ਰਹੇ ਹਨ। ਇਸ ਤੋਂ ਵੱਡੀ ਠੱਗੀ ਕੋਈ ਹੋਰ ਨਹੀਂ। ਇਥੋਂ ਤੱਕ ਫਿਰ ਕਹਿ ਦਿੱਤਾ ਕਿ ਪੈਰਿਸ ਮੌਸਮੀ ਸਮਝੌਤੇ ਤਹਿਤ ਮੌਸਮੀ ਤਬਦੀਲੀ ਦਾ ਢੰਡੋਰਾ ਦੁਨੀਆ ਦਾ ਸਭ ਤੋਂ ਵੱਡਾ ਧੋਖਾ ਹੈ। ਉਨ੍ਹਾਂ ਹਵਾ ਦੇ ਟਰਬਾਈਨਾਂ ਵਰਗੇ ਨਵੀਨੀਕਰਨਯੋਗ ਸਰੋਤਾਂ ਦਾ ਮਖੌਲ ਉਡਾਉਂਦਿਆਂ ਕਿਹਾ ਕਿ ਹਰਾ ਏਜੰਡਾ ਦੇਸ਼ਾਂ ਨੂੰ ਬਰਬਾਦੀ ਦੇ ਕੰਢੇ ਲੈ ਆਇਆ ਹੈ। ਯੂਕਰੇਨ ਜੰਗ ਦੇ ਸੰਬੰਧ 'ਚ ਕਿਹਾ ਕਿ ਉਹ ਰੂਸ 'ਤੇ ਭਾਰੀ ਟੈਰਿਫ਼ ਲਗਾਉਣ ਦੀ ਪੇਸ਼ਕਸ਼ ਕਰੇਗਾ ਪਰ ਯੂਰਪੀ ਦੇਸ਼ਾਂ ਨੂੰ ਸਭ ਤੋਂ ਪਹਿਲਾਂ ਰੂਸੀ ਊਰਜਾ ਖਰੀਦਣੀ ਬੰਦ ਕਰਨੀ ਪਵੇਗੀ। ਚੀਨ ਤੇ ਭਾਰਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਫਿਰ ਦੋਹਾਂ ਮੁਲਕਾਂ 'ਤੇ ਜੰਗ ਨੂੰ ਪੈਸਾ ਦੇਣ ਦਾ ਇਲਜਾਮ ਲਗਾਇਆ। ਟਰੰਪ ਨੇ ਇਥੋਂ ਤੱਕ ਵੀ ਕਿਹਾ ਕਿ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕਈ ਨਾਟੋ ਦੇਸ਼ ਅਜੇ ਵੀ ਰੂਸੀ ਊਰਜਾ ਲੈ ਕੇ ਆਪਣੇ ਵਿਰੁੱਧ ਹੀ ਜੰਗ ਨੂੰ ਫੰਡ ਦੇ ਰਹੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸੰਸਾਰ ਨੂੰ ਪਰਮਾਣੂ ਹਥਿਆਰਾਂ ਦੇ ਫੈਲਾਅ ਨੂੰ ਰੋਕਣ ਲਈ ਇਕੱਠੇ ਹੋਣਾ ਪਵੇਗਾ ਅਤੇ ਜੈਵਿਕ ਹਥਿਆਰਾਂ ਦੀ ਵਰਤੋਂ ਰੋਕਣ ਲਈ ਨਵੀਂਆਂ ਕੋਸ਼ਿਸ਼ਾਂ ਸ਼ੁਰੂ ਕਰਨੀਆਂ ਪੈਣਗੀਆਂ ਵਰਨਾ ਜੇ ਕਦੇ ਇਹ ਵਰਤ ਲਏ ਗਏ ਤਾਂ ਦੁਨੀਆਂ ਤਬਾਹ ਹੋ ਜਾਏਗੀ ਤੇ ਬਚੇਗਾ ਸੰਯੁਕਤ ਰਾਸ਼ਟਰ ਵੀ ਨਹੀਂ। ਭਾਸ਼ਣ ਤੋਂ ਕੁਝ ਦੇਰ ਬਾਅਦ ਜਦੋਂ ਟਰੰਪ ਦੀ ਮੁਲਾਕਾਤ ਐਂਟੋਨੀਓ ਗੁਟਰੇਸ ਨਾਲ ਆਹਮੋ-ਸਾਹਮਣੇ ਹੋਈ ਤਾਂ ਟਰੰਪ ਦੇ ਤੇਵਰ ਬਦਲੇ ਹੋਏ ਵੀ ਨਜ਼ਰ ਆਏ ਜਦੋਂ ਉਨ੍ਹਾਂ ਨੇ ਗੁਟਰੇਸ ਨੂੰ ਕਿਹਾ ਅਮਰੀਕਾ ਸੰਯੁਕਤ ਰਾਸ਼ਟਰ ਨਾਲ ਪੂਰੀ ਤਰ੍ਹਾਂ ਖੜ੍ਹਾ ਹੈ। ਮੈਂ ਕਦੇ-ਕਦੇ ਇਸ ਨਾਲ ਅਸਹਿਮਤ ਹੁੰਦਾ ਹਾਂ ਪਰ ਉਂਜ ਇਸ ਦੇ ਨਾਲ ਹਾਂ ਕਿਉਂਕਿ ਇਸ ਸੰਸਥਾ ਵਿਚ ਸ਼ਾਂਤੀ ਲਈ ਵੱਡੀ ਸੰਭਾਵਨਾ ਹੈ।



# ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜਨਗਣਨਾ 2026-27 ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਨੂੰ ਦਿੱਤੇ ਦਿਸ਼ਾ-ਨਿਰਦੇਸ਼

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਅਗਾਮੀ ਜਨਗਣਨਾ 2026-27 ਦੇ ਸੁਚਾਰੂ ਢੰਗ ਨਾਲ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰ 'ਤੇ ਇਕ ਮਹੱਤਵਪੂਰਨ ਮੀਟਿੰਗ ਹੋਈ। ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ ਅਮਰਬੀਰ ਕੌਰ ਭੁੱਲਰ, ਡਿਪਟੀ ਈ.ਐਸ.ਏ. ਸੁਨੀਤਾ ਪੋਲ ਅਤੇ ਏ.ਆਰ.ਓ ਪਵਨੀਤ ਕੌਰ ਸਮੇਤ ਸਬੰਧਤ ਅਧਿਕਾਰੀ ਮੌਜੂਦ ਸਨ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਮੁੱਖ ਸਕੱਤਰ ਪੰਜਾਬ ਕੇ.ਏ.ਪੀ ਸਿਨਹਾ ਵੱਲੋਂ ਹਾਲ ਹੀ ਵਿਚ ਜਾਰੀ ਨਿਰਦੇਸ਼ਾਂ ਦੇ ਸੰਦਰਭ ਵਿਚ ਜ਼ਿਲ੍ਹਾ ਪੱਧਰ 'ਤੇ ਤਿਆਰੀਆਂ ਦੀ ਸਮੀਖਿਆ ਕੀਤੀ। ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ 31 ਦਸੰਬਰ 2025 ਤੱਕ ਸ਼ਹਿਰਾਂ ਅਤੇ ਪਿੰਡਾਂ ਦੀਆਂ ਪ੍ਰਸ਼ਾਸਨਿਕ ਸੀਮਾਵਾਂ ਨੂੰ ਅੰਤਿਮ ਰੂਪ ਦੇਣਾ ਲਾਜ਼ਮੀ ਹੈ। ਇਸ ਸਬੰਧ ਵਿਚ ਪ੍ਰਾਪਤ ਰਿਪੋਰਟਾਂ ਦੀ ਦੁਬਾਰਾ ਜਾਂਚ ਲਈ ਏ.ਡੀ.ਸੀ ਨੂੰ ਸ਼ਹਿਰੀ ਹਲਕਿਆਂ ਅਤੇ ਐਸ.ਡੀ.ਐਮਜ਼ ਨੂੰ ਪੇਂਡੂ ਹਲਕਿਆਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਨਗਣਨਾ ਕਾਰਜ ਇਕ ਰਾਸ਼ਟਰੀ ਮਹੱਤਵਪੂਰਨ ਜ਼ਿੰਮੇਵਾਰੀ ਹੈ, ਇਸ ਲਈ ਸਾਰੇ ਸਬੰਧਤ ਅਧਿਕਾਰੀ ਸਮਾਂਬੱਧ ਢੰਗ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣ। ਉਨ੍ਹਾਂ ਜ਼ਿਲ੍ਹਾ ਪੱਧਰ 'ਤੇ ਸਥਾਪਿਤ ਜਨਗਣਨਾ ਸੈੱਲ ਦੀ ਕਾਰਜਪ੍ਰਣਾਲੀ ਨੂੰ ਵੀ ਹੋਰ ਸਰਗਰਮ ਬਣਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਸਾਰੀਆਂ ਗਤੀਵਿਧੀਆਂ ਨਿਰਧਾਰਤ ਕੈਲੰਡਰ ਅਨੁਸਾਰ ਸਮੇਂ ਸਿਰ ਪੂਰੀਆਂ ਕੀਤੀਆਂ ਜਾ ਸਕਣ।

# ਆਦਿ ਧਰਮ ਸਤਿਸੰਗ ਸਮਾਗਮ 'ਚ ਸੰਤ ਸਤਵਿੰਦਰ ਹੀਰਾ ਨੇ ਸੰਗਤਾਂ ਨੂੰ ਏਕਤਾ, ਪਿਆਰ ਤੇ ਭਾਈਚਾਰਕ ਸਾਂਝ ਬਣਾਉਣ ਦੇ ਉਪਦੇਸ਼ ਨਾਲ ਜੋੜਿਆ







ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਮਲੋਟ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ ਆਦਿ ਧਰਮ ਸਤਿਸੰਗ ਸਮਾਗਮ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਬਹੁਤ ਸ਼ਰਧਾ ਪੂਰਵਕ ਕਰਵਾਏ ਗਏ ,ਜਿਸ ਵਿੱਚ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ, ਸੰਤ ਬੀਬੀ ਪੂਨਮ ਹੀਰਾ ਮੈਂਬਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਨੇ ਪਹੁੰਚਕੇ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਇਤਿਹਾਸ ਤੋਂ ਜਾਣੂ ਕਰਾਇਆ।

ਇਸ ਮੌਕੇ ਸੰਤ ਸਤਵਿੰਦਰ ਹੀਰਾ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਉਹ ਮਹਾਂਪੁਰਸ਼ ਸਦੀਆਂ ਤੱਕ ਯਾਦ ਕੀਤੇ ਜਾਂਦੇ ਹਨ, ਜਿਹਨਾਂ ਨੇ ਆਪਣੇ ਸਮੇਂ ਦੇ ਝੱਖੜਾਂ ਅਤੇ ਤੂਫਾਨਾਂ ਨੂੰ ਨਾ ਸਿਰਫ ਝੱਲਿਆ ਹੀ, ਸਗੋਂ ਉਹਨਾਂ ਵਿਚੋਂ ਵਿਚਰਦੇ ਹੋਏ ਆਪਣੀ ਮਾਨਵਤਾ-ਪੱਖੀ ਸਮਦ੍ਰਿਸ਼ਟੀ ਵਾਲੀ ਸੋਚ ਜਾਗਦੀ ਰੱਖੀ। ਆਪਣੇ ਵੇਲੇ ਦੇ ਸਥਾਪਿਤ ਨਿਜਾਮ ਨੂੰ ਅਤੇ ਹਰ ਇਨਸਾਨੀਅਤ ਦੇ ਦੁਸ਼ਮਣ ਨੂੰ ਵੰਗਾਰਿਆ। ਅਜਿਹੇ ਵਿਅਕਤੀ, ਵਿਅਕਤੀ ਨਾ ਹੋ ਕੇ ਇੱਕ ਦੈਵੀ ਸ਼ਖ਼ਸੀਅਤ ਬਣ ਜਾਂਦੇ ਹਨ। ਉਹਨਾਂ ਨੂੰ ਸਿਰਫ ਧਾਰਮਿਕ ਵਿਅਕਤੀ ਜਾਂ ਉਹਨਾਂ ਦੇ ਸ਼ਰਧਾਲੂ ਹੀ ਯਾਦ ਨਹੀਂ ਕਰਦੇ ਸਗੋਂ ਯੁੱਗਾਂ ਯੁੱਗਾਂ ਤੱਕ ਉਹਨਾਂ ਦੇ ਜਗਾਏ ਦੀਪ ਤੋਂ ਆਉਣ ਵਾਲੀਆਂ ਪੀੜ੍ਹੀਆਂ ਰੋਸ਼ਨੀ ਲੈਂਦੀਆਂ ਰਹਿੰਦੀਆਂ ਹਨ। ਅਜਿਹੇ ਹੀ ਇੱਕ ਸੰਤ-ਇਨਕਲਾਬੀ ਰਹਿਬਰ ਸਤਿਗੁਰੂ ਰਵਿਦਾਸ ਜੀ ਹੋਏ ਹਨ ਜਿਹਨਾਂ ਦੇ ਚਰਨਾਂ ਨਾਲ ਜੁੜਕੇ ਕਰੋੜਾਂ ਕਰੋੜਾਂ ਜੀਵਾਂ ਦਾ ਸੰਸਾਰ ਤੋਂ ਪਾਰ ਉਤਾਰਾ ਹੋ ਗਿਆ।

ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਅੱਜ ਲੋੜ ਹੈ ਸਤਿਗੁਰੂ ਰਵਿਦਾਸ ਮਹਾਰਾਜ ਜੀ ਬਾਣੀ 'ਸਤਿਸੰਗਤ ਮਿਲਿ ਰਹੀਏ ਮਾਧੋ ਜੈਸੇ ਮਧੁਪ ਮਖੀਰਾ' ਅਤੇ 'ਮਾਧੋ ਅਵਿੱਦਿਆ ਹਿੱਤ ਕੀਨ ਵਿਵੇਕ ਦੀਪ ਮਲੀਨ' ਤੋਂ ਪ੍ਰੇਰਨਾ ਲੈ ਕੇ ਸਮਾਜ ਵਿਚ ਏਕਤਾ,ਭਾਈਚਾਰਾ ਬਣਾਇਆ ਜਾਵੇ ਅਤੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਸਮਾਜ ਨੂੰ ਸਿੱਖਿਅਤ ਸਮਾਜ ਬਣਾਇਆ ਜਾਵੇ । ਓਨਾਂ ਕਿਹਾ ਆਓ ਸਾਰੇ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਅਤੇ ਬਾਬੂ ਕਾਂਸ਼ੀ ਰਾਮ ਵਲੋਂ ਸਥਾਪਿਤ ਕੀਤੀ ਮਾਨਵਤਾ ਪੱਖੀ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪਰਿਵਰਤਨ ਦੀ ਕ੍ਰਾਂਤੀਕਾਰੀ ਲਹਿਰ ਨੂੰ ਘਰ ਘਰ ਉਜਾਗਰ ਕਰਕੇ ਆਉਣ ਵਾਲੀਆਂ ਪੀੜੀਆਂ ਦਾ ਭਵਿੱਖ ਉੱਜਵਲ ਤੇ ਖ਼ੁਸ਼ਹਾਲ ਬਣਾਇਆ ਜਾ ਸਕੇ।

ਸੰਤ ਹੀਰਾ ਨੇ ਦੱਸਿਆ ਕਿ ਬੱਚਿਆਂ ਨੂੰ ਸਿੱਖਿਅਤ ਬਣਾਉਣ ਲਈ ਬਹੁਤ ਜਲਦ ਹੀ ਸ੍ਰੀ ਖੁਰਾਲਗੜ ਸਾਹਿਬ ਵਿਖੇ ਸਿੱਖਿਆ ਦੇ ਵੱਡੇ ਪ੍ਰੋਜੈਕਟ ਆਰੰਭ ਕੀਤੇ ਜਾਣਗੇ। ਇਸ ਮੌਕੇ ਪ੍ਰਵੀਨ ਕੁਮਾਰ ਪ੍ਰਧਾਨ, ਰਾਜ ਕੁਮਾਰ ਵਾਈਸ ਪ੍ਰਧਾਨ, ਸੰਜੀਵ ਕੁਮਾਰ ਸੈਕਟਰੀ, ਦੇਸ਼ ਰਾਜ ਸਰਪ੍ਰਸਤ, ਸਤੀਸ਼ ਕੁਮਾਰ, ਰਾਮ ਪ੍ਰਕਾਸ਼, ਰਾਜ ਕੁਮਾਰ, ਮਨੋਜ ਕੁਮਾਰ, ਸੁਖਦੇਵ ਕੁਮਾਰ, ਕ੍ਰਿਸ਼ਨ ਲਾਲ, ਸੀਤਲ, ਵਿਨੋਦ ਕੁਮਾਰ, ਰਕੇਸ਼ ਕੁਮਾਰ, ਅਮਰਜੀਤ, ਨਿਰਮਲ, ਅਨਿਲ, ਹੰਸ ਰਾਜ, ਸੁਨੀਲ ਪਵਨ, ਕੁਮਾਰ ਸੰਦੀਪ,ਪ੍ਰਕਾਸ਼ ਕੁਮਾਰ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਕੀਤੀ ਜਾ ਰਹੀ ਉਗਰਾਹੀ ਲਈ ਵੱਖ-ਵੱਖ ਪਿੰਡਾਂ ਵੱਲੋਂ ਰਾਸ਼ੀ ਭੇਟ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਵੱਲੋਂ ਹੜ੍ਹ ਪੀੜਤਾਂ ਲਈ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਹਲਕਾ ਚੱਬੇਵਾਲ ਦੇ ਅਕਾਲੀ ਆਗੂਆਂ ਵਲੋਂ ਵੀ ਇਸ ਮਹਾਨ ਕਾਰਜ ਵਿੱਚ ਯੋਗਦਾਨ ਪਾਉਣ ਲਈ ਯਤਨ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਪਿੰਡ ਬਹਿਬਲਪੁਰ ਤੋਂ ਸ਼ਿੰਗਾਰਾ ਸਿੰਘ ਬਹਿਬਲਪੁਰ ਵੱਲੋਂ 1,25,000, ਸਰਵਿੰਦਰ ਸਿੰਘ ਠੀਂਡਾ ਵਲੋਂ 10,000, ਮਹਿੰਦਰ ਸਿੰਘ ਸਾਬਕਾ ਸਰਪੰਚ ਬਹਿਬਲਪੁਰ ਵਲੋਂ 10,000 ਜੋਗਾ ਸਿੰਘ ਦਾਤਾ ਵਲੋ 10,000, ਸੰਘਾ ਗੀਹਲਾ 10,000 ਰੁਪਏ ਦੀ ਰਾਸ਼ੀ ਨਿਰਮਲ ਸਿੰਘ ਭੀਲੋਂਵਾਲ, ਜਥੇਦਾਰ ਇਕਬਾਲ ਸਿੰਘ ਖੇੜਾ, ਸਰਵਿੰਦਰ ਸਿੰਘ ਠੀਂਡਾ ਤੇ ਸਤਨਾਮ ਸਿੰਘ ਚੱਗਰਾਂ ਨੂੰ ਭੇਟ ਕੀਤੀ। ਇਸ ਮੌਕੇ ਜਥੇਦਾਰ ਇਕਬਾਲ ਸਿੰਘ ਖੇੜਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਪਹਿਲੇ ਦਿਨ ਤੋਂ ਹੀ ਹੜ੍ਹ ਪੀੜਤਾਂ ਦੀ ਗਰਾਊਂਡ ਲੈਵਲ 'ਤੇ ਜਾ ਕੇ ਹਰ ਤਰ੍ਹਾਂ ਦੀਆਂ ਸੇਵਾਵਾਂ ਵਿੱਚ ਹਿੱਸਾ ਪਾ ਰਹੇ ਹਨ ਤੇ ਆਪਾਂ ਵੀ ਸਾਰੇ ਇਨ੍ਹਾਂ ਸੇਵਾਵਾਂ ਵਿੱਚ ਬਣਦਾ ਯੋਗਦਾਨ ਪਾਈਏ ਨਾਲ ਹੀ ਉਨ੍ਹਾਂ ਨੇ ਸਭ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਜਸਵੀਰ ਸਿੰਘ ਭੱਟੀ, ਅਮਰਜੀਤ ਸਿੰਘ ਜਾਂਗਲੀਵਾਲ, ਬੂਟਾ ਸਿੰਘ ਕੋਟ ਫ਼ਤੂਹੀ, ਰਣਜੋਧ ਸਿੰਘ ਨਡਾਲੋਂ, ਸਤਨਾਮ ਸਿੰਘ, ਜਸਵੀਰ ਸਿੰਘ, ਪੰਚ ਜਸਵਿੰਦਰ ਕੌਰ, ਕੁਲਵੀਰ ਸਿੰਘ, ਲਖਵੀਰ ਸਿੰਘ ਇਟਲੀ ਆਦਿ ਹਾਜਰ ਸਨ।



# ਤਾਈਵਾਨ ਅਤੇ ਫਿਲੀਪੀਨਜ਼ ਵਿੱਚ ਦਰਜਨਾਂ ਲੋਕਾਂ ਦੀ ਮੌਤ; ਹਾਂਗਕਾਂਗ ਅਤੇ ਦੱਖਣੀ ਚੀਨ ਪ੍ਰਭਾਵਿਤ

ਸ਼ੇਨਜ਼ੇਨ (ਚੀਨ) : ਸਭ ਤੋਂ ਸ਼ਕਤੀਸ਼ਾਲੀ ਤੂਫ਼ਾਨ ਰਗਾਸਾ (Ragasa) ਨੇ ਤਾਈਵਾਨ ਅਤੇ ਫਿਲੀਪੀਨਜ਼ ਵਿੱਚ ਮੌਤਾਂ ਅਤੇ ਤਬਾਹੀ ਮਚਾਉਣ ਤੋਂ ਬਾਅਦ ਹਾਂਗਕਾਂਗ ਦੇ ਸਮੁੰਦਰੀ ਕਿਨਾਰਿਆਂ 'ਤੇ ਲੈਂਪਪੋਸਟਾਂ ਤੋਂ ਵੀ ਉੱਚੀਆਂ ਲਹਿਰਾਂ ਬਣਾਈਆਂ ਅਤੇ ਦੱਖਣੀ ਚੀਨ ਦੇ ਤੱਟ 'ਤੇ ਸਮੁੰਦਰ ਨੂੰ ਖ਼ਤਰਨਾਕ ਬਣਾ ਦਿੱਤਾ।

ਤਾਈਵਾਨ ਵਿੱਚ ਬੁੱਧਵਾਰ ਨੂੰ ਹੜ੍ਹਾਂ ਕਾਰਨ ਇੱਕ ਕਾਉਂਟੀ ਵਿੱਚ ਸੜਕਾਂ ਡੁੱਬ ਗਈਆਂ ਅਤੇ ਵਾਹਨ ਵਹਿ ਗਏ, ਜਿਸ ਕਾਰਨ 17 ਲੋਕਾਂ ਦੀ ਮੌਤ ਹੋ ਗਈ ਅਤੇ ਉੱਤਰੀ ਫਿਲੀਪੀਨਜ਼ ਵਿੱਚ 10 ਮੌਤਾਂ ਦੀ ਖ਼ਬਰ ਮਿਲੀ ਹੈ। ਚੀਨ ਦੀ ਸਰਕਾਰੀ ਨਿਊਜ਼ ਏਜੰਸੀ ਸਿਨਹੁਆ ਨੇ ਦੱਸਿਆ ਕਿ ਦੱਖਣੀ ਚੀਨ ਦੇ ਆਰਥਿਕ ਪਾਵਰਹਾਊਸ, ਗੁਆਂਗਡੋਂਗ ਸੂਬੇ ਵਿੱਚ 20 ਲੱਖ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਚੁਆਂਡਾਓ ਕਸਬੇ ਦੇ ਇੱਕ ਮੌਸਮ ਸਟੇਸ਼ਨ ਨੇ ਦੁਪਹਿਰ ਵੇਲੇ 241 ਕਿਲੋਮੀਟਰ ਪ੍ਰਤੀ ਘੰਟਾ (ਲਗਭਗ 150 ਮੀਲ ਪ੍ਰਤੀ ਘੰਟਾ) ਦੀ ਰਫ਼ਤਾਰ ਦੀਆਂ ਹਵਾਵਾਂ ਦਰਜ ਕੀਤੀਆਂ, ਜੋ ਕਿ ਜਿਆਂਗਮੇਨ ਸ਼ਹਿਰ ਵਿੱਚ ਰਿਕਾਰਡ ਰੱਖਣ ਦੀ ਸ਼ੁਰੂਆਤ ਤੋਂ ਬਾਅਦ ਦਾ ਸਭ ਤੋਂ ਉੱਚਾ ਪੱਧਰ ਹੈ।

ਸਰਕਾਰੀ ਪ੍ਰਸਾਰਕ ਸੀਸੀਟੀਵੀ ਨੇ ਦੱਸਿਆ ਕਿ ਤੂਫ਼ਾਨ ਨੇ ਸ਼ਾਮ 5 ਵਜੇ ਦੇ ਕਰੀਬ ਯਾਂਗਜਿਆਂਗ ਸ਼ਹਿਰ ਵਿੱਚ ਹੇਲਿੰਗ ਟਾਪੂ ਦੇ ਤੱਟ 'ਤੇ ਦਸਤਕ ਦਿੱਤੀ।



# ਕਾਲੀ ਬਾੜੀ ਸਿੱਧ ਪੀਠ ਮੰਦਰ ਵੱਲੋਂ ਇਲਾਕੇ ਦੇ ਲੋੜਵੰਦ ਲੋਕਾਂ ਦੀ ਸਹਾਇਤਾ ਕੀਤੀ ਜਾਂਦੀ ਹੈ : ਪੰਡਤ ਸੁਰੇਸ਼ ਕੁਮਾਰ ਸ਼ਰਮਾ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਨਵਰਾਤਰਿਆਂ ਦੇ ਸ਼ੁਭ ਮੌਕੇ ’ਤੇ ਕਾਲੀ ਬਾੜੀ ਸਿੱਧ ਪੀਠ ਮੰਦਰ ਹੁਸ਼ਿਆਰਪੁਰ ਦੇ ਮੁੱਖ ਸੰਚਾਲਕ ਪੰਡਤ ਸੁਰੇਸ਼ ਕੁਮਾਰ ਸ਼ਰਮਾ ਸ਼ਾਸਤਰੀ ਹੋਰਾਂ। ਨਾਲ ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਵਲੋਂ ਕੀਤੀ ਗਈ ਵਿਸ਼ੇਸ਼ ਗੱਲਬਾਤ ਜਿਸ ਦੌਰਾਨ ਪੰਡਤ ਜੀ ਨੇ ਦੱਸਿਆ ਕਿ ਇਲਾਕੇ ਦੇ ਲੋੜਵੰਦ ਲੋਕਾਂ ਮੰਦਰ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ। ਜੋ ਲੋਕ ਸਹਾਇਤਾ ਲਈ ਆਉਂਦੇ ਹਨ, ਉਹਨਾਂ ਦੀ ਸਹਾਇਤਾ ਮੰਦਰ ਵੱਲੋਂ ਕੀਤੀ ਜਾਂਦੀ ਹੈ ਤੇ ਇਹ ਸਹਾਇਤਾ ਗੱਲੇ ਵਿੱਚ ਆਉਣ ਵਾਲੇ ਦਾਨ ਨਾਲ ਕੀਤੀ ਜਾਂਦੀ ਹੈ, ਜੋ ਮਾਇਆ ਰੂਪੀਂ ਸ਼ਰਧਾਲੂਆਂ ਦਾ ਭਾਵ ਹੈ। ਉਹਨਾਂ ਇਹ ਵੀ ਕਿਹਾ ਕਿ ਮੰਦਰ ਵੱਲੋਂ ਸਮੇਂ-ਸਮੇਂ ’ਤੇ ਸਮਾਜ ਸੇਵਾ, ਮੁਫ਼ਤ ਮੈਡੀਕਲ ਕੈਂਪ ਅਤੇ ਹੋਰ ਜਨ-ਹਿਤ ਕਾਰਜ ਕੀਤੇ ਜਾਂਦੇ ਹਨ। ਹਰ ਸਾਲ ਬਸੰਤ ਮੇਲੇ ਮੌਕੇ ਵਿਸ਼ਾਲ ਆਯੋਜਨ ਕੀਤਾ ਜਾਂਦਾ ਹੈ ਅਤੇ ਤੇ ਵਿਸ਼ਵ ਸ਼ਾਂਤੀ ਲਈ ਹਵਨ-ਯੱਗ ਵੀ ਕਰਵਾਏ ਜਾਂਦੇ ਹਨ। ਪੰਡਤ ਸੁਰੇਸ਼ ਕੁਮਾਰ ਸ਼ਰਮਾ ਸ਼ਾਸਤਰੀ ਨੇ ਕਿਹਾ ਕਿ ਗ੍ਰਿਹਸਥ ਜੀਵਨ ਵਿੱਚ ਰਹਿੰਦੇ ਹਰ ਇਨਸਾਨ ਨੂੰ ਆਪਣੇ ਜੀਵਨ ਵਿੱਚ ਭਗਵਾਨ ਦਾ ਸਿਮਰਨ ਕਰਨਾ ਬਹੁਤ ਜ਼ਰੂਰੀ ਹੈ। ਇਸ ਨਾਲ ਮਨੁੱਖ ਅਤੇ ਉਸਦੇ ਪਰਿਵਾਰ ‘ਤੇ ਭਗਵਾਨ ਦੀ ਕਿਰਪਾ ਸਦਾ ਬਣੀ ਰਹਿੰਦੀ ਹੈ,ਮੁਸ਼ਕਲ ਤੋਂ ਮੁਸ਼ਕਲ ਸਮੱਸਿਆਵਾਂ ਦਾ ਹੱਲ ਆਪ ਹੀ ਨਿਕਲ ਆਉਂਦਾ ਹੈ ਅਤੇ ਮਨੁੱਖ ਦੇ ਜੀਵਨ ਵਿੱਚ ਸੁੱਖ-ਸਮਰਿਧੀ ਅਤੇ ਖੁਸ਼ੀਆਂ ਦਾ ਨਿਵਾਸ ਹੁੰਦਾ ਹੈ।



# ਸਸਸਸ ਹਾਜੀਪੁਰ ਵਿਖੇ ਕੌਮੀ ਸੇਵਾ ਯੋਜਨਾ ਦਿਵਸ ਮਨਾਇਆ ਗਿਆ

## ਐਨ ਐਸ ਐਸ ਦਾ ਇਕ ਦਿਨਾ ਵਿਸ਼ੇਸ਼ ਕੈਂਪ ਲਗਾਇਆ




ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਲਲਿਤਾ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਸ੍ਰੀ ਪ੍ਰੀਤ ਕੋਹਲੀ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਹੁਸ਼ਿਆਰਪੁਰ ਦੀ ਅਗਵਾਈ ਹੇਠ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਜੀਪੁਰ ਵਿਖੇ ਕੌਮੀ ਸੇਵਾ ਯੋਜਨਾ ਦਿਵਸ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਸਮਰਜੀਤ ਸਿੰਘ ਪ੍ਰੋਗਰਾਮ ਅਫਸਰ ਵੱਲੋਂ ਸਵੇਰ ਦੀ ਸਭਾ ਵਿੱਚ ਕੌਮੀ ਸੇਵਾ ਯੋਜਨਾ ਬਾਰੇ ਜਾਣਕਾਰੀ ਦਿੱਤੀ ਗਈ। ਕੌਮੀ ਸੇਵਾ ਯੋਜਨਾ ਯੂਨਿਟ ਵੱਲੋਂ ਸਕੂਲ ਵਿੱਚ ਇੱਕ ਦਿਨਾਂ ਵਿਸ਼ੇਸ਼ ਕੈਂਪ ਲਗਾਇਆ ਗਿਆ ਜਿਸ ਵਿੱਚ 50 ਵਿਦਿਆਰਥੀਆਂ ਨੇ ਭਾਗ ਲਿਆ। ਸਕੂਲ ਮੁਖੀ ਪ੍ਰਿੰਸੀਪਲ ਸੰਜੀਵ ਕੁਮਾਰ ਵੱਲੋਂ ਕੈਂਪ ਦਾ ਉਦਘਾਟਨ ਕਰਦੇ ਹੋਏ ਵਿਦਿਆਰਥੀਆਂ ਨੂੰ ਦੇਸ਼ ਸੇਵਾ ਲਈ ਸਮਰਪਣ ਭਾਵ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ। ਕੌਮੀ ਸੇਵਾ ਯੋਜਨਾ ਯੂਨਿਟ ਦੇ ਪ੍ਰੋਗਰਾਮ ਅਫਸਰ ਸਮਰਜੀਤ ਸਿੰਘ ਲੈਕਚਰਾਰ ਅੰਗਰੇਜ਼ੀ ਨੇ ਕੈਂਪ ਦੌਰਾਨ ਹੋਣ ਵਾਲੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਐਨਐਸਐਸ ਦਿਵਸ ਦੀ ਮਹੱਤਤਾ ਬਾਰੇ ਚਰਚਾ ਕੀਤੀ। ਲੈਕਚਰਰ ਸੁਖਜੀਤ ਸਿੰਘ ਵੱਲੋਂ ਕੈਂਪਰ ਵਿਦਿਆਰਥੀਆਂ ਨੂੰ ਸੇਵਾ ਦੇ ਸੰਕਲਪ ਅਤੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਗਈ। ਕੈਂਪ ਵਿੱਚ ਵਲੰਟਰੀਆਂ ਵੱਲੋਂ ਸਕੂਲ ਦੇ ਸੁੰਦਰੀਕਰਨ ਅਤੇ ਸਵੱਛਤਾ ਵਿੱਚ ਪੂਰੇ ਜੋਸ਼ੋ ਖਰੋਸ਼ ਨਾਲ ਯੋਗਦਾਨ ਪਾਇਆ ਗਿਆ। ਕੈਂਪ ਵਿੱਚ ਸ਼ਾਮਿਲ ਵਲੰਟੀਅਰਾਂ ਵੱਲੋਂ ਦੇਸ਼ ਅਤੇ ਸਮਾਜ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੱਧ ਚੜ ਕੇ ਸ਼ਿਰਕਤ ਕਰਨ ਦਾ ਪ੍ਰਣ ਕੀਤਾ ਗਿਆ। ਇਸ ਮੌਕੇ ਲੈਕਚਰਾਰ ਬਜਿੰਦਰ ਸਿੰਘ, ਲੈਕਚਰਰ ਤਜਿੰਦਰ ਸਿੰਘ, ਮਹਿਲ ਸਿੰਘ ਅਤੇ ਹੋਰ ਅਧਿਆਪਕ ਹਾਜ਼ਰ ਸਨ।

# ਗੁਰੂ ਰਵਿਦਾਸ ਜੀ ਦੇ ਸਨਮਾਨ ’ਚ ਯਾਤਰਾ ਦਾ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਖੁਰਾਲਗੜ੍ਹ ਵਿਖੇ ਹੋਇਆ ਨਿੱਘਾ ਸਵਾਗਤ

## ਬੇਗਮਪੁਰਾ ਰਾਜ ਲਿਆਉਣ ਲਈ ਸੰਤ ਸਮਾਜ ਅੱਗੇ ਆਵੇ : ਕਰੀਮਪੁਰੀ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਗੁਰੂ ਰਵਿਦਾਸ ਜੀ ਦੇ ਸਨਮਾਨ ’ਚ ਬਹੁਜਨ ਸਮਾਜ ਪਾਰਟੀ ਵਲੋਂ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਦੀ ਅਗਵਾਈ ਹੇਠ ਪੰਜਾਬ ਸੰਭਾਲੋ ਮੁਹਿੰਮ ਤਹਿਤ ਵਿਸ਼ਾਲ ਸਨਮਾਨ ਯਾਤਰਾ ਇਤਿਹਾਸਕ ਅਸਥਾਨ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਖੁਰਾਲਗੜ ਸਾਹਿਬ ਪਹੁੰਚਣ ਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ (ਰਜਿ.) ਪੰਜਾਬ ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੌੜੇ, ਸੰਤ ਇੰਦਰ ਦਾਸ ਜਨਰਲ ਸਕੱਤਰ, ਸੰਤ ਵਿਨੈਮੁਨੀ ਜੰਮੂ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ ਦੀ ਅਗਵਾਈ ਹੇਠ ਨਿੱਘਾ ਸਵਾਗਤ ਕੀਤਾ ਗਿਆ। ਇਸ ਯਾਤਰਾ ਵਿਚ ਹਜਾਰਾਂ ਬਸਪਾ ਵਰਕਰਾਂ ਅਤੇ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਸ਼ਾਮਲ ਹੋਈਆਂ।

ਇਸ ਮੌਕੇ ਯਾਤਰਾ ਦਾ ਸਵਾਗਤ ਭੈਣ ਸੰਤੋਸ਼ ਕੁਮਾਰੀ ਨੇ ਗੁਰੂ ਰਵਿਦਾਸ ਜੀ ਦੇ ਚਰਨਛੋਹ ਇਤਿਹਾਸਕ ਅਸਥਾਨ ਨੂੰ ਸ਼ਰਾਬ ਦੇ ਠੇਕੇ ਅਤੇ ਨਜਾਇਜ ਬ੍ਰਾਂਚਾਂ ਖੋਲ ਨਸ਼ਿਆਂ ਦਾ ਗੜ੍ਹ ਬਣਾਉਣ ਦੀ ਘੋਰ ਨਿੰਦਿਆ ਕਰਦਿਆਂ ਕਿਹਾ ਕਿ ਸਰਕਾਰ ਸ੍ਰੀ ਖੁਰਾਲਗੜ੍ਹ ਸਾਹਿਬ ਨੂੰ ਨਸ਼ਾ ਮੁਕਤ ਪਵਿੱਤਰ ਅਸਥਾਨ ਐਲਾਨ ਕਰੇ।

ਇਸ ਮੌਕੇ ਡਾ. ਕਰੀਮਪੁਰੀ ਨੇ ਕਿਹਾ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦੀਆਂ ਬੇਅਦਬੀਆਂ ਦੇ ਵਿਰੁੱਧ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ’ਚ ਬਹੁਜਨ ਸਮਾਜ ਮੈਦਾਨ ਵਿੱਚ ਆ ਚੁੱਕਾ ਹੈ ਜਿਸਨੂੰ ਸੰਤ ਸਮਾਜ ਦਾ ਵੱਡਾ ਅਸ਼ੀਰਵਾਦ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਗੁਰੂ ਰਵਿਦਾਸ ਜੀ ਦੇ ਦਰਸਾਏ ਬੇਗਮਪੁਰਾ ਸ਼ਹਿਰ ਵਸਾਉਣ ਲਈ ਸੰਤ ਸਮਾਜ ਅੱਗੇ ਆਵੇ। ਉਨ੍ਹਾਂ ਕਿਹਾ 9 ਅਕਤੂਬਰ ਨੂੰ ਬਸਪਾ ਸੰਸਥਾਪਕ ਸ੍ਰੀ ਕਾਂਸ਼ੀ ਰਾਮ ਜੀ ਦੇ ਪਰੀਨਿਰਵਾਣ ਦਿਵਸ ਤੇ ਫਿਲੌਰ ਵਿਖੇ ਸੂਬਾ ਪੱਧਰੀ ਪੰਜਾਬ ਸੰਭਾਲੋ ਰੈਲੀ ਤੇ ਸੰਗਤਾਂ ਦਾ ਵੱਡਾ ਇਕੱਠ ਹੋਵੇਗਾ।

ਇਸ ਮੌਕੇ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਯੁੱਧ ਨਸ਼ਿਆਂ ਵਿਰੁੱਧ, ਸਿੱਖਿਆ ਨੀਤੀ, ਸਿਹਤ ਸਹੂਲਤਾਂ, ਲਾਅ ਐਂਡ ਆਰਡਰ ਹਰ ਪੱਖ ਤੋਂ ਫੇਲ ਸਾਬਿਤ ਹੋ ਰਹੀ ਹੈ। ਸਰਕਾਰ ਔਰਤਾਂ, ਬਜ਼ੁਰਗਾਂ ਤੇ ਬੱਚਿਆਂ ਨੂੰ ਸੁਰਖਿਆ ਪ੍ਰਦਾਨ ਕਰਨ ਵਿਚ ਬੁਰੀ ਤਰਾਂ ਫੇਲ ਸਾਬਿਤ ਹੋਈ ਹੈ। ਕਰੀਮਪੁਰੀ ਨੇ ਕਿਹਾ ਸਰਕਾਰ ਵਲੋਂ ਜਾਣਬੁੱਝ ਕੇ ਸ਼ਾਜਿਸ਼ ਤਹਿਤ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨਾਂ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤਾਂ ਨੂੰ ਬੇਅਦਵੀ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡ ਧਲੇਤਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਗੁਰੂ ਘਰ ਤੇ ਆਪ ਸਰਕਾਰ ਵੱਲੋਂ ਹਮਲਾ ਅਤੇ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਨਜਾਇਜ਼ ਬਰਾਂਚਾਂ ਅਤੇ ਸ਼ਰਾਬ ਦੇ ਖੋਲੇ ਠੇਕਿਆਂ ਨੂੰ ਬੰਦ ਕਰਾਉਣ ਲਈ ਪੰਜਾਬ ਦੀਆਂ ਸੰਗਤਾਂ ਅੰਦਰ ਭਾਰੀ ਗੁੱਸਾ, ਰੋਸ਼ ਅਤੇ ਜੋਸ਼ ਦੀ ਲਹਿਰ ਪੈਦਾ ਹੋ ਗਈ ਹੈ । ਉਨਾਂ ਕਿਹਾ ਚਾਂਗ ਬਿਸੋਈ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਆਪ ਸਰਕਾਰ ਵੱਲੋਂ ਗੁਰੂ ਘਰ ਨੂੰ ਪੰਚਾਇਤ ਘਰ ਵਿੱਚ ਬਦਲਣ ਦੀ ਕੋਸ਼ਿਸ਼ ਦੇ ਵਿਰੁੱਧ, ਗੁਰੂ ਰਵਿਦਾਸ ਗੁਰੂ ਘਰਾਂ ਨੂੰ ਮਹੱਲਾ ਕਲੀਨਿਕਾਂ ’ਚ ਬਦਲਣ ਦੀ ਕੋਸ਼ਿਸ਼ ਨੂੰ ਬਸਪਾ ਸਹਿਣ ਨਹੀਂ ਕਰੇਗੀ।

ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਆਰੰਭ ਹੋਈ ਵਿਸ਼ਾਲ ਸਨਮਾਨ ਯਾਤਰਾ ਪੰਜਾਬ ਦੀ ਰਾਜਨੀਤੀ ’ਚ ਨਵਾਂ ਪਰੀਨਿਰਵਾਨ ਲਿਆਵੇਗੀ।

ਇਸ ਮੌਕੇ ਪਾਰਟੀ ਸਟੇਟ ਕੋਆਰਡੀਨੇਟਰ ਅਜੀਤ ਸਿੰਘ ਭੈਣੀ, ਸਟੇਟ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ, ਸਟੇਟ ਕੋਆਰਡੀਨੇਟਰ ਐਡਵੋਕੇਟ ਰਜਿੰਦਰ ਕੁਮਾਰ, ਸਟੇਟ ਜਨਰਲ ਸਕੱਤਰ ਭਗਵਾਨ ਦਾਸ ਸਿੱਧੂ, ਹਰਜਿੰਦਰ ਕੌਰ ਕਰੀਮਪੁਰੀ, ਸਟੇਟ ਸੈਕਟਰੀ ਮਨਿੰਦਰ ਸ਼ੇਰਪੁਰੀ, ਸਟੇਟ ਸੈਕਟਰੀ ਸੁਖਦੇਵ ਬਿੱਟਾ, ਜ਼ਿਲਾ ਪ੍ਰਧਾਨ ਦਲਜੀਤ ਰਾਏ, ਐਡਵੋਕੇਟ ਧਰਮਿੰਦਰ ਦਾਦਰਾ ਜ਼ਿਲਾ ਜਨਰਲ ਸਕੱਤਰ, ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਚੱਬੇਵਾਲ, ਮਦਨ ਸਿੰਘ ਬੈਂਸ ਇੰਚਾਰਜ ਹੁਸ਼ਿਆਰਪੁਰ, ਸੁਰਜੀਤ ਮਹਿਮੀ,ਬਖਸ਼ੀਸ਼ ਭੀਮ ਅਤੇ ਹੋਰ ਪਾਰਟੀ ਲੀਡਰਸ਼ਿਪ ਵੀ ਹਾਜ਼ਰ ਸੀ।

# ਸੰਤ ਗੁਰਦਾਸ ਦਾਸ ਜੀ ਦੇ ਬਰਸੀ ਸਮਾਗਮ ਸਾਹਰੀ ਵਿਖੇ ਸ਼ਰਧਾਪੂਰਵਕ ਮਨਾਏ

## ਪ੍ਰਮੇਸ਼ਰ ਦਾ ਸਿਮਰਨ ਹੀ ਮਨੁੱਖ ਦੇ ਸੰਸਾਰਿਕ ਰੋਗਾਂ ਦਾ ਸਹੀ ਇਲਾਜ : ਸੰਤ ਬਲਵੀਰ ਦਾਸ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਬ੍ਰਹਮਲੀਨ, ਨਾਮ ਦੇ ਰਸੀਏ ਸ੍ਰੀਮਾਨ 108 ਸੰਤ ਗੁਰਦਾਸ ਦਾਸ ਜੀ ਦੇ ਸਲਾਨਾ ਬਰਸੀ ਸਮਾਗਮ ਡੇਰਾ ਮਹਾਨਪੁਰੀ ਸਾਹਰੀ ਵਿਖੇ ਮੌਜੂਦਾ ਗੱਦੀ ਨਸ਼ੀਨ ਸੰਤ ਬਲਵੀਰ ਦਾਸ ਦੀ ਅਗਵਾਈ ਹੇਠ ਇਲਾਕਾ ਨਿਵਾਸੀ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਏ ਗਏ । ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਗੁਰਦੇਵ ਸਿੰਘ ਮੁਬਾਰਕ ਨਵਾਂ ਸ਼ਹਿਰ ਤੋਂ ਇਲਾਵਾ ਰਾਗੀ, ਢਾਡੀ, ਕਵੀਸ਼ਰੀ ਜਥੇ, ਕਥਾਵਾਚਕਾਂ ਵਲੋਂ ਰਸਭਿੰਨਾ ਕੀਰਤਨ ਕਰਕੇ ਗੁਰਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰਮਤਿ ਵਿਚਾਰਾਂ ਦੀ ਸਾਂਝ ਪਓਂਦਿਆਂ ਸੰਤ ਬਲਵੀਰ ਦਾਸ ਨੇ ਕਿਹਾ ਪ੍ਰਮਾਤਮਾ ਦਾ ਸਿਮਰਨ ਹੀ ਮਨੁੱਖ ਦੇ ਸੰਸਾਰਿਕ ਰੋਗਾਂ ਦਾ ਸਹੀ ਇਲਾਜ ਹੈ, ਨਾਮ ਸਿਮਰਨ ਤੋਂ ਬਿਨਾਂ ਮਨੁੱਖ ਦਾ ਜੀਵਨ ਅਧੂਰਾ ਹੈ। ਉਨ੍ਹਾਂ ਕਿਹਾ ‘ਮਾਧੋ ਅਵਿੱਦਿਆ ਹਿੱਤ ਕੀਨ ਵਿਵੇਕ ਦੀਪ ਮਲੀਨ’ ਦੇ ਉਪਦੇਸ਼ ਰਾਹੀਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਸਮਝਾਉਣਾ ਕਰਦੇ ਹਨ ਕਿ ਸਿੱਖਿਆ ਭਾਵ ਗਿਆਨ ਤੋਂ ਬਿਨਾਂ ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਭਟਕਦਾ ਹੋਇਆ ਗੁਲਾਮੀ ਦਾ ਜੀਵਨ ਬਸਰ ਕਰਦਾ ਹੈ ਇਸ ਲਈ ਸਿੱਖਿਅਤ ਸਮਾਜ ਸਿਰਜਣ ਲਈ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜਾਓ। ਇਸ ਮੌਕੇ ਸੰਤ ਬਲਵੀਰ ਦਾਸ ਵਲੋਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਨੂੰ ਗੁਰੂਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਸਨਮਾਨਿਤ ਵੀ ਕੀਤਾ।


ਇਸ ਮੌਕੇ ਸੇਵਾਦਾਰ ਲਾਲ ਚੰਦ ਹਿਸਾਰ, ਪ੍ਰੇਮ ਸਿੰਘ ਡਵਿਡਾ ਰਿਹਾਣਾ, ਮਨਜਿੰਦਰ ਸਿੰਘ ਕੰਧਾਲੀ, ਰਾਣਾ ਕੋਟਲਾ, ਸੁਰਿੰਦਰ ਛਿੰਦਾ ਭੀਖੋਵਾਲ, ਰਾਜ ਕੁਮਾਰ ਸਾਹਰੀ, ਜਸਵੀਰ ਗੋਲਡੀ ਸਰਪੰਚ, ਰਮਨ ਝੱਮਟ, ਦਿਨੇਸ਼, ਬਿੰਦਰ ਡਵਿਡਾ ਅਹਿਰਾਣਾ, ਡਾ. ਸੋਹਣ ਲਾਲ ਜੀਰਾ, ਦੇਵੀ ਲਾਲ ਬਹਾਦਰਾ ਰਾਜਸਥਾਨ, ਤਾਰੀ ਹੁਸ਼ਿਆਰਪੁਰ, ਬੀਬੀ ਜਸਵੀਰ ਕੌਰ, ਬੀਬੀ ਲਛਮੀ ਦੇਵੀ, ਬਿਮਲਾ ਹਿਸਾਰ ਅਤੇ ਸੰਗਤਾਂ ਹਾਜਰ ਸਨ।

# ਸੰਤ ਸਤਨਾਮ ਦਾਸ ਜੀ ਦੇ ਬਰਸੀ ਸਮਾਗਮ ਡੇਰਾ ਸੰਤਸਰ ਖੰਨੀ ਵਿਖੇ ਸ਼ਰਧਾਪੂਰਵਕ ਮਨਾਏ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸੰਤ ਰੋਟੀ ਰਾਮ ਜੀ, ਸੰਤ ਨੰਦਾ ਰਾਮ ਭੰਡਾਰੀ ਜੀ ਦੇ ਚਰਨ ਸੇਵਕ ਨਾਮ ਦੇ ਰਸੀਏ, ਬ੍ਰਹਮਲੀਨ ਸੰਤ ਸਤਨਾਮ ਦਾਸ ਜੀ ਦੇ ਬਰਸੀ ਸਮਾਗਮ ਡੇਰਾ ਸੰਤਸਰ ਖੰਨੀ ਵਿਖੇ ਡੇਰਾ ਸੰਤ ਮੇਲਾ ਰਾਮ ਨਗਰ ਦੇ ਗੱਦੀ ਨਸ਼ੀਨ ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਸੰਤ ਕਿਰਪਾਲ ਦਾਸ ਭਾਰਟਾ ਗਣੇਸ਼ਪੁਰ, ਸੰਤ ਸੰਤੋਖ ਦਾਸ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਗਏ, ਜਿਸ ਵਿੱਚ ਰਾਗੀ, ਢਾਡੀ, ਕਵੀਸ਼ਰੀ ਜਥੇ, ਕਥਾ ਵਾਚਕ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, ਵੱਖ ਵੱਖ ਡੇਰਿਆਂ, ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਨਾਮਬਾਣੀ ਰਾਹੀਂ ਨਿਹਾਲ ਕੀਤਾ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਅਤੇ ਕੌਮ ਦੇ ਮਹਾਨ ਰਹਿਬਰਾਂ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਤੇ ਚਰਚਾ ਕੀਤੀ ਅਤੇ ਸੰਤ ਸਤਨਾਮ ਦਾਸ ਦੇ ਜੀਵਨ ਸੰਘਰਸ਼ ਤੋਂ ਸੰਗਤਾਂ ਨੂੰ ਜਾਣੂ ਕਰਾਇਆ। ਇਸ ਮੌਕੇ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਸੰਤ ਇੰਦਰ ਦਾਸ ਸੇਖੈ ਜਨਰਲ ਸੈਕਟਰੀ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀਮੀਤ ਪ੍ਰਧਾਨ, ਸੰਤ ਧਰਮਪਾਲ ਸ਼ੇਰਗੜ, ਸੰਤ ਮਨਜੀਤ ਦਾਸ ਹਿਮਾਚਲ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਵਿਨੈਮੁਨੀ ਜੰਮੂ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਨੇ ਕੀਰਤਨ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਤ ਪਰਮਜੀਤ ਦਾਸ ਨਗਰ, ਸੰਤ ਸੰਤੋਖ ਦਾਸ ਵਲੋਂ ਸੰਤਾਂ ਮਹਾਂਪੁਰਸ਼ਾਂ, ਸਮਾਜਿਕ, ਰਾਜਨੀਤਕ ਸਖਸ਼ੀਅਤਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡੇਰੇ ਦੇ ਸੇਵਾਦਾਰ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਗੁਰਬਾਣੀ ਇਸੁ ਜਗ ਮਹਿ ਚਾਨਣੁ



**ਗੁਰਬਿੰਦਰ ਸਿੰਘ ਮਾਣਕ**

ਸੰਸਾਰ ਦੇ ਸਾਰੇ ਧਰਮਾਂ ਦੇ ਆਪਣੇ-ਆਪਣੇ ਵਿਸ਼ੇਸ਼ ਧਾਰਮਿਕ ਗ੍ਰੰਥ ਹਨ। ਉਸ ਧਰਮ ਦੇ ਸ਼ਰਧਾਲੂ ਇਨ੍ਹਾਂ ਵਿਚ ਦਿੱਤੇ ਪ੍ਰਵਚਨਾਂ ਨੂੰ ਪੜ੍ਹਦੇ-ਸੁਣਦੇ ਤੇ ਵਿਚਾਰਦੇ ਹਨ। ਇਨ੍ਹਾਂ ’ਚੋਂ ਕਿਸੇ ਵੀ ਧਾਰਮਿਕ ਗ੍ਰੰਥ ਨੂੰ ਗੁਰੂ ਦਾ ਦਰਜਾ ਪ੍ਰਾਪਤ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਸੰਸਾਰ ਦਾ ਇਕੋ-ਇਕ ਅਜਿਹਾ ਵਿਲੱਖਣ, ਅਧਿਆਤਮਿਕ ਗਿਆਨ ਦਾ ਮਹਾਂਸਾਗਰ, ਸਰਬ-ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੀ ਮਾਨਵਤਾਵਾਦੀ ਵਿਚਾਰਧਾਰਾ ਨਾਲ ਵਰੋਸਾਇਆ ਮਹਾਨ ਗ੍ਰੰਥ ਹੈ, ਜਿਸ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੋਣ ਦਾ ਮਾਣ ਹਾਸਲ ਹੈ। ਗੁਰਬਾਣੀ ਦਾ ਇਹ ਬ੍ਰਹਿਮੰਡੀ ਗਿਆਨ ਕਿਸੇ ਵਿਸ਼ੇਸ਼ ਫਿਰਕੇ, ਰੰਗ, ਨਸਲ, ਜਾਤ-ਪਾਤ ਤੱਕ ਸੀਮਤ ਨਹੀਂ ਹੈ, ਸਗੋਂ ਇਹ ਹਰ ਤਰ੍ਹਾਂ ਦੇ ਵਿਤਕਰਿਆਂ ਨੂੰ ਤਿਲਾਂਜਲੀ ਦੇ ਕੇ ਸਮੁੱਚੀ ਲੋਕਾਈ ਨੂੰ ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰ ਹਾਈ॥ ਦੇ ਸੰਦੇਸ਼ ਨਾਲ ਆਪਣੇ ਕਲਾਵੇ ਵਿਚ ਸਮੋਈ ਬੈਠਾ ਹੈ। ਧੁਰ ਕੀ ਬਾਣੀ ਨਾਲ ਨਿਵਾਜੇ ਇਸ ਵਿਲੱਖਣ ਰੁਤਬੇ ਵਾਲੇ ਮਹਾਨ ਗ੍ਰੰਥ ਵਿਚ ਗੁਰੂ ਸਾਹਿਬਾਨ ਦੇ ਨਾਲ-ਨਾਲ, ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰਵੀਂ ਸਦੀ ਤੱਕ ਦੇ ਭਾਰਤ ਦੇ ਵੱਖ-ਵੱਖ ਖੇਤਰਾਂ ਵਿਚ ਵਸੇ ਮਹਾਨ ਸੰਤ-ਪੁਰਸ਼ਾਂ ਦੀ ਬਾਣੀ ਵੀ ਦਰਜ ਕੀਤੀ ਗਈ ਹੈ। ਇਸ ਵਿਚ ਛੇ ਗੁਰੂ ਸਾਹਿਬਾਨ, ਪੰਦਰਾਂ ਭਗਤ ਸਾਹਿਬਾਨ, ਗਿਆਰਾਂ ਭੱਟ ਸਾਹਿਬਾਨ ਤੇ ਚਾਰ ਗੁਰਸਿੱਖਾਂ ਦੀ ਬਾਣੀ ਦਰਜ ਕਰ ਕੇ ਗੁਰੂ ਗ੍ਰੰਥ ਸਾਹਿਬ ਨੂੰ ਸੰਸਾਰ ਭਰ ਵਿਚ ਸਰਬ-ਸਾਂਝੀਵਾਲਤਾ, ਬਰਾਬਰੀ ਤੇ ਮਾਨਵੀ ਕਦਰਾਂ-ਕੀਮਤਾਂ ਦੀ ਵਿਚਾਰਧਾਰਾ ਕਾਰਨ ਵਿਸ਼ੇਸ਼ ਸਤਿਕਾਰ ਦਾ ਰੁਤਬਾ ਪ੍ਰਾਪਤ ਹੈ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅਗੰਮੀ ਬਾਣੀ ਦਾ ਇਹ ਪ੍ਰਵਾਹ ਇਕ ਜੋਤ ਤੋਂ ਦੂਜੀ ਜੋਤ ਤੱਕ ਅਗਲੇ ਗੁਰੂ ਸਾਹਿਬਾਨ ਤੱਕ ਪਹੁੰਚਦਾ ਰਿਹਾ। ਇਸ ਨਿਵੇਕਲੇ ਗ੍ਰੰਥ ਦੀ ਸੰਪਾਦਨਾ ਦਾ ਮਹਾਨ ਕਾਰਜ ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਥ, ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ। ਇਸ ਗ੍ਰੰਥ ਦੇ ਲਿਖਣ ਕਾਰਜ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਚੱਜੀ ਅਗਵਾਈ ਵਿਚ ਸਿੱਖ ਧਰਮ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਦੇ ਕਰ-ਕਮਲਾਂ ਦੁਆਰਾ ਨੇਪਰੇ ਚਾੜ੍ਹਿਆ ਗਿਆ। ਇਸ ਤਰ੍ਹਾਂ ਇਸ ਅਦੁੱਤੀ ਗ੍ਰੰਥ ਨੂੰ ਪਹਿਲਾਂ ‘ਪੋਥੀ ਸਾਹਿਬ’ ਤੇ ਬਾਅਦ ਵਿਚ ‘ਆਦਿ ਗ੍ਰੰਥ’ ਕਿਹਾ ਜਾਣ ਲੱਗਾ। ਇਸ ਦਾ ਪਹਿਲਾ ਪ੍ਰਕਾਸ਼ 1604 ਈ. ’ਚ ਸਿੱਖ ਧਰਮ ਦੇ ਮਹਾਨ ਕੇਂਦਰੀ ਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਸਿੱਖ ਧਰਮ ਦੇ ਵਿਦਵਾਨ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਹੋਣ ਦਾ ਮਾਣ ਬਖ਼ਸ਼ਿਆ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਆਦਿ ਗ੍ਰੰਥ ਵਿਚ ਦਰਜ ਕਰਵਾਈ। ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਨੂੰ ਸ਼ਬਦ ਗੁਰੂ ਦਾ ਮਹਾਨ ਤੇ ਨਿਵੇਕਲਾ ਰੁਤਬਾ ਬਖ਼ਸ਼ ਕੇ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਸਮਾਪਤ ਕੀਤਾ।

ਗੁਰਬਾਣੀ ਦੀ ਮੁੱਖ ਸੁਰ ਅਧਿਆਤਮਿਕ ਹੈ, ਭਾਵੇਂ ਕਿ ਜੀਵਨ-ਜਾਚ ਦੇ ਹਰ ਪਸਾਰੇ ਸੰਬੰਧੀ ਵਿਚਾਰਾਂ ਨੂੰ ਬਹੁਤ ਦੀਰਘ ਦ੍ਰਿਸ਼ਟੀ ਨਾਲ ਬਿਆਨਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਸਾਰੇ ਬਾਣੀਕਾਰ ਮਨੁੱਖਤਾ ਦੇ ਭਲੇ ਅਤੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੰਦੇ ਹਨ। ਬਿਨਾਂ ਕਿਸੇ ਵਿਤਕਰੇ ਦੇ ਇਹ ਉਪਦੇਸ਼ ਸਭ ਲਈ ਸਾਂਝਾ ਹੈ। ਗੁਰ ਫੁਰਮਾਨ ਹੈ:

**ਖਤ੍ਰੀ ਬ੍ਰਾਹਮਣ ਸੂਦ ਵੈਸ**
**ਉਪਦੇਸੁ ਚਹੁ ਵਰਨਾ ਕਉ ਸਾਝਾ॥**
(ਅੰਗ: 747)

ਗੁਰੂ ਸਾਹਿਬਾਨ ਤੇ ਹੋਰ ਭਗਤ ਸਾਹਿਬਾਨ ਨੇ ਜਾਤ-ਪਾਤ, ਰੰਗ, ਨਸਲ ਦੇ ਹੋਰ ਤਰ੍ਹਾਂ ਦੇ ਸਮਾਜਿਕ ਵਿਤਕਰਿਆਂ ਤੋਂ ਉੱਪਰ ਉੱਠ ਕੇ ਪਿਆਰ, ਏਕਤਾ ਤੇ ਸਾਂਝੀਵਾਲਤਾ ਦਾ ਹੋਕਾ ਦਿੱਤਾ ਅਤੇ ਗੁਰਬਾਣੀ ਦੇ ਸੰਦੇਸ਼ ਨੂੰ ਗਿਆਨ-ਰੂਪੀ ਚਾਨਣ ਕਹਿ ਕੇ ਵਡਿਆਇਆ:

**ਗੁਰਬਾਣੀ ਇਸੁ ਜਗ ਮਹਿ ਚਾਨਣੁ॥**
**ਕਰਮਿ ਵਸੈ ਮਨਿ ਆਏ॥** (ਅੰਗ: 67)

ਸਿੱਖ ਵਿਚਾਰਧਾਰਾ ਵਿਚ ਅਗੰਮੀ ਸ਼ਕਤੀ ਵਾਹਿਗੁਰੂ ਨੂੰ ਸਰਬਵਿਆਪਕ ਤੇ ਸਰਬਸ਼ਕਤੀਮਾਨ ਮੰਨਿਆ ਗਿਆ ਹੈ। ਹਰ ਇਕ ਪ੍ਰਾਣੀ ਵਿਚ ਇਹੀ ਜੋਤ ਵਿਦਮਾਨ ਹੈ। ਗੁਰਬਾਣੀ ਦਾ ਸਪੱਸ਼ਟ ਸੰਦੇਸ਼ ਹੈ:

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥** (ਅੰਗ:1349)

ਉਨ੍ਹਾਂ ਸਮਿਆਂ ਵਿਚ ਜਾਤ-ਪਾਤ ਵਿਆਪਕ ਰੂਪ ਵਿਚ ਪ੍ਰਚੱਲਿਤ ਸੀ। ਗੁਰੂ ਸਾਹਿਬਾਨ ਨੇ ਜਾਤ-ਪਾਤ ਦੇ ਵਿਰੁੱਧ ਆਵਾਜ਼ ਉਠਾਈ ਤੇ ਇੱਥੋਂ ਤੱਕ ਲਾਹਣਤ ਵੀ ਪਾਈ:

**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥**
(ਅੰਗ: 1127)

ਗੁਰੂ ਨਾਨਕ ਦੇਵ ਜੀ ਨੇ ਤਾਂ ਸਮਾਜ ਵਲੋਂ ਹਾਸ਼ੀਏ ’ਤੇ ਧੱਕੇ ਲੋਕਾਂ ਪ੍ਰਤੀ ਆਪਣੀ ਗਹਿਰੀ ਸੰਵੇਦਨਾ ਪ੍ਰਗਟ ਕੀਤੀ ਤੇ ਇਨ੍ਹਾਂ ਨੂੰ ਗਲ਼ ਨਾਲ ਲਾਇਆ:

**ਨੀਚਾ ਅੰਦਰਿ ਨੀਚ ਜਾਤਿ**
**ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ**
**ਵਡਿਆ ਸਿਉ ਕਿਆ ਰੀਸ॥** (ਅੰਗ:15)

ਸ਼੍ਰੋਮਣੀ ਭਗਤ ਕਬੀਰ ਸਾਹਿਬ ਨੇ ਤਾਂ ਬ੍ਰਾਹਮਣੀ ਵਿਚਾਰਧਾਰਾ ਦੇ ਜਾਤ-ਪਾਤੀ ਹੰਕਾਰ ’ਤੇ ਬੇਬਾਕੀ ਨਾਲ ਪ੍ਰਹਾਰ ਕਰਦਿਆਂ ਖ਼ਰੀਆਂ-ਖ਼ਰੀਆਂ ਸੁਣਾਈਆਂ:

**ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ॥**
(ਅੰਗ : 324)

ਕੁਦਰਤ ਨੇ ਮਨੁੱਖ ਨੂੰ ਬੁੱਧੀ ਦੀ ਦਾਤ ਬਖ਼ਸ਼ੀ ਹੈ, ਜਿਸ ਦਾ ਭਾਵ ਹੈ ਕਿ ਮਨੁੱਖ ਇਸ ਜੀਵਨ ਵਿਚ ਵਿਚਰਦਿਆਂ ਹੋਇਆਂ, ਗੁਰੂ ਸਾਹਿਬਾਨ ਦੇ ਉਪਦੇਸ਼ ਨੂੰ ਮਨ ਵਿਚ ਵਸਾ ਕੇ ਆਪਣੀ ਮੱਤ-ਬੁੱਧ ਨਾਲ ਸੋਚ-ਵਿਚਾਰ ਕੇ ਹੀ ਕੋਈ ਕਦਮ ਚੁੱਕੇ। ਹਰ ਗੱਲ ਅਕਲ ਦੀ ਕਸੌਟੀ ’ਤੇ ਪਰਖ ਕੇ ਹੀ ਕੀਤੀ ਜਾਵੇ। ਗੁਰ ਫੁਰਮਾਨ ਹੈ:

**ਅਕਲੀ ਸਾਹਿਬੁ ਸੇਵੀਐ**
**ਅਕਲੀ ਪਾਈਐ ਮਾਨੁ॥**
**ਅਕਲੀ ਪੜਿ ਕੈ ਬੁਝੀਐ**
**ਅਕਲੀ ਕੀਚੈ ਦਾਨੁ॥**
**ਨਾਨਕੁ ਆਖੈ ਰਾਹੁ ਏਹੁ**
**ਹੋਰਿ ਗਲਾਂ ਸੈਤਾਨੁ॥** (ਅੰਗ:1245)

ਬਾਬਾ ਸ਼ੇਖ ਫਰੀਦ ਮਨੁੱਖੀ ਜੀਵ ਨੂੰ ਆਪਣੇ ਮਨ ਵਿਚ ਝਾਤੀ ਮਾਰਨ ਦਾ ਉਪਦੇਸ਼ ਦਿੰਦੇ ਹਨ:

**ਫਰੀਦਾ ਜੇ ਤੂ ਅਕਲਿ ਲਤੀਫੁ**
**ਕਾਲੇ ਲਿਖੁ ਨ ਲੇਖ॥**
**ਆਪਨੜੇ ਗਿਰੀਵਾਨ**
**ਮਹਿ ਸਿਰੁ ਨੀਵਾਂ ਕਰਿ ਦੇਖੁ॥** (ਅੰਗ:1378)

ਕਬੀਰ ਸਾਹਿਬ ਨੇ ਤਾਂ ਮਾਇਆ ਦਾ ਤਿਆਗ ਕਰਨ ਵਾਲੇ ਪਾਖੰਡੀ ਨੂੰ ਵੀ ਅਸਲੀ ਗੱਲ ਸਮਝਾਈ ਕਿ ਜੇ ਤੂੰ ਹੰਕਾਰ ਦਾ ਤਿਆਗ ਹੀ ਨਹੀਂ ਕਰ ਸਕਿਆ ਤਾਂ ਮਾਇਆ ਦਾ ਤਿਆਗ ਕਰਨ ਦਾ ਕੋਈ ਲਾਭ ਨਹੀਂ:

**ਕਬੀਰ ਮਾਇਆ ਤਜੀ ਤ ਕਿਆ**
**ਭਇਆ ਜਉ ਮਾਨੁ ਤਜਿਆ ਨਹੀ ਜਾਇ॥**
**ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥**
(ਅੰਗ:1372)

ਗੁਰਬਾਣੀ ਨੇ ਕੁਦਰਤ ਦੇ ਅਦਭੁੱਤ ਵਰਤਾਰੇ, ਖੰਡਾਂ, ਬ੍ਰਹਿਮੰਡਾਂ, ਧਰਤੀ, ਆਕਾਸ਼, ਪਤਾਲ ਤੇ ਹੋਰ ਅਨੇਕਾਂ ਡੂੰਘੇ ਰਹੱਸਾਂ ਨੂੰ ਖੋਲ੍ਹਿਆ ਹੈ ਤੇ ਮਨੁੱਖ ਦੇ ਕਈ ਭਰਮ ਦੂਰ ਕੀਤੇ ਹਨ। ਗੁਰਬਾਣੀ ਦਾ ਉਪਦੇਸ਼ ਸਰਬਕਾਲੀ ਹੈ, ਇਹ ਅਜੋਕੇ ਸਮੇਂ ਵਿਚ ਵੀ ਸਾਰਥਿਕ ਹੈ। ਅਜੋਕੇ ਮਨੁੱਖ ਨੇ ਭਾਵੇਂ ਹਰ ਖੇਤਰ ਵਿਚ ਹੀ ਵਿਕਾਸ ਦੀਆਂ ਅਨੇਕਾਂ ਮੰਜ਼ਿਲਾਂ ਤੈਅ ਕਰ ਲਈਆਂ ਹਨ ਪਰ ਅਨੇਕਾਂ ਸੁੱਖ ਸਹੂਲਤਾਂ ਦੇ ਬਾਵਜੂਦ ਮਨੁੱਖੀ ਮਨ ਦੀ ਭਟਕਣਾ ਪਹਿਲਾਂ ਨਾਲੋਂ ਵੀ ਵਧ ਗਈ ਹੈ। ਗੁਰਬਾਣੀ ਦਾ ਗਿਆਨ-ਰੂਪੀ ਉਪਦੇਸ਼ ਮਨੁੱਖ ਦੀ ਜੀਵਨ-ਜਾਚ ਲਈ ਚਾਨਣ-ਮੁਨਾਰੇ ਵਜੋਂ ਸੁਚੱਜੀ ਅਗਵਾਈ ਦੇਣ ਦੇ ਸਮਰੱਥ ਹੈ।



# ਵਿਸ਼ਵ ਲਈ ਚਾਨਣ ਮੁਨਾਰਾ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ

**ਡਾ. ਰਣਜੀਤ ਸਿੰਘ**

ਇਸ ਸਮੇਂ ਵਿਸ਼ਵ ਬਹੁਤ ਹੀ ਨਾਜ਼ੁਕ ਦੌਰ ’ਚੋਂ ਗੁਜ਼ਰ ਰਿਹਾ ਹੈ। ਇਕ ਪਾਸੇ ਇਸ ਸਦੀ ਨੂੰ ਗਿਆਨ ਤੇ ਸੂਚਨਾ ਦੀ ਸਦੀ ਆਖਿਆ ਜਾਂਦਾ ਹੈ, ਦੂਜੇ ਪਾਸੇ ਗਿਆਨ ਤੇ ਸੂਚਨਾ ਵਿਸ਼ਵ ਦੀ ਅੱਧੀ ਤੋਂ ਵੱਧ ਵਸੋਂ ਦੀ ਪਹੁੰਚ ਤੋਂ ਬਾਹਰ ਹੈ। ਇਹ ਲੋਕ ਜੀਵਨ ਦੀਆਂ ਮੁਢਲੀਆਂ ਲੋੜਾਂ ਭਾਵ ਰੋਟੀ, ਕੱਪੜਾ ਤੇ ਮਕਾਨ ਨੂੰ ਤਰਸ ਰਹੇ ਹਨ। ਵਿੱਦਿਆ ਪ੍ਰਾਪਤੀ ਬਾਰੇ ਤਾਂ ਇਹ ਸੋਚ ਵੀ ਨਹੀਂ ਸਕਦੇ। ਹਰ ਤਰ੍ਹਾਂ ਦੀਆਂ ਬਿਮਾਰੀਆਂ ਦੀ ਮਾਰ ਇਨ੍ਹਾਂ ਨੂੰ ਝੱਲਣੀ ਪੈਂਦੀ ਹੈ ਕਿਉਂਕਿ ਸਿਹਤ ਸਹੂਲਤਾਂ ਇਨ੍ਹਾਂ ਦੀ ਪਹੁੰਚ ਤੋਂ ਬਾਹਰ ਹਨ। ‘ਤਕੜੇ ਦਾ ਸੱਤੀਂ ਵੀਹੀਂ ਸੌ’ ਹੋ ਰਿਹਾ ਹੈ। ਜਿੱਥੇ ਇਕ ਪਾਸੇ ਤਾਕਤਵਰ ਤਾਕਤ ਦੇ ਜ਼ੋਰ ’ਤੇ ਵਿਸ਼ਵ ਨੂੰ ਆਪਣੀ ਮਰਜ਼ੀ ਨਾਲ ਚਲਾਉਣਾ ਚਾਹੁੰਦੇ ਹਨ, ਉੱਥੇ ਧਾਰਮਿਕ ਕੱਟੜਵਾਦੀ ਵਿਸ਼ਵ ਭਰ ’ਚ ਧਰਮ ਦੇ ਨਾਂਅ ’ਤੇ ਅੱਤਵਾਦ ਫੈਲਾ ਰਹੇ ਹਨ। ਗਰੀਬ ਲੋਕ ਥੁੜਾਂ ਭਰਿਆ ਜੀਵਨ ਜੀ ਰਹੇ ਹਨ ਤੇ ਅਮੀਰ ਲੋਕ ਬਹੁਤਾਤ ਦੀ ਅਮੀਰੀ ਦੀ ਅੱਗ ’ਚ ਝੁਲਸ ਰਹੇ ਹਨ। ਚੈਨ ਕਿਸੇ ਨੂੰ ਵੀ ਨਹੀਂ ਹੈ। ਕੁਦਰਤ ਨੇ ਇਸ ਧਰਤੀ ਨੂੰ ਏਨਾ ਮਾਲਾਮਾਲ ਕੀਤਾ ਹੈ ਕਿ ਜੇਕਰ ਕਾਣੀ ਵੰਡ ਨੂੰ ਰੋਕ ਕੇ ਬਰਾਬਰ ਛਕਿਆ ਜਾਵੇ ਤਾਂ ਵਿਸ਼ਵ ਵਿਚ ਭੁੱਖ, ਨੰਗ ਤੇ ਗਰੀਬੀ ਨੂੰ ਸਹਿਜੇ ਹੀ ਦੂਰ ਕੀਤਾ ਜਾ ਸਕਦਾ ਹੈ। ਵਿਗਿਆਨ ਵਿਚ ਹੋਏ ਇਨਕਲਾਬੀ ਵਿਕਾਸ ਦੇ ਬਾਵਜੂਦ ਵੀ ਅੱਜ ਦਾ ਮਨੁੱਖ ਹਉਮੈ, ਈਰਖਾ ਤੇ ਹਵਸ ਦੀ ਜਕੜ ਵਿਚ ਜਕੜਿਆ ਹੋਇਆ ਹੈ, ਜਿਸ ਦਾ ਨਤੀਜਾ ਇਹ ਹੈ ਕਿ ਵਿਸ਼ਵ ਵਿਚਲੇ ਕੁਦਰਤੀ ਵਸੀਲਿਆਂ ਦੀ ਬੇਰਹਿਮੀ ਨਾਲ ਵਰਤੋਂ ਕੀਤੀ ਜਾ ਰਹੀ ਹੈ, ਜਿਸ ਕਰਕੇ ਇਹ ਧਰਤੀ ਤਬਾਹੀ ਵੱਲ ਬੜੀ ਤੇਜ਼ੀ ਨਾਲ ਵਧ ਰਹੀ ਹੈ। ਇਸ ਸਮੇਂ ਸੰਸਾਰ ਨੂੰ ਇਕ ਅਜਿਹੀ ਸੇਧ ਦੀ ਲੋੜ ਹੈ, ਜਿਸ ਸਦਕਾ ਵਿਸ਼ਵ ਨੂੰ ਤਬਾਹੀ ਦੇ ਰਸਤੇ ਤੋਂ ਮੋੜਿਆ ਜਾ ਸਕੇ। ਇਕ ਅਜਿਹੀ ਜੀਵਨ ਜਾਚ ਦੀ ਲੋੜ ਹੈ, ਤਾਂ ਜੋ ਸੰਸਾਰ ’ਚੋਂ ਨਫ਼ਰਤ ਤੇ ਈਰਖਾ ਦੂਰ ਹੋ ਸਕੇ। ਇਕ ਅਜਿਹੇ ਫ਼ਲਸਫ਼ੇ ਦੀ ਲੋੜ ਹੈ, ਜਿਸ ਰਾਹੀਂ ਹਉਮੈ ਤੇ ਲਾਲਸਾ ਦੀ ਥਾਂ ਆਪਸੀ ਪਿਆਰ, ਹਮਦਰਦੀ ਅਤੇ ਮਿਲਵਰਤਨ ਵਿਚ ਵਾਧਾ ਹੋਵੇ। ਇਨ੍ਹਾਂ ਸਭਨਾਂ ਦਾ ਜਵਾਬ ਉਸ ਪਵਿੱਤਰ ਅਤੇ ਅਨੋਖੇ ਗ੍ਰੰਥ ਵਿਚ ਹੈ, ਜਿਸ ਦੀ ਸੰਪਾਦਨਾ ਕੋਈ ਚਾਰ ਸਦੀਆਂ ਪਹਿਲਾਂ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ।

ਗੁਰੂ ਗ੍ਰੰਥ ਸਾਹਿਬ ਕਿਸੇ ਇਕ ਫ਼ਿਰਕੇ, ਮਜ਼੍ਹਬ ਜਾਂ ਕਿਸੇ ਇਕ ਸੂਬੇ ਲਈ ਨਹੀਂ ਹੈ। ਇਸ ਦਾ ਸੰਦੇਸ਼ ਤਾਂ ਕੁੱਲ ਲੋਕਾਈ ਲਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਊਚ-ਨੀਚ ਤੇ ਜਾਤ-ਪਾਤ ਦੇ ਭੇਦਭਾਵ ਨੂੰ ਮਿਟਾ ਕੇ ਸਭ ਵਰਗਾਂ ਦੇ ਭਗਤਾਂ ਤੇ ਸੰਤਾਂ ਦੀ ਬਾਣੀ ਦਰਜ ਕੀਤੀ ਗਈ ਹੈ। ਇਸ ਮਹਾਨ ਗ੍ਰੰਥ ਵਿਚ ਸਾਰੀ ਲੋਕਾਈ ਲਈ ਅਜਿਹੀ ਜੀਵਨ ਜਾਚ ਦੀ ਬਖਸ਼ਿਸ਼ ਕੀਤੀ ਗਈ ਹੈ, ਜਿਸ ਨੂੰ ਅਪਣਾ ਕੇ ਇਸ ਸੰਸਾਰ ’ਚੋਂ ਨਫ਼ਰਤ, ਊਚ-ਨੀਚ, ਲੜਾਈ-ਝਗੜੇ ਅਤੇ ਗਰੀਬੀ ਖ਼ਤਮ ਹੋ ਸਕਦੀ ਹੈ। ਇਸ ਸੰਸਾਰ ਨੂੰ ਸਵਰਗ ਰੂਪ ਪ੍ਰਾਪਤ ਹੋ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਮਹਾਨ ਆਤਮਾਵਾਂ ਨੇ ਉਦੋਂ ਕੀਤੀ, ਜਦੋਂ ਉਹ ਕਾਦਰ ਨਾਲ ਇਕਮਿਕ ਹੁੰਦੇ ਸਨ ਤੇ ਉਸੇ ਦੇ ਆਦੇਸ਼ਾਂ ਨੂੰ ਉਨ੍ਹਾਂ ਨੇ ਮਾਨਵਤਾ ਤੀਕ ਪਹੁੰਚਾਇਆ। ਗੁਰੂ ਗ੍ਰੰਥ ਸਾਹਿਬ ’ਚ ਦਰਜ ਬਾਣੀ ਹਰ ਤਰ੍ਹਾਂ ਦੇ ਭੇਦਭਾਵ ਤੋਂ ਨਿਰਮਲ ਹੈ।

ਜਦੋਂ ਕੋਈ ਵੀ ਵਿਅਕਤੀ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਝੁਕਾਉਂਦਾ ਹੈ ਤਾਂ ਉਹ ਜਾਤ-ਪਾਤ ਤੇ ਊਚ-ਨੀਚ ਨੂੰ ਭੁੱਲ ਸਾਰੀ ਮਾਨਵਤਾ ਅੱਗੇ ਸੀਸ ਝੁਕਾਉਂਦਾ ਹੈ। ਇਸ ਵਿਚ ਕਿਸੇ ਸਥਾਨ ਜਾਂ ਪ੍ਰਾਂਤ ਨੂੰ ਵੀ ਵਿਸ਼ੇਸ਼ਤਾ ਨਹੀਂ ਦਿੱਤੀ ਗਈ, ਸਗੋਂ ਸਮੁੱਚੇ ਦੇਸ਼ ਦੀ ਪ੍ਰਤੀਨਿਧਤਾ ਕੀਤੀ ਗਈ ਹੈ। ਇਸ ਵਿਚ ਮਹਾਰਾਸ਼ਟਰ ਦੇ ਸੰਤ ਨਾਮਦੇਵ ਦੀ ਬਾਣੀ ਵੀ ਹੈ ਤੇ ਦੇਸ਼ ਦੇ ਦੂਜੇ ਪਾਸੇ ਬੰਗਾਲ ਦੇ ਭਗਤ ਜੈ ਦੇਵ ਦੀ ਰਚਨਾ ਵੀ ਸ਼ਾਮਿਲ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿਸੇ ਇਕ ਸਮੇਂ ’ਚ ਨਹੀਂ ਰਚੀ ਗਈ, ਸਗੋਂ ਕਾਲ ਦੀਆਂ ਹੱਦਾਂ ਬੰਨ੍ਹੇ ਟੱਪ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਵਿਚਕਾਰ ਹੋਏ ਗੁਰੂਆਂ, ਸੰਤਾਂ ਤੇ ਭਗਤਾਂ ਦੀ ਬਾਣੀ ਇਸ ਵਿਚ ਦਰਜ ਹੈ। ਇੰਝ ਇਹ ਬਾਣੀ ਸਦੀਵੀ ਤੇ ਜੁਗੋ-ਜੁਗ ਅਟਲ ਬਣ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਰੱਖ ਕੇ ਉਸ ਨੂੰ ਕੁੱਲ ਲੋਕਾਈ ਦਾ ਮੰਦਰ ਬਣਾਇਆ ਸੀ। ਇਸੇ ਤਰ੍ਹਾਂ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਸਮੇਂ ਕੇਵਲ ਸਿੱਖ ਗੁਰੂਆਂ ਦੀ ਬਾਣੀ ਹੀ ਦਰਜ ਨਹੀਂ ਕੀਤੀ, ਸਗੋਂ ਇਸ ਵਿਚ 15 ਭਗਤਾਂ, ਚਾਰ ਗੁਰ ਸਿੱਖਾਂ ਤੇ 11 ਭੱਟਾਂ ਦੀ ਬਾਣੀ ਦਰਜ ਕਰਕੇ ਇਸ ਨੂੰ ਸਮੁੱਚੀ ਮਾਨਵਤਾ ਦਾ ਗ੍ਰੰਥ ਬਣਾਇਆ। ਇਸ ਵਿਚ ਕੋਈ ਧਾਰਮਿਕ ਕਰਮ ਕਾਂਡ ਨਹੀਂ ਦੱਸੇ ਗਏ, ਸਗੋਂ ਵਿਖਾਵੇ ਦੇ ਬੰਧਨਾਂ ਤੋਂ ਮੁਕਤ ਹੋ ਕੇ ਸੱਚਾ ਤੇ ਸੁੱਚਾ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਸਰਬੱਤ ਦੇ ਭਲੇ ਅਤੇ ਚੜ੍ਹਦੀ ਕਲਾ ਦਾ ਸੰਦੇਸ਼ ਹੈ। ਗੁਰੂ ਗ੍ਰੰਥ ਸਾਹਿਬ ਤੋਂ ਸਾਂਝੀਵਾਲਤਾ, ਆਪਸੀ ਪ੍ਰੇਮ, ਸਮਾਜਿਕ ਬਰਾਬਰੀ, ਸੁੱਚੀ ਕਿਰਤ, ਸੱਚ ਤੇ ਸ਼ਾਂਤੀ ਦਾ ਉਪਦੇਸ਼ ਪ੍ਰਾਪਤ ਹੁੰਦਾ ਹੈ ਅਤੇ ਮਨ ਨੂੰ ਜਿੱਤ ਕੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ’ਤੇ ਕਾਬੂ ਪਾਉਣ ਦੀ ਵਿਧੀ ਵੀ ਦੱਸੀ ਗਈ ਹੈ।

# ਅਮਰੀਕਾ ਵਲੋਂ ਵਧਾਏ ਟੈਰਿਫ਼ ਦਾ ਭਾਰਤ-ਅਮਰੀਕਾ ਵਪਾਰ ’ਤੇ ਪ੍ਰਭਾਵ



ਅੰਤਰਰਾਸ਼ਟਰੀ ਵਪਾਰ ਤੁਲਨਾਤਮਿਕ ਲਾਗਤ ਦੇ ਆਧਾਰ ’ਤੇ ਹੁੰਦਾ ਹੈ। ਜਿਹੜੀ ਵਸਤੂ ਆਪਣੇ ਦੇਸ਼ ਵਿਚ ਬਣਾਉਣ ਨਾਲੋਂ ਬਾਹਰੋਂ ਸਸਤੀ ਮਿਲ ਜਾਂਦੀ ਹੈ, ਉਹ ਮੰਗਵਾ ਲਈ ਜਾਵੇ ਤੇ ਜਿਹੜੀ ਵਸਤੂ ਬਾਹਰ ਮਹਿੰਗੀ ਵਿਕ ਸਕਦੀ ਹੈ, ਉਹ ਭੇਜ ਦਿੱਤੀ ਜਾਵੇ। ਆਯਾਤ ਕਰਨ ਵਾਲਾ ਦੇਸ਼ ਬਾਹਰੋਂ ਆਉਣ ਵਾਲੀਆਂ ਵਸਤੂਆਂ ’ਤੇ ਆਯਾਤ ਕਰ ਲਾਉਂਦਾ ਹੈ, ਜਿਸ ਵਿਚ ਸਰਕਾਰ ਵਲੋਂ ਆਮਦਨ ਕਮਾਉਣ ਦੇ ਨਾਲ-ਨਾਲ ਆਪਣੇ ਦੇਸ਼ ’ਚ ਬਣਨ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਦਾ ਵੀ ਖਿਆਲ ਰੱਖਿਆ ਜਾਂਦਾ ਹੈ, ਪਰ ਸਭ ਤੋਂ ਉੱਪਰ ਇਹ ਖਿਆਲ ਰੱਖਿਆ ਜਾਂਦਾ ਹੈ ਕਿ ਉਸ ਦੇ ਸ਼ਹਿਰੀਆਂ ਲਈ ਉਹ ਵਸਤੂਆਂ ਏਨੀਆਂ ਮਹਿੰਗੀਆਂ ਨਾ ਹੋ ਜਾਣ ਕਿ ਉਨ੍ਹਾਂ ਦੀ ਪਹੁੰਚ ਤੋਂ ਹੀ ਦੂਰ ਹੋ ਜਾਣ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ 50 ਫ਼ੀਸਦੀ ਤੱਕ ਆਯਾਤ ਕਰ ਵਧਾਉਣ ਨੂੰ ਸਾਰੀ ਹੀ ਦੁਨੀਆ ਨੇ ਹੈਰਾਨੀ ਨਾਲ ਵੇਖਿਆ ਹੈ, ਜਿਸ ’ਚੋਂ 25 ਫ਼ੀਸਦੀ ਪਹਿਲਾਂ ਤੇ 25 ਫ਼ੀਸਦੀ ਬਾਅਦ ਵਿਚ ਲਾਇਆ ਗਿਆ ਹੈ। ਇਸ ਦਾ ਪ੍ਰਭਾਵ ਭਾਰਤ ਵਿਚ ਵਸਤੂਆਂ ਨਿਰਯਾਤ ਕਰਨ ਵਾਲੇ ਵਪਾਰੀਆਂ ’ਤੇ ਤਾਂ ਪਵੇਗਾ ਹੀ, ਨਾਲ ਜ਼ਿਆਦਾ ਪ੍ਰਭਾਵ ਅਮਰੀਕਾ ਦੇ ਉਪਭੋਗੀਆਂ ’ਤੇ ਵੀ ਪਵੇਗਾ। ਭਾਰਤ ਵਿਚ ਖੇਤੀਬਾੜੀ ਆਧਾਰਿਤ ਵਸਤੂਆਂ ਜਿਵੇਂ ਬਾਸਮਤੀ ਚੌਲ, ਮਸਾਲੇ, ਮੱਛੀ ਆਦਿ ’ਤੇ ਲੱਗੀ ਡਿਊਟੀ ਖ਼ਰੀਦਦਾਰਾਂ ’ਤੇ ਪਾਈ ਜਾਵੇਗੀ, ਉਹ ਵਸਤੂਆਂ ਮਹਿੰਗੀਆਂ ਹੋਣਗੀਆਂ ਅਤੇ ਉਨ੍ਹਾਂ ਦੀ ਮੰਗ ਘਟੇਗੀ। ਅਮਰੀਕਾ ਨੇ ਨਿਰਯਾਤ ਵਸਤੂਆਂ ’ਤੇ ਕਸਟਮ ਡਿਊਟੀ ਨਹੀਂ ਵਧਾਈ, ਇਸ ਲਈ ਭਾਰਤ ਜਿਹੜੀਆਂ ਚੀਜ਼ਾਂ ਪਹਿਲਾਂ ਆਯਾਤ ਕਰ ਰਿਹਾ ਸੀ, ਉਹ ਹੁਣ ਵੀ ਕਰ ਰਿਹਾ ਹੈ ਅਤੇ ਭਾਰਤ ਤੇ ਅਮਰੀਕਾ ਦਾ ਦੁਵੱਲਾ ਵਪਾਰ ਪਹਿਲਾਂ ਜਿੰਨਾ ਹੀ ਹੈ, ਜਿਸ ’ਚ ਵਸਤੂਆਂ ਦੀ ਅਯਾਤ ਤੇ ਨਿਰਯਾਤ ਸ਼ਾਮਿਲ ਹੈ, ਉਹ ਸਾਲ 2020-21 ਵਿਚ 80.51 ਅਰਬ ਡਾਲਰ ਦਾ ਸੀ, ਜਿਹੜਾ 2024-25 ’ਚ ਵਧ ਕੇ 131.8 ਅਰਬ ਡਾਲਰ ਦਾ ਹੋ ਗਿਆ ਸੀ।

ਅਮਰੀਕਾ ਵਲੋਂ ਟੈਰਿਫ ਦੇ ਵੱਡੇ ਵਾਧੇ ਦਾ ਦੋਵੇਂ ਦੇਸ਼ਾਂ ਦੇ ਵਪਾਰ ’ਤੇ ਕੀ ਪ੍ਰਭਾਵ ਪੈਂਦਾ ਹੈ, ਇਹ ਕੁਝ ਸਮੇਂ ਬਾਅਦ ਪਤਾ ਲੱਗੇਗਾ ਪਰ ਇਸ ਸਮੇਂ ਦੌਰਾਨ ਭਾਰਤ ਦਾ ਵਪਾਰਕ ਪੱਖ ਤੋਂ ਰੂਸ ਵੱਲ ਰੁਝਾਨ ਵਧਿਆ ਹੈ, ਜਿਸ ਵਿਚ ਡੀਜ਼ਲ-ਪੈਟਰੋਲ ਦੀ ਆਯਾਤ ਵਿਚ ਆਈ ਤਬਦੀਲੀ ਮੁੱਖ ਹਨ। ਇਸ ਵਿਚ ਰੂਸ ਤੋਂ ਹੋਣ ਵਾਲੀ ਆਯਾਤ 54.5 ਅਰਬ ਡਾਲਰ ਤੱਕ ਹੋ ਰਹੀ ਹੈ, ਜਿਹੜੀ ਰੂਸ ਤੋਂ ਕੁੱਲ ਹੋਣ ਵਾਲੀ ਆਯਾਤ ਦਾ 76% ਹੈ। ਉਸੇ ਤਰ੍ਹਾਂ ਭਾਰਤ ਦੀ ਤੇਲ ’ਤੇ ਵੱਡੀ ਨਿਰਭਰਤਾ ਹੀ ਵਿਦੇਸ਼ਾਂ ਤੋਂ ਆਯਾਤ ਹੋ ਰਹੇ ਤੇਲ ’ਤੇ ਹੈ, ਕਿਉਂ ਜੋ ਭਾਰਤ ’ਚ ਤੇਲ ਦੇ ਭੰਡਾਰ ਘੱਟ ਹਨ, ਇਸ ਲਈ ਤੇਲ ਦੀ ਕੁੱਲ ਲੋੜ ’ਚੋਂ 85 ਫ਼ੀਸਦੀ ਤੇਲ ਆਯਾਤ ਕਰਕੇ

**ਡਾ. ਸ.ਸ. ਛੀਨਾ**

ਪੂਰੀ ਕੀਤੀ ਜਾ ਰਹੀ ਹੈ। ਜਿਹੜੀ ਅਫਰੀਕਾ, ਰੂਸ, ਈਰਾਨ ਤੇ ਅਰਬ ਦੇਸ਼ਾਂ ਤੋਂ ਪੂਰੀ ਕੀਤੀ ਜਾ ਰਹੀ ਹੈ, ਇਹ ਆਯਾਤ ਈਰਾਨ ’ਚੋਂ ਭਾਰਤੀ ਕਰੰਸੀ ਦੇ ਰੂਪ ’ਚ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਹੀ ਰੂਸ ਨੇ ਵੀ ਇਹ ਸਹੂਲਤ ਦਿੱਤੀ ਹੈ ਕਿ ਉਹ ਭਾਰਤੀ ਕਰੰਸੀ ਦੇ ਰੂਪ ’ਚ ਭੁਗਤਾਨ ਸਵੀਕਾਰ ਸਕਦਾ ਹੈ। ਰੂਸ ਨੂੰ ਭੁਗਤਾਨ ਦਾ ਇਹ ਵੀ ਲਾਭ ਹੈ ਕਿ ਉਹ ਦੇਸ਼ ਭਾਰਤ ਵਿਚ ਹੀ ਰੁਪਿਆ ਖ਼ਰਚ ਕਰ ਸਕਦਾ ਹੈ ਅਤੇ ਉਹ ਇਸ ਰੁਪਏ ਨਾਲ ਭਾਰਤ ’ਚੋਂ ਵਸਤੂਆਂ ਤੇ ਸੇਵਾਵਾਂ ਖਰੀਦਣਗੇ। ਭਾਰਤ ਦੀ ਵਿਦੇਸ਼ੀ ਕਰੰਸੀ ਦੀ ਕਮਾਈ ’ਤੇ ਭਾਰ ਨਹੀਂ ਪਵੇਗਾ।

2024 ਵਿਚ ਭਾਰਤ-ਅਮਰੀਕਾ ਦਾ ਵਪਾਰ ਜਿੱਥੇ 212.3 ਅਰਬ ਡਾਲਰ ਸੀ, ਉੱਥੇ ਭਾਰਤ-ਰੂਸ ਦਾ ਦੁਵੱਲਾ ਵਪਾਰ ਸਿਰਫ਼ 69 ਅਰਬ ਡਾਲਰ ਸੀ ਪਰ ਰੂਸ ਵਲੋਂ ਭਾਰਤ ਨੂੰ ਸਸਤਾ ਤੇਲ ਤੇ ਹੋਰ ਵਸਤੂਆਂ ਦੇਣ ਕਰਕੇ ਰੂਸ ਤੋਂ ਭਾਰਤ ਵੱਲ ਆਯਾਤ ਇਕਦਮ ਦਸ ਗੁਣਾ ਵਧ ਗਿਆ, ਜਿਸ ਵਿਚ ਵੱਡਾ ਹਿੱਸਾ ਪੈਟਰੋਲੀਅਮ ਵਸਤੂਆਂ ਹਨ। ਇਸੇ ਤੋਂ ਨਾਰਾਜ਼ ਅਮਰੀਕਾ ਨੇ ਭਾਰਤ ’ਤੇ ਆਯਾਤ ਡਿਊਟੀ ਵਧਾਈ ਹੈ। ਪਰ ਭਾਰਤ ਦੇ ਵਪਾਰ ਮੰਤਰੀ ਸ੍ਰੀ ਪਿਊਸ਼ ਗੋਇਲ ਅਨੁਸਾਰ ਭਾਰਤ ਨੇ ਆਪਣੇ ਸ਼ਹਿਰੀਆਂ ਦਾ ਹਿੱਤ ਸਾਹਮਣੇ ਰੱਖ ਕੇ ਅੰਤਰਰਾਸ਼ਟਰੀ ਵਪਾਰ ਕਰਨਾ ਹੈ। ਦੂਜੇ ਪਾਸੇ ਭਾਰਤ ਦਾ ਰੂਸ ਵੱਲ ਨਿਰਯਾਤ ਬਹੁਤ ਘੱਟ ਹੈ, ਮਸਾਂ 5 ਅਰਬ ਡਾਲਰ ਤੱਕ। ਇਸ ਕਰਕੇ ਭਾਰਤ-ਰੂਸ ਵਪਾਰ ਵਿਚ ਵਪਾਰ ਦਾ ਸੰਤੁਲਨ ਭਾਰਤ ਦੇ ਖ਼ਿਲਾਫ਼ ਹੈ। ਇਹ ਨਿਰਯਾਤ 2021 ਵਿਚ ਸਿਰਫ 2.7 ਅਰਬ ਡਾਲਰ ਸੀ ਪਰ ਉਸ ਵਕਤ ਆਯਾਤ ਵੀ ਸਿਰਫ਼ 4 ਅਰਬ ਡਾਲਰ ਸੀ। ਭਾਰਤ ਤੇ ਰੂਸ ਨੇ ਇਕ ਵਪਾਰਕ ਸਮਝੌਤੇ ਵਿਚ ਇਹ ਉਮੀਦ ਜਤਾਈ ਹੈ ਕਿ ਉਹ 2030 ਤੱਕ ਦੁਵੱਲਾ ਵਪਾਰ 100 ਅਰਬ ਡਾਲਰ ਤੱਕ ਲੈ ਕੇ ਜਾਣਗੇ।

ਤੇਲ ਤੋਂ ਇਲਾਵਾ ਦਾਲਾਂ ਤੇ ਤੇਲ ਬੀਜਾਂ ਦੇ ਰੂਪ ਵਿਚ ਭਾਰਤ ਦੀ ਰੂਸ ਤੋਂ ਹੋਰ ਵੱਡੀ ਆਯਾਤ ਹੈ। ਭਾਵੇਂ ਕਿ ਪਿਛਲੇ ਸਾਲ ਵਿਚ ਖਾਣ ਵਾਲੇ ਤੇਲ ਬੀਜਾਂ ਦੀ ਆਯਾਤ ਘਟੀ ਹੈ ਪਰ ਖੇਤੀ ਪ੍ਰਧਾਨ ਦੇਸ਼ ਹੋਣ ਦੇ ਨਾਤੇ ਭਾਰਤ ਨੂੰ ਅਜਿਹੀ ਖੇਤੀ ਨੀਤੀ ਅਪਣਾਉਣੀ ਚਾਹੀਦੀ ਹੈ ਕਿ ਉਹ ਘੱਟੋ-ਘੱਟ ਖੇਤੀ ਵਸਤੂਆਂ ’ਚ ਆਤਮਨਿਰਭਰਤਾ ਪ੍ਰਾਪਤ ਕਰ ਸਕੇ, ਜਿਸ ਤਰ੍ਹਾਂ ਅੱਜ ਤੋਂ 20-25 ਸਾਲ ਪਹਿਲਾਂ ਸੀ। ਵਪਾਰ ਨੂੰ ਸੰਤੁਲਿਤ ਕਰਨ ਲਈ ਪਹਿਲਾਂ ਤੋਂ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਜਿਵੇਂ ਖੇਤੀ ਵਸਤੂਆਂ, ਦਵਾਈਆਂ, ਮਸ਼ੀਨਰੀ, ਬਿਜਲਈ ਵਸਤੂਆਂ, ਗਲਾਸਵੇਅਰ ਅਤੇ ਸਰਜੀਕਲ ਔਜ਼ਾਰ ਆਦਿ ਵਿਚ ਵੱਡਾ ਵਾਧਾ ਕਰਨਾ ਪਵੇਗਾ। ਭਾਰਤ ਖਾਦਾਂ ਦੀਆਂ ਲੋੜਾਂ ਲਈ ਵੀ ਰੂਸ ’ਤੇ ਨਿਰਭਰ ਹੈ। ਵਿਕਾਸ ਕਰਦਿਆਂ ਖਾਦਾਂ ਦੀਆਂ ਲੋੜਾਂ ਆਪਣੇ ਹੀ ਦੇਸ਼ ’ਚ ਪੂਰੀਆਂ ਕਰਨ ਲਈ ਖਾਦਾਂ ਦੀਆਂ ਫੈਕਟਰੀਆਂ ਲਾਉਣ ਨਾਲ ਉਹ ਆਯਾਤ ਕੀਤੀਆਂ ਮਹਿੰਗੀਆਂ ਖਾਦਾਂ ਨਾਲੋਂ ਸਸਤੀਆਂ ਮਿਲ ਸਕਦੀਆਂ ਹਨ। 2023-24 ’ਚ ਵੀ ਭਾਵੇਂ ਖਾਦਾਂ ਤਾਂ 2.07 ਅਰਬ ਡਾਲਰ ਦੀਆਂ ਖਰੀਦੀਆਂ ਗਈਆਂ ਪਰ ਪੈਟਰੋਲ 54.5 ਅਰਬ ਡਾਲਰ ਦਾ, ਇੱਥੋਂ ਤੱਕ ਕਿ ਲੱਕੜਾਂ ਦਾ ਗੁੱਦਾ ਵੀ ਰੂਸ ਤੋਂ ਖਰੀਦਿਆ ਗਿਆ, ਜੋ ਭਾਰਤ ਵਿਚ ਹੀ ਪੈਦਾ ਕੀਤਾ ਜਾ ਸਕਦਾ ਹੈ। ਭਾਰਤ ਦਾ ਰੂਸ ਵੱਲ ਨਿਰਯਾਤ ਬਹੁਤ ਹੀ ਘੱਟ ਹੈ, ਜਿਹੜਾ ਰੂਸ ਤੋਂ ਆਯਾਤ ਕਰਨ ਵਿਚ ਫਿਰ ਰੁਕਾਵਟ ਬਣੇਗਾ। 2020-21 ’ਚ ਭਾਰਤ ਨੇ ਸਿਰਫ਼ 2.66 ਅਰਬ ਡਾਲਰ ਦਾ ਨਿਰਯਾਤ ਰੂਸ ਨੂੰ ਕੀਤਾ, ਜਦਕਿ ਰੂਸ ਨੇ ਭਾਰਤ ਨੂੰ 5.49 ਅਰਬ ਡਾਲਰ ਦੀਆਂ ਜਾਂ 2 ਗੁਣਾਂ ਦੇ ਕਰੀਬ ਵਸਤੂਆਂ ਭੇਜੀਆਂ। 2024-25 ’ਚ ਭਾਰਤ ਦੀ ਨਿਰਯਾਤ 4.88 ਅਰਬ ਡਾਲਰ ਸੀ, ਜਦਕਿ ਰੂਸ ਨੇ ਭਾਰਤ ਨੂੰ 63.84 ਅਰਬ ਡਾਲਰ ਦੀਆਂ ਵਸਤੂਆਂ ਜੋ ਭਾਰਤ ਤੋਂ 12 ਗੁਣਾਂ ਤੋਂ ਜ਼ਿਆਦਾ ਸੀ, ਭੇਜੀਆਂ। ਇਹ ਗੱਲ ਫਿਰ ਰੂਸ ਤੋਂ ਆਯਾਤ ਵਿਚ ਰੁਕਾਵਟ ਬਣੇਗੀ।

ਭਾਵੇਂ ਭਾਰਤ ਅਮਰੀਕਾ ’ਚ ਵਪਾਰ ਸੁਤੰਤਰਤਾ ਤੋਂ ਬਾਅਦ ਹੀ ਵਧਿਆ ਪਰ ਇਨ੍ਹਾਂ ’ਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ। 2020-21 ’ਚ ਭਾਰਤ ਨੇ ਅਮਰੀਕਾ ਨੂੰ 51.3 ਅਰਬ ਡਾਲਰ ਦਾ ਨਿਰਯਾਤ ਕੀਤਾ, ਜਿਹੜਾ ਅਮਰੀਕਾ ਦੇ ਭਾਰਤ ਵੱਲ ਨਿਰਯਾਤ 27.3 ਅਰਬ ਡਾਲਰ ਤੋਂ ਤਕਰੀਬਨ ਦੁੱਗਣਾ ਸੀ। ਪਰ 2024-25 ’ਚ ਭਾਰਤ ਵਲੋਂ ਨਿਰਯਾਤ ਵਧ ਕੇ 87.3 ਅਰਬ ਡਾਲਰ ਹੋ ਗਿਆ, ਜਦਕਿ ਅਮਰੀਕਾ ਤੋਂ ਭਾਰਤ ਵੱਲ ਨਿਰਯਾਤ 41.5 ਅਰਬ ਡਾਲਰ ਸੀ, ਜੋ ਭਾਰਤ ਤੋਂ 45.8 ਅਰਬ ਡਾਲਰ ਘੱਟ ਸੀ। ਅਮਰੀਕਾ ਤੋਂ ਚੀਨ ਵਿਚ ਵੀ ਬਹੁਤ ਜ਼ਿਆਦਾ ਵਸਤੂਆਂ ਆ ਰਹੀਆਂ ਹਨ ਅਤੇ ਅਮਰੀਕਾ ਦਾ ਚੀਨ ਨਾਲ ਵਪਾਰ ਸਾਰੇ ਸੰਸਾਰ ਤੋਂ ਵੱਧ ਹੈ। ਭਾਵੇਂ ਭਾਰਤ ਦੀਆਂ ਵਸਤੂਆਂ ਅਮਰੀਕਾ ਵੱਲ ਕਿਤੇ ਵੱਧ ਜਾ ਰਹੀਆਂ ਹਨ ਪਰ ਅਮਰੀਕੀ ਸੇਵਾਵਾਂ ਜਿਵੇਂ ਸਫ਼ਰ, ਵਿੱਦਿਆ, ਆਈ.ਟੀ. ਅਤੇ ਵਪਾਰਕ ਸੇਵਾਵਾਂ ਨਾਲ 212 ਅਰਬ ਡਾਲਰ ਦੇ ਕੁੱਲ ਵਪਾਰ ਦਾ ਵੱਡਾ ਹਿੱਸਾ ਹੋਣ ਕਰਕੇ ਦੋਵਾਂ ਦੇਸ਼ਾਂ ਨੇ ਵਪਾਰ ਸੰਤੁਲਨ ਨੂੰ ਠੀਕ ਕੀਤਾ ਹੈ। ਇਸੇ ਤਰ੍ਹਾਂ ਹੀ ਚੀਨ, ਅਮਰੀਕਾ ਤੇ ਭਾਰਤ ਦਾ ਵਪਾਰ ਹੈ। ਚੀਨ, ਅਮਰੀਕਾ ਤੇ ਭਾਰਤ ਹੀ ਅਮਰੀਕਾ ਦੇ ਵਿਦੇਸ਼ੀ ਵਪਾਰ ਦੇ ਵੱਡੇ ਹਿੱਸੇਦਾਰ ਹਨ। ਅਮਰੀਕਾ ’ਚ ਇਨ੍ਹਾਂ ਦੇਸ਼ਾਂ ਦੀਆਂ ਵਸਤੂਆਂ ਜ਼ਿਆਦਾ ਵਿਕ ਰਹੀਆਂ ਹਨ, ਜਿਨ੍ਹਾਂ ਨੂੰ ਘੱਟ ਕਰਨ ਲਈ ਅਮਰੀਕਾ ਨੇ ਦੋਵਾਂ ਦੇਸ਼ਾਂ ’ਤੇ ਆਯਾਤ ਡਿਊਟੀ ਵਿਚ ਵੱਡਾ ਵਾਧਾ ਕੀਤਾ ਹੈ।

ਭਾਵੇਂ ਕਿ ਸਮੇਂ ਅਨੁਸਾਰ ਵਪਾਰ ਵਿਚ ਵਸਤੂਆਂ ਬਦਲਦੀਆਂ ਰਹਿੰਦੀਆਂ ਹਨ, ਵਪਾਰ ਦੀ ਦਿਸ਼ਾ ਵੀ ਬਦਲਦੀ ਰਹੀ ਹੈ ਪਰ ਹਰ ਦੇਸ਼ ਦੇ ਹਿੱਤ ਨੂੰ ਸਾਹਮਣੇ ਰੱਖ ਕੇ ਅੰਤਰਰਾਸ਼ਟਰੀ ਵਪਾਰ ਤੁਲਨਾਤਮਕ ਲਾਗਤ ਦੇ ਆਧਾਰ ’ਤੇ ਕੀਤਾ ਜਾਂਦਾ ਹੈ। ਜਿਹੜੀ ਡਿਊਟੀ ਅਮਰੀਕਾ ਨੇ ਵਧਾਈ ਹੈ, ਉਸ ਨਾਲ ਉਨ੍ਹਾਂ ਵਸਤੂਆਂ ਦੀਆਂ ਕੀਮਤਾਂ ’ਚ ਜੋ ਵਾਧਾ ਹੋਵੇਗਾ, ਉਹੋ ਖ਼ਰੀਦਦਾਰਾਂ ਨੂੰ ਹੀ ਦੇਣਾ ਪਵੇਗਾ। ਜੇ ਡਿਊਟੀ ਵਧਣ ਤੋਂ ਬਾਅਦ ਵੀ ਉਨ੍ਹਾਂ ਵਸਤੂਆਂ ਦੀ ਮੰਗ ਨਾ ਘਟੀ ਤਾਂ ਇਹ ਵਧੀਆਂ ਕੀਮਤਾਂ ਅਮਰੀਕਾ ਦੇ ਖ਼ਰੀਦਦਾਰਾਂ ਨੂੰ ਦੇਣੀਆਂ ਪੈਣਗੀਆਂ ਅਤੇ ਇਸ ਤਰ੍ਹਾਂ ਟਰੰਪ ਦਾ ਡਿਊਟੀ ਵਧਾਉਣ ਦਾ ਉਦੇਸ਼ ਪੂਰਾ ਨਹੀਂ ਹੋਵੇਗਾ, ਸਗੋਂ ਖ਼ਰੀਦਦਾਰਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਵੇਗਾ ਪਰ ਜੇ ਭਾਰਤੀ ਵਸਤਾਂ ਦੀ ਡਿਊਟੀ ਤੋਂ ਬਾਅਦ ਅਮਰੀਕਾ ਨੂੰ ਨਿਰਯਾਤ ਘਟ ਗਈ ਤਾਂ ਇਸ ਦਾ ਨੁਕਸਾਨ ਭਾਰਤ ਨੂੰ ਹੋਵੇਗਾ। ਸਾਰੀ ਤਸਵੀਰ ਦੇਖਣ ਤੋਂ ਬਾਅਦ ਲਗਦਾ ਹੈ ਕਿ ਭਾਰਤ ਤੇ ਅੰਤਰਰਾਸ਼ਟਰੀ ਵਪਾਰ ਵਿਚ ਇਸ ਵਧੀ ਡਿਊਟੀ ਦਾ ਕੋਈ ਪ੍ਰਭਾਵ ਨਹੀਂ ਪਵੇਗਾ।




# ਨਵੀਂ ਆਫ਼ਤ ’ਚ ਲੁਕੇ ਮੌਕੇ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐੱਚ-1ਬੀ ਵੀਜ਼ਾ ਫੀਸ ਨੂੰ ਵਧਾ ਕੇ ਇਕ ਲੱਖ ਡਾਲਰ ਭਾਵ ਲਗਪਗ 88 ਲੱਖ ਰੁਪਏ ਕਰ ਦਿੱਤਾ ਹੈ। ਹਾਲਾਂਕਿ ਇਹ ਨਵਾਂ ਨਿਯਮ ਸਿਰਫ਼ ਨਵੇਂ ਬਿਨੈਕਾਰਾਂ ’ਤੇ ਹੀ ਲਾਗੂ ਹੋਵੇਗਾ। ਇਹ ਕੋਈ ਸਾਲਾਨਾ ਫੀਸ ਨਹੀਂ ਹੈ। ਜਿਨ੍ਹਾਂ ਲੋਕਾਂ ਕੋਲ ਪਹਿਲਾਂ ਤੋਂ ਹੀ ਐੱਚ-1ਬੀ ਵੀਜ਼ਾ ਹੈ ਤੇ ਜੋ ਇਸ ਸਮੇਂ ਅਮਰੀਕਾ ’ਚੋਂ ਬਾਹਰ ਹਨ, ਉਨ੍ਹਾਂ ਤੋਂ ਦੁਬਾਰਾ ਪ੍ਰਵੇਸ਼ ਫੀਸ ਨਹੀਂ ਲਈ ਜਾਵੇਗੀ।

ਟਰੰਪ ਨੇ ਇਸ ਫ਼ੈਸਲੇ ਦਾ ਬਚਾਅ ਅਮਰੀਕੀ ਨੌਕਰੀਆਂ ਦੀ ਸੁਰੱਖਿਆ ਲਈ ਇਕ ਤਰੀਕਾ ਦੱਸਦੇ ਹੋਏ ਕੀਤਾ ਹੈ। ਉਨ੍ਹਾਂ ਨੇ ਨਾਲ ਹੀ ਤਰਕ ਦਿੱਤਾ ਕਿ ਆਊਟਸੋਰਸਿੰਗ ਕੰਪਨੀਆਂ ਨੇ ਇਸ ਪ੍ਰੋਗਰਾਮ ਦੀ ਵਰਤੋਂ ਅਮਰੀਕੀ ਮੁਲਾਜ਼ਮਾਂ ਦੀ ਥਾਂ ’ਤੇ ਸਸਤੇ ਵਿਦੇਸ਼ੀ ਮੁਲਾਜ਼ਮਾਂ ਨੂੰ ਨਿਯੁਕਤ ਕਰਨ ਲਈ ਕੀਤੀ ਹੈ। ਉੱਥੇ ਕਈ ਅਮਰੀਕੀ ਸੰਸਦ ਮੈਂਬਰਾਂ ਤੇ ਭਾਈਚਾਰਕ ਆਗੂਆਂ ਨੇ ਟਰੰਪ ਦੇ ਇਸ ਫ਼ੈਸਲੇ ਨੂੰ ਬੇਕਾਰ ਦੱਸਦੇ ਹੋਏ ਕਿਹਾ ਹੈ ਕਿ ਇਸ ਨਾਲ ਅਮਰੀਕੀ ਆਈਟੀ ਉਦਯੋਗ ’ਤੇ ਬਹੁਤ ਨਕਾਰਾਤਮਕ ਅਸਰ ਪਵੇਗਾ। ਇਹ ਅਮਰੀਕਾ ਨੂੰ ਉੱਚ ਕੋਟੀ ਦੇ ਸਮਰੱਥ ਕਾਮਿਆਂ ਤੋਂ ਵਾਂਝਾ ਕਰਨ ਵਾਲਾ ਫ਼ੈਸਲਾ ਹੈ। ਅਮਰੀਕਾ ਹਰ ਸਾਲ 65000 ਐੱਚ-1ਬੀ ਵੀਜ਼ੇ ਤੇ 20,000 ਵਾਧੂ ਵੀਜ਼ੇ ਦਿੰਦਾ ਹੈ। ਇਨ੍ਹਾਂ ’ਚੋਂ ਲਗਪਗ 70 ਫ਼ੀਸਦੀ ਵੀਜ਼ੇ ਭਾਰਤ ਨੂੰ ਮਿਲਦੇ ਹਨ।

ਐਮਾਜ਼ੋਨ, ਮਾਈਕ੍ਰੋਸਾਫਟ ਤੇ ਮੇਟਾ ਵਰਗੀਆਂ ਕੰਪਨੀਆਂ ਦੇ ਹਜ਼ਾਰਾਂ ਮੁਲਾਜ਼ਮ ਐੱਚ-1ਬੀ ’ਤੇ ਉਥੇ ਕੰਮ ਕਰਦੇ ਹਨ। ਉਥੇ ਕਈ ਭਾਰਤੀ ਕੰਪਨੀਆਂ ਜਿਵੇਂ ਇਨਫੋਸਿਸ, ਟੀਸੀਐੱਸ, ਵਿਪ੍ਰੋ ਤੇ ਐੱਚਸੀਐੱਲ ਵੀ ਅਮਰੀਕਾ ’ਚ ਕੰਮ ਕਰਨ ਲਈ ਇਸੇ ਵੀਜ਼ੇ ’ਤੇ ਕਾਫ਼ੀ ਨਿਰਭਰ ਹਨ। ਇਸ ਕਾਰਨ ਹੁਨਰਮੰਦ ਕਾਮਿਆਂ ਨੂੰ ਨਿਯੁਕਤ ਕਰਨ ਵਾਲੀਆਂ ਛੋਟੀਆਂ ਕੰਪਨੀਆਂ ਤੇ ਸਟਾਰਟਅਪਸ ਟਰੰਪ ਦੇ ਫ਼ੈਸਲੇ ਨਾਲ ਮੁਸ਼ਕਲ ’ਚ ਆ ਜਾਣਗੇ। ਵੀਜ਼ਾ ਫੀਸ ’ਚ ਇਸ ਤਬਦੀਲੀ ਨਾਲ ਅਮਰੀਕਾ ’ਚ ਭਾਰਤੀ ਆਈਟੀ ਇੰਜੀਨੀਅਰਾਂ ਦੀਆਂ ਨੌਕਰੀਆਂ ’ਤੇ ਵੀ ਖ਼ਤਰਾ ਵਧੇਗਾ।

ਯਕੀਨੀ ਤੌਰ ’ਤੇ ਟਰੰਪ ਦਾ ਇਹ ਫ਼ੈਸਲਾ ਭਾਰਤ ਦੇ ਆਈਟੀ ਖੇਤਰ ਤੇ ਭਾਰਤੀ ਸਮਰੱਥਾ ਲਈ ਇਕ ਆਫ਼ਤ ਵਾਂਗ ਹੈ, ਪਰ ਇਹ ਕਈ ਮਾਅਨਿਆਂ ’ਚ ਮੌਕਾ ਵੀ ਬਣ ਸਕਦਾ ਹੈ। ਅਜਿਹੇ ਆਸਾਰ ਹਨ ਕਿ ਅਮਰੀਕੀ ਕੰਪਨੀਆਂ ਆਪਣੀਆਂ ਨੌਕਰੀਆਂ ਵਿਦੇਸ਼ ਭਾਵ ਭਾਰਤ ਵਰਗੇ ਦੇਸ਼ਾਂ ’ਚ ਸ਼ਿਫਟ ਕਰਨ ਲਈ ਮਜਬੂਰ ਹੋ ਜਾਣਗੀਆਂ। ਅਜਿਹਾ ਹੋਣ ’ਤੇ ਟਰੰਪ ਦੀ ਇਹ ਨੀਤੀ ਅਮਰੀਕਾ ਦੀ ਥਾਂ ’ਤੇ ਭਾਰਤ ਤੇ ਦੂਜੇ ਦੇਸ਼ਾਂ ਲਈ ਫ਼ਾਇਦੇਮੰਦ ਸਾਬਿਤ ਹੋ ਸਕਦੀ ਹੈ। ਐੱਚ-1ਬੀ ਵੀਜ਼ਾ ਫੀਸ ਵਧਣ ਨਾਲ ਦੁਨੀਆ ਦੀਆਂ ਯੋਗਤਾਵਾਂ ਅਮਰੀਕਾ ਨਹੀਂ ਜਾ ਸਕਣਗੀਆਂ।

ਇਸ ਨਾਲ ਉਥੇ ਇਨੋਵੇਸ਼ਨ ਵੀ ਘਟ ਸਕਦੀ ਹੈ ਤੇ ਭਾਰਤ ਦੇ ਇਨੋਵੇਸ਼ਨ ’ਚ ਨਵੀਂ ਜਾਨ ਆ ਸਕਦੀ ਹੈ। ਉਮੀਦ ਹੈ ਪੇਟੈਂਟ, ਇਨੋਵੇਸ਼ਨ ਤੇ ਸਟਾਰਟਅਪਸ ਦੀ ਅਗਲੀ ਲਹਿਰ ਭਾਰਤ ’ਚ ਤੇਜ਼ੀ ਨਾਲ ਵਧੇਗੀ। ਭਾਰਤ ਦੀਆਂ ਯੋਗਤਾਵਾਂ ਦੇ ਭਾਰਤ ’ਚ ਹੀ ਰਹਿਣ ਨਾਲ ਭਾਰਤ ’ਚ ਖੋਜ ਅਤੇ ਵਿਕਾਸ ਦੀ ਸਥਿਤੀ ਮਜ਼ਬੂਤ ਹੋਵੇਗੀ। ਹੁਣ ਅਮਰੀਕੀ ਆਈਟੀ ਕੰਪਨੀਆਂ ਭਾਰਤੀ ਕੰਪਨੀਆਂ ਨੂੰ ਜ਼ਿਆਦਾ ਆਊਟਸੋਰਸਿੰਗ ਦਾ ਕੰਮ ਦੇ ਸਕਦੀਆਂ ਹਨ। ਇਸ ਨਾਲ ਭਾਰਤ ਤੋਂ ਅਮਰੀਕਾ ਲਈ ਕੰਮ ਵਧਣਗੇ। ਭਾਰਤ ਗਲੋਬਲ ਆਊਟਸੋਰਸਿੰਗ

**-ਡਾ. ਜਯੰਤੀਲਾਲ ਭੰਡਾਰੀ**

ਦਾ ਨਵਾਂ ਹਬ ਬਣਨ ਦੇ ਰਾਹ ’ਤੇ ਅੱਗੇ ਵਧ ਸਕੇਗਾ। ਪਿਛਲੇ ਕਈ ਸਾਲਾਂ ਤੋਂ ਆਊਟਸੋਰਸਿੰਗ ਦੇ ਖੇਤਰ ’ਚ ਭਾਰਤ ਦੀ ਤਰੱਕੀ ਦੇ ਪਿੱਛੇ ਦੇਸ਼ ’ਚ ਸੰਚਾਰ ਦਾ ਮਜ਼ਬੂਤ ਢਾਂਚਾ ਹੋਣਾ ਇਕ ਮੁੱਖ ਕਾਰਨ ਹੈ। ਦੂਰਸੰਚਾਰ ਉਦਯੋਗ ਦੇ ਨਿੱਜੀਕਰਨ ਨਾਲ ਨਵੀਆਂ ਕੰਪਨੀਆਂ ਦੇ ਹੋਂਦ ’ਚ ਆਉਣ ਨਾਲ ਦੂਰਸੰਚਾਰ ਦੀਆਂ ਦਰਾਂ ’ਚ ਭਾਰੀ ਗਿਰਾਵਟ ਆਈ ਹੈ। ਚੰਗੀ ਕਿਸਮ ਦੀ ਤੁਰੰਤ ਸੇਵਾ, ਆਈਟੀ ਐਕਸਪਰਟ ਤੇ ਅੰਗਰੇਜ਼ੀ ’ਚ ਮਾਹਿਰ ਨੌਜਵਾਨਾਂ ਦੀ ਵੱਡੀ ਗਿਣਤੀ ਅਜਿਹੇ ਹੋਰ ਕਾਰਨ ਹਨ, ਜਿਨ੍ਹਾਂ ਦੀ ਬਦੌਲਤ ਭਾਰਤ ਪੂਰੇ ਵਿਸ਼ਵ ’ਚ ਆਊਟਸੋਰਸਿੰਗ ਦੇ ਖੇਤਰ ’ਚ ਮੋਹਰੀ ਬਣਿਆ ਹੋਇਆ ਹੈ।

ਯਕੀਨੀ ਤੌਰ ’ਤੇ ਅਮਰੀਕਾ ’ਚ ਕੰਮ ਕਰ ਰਹੇ ਭਾਰਤੀਆਂ ਲਈ ਵਾਪਸ ਮੁੜਨ ਤੇ ਆਪਣੀ ਯੋਗਤਾ ਤੇ ਵਿਚਾਰਾਂ ਨਾਲ ਸਵਦੇਸ਼ ’ਚ ਯੋਗਦਾਨ ਦੇਣ ਦਾ ਮੌਕਾ ਹੈ। ਇਸ ਨਾਲ ‘ਆਤਮਨਿਰਭਰ ਭਾਰਤ’ ਮੁਹਿੰਮ ਨੂੰ ਵੀ ਰਫ਼ਤਾਰ ਮਿਲੇਗੀ। ਟਰੰਪ ਵੱਲੋਂ ਲਗਾਈ ਗਈ ਉੱਚੀ ਫੀਸ ਦੀ ਆਫ਼ਤ ਨੂੰ ਅਵਸਰ ’ਚ ਬਦਲਣ ਲਈ ਸਾਨੂੰ ਹੋਰ ਕਈ ਗੱਲਾਂ ’ਤੇ ਧਿਆਨ ਦੇਣਾ ਪਵੇਗਾ। ਜਿਵੇਂ ਕਿ ਆਊਟਸੋਰਸਿੰਗ ਲਈ ਅਮਰੀਕੀ ਬਾਜ਼ਾਰ ਦੇ ਨਾਲ-ਨਾਲ ਯੂਰਪ ਤੇ ਏਸ਼ੀਆ-ਪ੍ਰਸ਼ਾਂਤ ਖੇਤਰ ’ਚ ਨਵੀਆਂ ਵਿਆਪਕ ਸੰਭਾਵਨਾਵਾਂ ਨੂੰ ਮੁੱਠੀ ’ਚ ਲੈਣਾ ਪਵੇਗਾ।

ਇਸ ਲਈ ਸਾਨੂੰ ਦੇਸ਼ ’ਚ ਆਊਟਸੋਰਸਿੰਗ ਦੇ ਚਮਕੀਲੇ ਭਵਿੱਖ ਲਈ ਯੋਗਤਾ ਨਿਰਮਾਣ ’ਤੇ ਜ਼ੋਰ ਦੇਣਾ ਪਵੇਗਾ। ਇਸ ਗੱਲ ਤੋਂ ਅਸੀਂ ਸਾਰੇ ਵਾਕਫ਼ ਹਾਂ ਕਿ ਸਾਫਟਵੇਅਰ ਉਦਯੋਗ ’ਚ ਸਾਡੀ ਅਗਵਾਈ ਦਾ ਮੁੱਖ ਕਾਰਨ ਸਾਡੀਆਂ ਸੇਵਾਵਾਂ ਤੇ ਪ੍ਰੋਗਰਾਮ ਦਾ ਸਸਤਾ ਹੋਣਾ ਹੈ। ਇਸ ਲਈ ਇਸ ਸਥਿਤੀ ਨੂੰ ਕਾਇਮ ਰੱਖਣ ਲਈ ਸਾਨੂੰ ਤਕਨੀਕੀ ਤੌਰ ’ਤੇ ਯੋਗ ਲੋਕਾਂ ਦੀ ਉਪਲੱਬਧਤਾ ਬਣਾਈ ਰੱਖਣੀ ਪਵੇਗੀ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਥੰਮ੍ਹ ਨਾਨਕਸਰ ਕਲੇਰਾਂ ਦੀ ਵਿਲੱਖਣ ਦਰਗਾਹੀ ਮਰਿਆਦਾ ਵਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਰਾ MA Eco from GN Univercity ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਿਉਂ ਨਹੀਂ ਲਗਾਇਆ ਜਾਂਦਾ, ਗੋਲਕ ਕਿਉਂ ਨਹੀਂ ਰੱਖੀ ਜਾਂਦੀ, ਦੋਹਰਾ ਕਿਉਂ ਨਹੀਂ ਪੜ੍ਹਿਆ ਜਾਂਦਾ, ਜੈਕਾਰਾ ਕਿਉਂ ਨਹੀਂ ਛੱਡਿਆ ਜਾਂਦਾ, ਪੱਕਿਆ ਪਕਾਇਆ ਪ੍ਰਸ਼ਾਦਾ, ਗੁਰੂ ਸਾਹਿਬ ਦੀਆਂ ਫੋਟੋਆਂ ਵਾਰੇ ਅਹਿਮ ਤੱਤ ਪੇਸ਼ ਕੀਤੇ ਅਤੇ ਉਨ੍ਹਾਂ ਕਿਹਾ ਕਿ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਸਾਬਤ ਕਰਨ ਵਾਲੇ ਨੂੰ 50,000 ਰੁਪਏ ਇਨਾਮ ਦਿੱਤਾ ਜਾਵੇਗਾ ਤੇ ਮੁਆਫ਼ੀ ਵੀ ਮੰਗੀ ਜਾਵੇਗੀ। ਉਨ੍ਹਾਂ ਵਲੋਂ 'ਸਾਡੇ ਲੋਕ' ਅਖ਼ਬਾਰ ਨਾਲ ਕੀਤੀ ਗੱਲਬਾਤ ਨੂੰ ਅਸੀਂ ਲੜੀਵਾਰ ਪਾਠਕਾਂ ਲਈ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾਂ। - ਸਤਨਾਮ ਸਿੰਘ ਖਾਲਸਾ।



ਸ੍ਰ. ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ (ਅਮਰੀਕਾ)

# ਸਿੱਖਾਂ ਦਾ ਹਰਿਮੰਦਰ ਸਾਹਿਬ ਨਾਲ ਰਿਸ਼ਤਾ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਗੁਰੂ ਹਰਗੋਬਿੰਦ ਸਾਹਿਬ ਜੀ 1634 ਵਿੱਚ ਅੰਮ੍ਰਿਤਸਰ ਤੋਂ ਕੀਰਤਪੁਰ ਸਾਹਿਬ ਚਲੇ ਗਏ ਤਾਂ ਗੁਰੂ ਸਾਹਿਬ ਦੇ ਜਾਣ ਤੋਂ ਬਾਦ ਪ੍ਰਿਥੀ ਦੇ ਪੁੱਤਰ ਸੋਢੀ ਮਿਹਰਬਾਨ (ਅਸਲ ਨਾਮ ਮਨੋਹਰ ਦਾਸ ਸੀ ) ਨੇ ਅੰਮ੍ਰਿਤਸਰ ਤੇ ਕਬਜ਼ਾ ਕਰ ਲਿਆ ਤੇ ਗੁਰੂ ਸਾਹਿਬ ਦੇ ਉਲਟ ਦਰਬਾਰ ਸਾਹਿਬ ਵਿਖੇ ਪ੍ਰਚਾਰ ਕੀਤਾ।

ਮਿਹਰਬਾਨ ਨੇ 1634 ਤੋ 1699 ਤੱਕ ਦੋਖੀਆਂ ਦਾ ਕਬਜ਼ਾ ਰਿਹਾ। ਇਸ ਅਰਸੇ ਦੌਰਾਨ ਹਰਿਮੰਦਰ ਸਾਹਿਬ "ਸ੍ਰੀ ਆਦਿ ਗ੍ਰੰਥ ਸਾਹਿਬ ਤੋ ਵਿਹੂਣਾ ਰਿਹਾ।"

1639 ਨੂੰ ਮਿਹਰਬਾਨ ਦੇ ਮਰਨ ਉਪਰੰਤ ਉਸ ਦੇ ਪੁੱਤਰ ਸੋਢੀ ਹਰਿ ਜੀ ਦਾ ਕਬਜ਼ਾ ਰਿਹਾ।

1664 ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਜਦ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਗਏ ਤਾਂ ਹਰਿ ਜੀ ਨੇ ਦਰਬਾਰ ਸਾਹਿਬ ਦੇ ਚਾਰੇ ਦਰਵਾਜ਼ੇ ਬੰਦ ਕਰ ਲਏ ਤੇ ਗੁਰੂ ਸਾਹਿਬ ਵਗੈਰ ਦਰਸ਼ਨਾਂ ਤੋ ਵਾਪਸ ਚਲੇ ਗਏ।

1696 ਵਿੱਚ ਹਰਿ ਜੀ ਦੀ ਮੌਤ ਤੋਂ ਬਾਦ ਉਸ ਦੇ ਪੁੱਤਰਾਂ ਵਿੱਚ ਖ਼ਾਨਾ ਜੰਗੀ ਸ਼ੁਰੂ ਹੋ ਗਈ। ਸੰਗਤਾਂ ਨੇ ਦਰਬਾਰ ਸਾਹਿਬ ਆਉਣਾ ਬੰਦ ਕਰ ਦਿੱਤਾ ਤੇ ਇਹਨਾਂ ਦੀ ਆਮਦਨ ਘੱਟ ਗਈ ਤੇ ਫਿਰ ਸੰਗਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਬੇਨਤੀ ਕੀਤੀ ਕਿ ਆਪ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਬਹਾਲ ਕਰੋ।

ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਦੀ ਬੇਨਤੀ ਕਰਨ ਤੇ ਭਾਈ ਮਨੀ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਦੇ ਕੇ ਨਾਲ 5 ਸਿੰਘ ਜੋ ਕ੍ਰਮਵਾਰ ਭਾਈ ਭੂਪਤ ਸਿੰਘ, ਗੁਲਜ਼ਾਰ ਸਿੰਘ, ਕੌਰ ਸਿੰਘ, ਦਾਨ ਸਿੰਘ ਤੇ ਕੀਰਤ ਸਿੰਘ ਜਿਹਨਾਂ ਦੀ ਸੇਵਾ ਦੇਗੀਆ ਸਿੰਘ (ਜੋ ਦੇਗ ਦਾ ਪ੍ਰਬੰਧ ਕਰੇ ) ਅਰਦਾਸੀਆ ਸਿੰਘ ( ਅਰਦਾਸ ਕਰਨ ਵਾਲਾ), ਧੂਪੀਆ ਸਿੰਘ (ਜੋ ਕੁੰਭ ਜੋਤ ਦੀ ਨਿਗਰਾਨੀ ਕਰੇ), ਚੌਰ ਬਰਦਾਰ (ਜੋ ਗੁਰੂ ਸਾਹਿਬ ਤੇ ਚੌਰ ਸਾਹਿਬ ਕਰੇ ), ਇਕ ਚੋਂਭਦਾਰ ( ਪਹਿਰੇਦਾਰ ਦੀ ਸੇਵਾ ਕਰੇ )

ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਵਿਖੇ ਕਿਸ ਤਰਾਂ ਮਰਿਆਦਾ ਸਥਾਪਿਤ ਕਰਨ ਬਾਰੇ ਸਮਝਾਇਆ। ਜੋ ਮਨੀ ਸਿੰਘ ਜੀ ਨੇ ਆਪਣੀ ਕਿਤਾਬ "ਦਸਤੂਰ-ਉਲ-ਅਮਲ" ਲਿਖਤੁਮ ਭਾਈ ਮਨੀ ਸਿੰਘ ਜੀ ਨੇ ਵਿਚ ਦੱਸਿਆ। ਭਾਈ ਮਨੀ ਸਿੰਘ ਜੀ ਨੇ ਬਿਲਕੁਲ ਉਸੇ ਤਰਾਂ ਲਿਖੀ ਜਿਸ ਤਰ੍ਹਾਂ ਦਸਵੇ ਗੁਰੂ ਸਾਹਿਬ ਨੇ ਦੱਸੀ ਸੀ। ਇਹ ਵੀ ਇਤਿਹਾਸ ਵਿਚ ਪੱਕਾ ਕਰ ਦਿੱਤਾ ਕਿ ਉੱਥੇ ਇਹ ਮਰਿਆਦਾ ਹਟਾਈ ਨਹੀਂ ਜਾ ਸਕਦੀ ਭਾਵ ਰਜਿਸਟਰ ਕਰਵਾ ਦਿੱਤੀ।

"ਰਾਮ ਸੰਤ ਮਹਿ ਭੇਦੁ ਕਿਛੁ ਨਾਹੀ
ਏਕ ਜਨੁ ਕਈ ਮਹਿ ਲਾਖ ਕਰੋਰੀ॥"
(ਅੰਗ ੨੦੮ )

**ਭਾਈ ਮਨੀ ਸਿੰਘ ਜੀ ਵੱਲੋਂ ਸਥਾਪਿਤ ਮਰਿਆਦਾ ਦੇ ਸਰੋਤ..**

੧- ਨਾਨਕਸਰ ਦੀਆਂ ਸੰਗਤਾਂ ਲਈ ਸਭ ਤੋਂ ਵੱਡਾ ਸਰੋਤ ਜੋ ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਨਾਨਕਸਰ ਵਾਲਿਆਂ ਵੱਲੋਂ ਉਚਾਰਨ ਕਰਨਾ ਜਿਸ ਨੂੰ ਸਾਡੇ ਸਤਿਕਾਰਯੋਗ ਪਿਤਾ ਜੀ ( ਪ੍ਰਿੰਸੀਪਲ ਬਲਬੀਰ ਸਿੰਘ ਜੀ ) ਨੇ ਕਲਮਬੰਦ ਕਰ ਲਿਆ।

੨-ਪ੍ਰਿੰਸੀਪਲ ਸਤਿਬੀਰ ਸਿੰਘ ਜੀ ਵੱਲੋਂ ਲਿਖੀ ਕਿਤਾਬ "ਕਥਾ ਪੁਰਾਤਨ ਕਿਉਂ ਸੁਣੀ" ਉਹਨਾਂ ਨੇ ਮਰਿਆਦਾ ਪ੍ਰਤੀ ਬੋਲ ਕੇ ਆਡੀਓ ਵੀ ਜਾਰੀ ਕੀਤੀ ਹੈ।

੩-ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸਲੇਖਕ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ
ਪ੍ਰਕਾਸ਼ਕ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ

੪-ਹਰਿਮੰਦਰ ਦਰਸ਼ਨ .February 2006
ਲੇਖਕ ਡਾ: ਸਰੂਪ ਸਿੰਘ ਅਲੱਗ
ਪੀ ਐਚ ਡੀ., ਡੀ ਲਿਟ., ਯੂ ਐਸ ਏ

੫- ਹਰਿਮੰਦਰ ਦਰਸ਼ਨ.10 ਜਨਵਰੀ 2014
ਲੇਖਕ ਡਾ: ਸਰੂਪ ਸਿੰਘ ਅਲੱਗ

੬-ਧਰਮ ਪ੍ਰਚਾਰ ਕਮੇਟੀ ( ਨਿਊ ਐਡੀਸ਼ਨ)
English Version

੭-ਸਿੱਖ ਵਿਦਵਾਨ ਬਾਬਾ ਹਰੀ ਸਿੰਘ ਜੀ ਰੰਧਾਵਾ ਵਾਲੇਜਿਹਨਾਂ ਨੇ ਭਾਈ ਮਨੀ ਸਿੰਘ ਜੀ ਵੱਲੋਂ ਲਿਖੀ ਮਰਿਆਦਾ ਵਾਰੇ ਦੱਸਿਆ।

੮- ਦਰਸ਼ਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ
ਲੇਖਕ ਸ੍ਰ: ਨਰਿੰਦਰ ਜੀਤ ਸਿੰਘ ਨੰਦਾ
( ਐਮ.ਏ., ਐਲ.ਐਲ. ਬੀ ) ਐਡਵੋਕੇਟ

• • •

(ਚਲਦਾ)

# ਪੁਲਿਸ ਆਧੁਨਿਕੀਕਰਨ ਨੂੰ ਮਿਲੇ ਰ.ਫਤਾਰ



ਬੀਤੇ ਦਿਨੀਂ ਪੁਲਿਸ ਹਿਰਾਸਤ 'ਚ ਹੋਈ ਇਕ ਮੌਤ ਦਾ ਸੁਪਰੀਮ ਕੋਰਟ ਨੇ ਖ਼ੁਦ ਨੋਟਿਸ ਲੈਂਦੇ ਹੋਏ ਥਾਣਿਆਂ 'ਚ ਸੀਸੀਟੀਵੀ ਕੈਮਰੇ ਲਗਾਉਣ ਦੇ ਆਪਣੇ ਪਹਿਲਾਂ ਦੇ ਹੁਕਮ ਦੀ ਸਮੀਖਿਆ ਸ਼ੁਰੂ ਕੀਤੀ। ਸੁਪਰੀਮ ਕੋਰਟ ਨੇ 2020 'ਚ 'ਪਰਮਵੀਰ ਵਿਰੁੱਧ ਬਲਜੀਤ ਸਿੰਘ' ਮਾਮਲੇ 'ਚ ਸਾਰੇ ਸੂਬਿਆਂ ਨੂੰ ਥਾਣਿਆਂ 'ਚ ਸੀਸੀਟੀਵੀ ਕੈਮਰੇ ਲਗਾਉਣ ਦੇ ਨਿਰਦੇਸ਼ ਦਿੱਤੇ ਸਨ ਤਾਂ ਜੋ ਹਿਰਾਸਤ 'ਚ ਸ਼ੋਸ਼ਣ ਦੇ ਮਾਮਲਿਆਂ 'ਤੇ ਰੋਕ ਲਗਾਈ ਜਾ ਸਕੇ।

ਇਸੇ ਤਰ੍ਹਾਂ ਜੁਲਾਈ 2025 'ਚ ਸੁਪਰੀਮ ਕੋਰਟ ਨੇ ਇਕ ਮਾਮਲੇ 'ਚ ਡੀਐੱਨਏ ਸੈਂਪਲ ਸੁਰੱਖਿਅਤ ਢੰਗ ਨਾਲ ਇਕੱਠੇ ਕਰਨ ਤੇ ਉਨ੍ਹਾਂ ਨੂੰ 48 ਘੰਟੇ ਦੇ ਅੰਦਰ ਫੋਰੈਂਸਿਕ ਲੈਬ ਭਿਜਵਾਉਣ ਦੇ ਨਿਰਦੇਸ਼ ਦਿੰਦੇ ਹੋਏ ਇਕ ਗਾਈਡਲਾਈਨ ਜਾਰੀ ਕੀਤੀ। ਇਸ ਤੋਂ ਪਹਿਲਾਂ ਜਨਵਰੀ 2019 'ਚ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਕ ਪਾਇਲਟ ਪ੍ਰੋਜੈਕਟ ਦੇ ਅੰਤਰਗਤ ਸੂਬਿਆਂ ਨੂੰ 10000 ਤੋਂ ਵੱਧ ਡੀਐੱਨਏ ਕੁਲੈਕਸ਼ਨ ਕਿੱਟਾਂ ਉਪਲੱਬਧ ਕਰਵਾਈਆਂ ਗਈਆਂ ਸਨ, ਕਿਉਂਕਿ ਜਿਨਸੀ ਅਪਰਾਧਾਂ ਦੀ ਸਮੀਖਿਆ ਲਈ ਵਿਗਿਆਨਕ ਸਬੂਤਾਂ ਨੂੰ ਵੱਧ ਮਹੱਤਵ ਦਿੱਤਾ ਗਿਆ ਹੈ। ਸੱਤ ਸਾਲ ਜਾਂ ਸੱਤ ਤੋਂ ਵੱਧ ਸਾਲਾਂ ਦੀ ਜੇਲ੍ਹ ਨਾਲ ਜੁੜੇ ਅਪਰਾਧਕ ਮਾਮਲਿਆਂ 'ਚ ਫੋਰੈਂਸਿਕ ਮਾਹਰ ਦਾ ਘਟਨਾ ਵਾਲੀ ਥਾਂ 'ਤੇ ਪੁੱਜ ਕੇ ਫੋਰੈਂਸਿਕ ਸਬੂਤ ਇਕੱਠੇ ਕਰਨਾ ਤੇ ਮੋਬਾਈਲ ਫੋਨ ਜਾਂ ਕਿਸੇ ਦੂਜੇ ਇਲੈਕਟ੍ਰਾਨਿਕ ਯੰਤਰ ਨਾਲ ਘਟਨਾ ਵਾਲੀ ਥਾਂ ਦੀ ਫੋਟੋਗ੍ਰਾਫੀ-ਵੀਡੀਓਗ੍ਰਾਫੀ ਹੁਣ ਜ਼ਰੂਰੀ ਹੈ। ਪੁਲਿਸ ਵੱਲੋਂ ਕਿਸੇ ਥਾਂ ਦੀ ਤਲਾਸ਼ੀ ਤੇ ਜ਼ਬਤੀ ਦੌਰਾਨ ਵੀ ਵੀਡੀਓਗ੍ਰਾਫੀ ਕਰ ਕੇ 48 ਘੰਟੇ 'ਚ ਮੈਜਿਸਟ੍ਰੇਟ ਨੂੰ ਭੇਜਣੀ ਜ਼ਰੂਰੀ ਹੈ। ਦੂਜੀ ਤਰ੍ਹਾਂ ਦੇ ਇਲੈਕਟ੍ਰਾਨਿਕ ਸਬੂਤ ਦੀ ਵੈਰੀਫਕੇਸ਼ਨ ਵੀ ਸਾਈਬਰ ਮਾਹਰ ਵੱਲੋਂ ਕੀਤੀ ਜਾਣੀ ਜ਼ਰੂਰੀ ਹੈ।

ਇਹ ਸਹੀ ਹੈ ਕਿ ਭਾਰਤੀ ਨਾਗਰਿਕ ਸੁਰੱਖਿਆ ਜ਼ਾਬਤੇ 'ਚ ਫੋਰੈਂਸਿਕ ਸਾਧਨਾਂ ਨੂੰ ਵਿਕਸਿਤ ਕਰਨ ਲਈ ਪੰਜ ਸਾਲਾਂ ਦਾ ਸਮਾਂ ਦਿੱਤਾ ਗਿਆ ਹੈ, ਪਰ ਉਸ ਦੀ ਪੂਰਤੀ ਲਈ ਸੂਬਿਆਂ ਨੂੰ ਵੱਧ ਵਿੱਤੀ ਸਾਧਨ ਵੀ ਉਪਲੱਬਧ ਕਰਵਾਉਣੇ ਜ਼ਰੂਰੀ ਹਨ। ਪੁਲਿਸ ਆਧੁਨਿਕੀਕਰਨ ਨਾਲ ਜੁੜੀ ਮੌਜੂਦਾ ਯੋਜਨਾ 1999-2000 'ਚ ਸ਼ੁਰੂਆਤੀ ਰੂਪ ਨਾਲ 10 ਸਾਲਾਂ ਲਈ ਸ਼ੁਰੂ ਕੀਤੀ ਗਈ ਸੀ। 10 ਸਾਲ ਬਾਅਦ ਨਾ ਸਿਰਫ਼ ਯੋਜਨਾ ਦੀ ਨਿਰੰਤਰਤਾ ਬਣਾਈ ਰੱਖਣ ਦੀ ਸਿਫ਼ਾਰਸ਼ ਕੀਤੀ ਗਈ ਬਲਕਿ ਮਾਓਵਾਦੀ ਪ੍ਰਭਾਵਿਤ ਇਲਾਕਿਆਂ 'ਚ ਫੰਡ ਦੇ ਵਾਧੇ ਤੇ

**ਆਰਕੇ ਵਿਜ**

ਤੱਟਵਰਤੀ ਅਤੇ ਸਰਹੱਦੀ ਇਲਾਕਿਆਂ ਲਈ ਵੀ ਵਿਸ਼ੇਸ਼ ਯੋਜਨਾ ਤਿਆਰ ਕਰਨ ਦੀ ਸਿਫ਼ਾਰਸ਼ ਕੀਤੀ ਗਈ।

ਪੁਲਿਸ ਆਧੁਨਿਕੀਕਰਨ ਯੋਜਨਾ ਨਾਲ ਪੁਲਿਸ ਦੀ ਮੋਬੀਲਿਟੀ ਵਧਣ, ਦੂਰਸੰਚਾਰ 'ਚ ਸੁਧਾਰ, ਹਥਿਆਰਾਂ ਦੀ ਗੁਣਵੱਤਾ 'ਚ ਬਿਹਤਰੀ, ਕੰਪਿਊਟਰਾਈਜ਼ੇਸ਼ਨ, ਸਿਖਲਾਈ ਤੇ ਸੁਰੱਖਿਆ ਦੇ ਉਪਕਰਣ ਖ਼ਰੀਦਣ ਤੇ ਫੋਰੈਂਸਿਕ ਲੈਬ ਦੇ ਆਧੁਨਿਕੀਕਰਨ 'ਚ ਸੂਬਿਆਂ ਨੂੰ ਕਾਫ਼ੀ ਫ਼ਾਇਦਾ ਹੋਇਆ ਹੈ। ਇਸ 'ਚ ਇਹ ਵੀ ਨਜ਼ਰਅੰਦਾਜ਼ ਨਾ ਕੀਤਾ ਜਾਵੇ ਕਿ ਸਮੇਂ ਦੇ ਨਾਲ ਪੁਲਿਸ ਬਲ ਦੀ ਗਿਣਤੀ 'ਚ ਵਾਧਾ ਹੋਇਆ ਹੈ ਤੇ ਕਈ ਨਵੀਆਂ ਚੁਣੌਤੀਆਂ ਸਾਹਮਣੇ ਆਈਆਂ ਹਨ।


ਵੈਸੇ ਤਾਂ ਪੁਲਿਸ ਤੇ ਲੋਕ ਵਿਵਸਥਾ ਸੰਵਿਧਾਨ ਦੀ ਸੱਤਵੀ ਅਨੁਸੂਚੀ ਦੇ ਅੰਤਰਗਤ 'ਸੂਬਾਈ ਸੂਚੀ' 'ਚ ਸ਼ਾਮਲ ਹਨ ਤੇ ਪੁਲਿਸ ਨੂੰ ਜ਼ਰੂਰੀ ਵਿੱਤੀ ਸਾਧਨ ਉਪਲੱਬਧ ਕਰਵਾਉਣ ਦੀ ਪਹਿਲੀ ਜ਼ਿੰਮੇਵਾਰੀ ਸੂਬਾਈ ਸਰਕਾਰਾਂ ਦੀ ਹੈ, ਪਰ ਸੰਵਿਧਾਨਕ ਵਿਵਸਥਾ ਦੇ ਤਹਿਤ ਸੂਬਿਆਂ 'ਚ ਅੰਦਰੂਨੀ ਸੁਰੱਖਿਆ ਬਣਾਈ ਰੱਖਣਾ ਕੇਂਦਰ ਦੀ ਵੀ ਮੁੱਖ ਜ਼ਿੰਮੇਵਾਰੀ ਹੈ। ਇਸੇ ਫ਼ਰਜ਼ ਦੀ ਪੂਰਤੀ ਲਈ ਕੇਂਦਰੀ ਗ੍ਰਹਿ ਮੰਤਰਾਲੇ ਦੀ ਅੰਬਰੇਲਾ ਸਕੀਮ 'ਪੁਲਿਸ ਆਧੁਨਿਕੀਕਰਨ ਲਈ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸਹਾਇਤਾ' (ਏਐੱਸਯੂਐੱਮਪੀ) ਰਾਹੀਂ ਸੂਬਿਆਂ ਨੂੰ ਪੁਲਿਸ ਆਧੁਨਿਕੀਕਰਨ ਲਈ ਰਕਮ ਉਪਲੱਬਧ ਕਰਵਾਈ ਜਾਂਦੀ ਹੈ। ਇਸ 'ਚ ਉੱਤਰਾਖੰਡ, ਹਿਮਾਚਲ ਅਤੇ ਪੂਰਬ-ਉੱਤਰ ਦੇ ਸੂਬਿਆਂ ਲਈ ਫੰਡਿਗ ਪੈਟਰਨ 90:10 ਹੈ। ਭਾਵ 90 ਫ਼ੀਸਦੀ ਯੋਗਦਾਨ ਕੇਂਦਰ ਦਾ, ਜਦਕਿ ਬਾਕੀ ਇਨ੍ਹਾਂ ਸੂਬਿਆਂ ਦਾ। ਹੋਰ ਸੂਬਿਆਂ ਲਈ ਇਹ ਅਨੁਪਾਤ 60:40 ਹੈ। ਇਸ ਤੋਂ ਪਹਿਲਾਂ ਇਹ ਹਿੱਸੇਦਾਰੀ 75:25 ਸੀ, ਪਰ ਸਾਲ 2012-13 ਤੋਂ ਇਸ ਨੂੰ ਬਦਲ ਕੇ 60:40 ਕਰ ਦਿੱਤਾ ਗਿਆ।

ਇਸ 'ਚ ਸ਼ੱਕ ਨਹੀਂ ਕਿ ਕੇਂਦਰ ਸਰਕਾਰ ਨੇ ਪੁਲਿਸ ਆਧੁਨਿਕੀਕਰਨ ਯੋਜਨਾ ਨੂੰ ਲਗਾਤਾਰ ਜਾਰੀ ਰੱਖਿਆ ਹੋਇਆ ਹੈ, ਪਰ ਇਸ ਦੇ ਅੰਤਰਗਤ ਸਾਲਾਨਾ ਫੰਡ ਦੀ ਵੰਡ 'ਚ ਲਗਾਤਾਰ ਕਮੀ ਆ ਰਹੀ ਹੈ। ਜਿੱਥੇ 2012-13 'ਚ ਕੇਂਦਰ ਸਰਕਾਰ ਦੀ ਹਿੱਸੇਦਾਰੀ ਲਗਪਗ 1558 ਕਰੋੜ ਰੁਪਏ ਸੀ, ਉਥੇ 2023-24 'ਚ ਇਹ ਆਪਣੇ ਸਭ ਤੋਂ ਘੱਟ ਪੱਧਰ 460 ਕਰੋੜ ਰੁਪਏ 'ਤੇ ਆ ਗਈ। ਜੁਲਾਈ 2024 ਤੋਂ ਨਵੇਂ ਅਪਰਾਧਕ ਕਾਨੂੰਨ ਲਾਗੂ ਹੋਣ ਤੋਂ ਬਾਅਦ ਸਾਲ 2025-26 'ਚ ਕੇਂਦਰ ਦੀ ਹਿੱਸੇਦਾਰੀ ਵਧ ਕੇ ਲਗਪਗ 1007 ਕਰੋੜ ਰੁਪਏ ਹੋ ਗਈ ਹੈ। ਇਸ ਕੜੀ ਨੂੰ ਲਗਾਤਾਰ ਵਧਾਈ ਰੱਖਣਾ ਪਵੇਗਾ।

ਕੇਂਦਰ ਸਰਕਾਰ ਵੱਲੋਂ ਵਿੱਤੀ ਸਾਧਨ ਦੇ ਵਹਾਅ ਦੀ ਨਿਗਰਾਨੀ ਲਈ ਪਬਲਿਕ ਫੰਡ ਮੈਨੇਜਮੈਂਟ ਸਿਸਟਮ ਭਾਵ ਪੀਐੱਫਐੱਮਐੱਸ ਵਰਗੀ ਵਿਵਸਥਾ ਵੀ ਅਪਣਾਈ ਗਈ ਹੈ, ਪਰ ਇਹ ਵਰਤੋਂ ਦੇ ਲਿਹਾਜ਼ ਨਾਲ ਬਹੁਤ ਢੁੱਕਵੀਂ ਨਹੀਂ ਹੈ। ਜਿੰਨੇ ਵੀ ਵਿੱਤੀ ਸਾਧਨ ਸੂਬਿਆਂ ਨੂੰ ਵੰਡੇ ਜਾਂਦੇ ਹਨ, ਉਨ੍ਹਾਂ 'ਚੋਂ ਅਸਲ ਖ਼ਰਚ ਹਮੇਸ਼ਾ ਘੱਟ ਰਹਿੰਦਾ ਹੈ। ਕਈ ਵਾਰ ਨਿਰਮਾਤਾ ਜਾਂ ਵਿਕਰੇਤਾ ਕੰਪਨੀ ਦੀ ਲੁੜੀਂਦੀ ਹਿੱਸੇਦਾਰੀ ਨਹੀਂ ਹੁੰਦੀ ਜਾਂ ਕਦੀ ਵਿਕਰੇਤਾ ਵੱਲੋਂ ਸਮੇਂ 'ਤੇ ਉਪਕਰਣ ਉਪਲੱਬਧ ਨਹੀਂ ਕਰਵਾਏ ਜਾਂਦੇ। ਕਈ ਵਾਰ ਸੂਬਾ ਸਰਕਾਰ ਤੋਂ ਏਕੀਕ੍ਰਿਤ ਸਮੱਗਰੀ ਦੀ ਮਨਜ਼ੂਰੀ ਮਿਲਣ 'ਚ ਦੇਰੀ ਹੁੰਦੀ ਹੈ ਤਾਂ ਕਈ ਵਾਰ ਨਿਰਮਾਣ ਕਾਰਜਾਂ ਦੇ ਪੂਰਾ ਹੋਣ 'ਚ ਠੇਕੇਦਾਰ ਦੇਰ ਕਰ ਦਿੰਦਾ ਹੈ।

ਸਮੇਂ ਦੇ ਨਾਲ ਗਵਰਨਮੈਂਟ-ਈ-ਮਾਰਕੀਟ (ਜੈਮ) ਦੇ ਸੰਚਾਲਨ 'ਚ ਕਾਫੀ ਸੁਧਾਰ ਹੋਇਆ ਹੈ। ਇਸ ਦੇ ਬਾਵਜੂਦ ਐੱਮਐੱਸਐੱਮਈ ਤੇ ਸਟਾਰਟਅਪਸ ਨੂੰ ਟੈਂਡਰ ਸੁਰੱਖਿਆ ਰਕਮ ਜਮ੍ਹਾਂ ਕਰਨ 'ਚ ਛੋਟ ਮਿਲਣ ਨਾਲ ਉਹ ਗੰਭੀਰਤਾ ਨਾਲ ਮੁਕਾਬਲੇ 'ਚ ਸ਼ਾਮਲ ਨਹੀਂ ਹੁੰਦੇ। ਇਨ੍ਹਾਂ ਕਾਰਨਾਂ ਨਾਲ ਕਈ ਵਾਰ ਮਨਜ਼ੂਰ ਕੀਤੀ ਰਕਮ ਸਮੇਂ 'ਤੇ ਖ਼ਰਚ ਨਹੀਂ ਹੁੰਦੀ ਤੇ ਕੁਝ ਸਮੇਂ ਬਾਅਦ ਉਹ ਲੈਪਸ ਹੋ ਜਾਂਦੀ ਹੈ। ਪੁਲਿਸ ਆਧੁਨਿਕੀਕਰਨ ਦੀ ਏਐੱਸਯੂਐੱਮਪੀ ਯੋਜਨਾ ਦੇ ਅੰਤਰਗਤ ਮਾਓਵਾਦ ਪ੍ਰਭਾਵਿਤ ਇਲਾਕਿਆਂ ਲਈ ਸੁਰੱਖਿਆ ਸਬੰਧੀ ਖ਼ਰਚ-ਐੱਸਆਰਈ, ਵਿਸ਼ੇਸ਼ ਕੇਂਦਰੀ ਸਹਾਇਤਾ-ਐੱਸਸੀਏ ਤੇ ਵਿਸ਼ੇਸ਼ ਬੁਨਿਆਦੀ ਢਾਂਚਾ ਸਕੀਮ ਦੇ ਰਾਹੀਂ ਵੀ ਸੂਬਿਆਂ ਨੂੰ ਵਿੱਤੀ ਸਹਾਇਤਾ ਉਪਲੱਬਧ ਕਰਵਾਈ ਜਾਂਦੀ ਹੈ, ਤਾਂ ਜੋ ਸੁਰੱਖਿਆ ਸਬੰਧੀ ਮੁੱਢਲਾ ਢਾਂਚਾ ਮਜ਼ਬੂਤ ਹੋ ਸਕੇ। ਇਸ ਤੋਂ ਇਲਾਵਾ ਫੋਰੈਂਸਿਕ ਲੈਬ ਆਧੁਨਿਕੀਕਰਨ ਅਤੇ ਜੇਲ੍ਹਾਂ ਦੇ ਆਧੁਨਿਕੀਕਰਨ ਦੀਆਂ ਯੋਜਨਾਵਾਂ ਵੀ ਜਾਰੀ ਹਨ। ਮਾਓਵਾਦੀਆਂ ਖ਼ਿਲਾਫ਼ ਮੁਹਿੰਮ ਦੇ ਲਗਾਤਾਰ ਘੱਟ ਹੋਣ ਦੇ ਬਾਵਜੂਦ ਇਸ ਮੋਰਚੇ 'ਤੇ ਵਿੱਤੀ ਸਾਧਨਾਂ ਦੀ ਲੋੜ ਬਣੀ ਰਹੇਗੀ, ਤਾਂ ਜੋ ਕੰਮ ਅਧੂਰਾ ਨਾ ਰਹਿ ਜਾਵੇ। ਨਾ ਸਿਰਫ਼ ਨਵੇਂ ਅਪਰਾਧਕ ਕਾਨੂੰਨ ਲਾਗੂ ਕਰਨ ਲਈ ਫੋਰੈਂਸਿਕ ਵਰਗੀਆਂ ਜ਼ਰੂਰਤਾਂ, ਬਲਕਿ ਸਾਈਬਰ ਕ੍ਰਾਈਮ, ਏਆਈ ਤੇ ਕਈ ਹੋਰ ਨਵੀਆਂ ਤਕਨੀਕੀ ਚੁਣੌਤੀਆਂ ਨਾਲ ਨਜਿੱਠਣ ਲਈ ਪੁਲਿਸ ਨੂੰ ਵੱਧ ਸਾਧਨਾਂ ਦੀ ਲੋੜ ਹੋਵੇਗੀ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਪੁਲਿਸ ਆਧੁਨਿਕੀਕਰਨ ਦੀਆਂ ਚੱਲ ਰਹੀਆਂ ਕੋਸ਼ਿਸ਼ਾਂ 'ਚ ਕੇਂਦਰ ਸਰਕਾਰ ਦੀ ਹਿੱਸੇਦਾਰੀ ਕਿਸੇ ਵੀ ਲਿਹਾਜ਼ ਨਾਲ ਘੱਟ ਨਹੀਂ ਹੋਣੀ ਚਾਹੀਦੀ।

# ਨਿਮਰਤਾ ਅਤੇ ਸਾਦਗੀ ਦਾ ਮੁਜੱਸਮਾ-ਸ਼ੇਖ ਫ਼ਰੀਦ



ਬਾਬਾ ਸ਼ੇਖ ਫ਼ਰੀਦ...ਸੂਫ਼ੀ ਪੈਗੰਬਰ... ਦਰਵੇਸ਼ ਰੂਹ... ਚਿਸ਼ਤੀ ਸਿਲਸਿਲੇ ਦੇ ਰੂਹੇ-ਰਵਾਂ... ਪੰਜਾਬੀ ਦੇ ਆਦਿ ਕਵੀ...। ਬਾਬਾ ਫ਼ਰੀਦ ਬਾਰੇ ਸਭ ਤੋਂ ਪ੍ਰਮਾਣਿਕ ਪੁਸਤਕ 'ਸੀਅਰੁਲ ਔਲੀਆ' ਦੇ ਲੇਖਕ ਮੁਹੰਮਦ ਮੁਬਾਰਕ ਅਲਅਲਵੀ ਕਿਰਮਾਨੀ (ਅਮੀਰ ਖ਼ੁਰਦ) ਨੇ ਇਨ੍ਹਾਂ ਨੂੰ 'ਪੀਰਾਂ ਦਾ ਪੀਰ' ਆਖਿਆ ਹੈ। ਸ਼ਾਂਤ ਸੁਭਾਅ, ਮਿੱਠ ਬੋਲੜੇ, ਸਬਰ ਸੰਤੋਖੀ, ਰੱਬੀ ਆਤਮਾ ਨੂੰ ਲੋਕਾਈ ਝੁਕ ਕੇ ਸਿਜਦਾ ਕਰਦੀ ਐ।

ਨਿਮਰਤਾ ਅਤੇ ਸਾਦਗੀ ਦੇ ਇਸ ਮੁਜੱਸਮੇ ਦਾ ਆਗਮਨ 1173 ਈ. ਨੂੰ ਮੁਲਤਾਨ ਤੋਂ ਦਸ ਕਿੱਲੋਮੀਟਰ ਦੂਰ ਪਿੰਡ ਕੋਠੇਵਾਲ-ਜਿਸਨੂੰ ਹੁਣ ਚਾਵਲੀ ਮਸਾਇਖਾਂ ਦੇ ਨਾਂਅ ਨਾਲ ਜਾਣਿਆ ਜਾਂਦੈ- ਵਿਚ ਹੋਇਆ, ਜਿਹੜਾ ਉਦੋਂ ਸਿੰਧ ਸੂਬੇ ਦਾ ਹਿੱਸਾ ਸੀ। ਸ਼ੇਖ ਫ਼ਰੀਦ ਦੇ ਵਡੇਰੇ ਇਸਲਾਮ ਦੇ ਦੂਜੇ ਖ਼ਲੀਫ਼ਾ ਹਜ਼ਰਤ ਉਮਰ ਦੀ ਵੰਸ਼ ਵਿਚੋਂ ਸਨ। ਉਨ੍ਹਾਂ ਦਾ ਪਿਛੋਕੜ ਕਾਬਲ ਦੇ ਬਾਦਸ਼ਾਹ ਫ਼ਾਰੁਖ ਸ਼ਾਹ ਆਦਲ ਨਾਲ ਜੁੜਦਾ ਹੈ। ਦਾਦਾ ਸ਼ੇਖ ਸ਼ੁਐਬ, ਗਜ਼ਨੀ ਦੇ ਰਾਜੇ ਦੇ ਭਰਾ ਸਨ। ਜਦੋਂ ਚੰਗੇਜ਼ ਖਾਨ ਨੇ ਕਾਬਲ ਨੂੰ ਉਜਾੜਿਆ ਤਾਂ ਕਾਜ਼ੀ ਸ਼ੁਐਬ ਲਾਹੌਰ ਹੁੰਦੇ ਹੋਏ ਕਸੂਰ ਅਤੇ ਅੰਤ ਕੋਠੇਵਾਲ ਜਾ ਟਿਕੇ। ਉਨ੍ਹਾਂ ਨੂੰ ਇੱਥੋਂ ਦਾ ਕਾਜ਼ੀ ਮੁਕੱਰਰ ਕੀਤਾ ਗਿਆ। ਇੱਥੇ ਹੀ ਪਿਤਾ ਜਮਾਲ-ਉਦ-ਦੀਨ ਅਤੇ ਬੀਬੀ ਮਰੀਅਮ (ਕਰਸੂਮ ਬੀਬੀ) ਦੇ ਘਰ ਤਿੰਨ ਬੇਟਿਆਂ ਅਤੇ ਇਕ ਬੇਟੀ ਨੇ ਜਨਮ ਲਿਆ। ਵਿਚਕਾਰਲੇ ਬੇਟੇ ਦਾ ਨਾਂਅ ਫ਼ਰੀਦ-ਉਦ-ਦੀਨ ਮਸਊਦ ਰੱਖਿਆ ਗਿਆ। ਬਾਬਾ ਫ਼ਰੀਦ ਦੇ ਮਾਤਾ ਬੀਬੀ ਮਰੀਅਮ ਹਜ਼ਰਤ ਅਲੀ ਦੇ ਖ਼ਾਨਦਾਨ ਨਾਲ ਸੰਬੰਧਿਤ ਸਈਅਦ ਮੁਹੰਮਦ ਅਬਦੁੱਲਾ ਸ਼ਾਹ ਦੀ ਬੇਟੀ ਸਨ। ਹਜ਼ਰਤ ਮੁਹੰਮਦ ਦੇ ਚਾਚਾ ਹਜ਼ਰਤ ਅੱਬਾਸ ਦੀ ਕੁੱਲ ਵਿਚੋਂ ਸ਼ੇਖ ਵਜੀਹੁੱਦੀਨ ਨੇ ਮਰੀਅਮ ਨੂੰ ਗੋਦ ਲਿਆ ਹੋਇਆ ਸੀ। ਹਿੰਦੁਸਤਾਨ ਆਉਣ ਸਮੇਂ ਉਹ ਮਰੀਅਮ ਨੂੰ ਨਾਲ ਲੈ ਆਏ ਤੇ ਉਸਦੀ ਸ਼ਾਦੀ ਜਮਾਲ-ਉਦ-ਦੀਨ ਨਾਲ ਕਰ ਦਿੱਤੀ ਅਤੇ ਸ਼ੇਖ ਫ਼ਰੀਦ ਦਾ ਜਨਮ ਹੋਇਆ।

ਬੰਦਗੀ ਦੀ ਖ਼ੈਰ ਮੰਗਣ ਵਾਲੇ ਫ਼ਰੀਦ-ਉਦ-ਦੀਨ ਗੰਜਿ ਸ਼ਕਰ ਨੇ ਅੱਠ ਸਾਲਾਂ ਦੀ ਉਮਰ ਵਿਚ ਹੀ ਮੁਕੱਦਸ ਕੁਰਾਨ ਸ਼ਰੀਫ ਜ਼ੁਬਾਨੀ ਯਾਦ ਕਰ ਲਿਆ ਸੀ ਅਤੇ ਪੰਦਰਾਂ ਸਾਲ ਦੀ ਉਮਰ ਵਿਚ ਹਾਜੀ ਦੀ ਪਦਵੀ ਹਾਸਲ ਕਰ ਲਈ ਸੀ। ਇਸਲਾਮੀ ਤਾਲੀਮ ਹਾਸਲ ਕਰਨ ਲਈ ਕਾਬਲ ਭੇਜਿਆ ਗਿਆ। ਮੁਲਤਾਨ ਆ ਕੇ ਸ਼ੇਖ ਬਹਾਉਦੀਨ ਜ਼ਕਰੀਆ ਤੋਂ ਵੀ ਮਜ਼੍ਹਬੀ ਇਲਮ ਹਾਸਲ ਕੀਤਾ ਅਤੇ ਖ਼ਵਾਜਾ ਬਖ਼ਤਿਆਰ ਕਾਕੀ ਨੂੰ ਮੁਰਸ਼ਦ ਧਾਰਨ ਕਰ ਲਿਆ। ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਚਿਸ਼ਤੀ ਸੰਪਰਦਾਇ ਦਾ ਸਿਲਸਿਲਾ ਖ਼ਵਾਜਾ ਹਸਨ ਬਸਰੀ ਤੋਂ ਸ਼ੁਰੂ ਹੋਇਆ। ਉਨ੍ਹਾਂ ਨੇ ਫ਼ਕੀਰੀ ਦੀ ਗੋਦੜੀ ਹਜ਼ਰਤ ਅਲੀ ਪਾਸੋਂ ਪ੍ਰਾਪਤ ਕੀਤੀ ਅਤੇ ਆਪਣੀਆਂ ਤੇਰਾਂ ਪੁਸ਼ਤਾਂ ਪਿੱਛੋਂ ਚਿਸ਼ਤ ਵਿਚ ਹੀ ਟਿਕੇ ਰਹੇ। ਖ਼ਵਾਜਾ ਮੁਇਨ-ਉਦ-ਦੀਨ ਨੇ ਚਿਸ਼ਤੀ ਸੰਪਰਦਾਇ ਦੀ ਨੀਂਹ ਰੱਖੀ ਅਤੇ ਉਹ ਇਸਦੇ ਚੌਦਵੇਂ ਖ਼ਲੀਫ਼ਾ ਸਨ। ਉਨ੍ਹਾਂ ਆਪਣੀ ਗੱਦੀ ਕੁਤਬ-ਉਦ-ਦੀਨ ਬਖ਼ਤਿਆਰ ਕਾਕੀ ਨੂੰ ਸੌਂਪੀ। ਸ਼ੇਖ ਫ਼ਰੀਦ ਉਚੇਰੀ ਸਿੱਖਿਆ ਲਈ ਮੁਲਤਾਨ ਗਏ ਤਾਂ ਉਨ੍ਹਾਂ ਦਾ ਮੇਲ ਬਖ਼ਤਿਆਰ ਕਾਕੀ ਨਾਲ ਹੋਇਆ। ਸਰਗਰਮੀਆਂ ਦਾ ਕੇਂਦਰ ਪਹਿਲਾਂ ਦਿੱਲੀ ਤੇ ਫਿਰ ਅਜਮੇਰ ਬਣ ਗਿਆ। ਅੱਜ ਕੱਲ੍ਹ ਅਜਮੇਰ ਨੂੰ 'ਅਜਮੇਰ ਸ਼ਰੀਫ਼' ਕਿਹਾ ਜਾਂਦੈ। ਸ਼ੇਖ ਫ਼ਰੀਦ ਵੀ ਬਖ਼ਤਿਆਰ ਕਾਕੀ ਦੇ ਨਾਲ ਦਿੱਲੀ ਆ ਗਏ ਅਤੇ ਕਾਕੀ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਫ਼ਰੀਦ ਜੀ ਨੂੰ ਇਸ ਦਾ ਖ਼ਲੀਫ਼ਾ ਥਾਪਿਆ ਗਿਆ ਤੇ ਉਹ ਚਿਸ਼ਤੀ ਸਿਲਸਿਲੇ ਦੇ ਮੁਖੀ ਬਣੇ।

ਮੈਕਸ ਆਰਥਰ ਮੈਕਾਲਿਫ਼ ਅਨੁਸਾਰ ਸ਼ੇਖ ਫ਼ਰੀਦ ਦੀਆਂ ਤਿੰਨ ਸ਼ਾਦੀਆਂ ਹੋਈਆਂ। ਪੰਜ ਪੁੱਤਰ ਅਤੇ ਤਿੰਨ ਧੀਆਂ ਨੇ ਜਨਮ ਲਿਆ। ਜਦੋਂ ਬਲਬਨ ਦਿੱਲੀ ਦੇ ਤਖ਼ਤ 'ਤੇ ਬੈਠਾ ਤਾਂ ਉਸਨੇ ਸ਼ੇਖ ਫ਼ਰੀਦ ਨੂੰ ਸ਼ਾਹੀ ਮਹਿਮਾਨ ਵਜੋਂ ਦਿੱਲੀ ਆਉਣ ਦਾ ਸੱਦਾ ਦਿੱਤਾ। ਸ਼ਾਹੀ ਮਹੱਲ ਵਿਚ ਸ਼ੇਖ ਫ਼ਰੀਦ ਦੀ ਨਜ਼ਰ ਬਲਬਨ ਦੀ ਧੀ ਹਜ਼ਬਰਾ ਉੱਪਰ ਪਈ ਤਾਂ ਫ਼ਰੀਦ ਨੇ ਫ਼ੁਰਮਾਇਆ, ਇਸਦੇ ਮਸਤਕ 'ਤੇ ਲਿਖਿਆ ਹੈ, ਇਸਦਾ ਨਿਕਾਹ ਮੇਰੇ ਨਾਲ ਹੋਵੇਗਾ। ਨਿਕਾਹ ਹੋ ਗਿਆ ਪਰ ਹੀਰੇ ਜਵਾਹਰਾਤ ਫ਼ਰੀਦ ਜੀ ਨੇ ਪ੍ਰਵਾਨ ਨਹੀਂ ਕੀਤੇ। ਬੀਬੀ ਹਜ਼ਬਰਾ ਨਾਲ ਉਹ ਦਿੱਲੀ ਛੱਡ ਕੇ ਅਜੋਧਨ ਆ ਵਸੇ। ਬਾਅਦ ਵਿਚ ਇਸਦਾ ਨਾਂਅ ਪਾਕਪਟਨ ਪੈ ਗਿਆ। ਬਾਬਾ ਫ਼ਰੀਦ ਜੀ ਦੇ ਆਗਮਨ ਨਾਲ ਪਾਕਪਟਨ ਰੂਹਾਨੀਅਤ ਦਾ ਕੇਂਦਰ ਬਣ ਗਿਆ, ਜਿੱਥੇ ਦੂਰੋਂ-ਦੂਰੋਂ ਲੋਕ ਉਨ੍ਹਾਂ ਨਾਲ

**ਜਗਜੀਤ ਸਿੰਘ ਲੋਹਟਬੱਦੀ**

ਵਿਚਾਰ ਵਟਾਂਦਰਾ ਕਰਨ ਤੇ ਸਿੱਖਿਆ ਹਾਸਲ ਕਰਨ ਆਉਂਦੇ ਸਨ। ਆਪਣੇ ਪੀਰਾਂ ਅਤੇ ਪੈਰੋਕਾਰਾਂ ਦੇ ਕਹਿਣ 'ਤੇ ਇਨ੍ਹਾਂ ਨੇ ਅਠਾਰਾਂ ਸਾਲ ਤੱਕ ਗਜ਼ਨੀ, ਬਗਦਾਦ, ਸੀਰੀਆ, ਈਰਾਨ ਆਦਿ ਮੁਲਕਾਂ ਦਾ ਦੌਰਾ ਕੀਤਾ ਅਤੇ ਪ੍ਰਸਿੱਧ ਸੂਫ਼ੀ ਫ਼ਕੀਰਾਂ ਨਾਲ ਵਾਰਤਾਲਾਪ ਕਰਦੇ ਰਹੇ।

ਬਾਬਾ ਫ਼ਰੀਦ ਗ਼ਰੀਬੀ ਵਾਲਾ ਜੀਵਨ ਬਸ਼ਰ ਕਰਦੇ ਸਨ। ਪ੍ਰੋ. ਗੁਰਬਚਨ ਸਿੰਘ ਤਾਲਿਬ ਲਿਖਦੇ ਹਨ: ਸ਼ੇਖ ਫ਼ਰੀਦ ਬਹੁਤ ਹੀ ਸਖ਼ਤ ਅਨੁਸ਼ਾਸਨ ਵਿਚ ਰਹਿੰਦੇ ਸਨ। ਖਾਣ ਪੀਣ ਅਤੇ ਕੱਪੜਿਆਂ ਦੇ ਮਾਮਲੇ ਵਿਚ ਬੜੇ ਸੰਜਮੀ ਸਨ। ਉਹ ਇਕ ਪਾਟਿਆ ਪੁਰਾਣਾ ਕੰਬਲ ਲੈ ਕੇ ਸੌਂਦੇ ਸਨ, ਜਿਹੜਾ ਉਨ੍ਹਾਂ ਦੇ ਸਰੀਰ ਨੂੰ ਢਕਣ ਲਈ ਨਾਕਾਫ਼ੀ ਹੁੰਦਾ ਸੀ। ਪਾਕਪਟਨ ਨੂੰ ਆਪਣਾ ਪੱਕਾ ਟਿਕਾਣਾ ਬਣਾਉਣ ਮਗਰੋਂ ਵੀ ਉਹ ਜੰਗਲੀ ਕੰਦ- ਮੂਲ ਖਾ ਕੇ ਆਪਣਾ ਗੁਜ਼ਾਰਾ ਕਰਦੇ ਸਨ। ਬਾਬਾ ਫ਼ਰੀਦ ਦਾ ਕਥਨ ਹੈ: ਜ਼ਕਾਤ ਤਿੰਨ ਤਰ੍ਹਾਂ ਦਾ ਹੁੰਦਾ ਹੈ। ਇਕ ਸ਼ਰੀਅਤ ਦਾ, ਦੂਜਾ ਤਰੀਕਤ ਦਾ 'ਤੇ ਤੀਜਾ ਹਕੀਕਤ ਦਾ। ਹਕੀਕਤ ਦੇ ਦਾਨ ਵਿਚ ਆਪਣੇ ਲਈ ਕੁਝ ਨਹੀਂ ਰੱਖੀਦਾ, ਸਾਰਾ ਕੁਝ ਦਾਨ ਵਿਚ ਦੇ ਦਿੱਤਾ ਜਾਂਦਾ ਹੈ। ਸ਼ੇਖ ਫ਼ਰੀਦ ਦੇ ਨਾਂਅ 'ਗੰਜਿ ਸ਼ਕਰ' ਬਾਰੇ ਡਾ. ਗੁਰਦੇਵ ਸਿੰਘ ਨੇ 'ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ' ਵਿਚ ਲਿਖਿਆ ਹੈ: ਅਸਲ ਵਿਚ ਆਪ ਦੀ ਸੀਰੀਂ ਬਿਆਨੀ (ਮਧੁਰ ਕਥਨੀ) ਕਰਕੇ ਹੀ ਆਪ ਨੂੰ ਗੰਜਿ ਸ਼ਕਰ (ਮਿਠਾਸ ਦਾ ਖ਼ਜ਼ਾਨਾ) ਕਿਹਾ ਹੋਵੇਗਾ। ਵਿਦਵਾਨਾਂ ਦਾ ਮੱਤ ਹੈ, ਇਕ ਕਾਰਨ ਇਨ੍ਹਾਂ ਦਾ ਨਾਂਅ ਵੀ ਹੋ ਸਕਦਾ 'ਫ਼ਰੀਦ'- ਮਤਲਬ ਅਦੁੱਤੀ, ਇਕੱਲਾ, ਸਭ ਤੋਂ ਭਿੰਨ। ਮਾਤਾ ਮਰੀਅਮ ਵੀ ਇਸ ਦਾ ਕਾਰਨ ਹੋ ਸਕਦੀ ਹੈ ਜੋ ਬਚਪਨ ਵਿਚ ਫ਼ਰੀਦ ਜੀ ਦੇ ਬੰਦਗੀ ਕਰਨ ਸਮੇਂ ਉਨ੍ਹਾਂ ਦੀ ਚਟਾਈ ਹੇਠ ਸ਼ੱਕਰ ਛੁਪਾ ਦਿੰਦੇ ਸਨ। ਸ਼ੇਖ ਫ਼ਰੀਦ ਦੀ ਰਚਨਾ ਵਿਚ ਉਨ੍ਹਾਂ ਦਾ ਅਕਸ ਉੱਚ ਕੋਟੀ ਦੇ ਵਿਦਵਾਨਾਂ ਵਾਲਾ ਹੈ। ਬਾਬਾ ਫ਼ਰੀਦ ਜੀ ਦਾ ਪੰਜਾਬੀ ਸਾਹਿਤ ਵਿਚ ਵਡਮੁੱਲਾ ਯੋਗਦਾਨ ਉਸ ਸਮੇਂ ਰਚੇ ਸ਼ਬਦਾਂ ਅਤੇ ਸ਼ਲੋਕਾਂ ਕਰਕੇ ਹੈ। ਉਨ੍ਹਾਂ ਦੀ ਬਾਣੀ ਦਾ ਉੱਚ ਮਿਆਰ ਹੋਣ ਕਾਰਨ ਹੀ ਪਹਿਲੇ ਚਾਰ ਗੁਰੂਆਂ ਨੇ ਇਸ ਨੂੰ ਸੰਭਾਲਿਆ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਇਕੱਤਰ ਕਰ 'ਆਦਿ ਸ੍ਰੀ ਗੁਰੂ ਗ੍ਰੰਥ' ਸਾਹਿਬ ਵਿਚ ਦਰਜ ਕਰ ਕੇ ਅਹਿਮ ਸਥਾਨ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਬਾ ਫ਼ਰੀਦ ਜੀ ਦੇ ਚਾਰ ਸ਼ਬਦ-ਦੋ ਆਸਾ ਰਾਗ, ਦੋ ਸੂਹੀ ਰਾਗ- ਅਤੇ 112 ਸ਼ਲੋਕ ਦਰਜ ਹਨ। ਸ਼ੇਖ ਫ਼ਰੀਦ ਜੀ ਦੀ ਰਚਨਾ ਦੀ ਸ੍ਰੇਸ਼ਟਤਾ ਦੇ ਸੰਦਰਭ ਵਿਚ ਉੱਘੇ ਵਿਦਵਾਨ ਡਾ. ਜੀਤ ਸਿੰਘ ਸੀਤਲ ਲਿਖਦੇ ਹਨ: ਦੇਸ਼ ਦੀ ਲੋਕ ਭਾਸ਼ਾ ਪੁਰਾਤਨ ਪੰਜਾਬੀ ਅਥਵਾ ਲਹਿੰਦੀ ਵਿਚ ਪਹਿਲੀ ਵਾਰ ਸ਼ੇਖ ਫ਼ਰੀਦ ਨੇ ਉੱਚ ਪੱਧਰ ਦੀ ਕਵਿਤਾ ਰਚੀ। ਉਹ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਪਹਿਲੇ ਸਾਹਿਤਕਾਰ ਹਨ, ਭਗਤੀ, ਬੰਦਗੀ ਕਾਵਿ ਦੇ ਪਹਿਲੇ ਸ਼੍ਰੋਮਣੀ ਕਵੀ ਅਤੇ ਗੁਰਮਤਿ ਵਿਚਾਰਧਾਰਾ ਦੇ ਪਹਿਲੇ ਪੇਸ਼-ਰੌ ਹਨ।

ਡਾ. ਤਾਰਨ ਸਿੰਘ ਨੇ ਬਹੁਤ ਸੰਖੇਪ ਸ਼ਬਦਾਂ ਵਿਚ ਫ਼ਰੀਦ ਜੀ ਦੀ ਬਾਣੀ ਨੂੰ ਵਡਿਆਇਆ ਹੈ: ਬਾਬਾ ਫ਼ਰੀਦ ਨੂੰ ਸਭ ਤੋਂ ਵੱਡਾ ਤਜਰਬਾ ਘਰੋਗੀ ਸਾਧਾਰਨ ਜਾਤੀ ਜੀਵਨ ਦਾ ਹੀ ਹੈ, ਜਿਸ ਵਿਚ ਰੋਟੀ, ਲਾਵ ?ਹਣ, ਭੁੱਖ, ਰੁੱਖੀ ਸੁੱਖੀ ਤੇ ਚੋਪੜੀ ਦਾ ਤਜਰਬਾ ਹੈ, ਜਿਸ ਵਿਚ ਖਟੋਲਾ, ਵਾਣ, ਵਿਛਾਈ ਤੇ ਲੇਫ਼ ਦੀ ਵਰਤੋਂ ਹੈ, ਜਿਸ ਵਿਚ ਛੱਪਰ, ਤੁੱਟ ਮੇਹ, ਕੋਠੇ, ਪੱਤਣ, ਕੇਤੜੀ ਦੀ ਸੋਝੀ ਹੈ, ਕਿਵੇਂ ਸ਼ੱਕਰ, ਖੰਡ, ਨਿਵਾਤ, ਗੁੜ, ਮਾਖਿਓਂ, ਦੁੱਧ, ਖਜੂਰੀ ਪੱਕੀਆਂ ਨਾਲ ਵਾਹ ਰਹਿੰਦਾ ਹੈ। ਜਿੱਥੇ ਵਿਛੋੜੇ ਦੀਆਂ ਰਾਤਾਂ ਦਾ ਅਨੁਭਵ ਹੈ, ਜਿੱਥੇ ਕਥੂਰੀ ਤੇ ਹਿੰਗ ਦੇ ਭੇਤ ਦੀ ਸੂਝ ਹੈ, ਜਿੱਥੇ ਲੋਕ ਪੱਗ ਦੀ ਸੰਭਾਲ ਕਰਦੇ-ਕਰਦੇ ਭੁੱਲ ਜਾਂਦੇ ਹਨ ਕਿ ਸਿਰ ਨੂੰ ਵੀ ਮਿੱਟੀ ਖਾ ਜਾਏਗੀ। ਜਿੱਥੇ ਗ੍ਰਿਹਸਤੀ ਜੀਵਨ, ਵਿਆਹ ਦੇ ਸਾਹੇ, ਤਿਲਵੇਤਰੀ ਦੀ ਰਸਮ, ਸਹੁ ਕੱਢਣ ਦਾ ਪਤਾ, ਲੋੜ, ਗੰਢ, ਸਹੁਰੇ-ਪੇਕੇ ਸੰਬੰਧਾਂ ਦਾ ਪਤਾ ਲੱਗਦਾ ਹੈ। ਇਸ ਤਰ੍ਹਾਂ ਸ਼ੇਖ ਫ਼ਰੀਦ ਦੀ ਰਚਨਾ ਵਸਤੂ ਅਤੇ ਰੂਪ ਦੋਹਾਂ ਪੱਖਾਂ ਤੋਂ ਪੰਜਾਬੀ ਸਾਹਿਤ ਵਿਚ ਬਹੁਤ ਮਹਾਨਤਾ ਰੱਖਦੀ ਹੈ। ਉਨ੍ਹਾਂ ਦੀ ਰਚਨਾ ਵਿਚ ਜਿਹੜੇ ਦੋ ਕਾਵਿ-ਰੂਪ ਵਰਤੇ ਗਏ ਹਨ, ਉਹ ਭਾਰਤੀ ਪਰੰਪਰਾ ਨਾਲ ਸੰਬੰਧ ਰੱਖਦੇ ਹਨ। ਸ਼ਲੋਕ ਅਜਿਹਾ ਕਾਵਿ-ਰੂਪ ਹੈ, ਜਿਸ ਵਿਚ ਸੰਜਮ ਅਤੇ ਸੰਖੇਪਤਾ ਹੁੰਦੀ ਹੈ ਅਤੇ ਪਾਠਕ ਦੇ ਮਨ ਉੱਤੇ ਡੂੰਘਾ ਪ੍ਰਭਾਵ ਪੈਂਦਾ ਹੈ:

**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥**
**ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥ 7 ॥**

**ਫ਼ਰੀਦ ਬਾਣੀ ਵਿਚ ਦੂਸਰਾ ਕਾਵਿ-ਰੂਪ ਹੈ-ਸ਼ਬਦ:**

**ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ ॥**
**ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥**

(ਰਾਗ ਆਸਾ, ਅੰਗ : 488)

ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਫ਼ਰੀਦ ਜੀ ਦੀ ਗੱਦੀ 'ਤੇ ਬੈਠੇ ਗਿਆਰਵੇਂ ਗੱਦੀ ਨਸ਼ੀਨ ਸ਼ੇਖ ਬ੍ਰਹਮ-ਜਿਨ੍ਹਾਂ ਨੂੰ ਸ਼ੇਖ ਇਬਰਾਹੀਮ ਵੀ ਕਿਹਾ ਜਾਂਦਾ- ਨਾਲ ਦੋ ਵਾਰ ਹੋਈ। ਇਸੇ ਤੋਂ ਹੀ ਗੁਰੂ ਜੀ ਨੇ ਫ਼ਰੀਦ ਜੀ ਦੀ ਬਾਣੀ ਹਾਸਲ ਕੀਤੀ ਦੱਸੀ ਜਾਂਦੀ ਹੈ। ਕੁਝ ਖੋਜਕਾਰਾਂ ਦਾ ਇਹ ਵੀ ਮੱਤ ਹੈ ਕਿ ਸ਼ੇਖ ਫ਼ਰੀਦ ਦੀ ਰਚਨਾ ਅਸਲ ਵਿਚ ਸ਼ੇਖ ਇਬਰਾਹੀਮ ਦੀ ਹੈ। ਇਹ ਜਾਣਕਾਰੀ ਵੀ ਮਿਲਦੀ ਹੈ ਕਿ ਸ਼ੇਖ ਫ਼ਰੀਦ ਜੀ ਦੀ ਕੁਝ ਬਾਣੀ ਅਤੇ ਸ਼ਲੋਕ ਹੋਰ ਵੀ ਹਨ, ਜੋ ਲਿਖਤੀ ਰੂਪ ਵਿਚ ਸਾਹਮਣੇ ਨਹੀਂ ਆਏ।

ਫ਼ਰੀਦਕੋਟ ਸ਼ਹਿਰ ਦਾ ਨਾਂਅ ਵੀ ਬਾਬਾ ਸ਼ੇਖ ਫ਼ਰੀਦ ਜੀ ਨਾਲ ਜੁੜਿਆ ਹੋਇਆ ਹੈ। ਪ੍ਰੋ. ਪ੍ਰੀਤਮ ਸਿੰਘ ਦੀ ਪੁਸਤਕ 'ਸ਼ੇਖ ਫ਼ਰੀਦ ਦੀ ਭਾਲ' ਵਿਚ ਇਕ ਵਾਰਤਾ ਇਸ ਤਰ੍ਹਾਂ ਹੈ ਕਿ ਸ਼ੇਖ ਫ਼ਰੀਦ ਆਪਣੇ ਮੁਰਸ਼ਦ ਬਖ਼ਤਿਆਰ ਕਾਕੀ ਨੂੰ ਮਿਲਣ ਪਿੱਛੋਂ ਦਿੱਲੀ ਤੋਂ ਹਾਂਸੀ ਹਿਸਾਰ ਦੇ ਰਸਤੇ ਪਾਕਪਟਨ ਜਾ ਰਹੇ ਸਨ। ਰਸਤੇ ਵਿਚ 'ਮੋਕਲਹਰ' ਨਾਂਅ ਦਾ ਸਥਾਨ ਸੀ, ਜਿੱਥੇ ਸਮੇਂ ਦੇ ਹਾਕਮ, ਚੌਧਰੀ ਮੋਕਲਸੀਂਹ ਵੱਲੋਂ ਕਿਲ੍ਹੇ ਦੀ ਉਸਾਰੀ ਕਰਵਾਈ ਜਾ ਰਹੀ ਸੀ। ਉਸਦੇ ਨੌਕਰਸ਼ਾਹਾਂ ਨੇ ਬਾਬਾ ਫ਼ਰੀਦ ਨੂੰ ਵਗਾਰ 'ਤੇ ਲਾ ਲਿਆ ਅਤੇ ਸਿਰ 'ਤੇ ਗਾਰੇ ਦੀ ਤਗਾਰੀ ਚੁਕਵਾ ਦਿੱਤੀ। ਜਦੋਂ ਲੋਕਾਂ ਨੇ ਮੋਕਲਸੀਂਹ ਨੂੰ ਇਸ ਬਾਰੇ ਦੱਸਿਆ ਤਾਂ ਉਸ ਨੇ ਜਾਣਿਆ ਕਿ ਇਹ ਕੋਈ ਦੈਵੀ ਰੂਹ ਹੈ। ਉਸਨੇ ਮਾਫ਼ੀ ਮੰਗੀ ਅਤੇ ਸਤਲੁਜ ਦਰਿਆ ਦੇ ਉਜਾੜੇ ਤੋਂ ਨਗਰ ਦੀ ਸੁੱਖ ਸਾਂਦ ਦੀ ਦੁਆ ਕੀਤੀ। ਨਾਲ ਹੀ ਨਗਰ ਦਾ ਨਾਂਅ ਬਦਲ ਕੇ ਫ਼ਰੀਦਕੋਟ ਰੱਖ ਦਿੱਤਾ। ਜਿਸ ਥਾਂ ਬਾਬਾ ਫ਼ਰੀਦ ਨੂੰ ਤਗਾਰੀ ਚੁਕਾਈ ਗਈ ਸੀ, ਉੱਥੇ ਹੁਣ 'ਟਿੱਲਾ ਬਾਬਾ ਫ਼ਰੀਦ' ਸੁਸ਼ੋਭਿਤ ਹੈ।

ਬਾਬਾ ਫ਼ਰੀਦ ਜੀ ਦੇ ਨਾਂਅ ਨਾਲ 'ਗੋਦੜੀ' ਦੀ ਦੰਦ-ਕਥਾ ਵੀ ਪ੍ਰਚਲਿਤ ਹੈ। ਜਦੋਂ ਉਹ ਮੋਕਲਹਰ ਪਹੁੰਚੇ ਤਾਂ ਉਨ੍ਹਾਂ ਆਪਣੀ ਗੋਦੜੀ ਉਤਾਰ ਕੇ ਇਕ ਦਰੱਖ਼ਤ 'ਤੇ ਟੰਗ ਦਿੱਤੀ। ਪਸ਼ੂ ਚਾਰਨ ਵਾਲੇ ਕੁਝ ਮੁੰਡਿਆਂ ਨੇ ਇਸ ਗੋਦੜੀ ਦੀ ਖਿੱਦੋ ਬਣਾ ਕੇ ਖੇਡਣਾ ਸ਼ੁਰੂ ਕਰ ਦਿੱਤਾ। ਜਦੋਂ ਬਾਬਾ ਫ਼ਰੀਦ ਜੀ ਵਾਪਸ ਉੱਥੇ ਮੁੜੇ ਤਾਂ ਗੋਦੜੀ ਦਾ ਨਾਮੋ-ਨਿਸ਼ਾਨ ਵੀ ਨਹੀਂ ਸੀ। ਇਸੇ ਦੀ ਯਾਦ ਵਿਚ ਹੁਣ ਗੁਰਦੁਆਰਾ ਗੋਦੜੀ ਸਾਹਿਬ ਬਣਿਆ ਹੋਇਆ ਹੈ। ਮਾਨਵਤਾ ਦੇ ਇਹ ਰਹਿਬਰ 1266 ਈ. ਨੂੰ ਪਾਕਪਟਨ ਵਿਖੇ ਅੱਲ੍ਹਾ ਨੂੰ ਪਿਆਰੇ ਹੋ ਗਏ।




ਟਿੱਲਾ ਬਾਬਾ ਫ਼ਰੀਦ ਜੀ



ਗੁਰਦੁਆਰਾ ਗੋਦੜੀ ਸਾਹਿਬ

# 1965 ਜੰਗ ਦੀ ਅਣਕਹੀ ਦਾਸਤਾਨ; ਜੰਗਬੰਦੀ ਦੇ ਬਾਵਜੂਦ ਬੰਬਾਰੀ 'ਚ ਮਾਰੇ ਗਏ ਸਨ 52 ਲੋਕ



ਭਾਰਤ-ਪਾਕਿਸਤਾਨ ਵਿਚਾਲੇ 1965 ਨੂੰ ਛਿੜੀ ਜੰਗ ਨੇ ਜਿੱਥੇ ਇਕ ਪਾਸੇ ਗਵਾਂਢੀ ਮੁਲਕ ਨੂੰ ਧੂੜ ਚਟਾਈ ਸੀ, ਦੂਜੇ ਪਾਸੇ ਇਸ ਕਾਰਨ ਉਸ ਵੇਲੇ ਸਰਹੱਦੀ ਲੋਕਾਂ ਨੇ ਜਿਹੜਾ ਸੰਤਾਪ ਭੋਗਿਆ, ਉਸ ਦਾ ਖ਼ੌਫ ਹਾਲੇ ਵੀ ਬਰਕਰਾਰ ਹੈ। ਇਸ ਜੰਗ ਦਾ ਟਰੇਲਰ ਇਸੇ ਵਰ੍ਹੇ ਅਪ੍ਰੈਲ 'ਚ ਰਣ ਕੱਛ ਵਿਚ ਸ਼ੁਰੂ ਹੋ ਚੁੱਕਿਆ ਸੀ।

ਭਾਰਤ-ਪਾਕਿਸਤਾਨ ਵਿਚਾਲੇ 1965 ਨੂੰ ਛਿੜੀ ਜੰਗ ਨੇ ਜਿੱਥੇ ਇਕ ਪਾਸੇ ਗਵਾਂਢੀ ਮੁਲਕ ਨੂੰ ਧੂੜ ਚਟਾਈ ਸੀ, ਦੂਜੇ ਪਾਸੇ ਇਸ ਕਾਰਨ ਉਸ ਵੇਲੇ ਸਰਹੱਦੀ ਲੋਕਾਂ ਨੇ ਜਿਹੜਾ ਸੰਤਾਪ ਭੋਗਿਆ, ਉਸ ਦਾ ਖ਼ੌਫ ਹਾਲੇ ਵੀ ਬਰਕਰਾਰ ਹੈ। ਇਸ ਜੰਗ ਦਾ ਟਰੇਲਰ ਇਸੇ ਵਰ੍ਹੇ ਅਪ੍ਰੈਲ 'ਚ ਰਣ ਕੱਛ ਵਿਚ ਸ਼ੁਰੂ ਹੋ ਚੁੱਕਿਆ ਸੀ। ਜੰਗ ਦੀ ਇਹ ਬੱਦਲਵਾਈ ਪਹਿਲੀ ਸਤੰਬਰ ਨੂੰ ਮੀਂਹ ਬਣ ਕੇ ਵਰ੍ਹੀ। ਭਾਰਤ-ਪਾਕਿ ਜੰਗ ਦੀ ਸ਼ੁਰੂਆਤ ਪਾਕਿਸਤਾਨ ਦੇ ਆਪ੍ਰੇਸ਼ਨ ਜਿਬਰਾਲਟਰ ਨਾਲ ਹੋਈ, ਜਿਸ ਅਧੀਨ ਉਸ ਨੇ ਹਜ਼ਾਰਾਂ ਘੁਸਪੈਠੀਏ ਕਸ਼ਮੀਰ 'ਚ ਭੇਜੇ ਤਾਂ ਜੋ ਸਥਾਨਕ ਲੋਕਾਂ ਨੂੰ ਭਾਰਤ ਵਿਰੁੱਧ ਬਗਾਵਤ ਲਈ ਭੜਕਾਇਆ ਜਾ ਸਕੇ। ਭਾਰਤ ਨੇ ਇਸ ਦਾ ਤੁਰੰਤ ਜਵਾਬ ਦਿੱਤਾ ਤੇ ਫ਼ੌਜੀ ਕਾਰਵਾਈ ਕਰਦਿਆਂ ਕਈ ਮੋਰਚਿਆਂ 'ਤੇ ਪਾਕਿਸਤਾਨੀ ਫ਼ੌਜ ਨੂੰ ਪੁੱਠੇ ਪੈਰੀਂ ਮੋੜ ਦਿੱਤਾ।

**ਕਾਲ ਬਣ ਕੇ ਆਏ ਜੰਗੀ ਜਹਾਜ਼** : ਭਾਰਤ ਤੇ ਪਾਕਿਸਤਾਨ ਦੀ 1965 ਦੀ ਜੰਗ ਦੌਰਾਨ ਪਾਕਿਸਤਾਨ ਦੇ ਉਸ ਵੇਲੇ ਦੇ ਰਾਸ਼ਟਰਪਤੀ ਅਯੂਬ ਖ਼ਾਨ ਨੇ ਸੰਯੁਕਤ ਰਾਸ਼ਟਰ ਨਾਲ ਜੰਗਬੰਦੀ ਲਈ ਸਹਿਮਤੀ ਜਤਾਈ ਸੀ। ਦੋਵਾਂ ਦੇਸ਼ਾਂ ਦੇ ਲੋਕਾਂ ਦੇ ਦਿਲਾਂ 'ਚੋਂ ਡਰ ਤੇ ਦਹਿਸ਼ਤ ਹੌਲੀ-ਹੌਲੀ ਘੱਟ ਹੋ ਰਹੀ ਸੀ। ਜੰਗਬੰਦੀ ਦਾ ਐਲਾਨ ਹੋਣ ਤੋਂ ਬਾਅਦ ਪ੍ਰਤਾਪ ਬਾਜ਼ਾਰ ਦੇ ਨਾਗਰਿਕਾਂ ਨੇ ਵੀ ਰਾਹਤ ਮਹਿਸੂਸ ਕੀਤੀ। ਉਹ ਆਪਣੇ ਰੋਜ਼ਾਨਾ ਦੇ ਕੰਮਾਂ 'ਚ ਲੱਗ ਗਏ। ਦੁਕਾਨਾਂ ਖੁੱਲ੍ਹੀਆਂ ਸਨ ਅਤੇ ਬਾਜ਼ਾਰ 'ਚ ਕਾਫ਼ੀ ਚਹਿਲ-ਪਹਿਲ ਸੀ। ਸ਼ਾਮ ਤਕਰੀਬਨ 4:20 ਵਜੇ ਅਸਮਾਨ ਤੋਂ ਪਾਕਿਸਤਾਨੀ ਲੜਾਕੂ ਜਹਾਜ਼ਾਂ ਦੀ ਗਰਜ਼ ਸੁਣਾਈ ਦਿੱਤੀ। ਫਿਰ ਅਚਾਨਕ ਉਹ ਹੋਇਆ, ਜਿਸ ਦਾ ਕਿਸੇ ਨੂੰ ਕਿਆਸ ਨਹੀਂ ਸੀ। ਪਾਕਿਸਤਾਨੀ ਹਵਾਈ ਸੈਨਾ ਨੇ ਕਾਇਰਤਾਪੂਰਨ ਕਾਰਵਾਈ ਕੀਤੀ। ਲੋਕ ਕੁਝ ਸਮਝ ਪਾਉਂਦੇ, ਇਸ ਤੋਂ ਪਹਿਲਾਂ ਹੀ ਉਨ੍ਹਾਂ ਨੇ ਬੰਬ ਸੁੱਟ ਦਿੱਤੇ, ਜਿਸ ਨਾਲ ਜ਼ਬਰਦਸਤ ਧਮਾਕੇ ਹੋਏ। ਇਕ ਪਲ 'ਚ ਬਵੰਜਾ ਲੋਕ ਮਾਰੇ ਗਏ।

ਜੰਗੀ ਜਹਾਜ਼ਾਂ ਵੱਲੋਂ ਸੁੱਟੇ ਗਏ ਬੰਬਾਂ ਨਾਲ ਕਈ ਥਾਵਾਂ 'ਤੇ ਖੂਹਨੁਮਾ ਟੋਏ ਪੈ ਗਏ ਤੇ ਲਾਸ਼ਾਂ ਦੇ ਚੀਥੜੇ ਉੱਡ ਕੇ ਬਿਜਲੀ ਦੀਆਂ ਤਾਰਾਂ ਨਾਲ ਜਾ ਲਮਕੇ। ਇਸ ਬੰਬਾਰੀ ਦੀ ਭਿਆਨਕ ਗੜਗੜਾਹਟ ਨਾਲ ਦੂਰ-ਦੂਰ ਤਕ ਲੋਕਾਂ ਦੇ ਸਾਹ ਸੂਤੇ ਗਏ। ਪਾਕਿਸਤਾਨੀ ਜੰਗੀ ਜਹਾਜ਼ਾਂ ਵੱਲੋਂ ਕੀਤੀ ਗਈ ਬੰਬਾਰੀ ਦੇ ਚਸ਼ਮਦੀਦ ਗਵਾਹ ਬਜ਼ੁਰਗ ਗਿਆਨੀ ਗੁਰਦੀਪ ਸਿੰਘ ਉਸ ਵੇਲੇ 22 ਵਰ੍ਹਿਆਂ ਦੇ ਸਨ ਤੇ ਉਹ ਨਰਾਇਣਗੜ੍ਹ ਬਾਈਪਾਸ ਵਿਖੇ ਭਾਰਤੀ ਫ਼ੌਜੀਆਂ ਲਈ ਲਗਾਈ ਗਈ ਫ੍ਰੀ ਕੰਟੀਨ ਵਿਚ ਸੇਵਾ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਇਹ ਜੰਗੀ ਜਹਾਜ਼ ਅਟਾਰੀ ਵੱਲੋਂ ਸ਼ੂਕਦੇ ਹੋਏ ਨੀਵੇਂ-ਨੀਵੇਂ ਆਏ ਅਤੇ ਖਾਸਾ ਡਿਸਟਲਰੀ, ਛੇਹਰਟਾ ਦੀਆਂ ਮਿੱਲਾਂ ਤੇ ਖ਼ਾਲਸਾ ਕਾਲਜ ਨੂੰ ਮਲੀਆਮੇਟ ਕਰਨ ਦੇ ਮਨਸੂਬੇ ਨਾਲ ਨਿਸ਼ਾਨਾ ਬਣਾ ਕੇ ਬੰਬਾਰੀ ਕਰਦੇ ਹੋਏ ਬੇਹੱਦ ਨੀਵੀਂ ਉਡਾਣ ਭਰ ਕੇ ਵਾਪਸ ਪਾਕਿਸਤਾਨ ਮੁੜ ਗਏ। ਜੰਗੀ ਜਹਾਜ਼ਾਂ ਵੱਲੋਂ ਮਿੱਥੇ ਹੋਏ ਸਾਰੇ ਨਿਸ਼ਾਨੇ ਖੁੰਝ ਗਏ ਤੇ ਇਕ ਵੀ ਮਿੱਲ ਦਾ ਨੁਕਸਾਨ ਨਹੀਂ ਹੋਇਆ ਪਰ ਜਾਪਾਨੀ ਮਿੱਲ 'ਤੇ ਸੁੱਟਿਆ ਬੰਬ ਨਿਸ਼ਾਨਾ ਖੁੰਝਣ ਕਰਕੇ ਪ੍ਰਤਾਪ ਬਾਜ਼ਾਰ ਛੇਹਰਟਾ 'ਚ ਘੜੀਸਾਜ਼ ਹਰਬੰਸ ਸਿੰਘ ਦੀ ਦੁਕਾਨ 'ਤੇ ਆ ਡਿੱਗਿਆ, ਜਿਸ ਨਾਲ ਬਾਜ਼ਾਰ ਦੇ ਦੁਕਾਨਦਾਰ, ਕੰਮਾਂ ਤੋਂ ਵਾਪਸ ਪਰਤ ਰਹੇ ਕਿਰਤੀ ਤੇ ਬਾਜ਼ਾਰ 'ਚੋਂ ਖ਼ਰੀਦਦਾਰੀ ਕਰ ਰਹੇ ਬਵੰਜਾ ਲੋਕ ਇਸ ਬੰਬਾਰੀ ਦੀ ਭੇਟ ਚੜ੍ਹ ਗਏ।

**ਬਚ ਨਿਕਲੇ ਜੰਗੀ ਜਹਾਜ਼** : 1965 ਦੀ ਜੰਗ ਵੇਲੇ ਨਰਾਇਣਗੜ੍ਹ ਬਾਈਪਾਸ 'ਤੇ ਭਾਰਤੀ ਫ਼ੌਜ ਦੀ ਚੈੱਕ ਪੋਸਟ ਬਣਾਈ ਗਈ ਸੀ। ਇਸ ਚੈੱਕ ਪੋਸਟ ਤੋਂ ਹੀ ਭਾਰਤੀ ਫ਼ੌਜ ਵਾਹਗਾ ਬਾਰਡਰ ਨੂੰ ਰਵਾਨਾ ਹੁੰਦੀ ਸੀ। ਭਾਰਤੀ ਫ਼ੌਜ ਵੱਲੋਂ ਪਾਕਿਸਤਾਨ ਦੇ ਜੰਗੀ ਜਹਾਜ਼ ਸੁੱਟਣ ਲਈ ਐਂਟੀ ਏਅਰ ਕਰਾਫਟ ਗੰਨਾਂ ਬੀੜੀਆਂ ਗਈਆਂ ਸਨ ਪਰ ਸੀਜ਼ਫਾਇਰ ਦੀ ਉਲੰਘਣਾ ਕਰ ਕੇ ਛਲ ਕਪਟ ਦੀ ਨੀਤੀ ਨਾਲ ਬੰਬਾਰੀ ਕਰਨ ਆਏ ਇਹ ਜੰਗੀ ਜਹਾਜ਼ ਐਂਟੀ ਕਰਾਫਟ ਗੰਨਾਂ ਤੋਂ ਬਚ ਕੇ ਨਿਕਲ ਗਏ ਸਨ।

**ਯਾਦਗਾਰ ਹੋ ਰਹੀ ਖ਼ਸਤਾ ਹਾਲ** : ਪ੍ਰਤਾਪ ਬਾਜ਼ਾਰ ਛੇਹਰਟਾ 'ਚ ਜੰਗੀ ਸ਼ਹੀਦਾਂ ਦੀ ਯਾਦਗਾਰ 1967 'ਚ ਕਮਿਊਨਿਟੀ ਸੈਂਟਰ ਜੰਝ ਘਰ ਦੇ ਰੂਪ 'ਚ ਉਸਾਰੀ ਗਈ ਸੀ। ਜਿਸ ਜਗ੍ਹਾ 'ਤੇ ਇਹ ਯਾਦਗਾਰ ਉਸਾਰੀ ਗਈ ਸੀ, ਇਹ ਜਗ੍ਹਾ ਟੈਕਸਟਾਈਲ ਮਜ਼ਦੂਰ ਯੂਨੀਅਨ ਦੀ ਮਲਕੀਅਤ ਸੀ ? ਉਸ ਤੋਂ ਉਪਰੰਤ ਜਦੋਂ ਮਿਊਂਸੀਪਲ ਕਮੇਟੀ ਛੇਹਰਟਾ ਦਾ ਅੰਮ੍ਰਿਤਸਰ ਕਾਰਪੋਰੇਸ਼ਨ 'ਚ ਰਲੇਵਾਂ ਕੀਤਾ ਗਿਆ ਤਾਂ ਇਹ ਯਾਦਗਾਰ ਵੀ ਕਾਰਪੋਰੇਸ਼ਨ ਦੀ ਮਲਕੀਅਤ ਬਣ ਗਈ। 58 ਵਰ੍ਹਿਆਂ 'ਚ ਹਰ ਵਰ੍ਹੇ ਦੇਖਭਾਲ ਨਾ ਹੋਣ ਕਾਰਨ ਕਰੋੜਾਂ ਰੁਪਏ ਦੀ ਜ਼ਮੀਨ 'ਚ ਬਣੀ ਇਹ ਯਾਦਗਾਰ ਆਪਣੇ ਹਾਲ 'ਤੇ ਅੱਥਰੂ ਵਹਾ ਰਹੀ ਤਬਾਹ ਹੋਣ ਦੇ ਕਿਨਾਰੇ 'ਤੇ ਹੈ ਪਰ ਨਗਰ ਨਿਗਮ ਅੰਮ੍ਰਿਤਸਰ ਦੇ ਅਧਿਕਾਰੀ ਇਸ ਯਾਦਗਾਰ ਦੀ ਸਾਂਭ-ਸੰਭਾਲ ਤੋਂ ਬੇਖ਼ਬਰ ਹੋਏ ਬੈਠੇ ਹਨ। ਯਾਦਗਾਰ ਦਾ ਮੁੱਖ ਗੇਟ ਕੂੜੇ ਤੇ ਗੰਦਗੀ ਦੇ ਢੇਰਾਂ 'ਚ ਤਬਦੀਲ ਹੋ ਚੁੱਕਿਆ ਹੈ। ਅਨੇਕਾਂ ਵਾਰ ਗਿਆਨੀ ਗੁਰਦੀਪ ਸਿੰਘ ਦੀ ਅਗਵਾਈ

**ਰਮੇਸ਼ ਰਾਮਪੁਰਾ**

ਹੇਠ ਵਫ਼ਦ ਨਿਗਮ ਅਧਿਕਾਰੀਆਂ ਨੂੰ ਮਿਲ ਚੁੱਕਿਆ ਹੈ ਪਰ ਇਹ ਯਾਦਗਾਰ ਦੀ ਸਾਂਭ-ਸੰਭਾਲ ਵਾਲਾ ਮਸਲਾ ਕਿਸੇ ਨੇ ਵੀ ਹੱਲ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਜਦੋਂ ਪਹਿਲੀ ਵਾਰ ਉਹ ਵਫ਼ਦ ਨਾਲ ਨਿਗਮ ਅਧਿਕਾਰੀਆਂ ਨੂੰ ਮਿਲੇ ਤਾਂ ਅਧਿਕਾਰੀਆਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਤਾਂ ਵਫ਼ਦ ਕੋਲੋਂ ਪਤਾ ਲੱਗ ਰਿਹਾ ਹੈ ਕਿ ਛੇਹਰਟਾ ਵਿਚ ਯਾਦਗਾਰ ਸਬੰਧੀ ਕੋਈ ਮਲਕੀਅਤ ਵੀ ਹੈ।

**ਕਮੇਟੀ ਨਿਯੁਕਤ ਕਰਨ ਦੀ ਮੰਗ** : ਛੇਹਰਟਾ ਮਿਊਂਸੀਪਲ ਕਮੇਟੀ ਵੇਲੇ ਪ੍ਰਤਾਪ ਬਾਜ਼ਾਰ ਛੇਹਰਟਾ ਵਾਲੀ ਇਸ ਯਾਦਗਾਰ ਦੀ ਸੁਚੱਜੇ ਢੰਗ ਨਾਲ ਸਾਂਭ-ਸੰਭਾਲ ਹੁੰਦੀ ਸੀ ਅਤੇ ਇੱਥੇ ਹਰ ਤਰ੍ਹਾਂ ਦੀ ਸਹੂਲਤ ਵੀ ਮੁਹੱਈਆ ਸੀ। ਇਸ ਯਾਦਗਾਰ ਹਾਲ 'ਚ ਉਦੋਂ ਸਭਾ ਸੁਸਾਇਟੀਆਂ ਵਾਲੇ ਮੀਟਿੰਗਾਂ ਕਰਦੇ ਤੇ ਇਲਾਕੇ ਦੇ ਲੋਕ ਜੰਞਾਂ ਵੀ ਇੱਥੇ ਠਹਿਰਾਉਂਦੇ ਸਨ। ਯਾਦਗਾਰ ਦੀ ਸਾਂਭ-ਸੰਭਾਲ ਲਈ ਦੋ ਕਰਮਚਾਰੀ ਪੱਕੇ ਤੈਨਾਤ ਹੁੰਦੇ ਸਨ। ਖ਼ਾਸੀਅਤ ਇਹ ਹੁੰਦੀ ਸੀ

ਕਿ ਹਰ ਸਮਾਗਮ ਦੌਰਾਨ 50 ਰੁਪਏ ਫ਼ੀਸ ਰੱਖੀ ਜਾਂਦੀ ਸੀ, ਜੋ ਸਮਾਗਮ ਦੀ ਸਮਾਪਤੀ ਤੋਂ ਬਾਅਦ ਵਾਪਸ ਕਰ ਦਿੱਤੀ ਜਾਂਦੀ ਸੀ। ਹੁਣ ਇਸ ਯਾਦਗਾਰ ਦੇ ਦਰਵਾਜ਼ੇ ਗਲ ਚੁੱਕੇ ਹਨ ਤੇ ਕਬੂਤਰਾਂ ਦੀਆਂ ਡਾਰਾਂ ਨੇ ਅੰਦਰ ਰੈਣ-ਬਸੇਰੇ ਬਣਾਏ ਹੋਏ ਹਨ। ਗਿਆਨੀ ਗੁਰਦੀਪ ਸਿੰਘ ਨੇ ਕਿਹਾ ਕਿ ਹੁਣ ਮੌਜੂਦਾ ਨਿਗਮ ਕਮਿਸ਼ਨਰ ਕੋਲ ਯਾਦਗਾਰ ਦੀ ਸਾਂਭ-ਸੰਭਾਲ ਸਬੰਧੀ ਕਮੇਟੀ ਨਿਯੁਕਤ ਕਰਨ ਦੀ ਮੰਗ ਕੀਤੀ ਗਈ ਹੈ ?

**ਦੋਵਾਂ ਮੁਲਕਾਂ 'ਚ ਰਿਹੈ ਤਣਾਅ** : 1947 'ਚ ਭਾਰਤ ਨਾਲੋਂ ਵੱਖਰਾ ਮੁਲਕ ਪਾਕਿਸਤਾਨ ਬਣਨ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਲਗਾਤਾਰ ਤਣਾਅ ਦਾ ਮਾਹੌਲ ਰਿਹਾ ਹੈ। ਦੋਵਾਂ ਦੇਸ਼ਾਂ ਵਿਚਾਲੇ ਹੁਣ ਤਕ ਕਈ ਜੰਗਾਂ ਹੋਈਆਂ ਹਨ। ਪਾਕਿਸਤਾਨ ਦੀ ਅੱਤਵਾਦੀ ਨੀਤੀ ਅਕਸਰ ਤਣਾਅ ਵਧਣ ਦਾ ਕਾਰਨ ਰਹੀ ਹੈ। ਪਾਕਿ ਨੇ ਕਈ ਵਾਰ ਭਾਰਤ 'ਤੇ ਹਮਲਾ ਕੀਤਾ, ਜਿਸ ਦਾ ਭਾਰਤੀ ਫ਼ੌਜਾਂ ਨੇ ਢੁੱਕਵਾਂ ਜਵਾਬ ਦਿੱਤਾ। ਜੰਮੂ-ਕਸ਼ਮੀਰ ਦੇ ਭਾਰਤੀ ਸੰਘ 'ਚ ਰਲੇਵੇਂ ਤੋਂ ਬਾਅਦ ਪਾਕਿਸਤਾਨ ਸਮਰਪਿਤ ਕਬਾਇਲੀਆਂ ਨੇ ਅਕਤੂਬਰ (ਭਾਰਤ-ਪਾਕਿਸਤਾਨ ਯੁੱਧ 1997) 'ਚ ਇੱਥੇ ਹਮਲਾ ਕੀਤਾ। ਜਵਾਬ 'ਚ ਭਾਰਤ ਨੇ ਇਸ ਖੇਤਰ ਦੀ ਰੱਖਿਆ ਲਈ ਆਪਣੀਆਂ ਫ਼ੌਜਾਂ ਭੇਜੀਆਂ। ਇਹ ਸੰਘਰਸ਼ ਜਨਵਰੀ 1949 ਤਕ ਜਾਰੀ ਰਿਹਾ। 1965 ਦੀ ਜੰਗ ਤੋਂ ਬਾਅਦ 1971 'ਚ ਭਾਰਤ-ਪਾਕਿ ਜੰਗ ਪਾਕਿਸਤਾਨੀ ਫ਼ੌਜ ਦੁਆਰਾ ਪੂਰਬੀ ਪਾਕਿਸਤਾਨ, ਹੁਣ ਬੰਗਲਾਦੇਸ਼, ਦੇ ਦਮਨ ਤੇ ਆਜ਼ਾਦੀ ਦੀ ਮੰਗ ਕਾਰਨ ਸ਼ੁਰੂ ਹੋਈ ਸੀ। ਪਾਕਿਸਤਾਨ ਨੇ 16 ਦਸੰਬਰ ਨੂੰ ਆਤਮ-ਸਮਰਪਣ ਕਰ ਦਿੱਤਾ।

ਇਸ ਤੋਂ ਬਾਅਦ 1999 ਦੀ ਕਾਰਗਿਲ ਜੰਗ ਭਾਰਤ ਤੇ ਪਾਕਿਸਤਾਨ ਵਿਚਕਾਰ ਪਾਕਿਸਤਾਨੀ ਫ਼ੌਜਾਂ ਤੇ ਅੱਤਵਾਦੀਆਂ ਦੇ ਜੰਮੂ ਤੇ ਕਸ਼ਮੀਰ ਦੇ ਕਾਰਗਿਲ ਸੈਕਟਰ 'ਚ ਚੋਟੀਆਂ 'ਤੇ ਕਬਜ਼ਾ ਕਰਨ ਨਾਲ ਸ਼ੁਰੂ ਹੋਈ ਸੀ। ਮਈ ਤੋਂ ਜੁਲਾਈ ਤਕ ਲੜੀ ਗਈ ਇਸ ਜੰਗ 'ਚ ਭਾਰਤੀ ਹਵਾਈ ਸੈਨਾ ਨੇ 'ਆਪ੍ਰੇਸ਼ਨ ਵਿਜੈ' ਸ਼ੁਰੂ ਕੀਤਾ ਤੇ ਇਸ ਇਲਾਕੇ 'ਤੇ ਮੁੜ ਕਬਜ਼ਾ ਕਰ ਲਿਆ।

26 ਜਨਵਰੀ, 2019 ਨੂੰ ਭਾਰਤੀ ਹਵਾਈ ਸੈਨਾ ਨੇ ਪੁਲਵਾਮਾ ਅੱਤਵਾਦੀ ਹਮਲੇ ਦੇ ਜਵਾਬ 'ਚ ਪਾਕਿਸਤਾਨ ਦੇ ਬਾਲਾਕੋਟ 'ਚ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਸਿਖਲਾਈ ਕੈਂਪ 'ਤੇ ਹਵਾਈ ਹਮਲਾ ਕੀਤਾ।

22 ਅਪ੍ਰੈਲ, 2025 ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਅੱਤਵਾਦੀਆਂ ਨੇ 26 ਸੈਲਾਨੀਆਂ ਦੀ ਹੱਤਿਆ ਕਰ ਦਿੱਤੀ ਸੀ। ਇਸ ਦਾ ਬਦਲਾ ਲੈਣ ਲਈ ਭਾਰਤੀ ਫ਼ੌਜ ਨੇ 'ਆਪ੍ਰੇਸ਼ਨ ਸਿੰਧੂਰ' ਸ਼ੁਰੂ ਕੀਤਾ ਅਤੇ ਪਾਕਿਸਤਾਨ ਤੇ ਪੀਓਕੇ 'ਚ ਜੈਸ਼ ਅਤੇ ਲਸ਼ਕਰ ਦੇ ਹੈੱਡਕੁਆਰਟਰ ਤਬਾਹ ਕਰ ਦਿੱਤੇ। ਇਸ ਵਿਚ ਕਈ ਅੱਤਵਾਦੀ ਮਾਰੇ ਗਏ।

ਪਾਕਿਸਤਾਨ ਵੱਲੋਂ ਭਾਰਤ ਖਿਲਾਫ਼ ਵਿੱਢੀ ਜੰਗ ਦਾ ਭਾਰਤ ਨੇ ਹਮੇਸ਼ਾ ਮੂੰਹ ਤੋੜ ਜਵਾਬ ਦਿੱਤਾ ਹੈ। ਇਸ ਵਿਚ ਪਾਕਿਸਤਾਨ ਨੂੰ ਹਮੇਸ਼ਾ ਮੂਧੇ ਮੂੰਹ ਡਿੱਗਣਾ ਪਿਆ ਹੈ। ਭਾਰਤ ਨੇ ਹਮੇਸ਼ਾ ਗੁਆਂਢੀ ਮੁਲਕ ਨੂੰ ਭਾਰਤੀ ਇਲਾਕੇ ਵਿਚ ਅੱਤਵਾਦੀ ਸਰਗਰਮੀਆਂ ਨੂੰ ਰੋਕਣ ਦੀ ਮੰਗ ਕੀਤੀ ਹੈ ਪਰ ਪਾਕਿਸਤਾਨ ਨੇ ਆਪਣੀ ਧਰਤੀ ਉੱਤੇ ਭਾਰਤ ਖਿਲਾਫ਼ ਅੱਤਵਾਦ ਨੂੰ ਪਾਲਿਆ ਹੈ। ਭਾਰਤ ਵੱਲੋਂ ਹੁਣ ਵੀ 'ਆਪ੍ਰੇਸ਼ਨ ਸਿੰਧੂਰ ਰਾਹੀਂ ਮਕਬੂਜ਼ਾ ਕਸ਼ਮੀਰ ਵਿਚ ਸਥਿਤ ਅੱਤਵਾਦੀ ਕੈਂਪਾਂ ਨੂੰ ਹੀ ਨਿਸ਼ਾਨਾ ਬਣਾਇਆ ਹੈ। ਫ਼ੌਜੀ ਜਾਂ ਰਿਹਾਇਸ਼ੀ ਇਲਾਕਿਆਂ ਵਿਚ ਕੋਈ ਵੀ ਗੋਲੀਬਾਰੀ ਨਹੀਂ ਕੀਤੀ।

**ਨਿਸ਼ਾਨੇ 'ਤੇ ਸੀ ਇੰਡਸਟਰੀਅਲ ਏਰੀਆ** : ਪਾਕਿਸਤਾਨੀ ਜੰਗੀ ਜਹਾਜ਼ਾਂ ਦੇ ਨਿਸ਼ਾਨੇ 'ਤੇ ਇੰਡਸਟਰੀ ਏਰੀਆ ਛੇਹਰਟਾ ਦੀਆਂ ਮਿੱਲਾਂ ਤੇ ਕਾਰਖਾਨੇ ਸਨ, ਜਿਨ੍ਹਾਂ ਵਿਚ ਖਾਸਾ ਡਿਸਟਿਲਰੀ, ਪੰਜਾਬ ਮਿੱਲ, ਜਾਪਾਨੀ ਮਿੱਲ, ਓਸੀਐੱਮ ਮਿੱਲ ਤੇ ਪ੍ਰਤਾਪ ਮਿੱਲ ਆਦਿ ਤੋਂ ਇਲਾਵਾ ਖ਼ਾਲਸਾ ਕਾਲਜ ਸੀ। ਸਭ ਤੋਂ ਪਹਿਲਾਂ ਜੰਗੀ ਜਹਾਜ਼ਾਂ ਵੱਲੋਂ ਖਾਸਾ ਡਿਸਟਿਲਰੀ 'ਤੇ ਬੰਬਾਰੀ ਕੀਤੀ ਪਰ ਨਿਸ਼ਾਨਾ ਖੁੰਝਣ ਕਰਕੇ ਉਹ ਬੰਬ ਰੇਲਵੇ ਸਟੇਸ਼ਨ ਖਾਸਾ ਦੇ ਪਲੇਟਫਾਰਮ 'ਤੇ ਡਿੱਗਿਆ, ਜਿਸ ਦੀ ਲਪੇਟ 'ਚ ਆ ਕੇ ਡਿਊਟੀ 'ਤੇ ਤੈਨਾਤ ਰੇਲਵੇ ਮੁਲਾਜ਼ਮ ਸੁੰਦਰ ਲਾਲ ਲਗੇਜ ਪੋਰਟਰ ਸ਼ਹੀਦ ਹੋ ਗਿਆ। ਉਸ ਤੋਂ ਅੱਗੇ ਜੰਗੀ ਜਹਾਜ਼ਾਂ ਵੱਲੋਂ ਪੰਜਾਬ ਮਿੱਲ ਨੂੰ ਨਿਸ਼ਾਨਾ ਬਣਾ ਕੇ ਸੁੱਟਿਆ ਬੰਬ ਜਵਾਹਰ ਨਗਰ ਦੇ ਇਲਾਕੇ 'ਚ ਜਾ ਡਿੱਗਿਆ। ਜਾਪਾਨੀ ਮਿੱਲ 'ਤੇ ਸੁੱਟਿਆ ਬੰਬ ਪ੍ਰਤਾਪ ਬਾਜ਼ਾਰ 'ਚ ਡਿੱਗਣ ਨਾਲ ਭਿਆਨਕ ਤਬਾਹੀ ਮਚ ਗਈ। ਓਸੀਐੱਮ ਮਿੱਲ ਦਾ ਵੀ ਨਿਸ਼ਾਨਾ ਖੁੰਝਣ ਨਾਲ ਉਹ ਬੰਬ ਕਰਤਾਰ ਨਗਰ ਦੇ ਨੇੜਲੇ ਖੇਤਾਂ 'ਚ ਡਿੱਗਿਆ ਅਤੇ ਜੋ ਬੰਬ ਖ਼ਾਲਸਾ ਕਾਲਜ 'ਤੇ ਸੁੱਟਿਆ ਗਿਆ, ਉਹ ਖੇਤਾਂ 'ਚ ਬਣੇ ਖੂਹ ਕੋਲ ਡਿੱਗਿਆ ਤੇ ਹੋਰ ਵੱਡੀ ਤਬਾਹੀ ਹੋਣ ਤੋਂ ਬਚਾਅ ਹੋ ਗਿਆ।

**ਨਾਵਾਂ ਵਾਲੇ ਸਿਲ ਦੀ ਹਾਲਤ** : ਤ੍ਰਾਸਦੀ ਇਹ ਹੈ ਕਿ ਯਾਦਗਾਰ ਦੇ ਬਾਹਰ ਲੱਗੀ ਜੰਗੀ ਸ਼ਹੀਦਾਂ ਦੇ ਨਾਵਾਂ ਵਾਲੇ ਸਿਲ ਨੂੰ ਵੀ ਖੋਰਾ ਲੱਗਣਾ ਸ਼ੁਰੂ ਹੋ ਚੁੱਕਿਆ ਹੈ। ਇਸ 'ਤੇ ਅੰਕਿਤ ਜੰਗੀ ਸ਼ਹੀਦਾਂ ਦੇ ਨਾਂ ਤਕ ਨਹੀਂ ਪੜ੍ਹੇ ਜਾ ਸਕਦੇ। ਨਿਗਮ ਅਧਿਕਾਰੀਆਂ ਵੱਲੋਂ ਕੋਈ ਤਵੱਜੋ ਨਾ ਦੇਣ ਕਾਰਨ ਇਹ ਯਾਦਗਾਰ ਖੰਡਰ ਬਣਨ ਦੇ ਕਿਨਾਰੇ 'ਤੇ ਹੈ।

**ਬੰਬਾਂ ਨਾਲ ਕੰਬ ਉੱਠਿਆ ਸੀ ਛੇਹਰਟਾ** : 1947 ਦੀ ਵੰਡ ਵੇਲੇ ਪਰਿਵਾਰ ਦੇ 18 ਜੀਆਂ ਨੂੰ ਗਵਾ ਚੁੱਕੇ ਇਸ ਬੰਬਾਰੀ ਦੇ ਚਸ਼ਮਦੀਦ ਗਿਆਨੀ ਗੁਰਦੀਪ ਸਿੰਘ ਨੇ ਦੱਸਿਆ ਕਿ 47 ਦੀ ਵੰਡ ਵੇਲੇ ਉਨ੍ਹਾਂ ਦੇ ਪਰਿਵਾਰ ਦੇ ਅਠਾਰਾਂ ਜੀਆਂ ਨੂੰ ਜਿਉਂਦਿਆਂ ਸਾੜ ਕੇ ਮਾਰਨ ਵਾਲੇ ਵਾਲੇ ਜ਼ਖ਼ਮ ਅਜੇ ਭਰੇ ਨਹੀਂ ਸਨ ਕਿ ਇਸ ਬੰਬਾਰੀ ਨੇ ਮੁੜ ਉਨ੍ਹਾਂ ਦੇ ਲੂ-ਕੰਡੇ ਖੜ੍ਹੇ ਕਰ ਦਿੱਤੇ ਸਨ। ਪ੍ਰਤਾਪ ਬਾਜ਼ਾਰ 'ਚ ਹੋਈ ਇਸ ਬੰਬਾਰੀ ਨਾਲ ਉਨ੍ਹਾਂ ਨੂੰ ਕਰਤਾਰ ਨਗਰ ਸਥਿਤ ਆਪਣਾ ਘਰ ਤਕ ਪਛਾਣਨਾ ਮੁਸ਼ਕਲ ਹੋ ਚੁੱਕਿਆ ਸੀ। ਧਰਤੀ ਤੋਂ ਅਸਮਾਨ ਵੱਲ ਉੱਡਦੇ ਅੱਗ ਦੇ ਗੋਲੇ, ਮਿੱਟੀ ਤੇ ਕਾਲੇ ਧੂੰਏਂ 'ਚ ਘਿਰਿਆ ਇਲਾਕਾ ਡਰਾਉਣਾ ਦ੍ਰਿਸ਼ ਬਣ ਚੁੱਕਿਆ ਸੀ ?। ਹਰ ਪਾਸੇ ਚੀਕ-ਚਿਹਾੜਾ ਤੇ ਪਈ ਕੁਰਲਾਹਟ ਉਨ੍ਹਾਂ ਨੂੰ ਧੁਰ ਅੰਦਰ ਤਕ ਵਲੂੰਧਰ ਗਈ। ਬੰਬਾਰੀ ਇੰਨੀ ਭਿਆਨਕ ਸੀ ਕਿ ਮਾਰੇ ਗਏ ਲੋਕਾਂ ਦੇ ਚੀਥੜੇ ਦੂਰ-ਦੂਰ ਤਕ ਖਿੱਲਰੇ ਨਜ਼ਰ ਆ ਰਹੇ ਸਨ।

**ਆਪਰੇਸ਼ਨ ਗਰੈਂਡ ਸਲੈਮ** : ਆਪਰੇਸ਼ਨ ਗ੍ਰੈਂਡ ਸਲੈਮ 1965 ਦੀ ਭਾਰਤ-ਪਾਕਿ ਜੰਗ ਦੌਰਾਨ ਪਾਕਿਸਤਾਨ ਵੱਲੋਂ ਪਹਿਲੀ ਸਤੰਬਰ 1965 ਨੂੰ ਅਖਨੂਰ ਸੈਕਟਰ 'ਚ ਚਲਾਇਆ ਗਿਆ ਫ਼ੌਜੀ ਹਮਲਾ ਸੀ, ਜਿਸ ਦਾ ਉਦੇਸ਼ ਜੰਮੂ-ਕਸ਼ਮੀਰ ਦੇ ਅਖਨੂਰ ਖੇਤਰ 'ਤੇ ਕਬਜ਼ਾ ਕਰ ਕੇ ਭਾਰਤ ਦੀ ਸੰਚਾਰ ਲਾਈਨ ਨੂੰ ਕੱਟਣਾ ਸੀ। ਪਹਿਲੀ ਸਤੰਬਰ ਨੂੰ ਸ਼ੁਰੂ ਹੋਏ ਇਸ ਹਮਲੇ ਵਿਚ ਭਾਰਤ ਨੇ ਤੁਰੰਤ ਜਵਾਬੀ ਕਾਰਵਾਈ ਕਰ ਕੇ ਉਨ੍ਹਾਂ ਦੇ ਆਪਰੇਸ਼ਨ ਨੂੰ ਰੋਕ ਦਿੱਤਾ। ਇਹ ਅਭਿਆਨ ਪਾਕਿ ਦੇ ਆਪਰੇਸ਼ਨ ਜਿਬਰਾਲਟਰ ਦੀ ਨਾਕਾਮੀ ਤੋਂ ਬਾਅਦ ਆਇਆ ਸੀ ਪਰ ਗਰੈਂਡ ਸਲੈਮ ਵੀ ਅਖਨੂਰ 'ਤੇ



ਕਬਜ਼ਾ ਕਰਨ 'ਚ ਅਸਫਲ ਰਿਹਾ, ਜਿਸ ਨਾਲ ਜੰਗ ਵਧ ਗਈ ਤੇ ਭਾਰਤ ਨੇ ਲਾਹੌਰ ਤੇ ਸਿਆਲਕੋਟ ਖੇਤਰਾਂ ਵਿਚ ਜਵਾਬੀ ਹਮਲੇ ਕੀਤੇ।

**ਪੈਟਨ ਟੈਂਕਾਂ ਦਾ ਕਬਰਿਸਤਾਨ** : ਪਾਕਿਸਤਾਨ ਨੇ ਉਸ ਸਮੇਂ ਦੇ ਅਮਰੀਕੀ ਪੈਟਨ ਟੈਂਕਾਂ ਨਾਲ ਖੇਮਕਰਨ ਸੈਕਟਰ ਦੇ ਪਿੰਡ ਆਸਲ ਉਤਾੜ (ਅਸਲ ਉੱਤਰ) 'ਤੇ ਹਮਲਾ ਕੀਤਾ। 8 ਸਤੰਬਰ, 1965 ਨੂੰ ਸਵੇਰੇ 9 ਵਜੇ ਅਬਦੁਲ ਹਮੀਦ ਦੀ ਜੀਪ ਚੀਮਾ ਪਿੰਡ ਦੇ ਬਾਹਰਵਾਰ ਗੰਨੇ ਦੇ ਖੇਤਾਂ ਵਿੱਚੋਂ ਲੰਘ ਰਹੀ ਸੀ। ਉਸ ਸਮੇਂ ਉਸ ਨੂੰ ਟੈਂਕਾਂ ਦੇ ਨੇੜੇ ਆਉਣ ਦੀ ਆਵਾਜ਼ ਸੁਣਾਈ ਦਿੱਤੀ ਤੇ ਕੁਝ ਹੀ ਦੇਰ 'ਚ ਟੈਂਕ ਦਿਸਣ ਵੀ ਲੱਗ ਪਏ। ਇਸ ਤੋਂ ਬਾਅਦ ਹਾਮਿਦ ਨੇ ਗੰਨੇ ਦੇ ਖੇਤਾਂ ਦਾ ਫ਼ਾਇਦਾ ਲਿਆ ਤੇ ਉੱਥੇ ਲੁਕ ਗਿਆ। ਉਹ ਉਡੀਕ ਕਰ ਰਿਹਾ ਸੀ ਕਿ ਪਾਕਿਸਤਾਨੀ ਟੈਂਕ ਉਸ ਦੀ ਰੇਂਜ ਵਿਚ ਆਉਣ ਅਤੇ ਉਹ ਦੁਸ਼ਮਣਾਂ ਦੇ ਟੈਂਕਾਂ ਨੂੰ ਮਿੱਟੀ 'ਚ ਮਿਲਾ ਦੇਵੇ ਤੇ ਅਜਿਹਾ ਹੀ ਹੋਇਆ। ਇਸ ਦੌਰਾਨ ਅਬਦੁਲ ਨਾਲ ਡਰਾਈਵਰ ਦੀ ਸੀਟ 'ਤੇ ਉਸ ਦਾ ਇਕ ਸਾਥੀ ਵੀ ਸੀ। ਜਿਵੇਂ ਹੀ ਟੈਂਕ ਰੇਂਜ ਵਿਚ ਆਏ ਉਸ ਨੇ ਫਾਇਰਿੰਗ ਕਰਦਿਆਂ ਇੱਕੋ ਵੇਲੇ ਚਾਰ ਪਾਕਿਸਤਾਨੀ ਟੈਂਕਾਂ ਨੂੰ ਤਬਾਹ ਕਰ ਦਿੱਤਾ। ਇਨ੍ਹਾਂ ਟੈਂਕਾਂ ਨੂੰ ਅਜਿਤ ਮੰਨਿਆ ਜਾਂਦਾ ਸੀ ਪਰ ਤਬਾਹ ਹੋਣ 'ਤੇ ਇਨ੍ਹਾਂ ਦੀ ਸਾਰੀ ਦੁਨੀਆ 'ਚ ਚਰਚਾ ਹੋਈ ਸੀ। ਇਸ ਲੜਾਈ 'ਚ ਟੈਂਕਾਂ ਨੂੰ ਤਬਾਹ ਕਰਨ ਵਾਲੇ ਅਬਦੁਲ ਹਮੀਦ ਨੂੰ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਸੀ। ਕਈ ਲੋਕ 'ਆਸਲ ਉਤਾੜ' ਨੂੰ 'ਅਸਲ ਉੱਤਰ' ਕਹਿੰਦੇ ਹਨ ਕਿਉਂਕਿ ਅਬਦੁਲ ਹਮੀਦ ਨੇ ਪਾਕਿਸਤਾਨ ਦੇ ਜ਼ਬਰਦਸਤ ਹਮਲੇ ਦਾ ਮੂੰਹਤੋੜ ਜਵਾਬ ਦਿੱਤਾ ਸੀ। ਅਬਦੁਲ ਹਮੀਦ ਪੱਕਾ ਨਿਸ਼ਾਨਚੀ ਸੀ, ਜੋ ਰਾਤ ਵੇਲੇ ਵੀ ਪੰਛੀ ਦੀ ਆਵਾਜ਼ ਸੁਣ ਕੇ ਉਸ ਨੂੰ ਫੁੰਡਣ ਦੀ ਮੁਹਾਰਤ ਰੱਖਦਾ ਸੀ। ਉਸ ਦੀ ਯਾਦਗਾਰ ਆਸਲ ਪਿੰਡ ਨੇੜੇ ਬਣੀ ਹੋਈ ਹੈ। ਇਹ ਟੈਂਕ ਅੱਜ ਵੀ ਕਈ ਸ਼ਹਿਰਾਂ ਤੇ ਛਾਉਣੀਆਂ ਦੀਆਂ ਪ੍ਰਮੁੱਖ ਥਾਵਾਂ 'ਤੇ ਸੁਸ਼ੋਭਿਤ ਹਨ।

**10 ਜਨਵਰੀ 1966 ਨੂੰ ਹੋਇਆ ਸੀਤਾਸ਼ਕੰਦ ਸਮਝੌਤਾ** : ਭਾਵੇਂ ਜੰਗਬੰਦੀ 23 ਸਤੰਬਰ 1965 ਨੂੰ ਹੋ ਗਈ ਸੀ ਪਰ ਅਜੇ ਜਿੱਤੇ-ਹਾਰੇ ਇਲਾਕਿਆਂ ਦੀ ਵਾਪਸੀ ਦਾ ਫ਼ੈਸਲਾ ਹੋਣਾ ਬਾਕੀ ਸੀ। ਤਾਸ਼ਕੰਦ ਸਮਝੌਤਾ 1965 ਦੀ ਭਾਰਤ-ਪਾਕਿਸਤਾਨ ਜੰਗ ਤੋਂ ਬਾਅਦ 10 ਜਨਵਰੀ 1966 ਨੂੰ ਤਾਸ਼ਕੰਦ (ਉਜ਼ਬੇਕਿਸਤਾਨ, ਜੋ ਉਸ ਵੇਲੇ ਸੋਵੀਅਤ ਯੂਨੀਅਨ ਦਾ ਹਿੱਸਾ ਸੀ) ਵਿਚ ਹੋਇਆ ਸੀ। ਇਹ ਸਮਝੌਤਾ ਭਾਰਤ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖ਼ਾਨ ਵੱਲੋਂ ਕੀਤਾ ਗਿਆ ਸੀ। ਇਸ ਸਮਝੌਤੇ 'ਚ ਫ਼ੈਸਲਾ ਕੀਤਾ ਗਿਆ ਕਿ ਦੋਵੇਂ ਦੇਸ਼ ਜੰਗ ਦੌਰਾਨ ਕਬਜ਼ਾ ਕੀਤੇ ਇਲਾਕੇ ਛੱਡਣਗੇ। ਦੋਵੇਂ ਪਾਸਿਆਂ ਦੀਆਂ ਫ਼ੌਜਾਂ ਆਪਣੀਆਂ ਪੁਰਾਣੀਆਂ ਹੱਦਾਂ 'ਤੇ ਵਾਪਸ ਜਾਣਗੀਆਂ। ਜੰਗੀ ਕੈਦੀਆਂ ਨੂੰ ਬਿਨਾਂ ਸ਼ਰਤ ਵਾਪਸ ਭੇਜਿਆ ਜਾਵੇਗਾ। ਦੋਵੇਂ ਦੇਸ਼ ਇਕ-ਦੂਜੇ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਨਹੀਂ ਦੇਣਗੇ। ਆਰਥਿਕ ਤੇ ਰਾਜਨੀਤਿਕ ਸਬੰਧਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਆਦਿ ਸ਼ਰਤਾਂ ਰੱਖੀਆਂ ਗਈਆਂ। ਤਾਸ਼ਕੰਦ ਸਮਝੌਤੇ ਤੋਂ ਸਿਰਫ਼ ਇਕ ਦਿਨ ਬਾਅਦ 11 ਜਨਵਰੀ 1966 ਨੂੰ ਲਾਲ ਬਹਾਦੁਰ ਸ਼ਾਸਤਰੀ ਦੀ ਰਹੱਸਮਈ ਹਾਲਤਾਂ ਵਿਚ ਮੌਤ ਹੋ ਗਈ। ਇਹ ਸਮਝੌਤਾ ਨਾ ਸਿਰਫ਼ ਇਕ ਜੰਗ ਦਾ ਅੰਤ ਸੀ ਸਗੋਂ ਭਾਰਤ-ਪਾਕਿ ਸਬੰਧਾਂ ਵਿਚ ਨਵਾਂ ਪੜਾਅ ਵੀ ਸੀ।

**ਪਾਕਿ ਨੂੰ ਮੂੰਹ ਦੀਖਾਣੀ ਪਈ** : 20ਵੀਂ ਸਦੀ ਦੇ ਅਖ਼ੀਰਲੇ ਸਾਲ ਵਿਚ ਵੀ ਪਾਕਿਸਤਾਨ ਨੇ ਕਸ਼ਮੀਰ 'ਤੇ ਕਬਜ਼ਾ ਕਰਨ ਲਈ ਲੁਕਵੀਂ ਜੰਗ ਛੇੜ ਦਿੱਤੀ ਸੀ। ਕਾਰਗਿਲ ਵਿਚ ਇਕ ਵਾਰ ਫਿਰ ਪਾਕਿਸਤਾਨ ਨੂੰ ਮੂੰਹ ਦੀ ਖਾਣੀ ਪਈ। ਇਹ ਜੰਗ ਵੀ 1965 ਅਤੇ 1971 ਦੇ ਯੁੱਧਾਂ ਵਿਚ ਹੋਈ ਹਾਰ ਦਾ ਬਦਲਾ ਲੈਣ ਲਈ ਛੇੜੀ ਗਈ ਸੀ। ਵਾਹਗਾ ਹੋਵੇ ਜਾਂ ਅਟਾਰੀ, ਸ਼ਹੀਦ ਪਰਿਵਾਰਾਂ ਨੂੰ ਪੁੱਛੋ ਤਾਂ ਉਹ ਇਹੀ ਕਹਿਣਗੇ ਕਿ ਜੰਗ ਕੋਈ ਨਹੀਂ ਜਿੱਤਦਾ, ਸਭ ਹਾਰਦੇ ਹਨ। ਜਦ ਮਨੁੱਖ ਹੀ ਮਨੁੱਖ ਦੇ ਖ਼ੂਨ ਨਾਲ ਹੋਲੀ ਖੇਡਦਾ ਹੈ ਤਾਂ ਇਨਸਾਨੀਅਤ ਸ਼ਰਮਿੰਦਾ ਹੁੰਦੀ ਹੈ ਤੇ ਇਤਿਹਾਸ ਕਲੰਕਿਤ।

# ਸ਼ਾਹਰੁਖ ਖਾਨ ਅਤੇ ਰਾਣੀ ਮੁਖਰਜੀ ਨੂੰ ਮਿਲਿਆ ਨੈਸ਼ਨਲ ਐਵਾਰਡ

## ਮੋਹਨਲਾਲ ਨੂੰ ਦਾਦਾ ਸਾਹੇਬ ਫਾਲਕੇ ਪੁਰਸਕਾਰ ਨਾਲ ਨਿਵਾਜਿਆ, ਪੰਜਾਬੀ ਫ਼ਿਲਮ 'ਗੋਡੇ-ਗੋਡੇ ਚਾਅ' ਨੂੰ ਮਿਲਿਆ ਐਵਾਰਡ





ਰਾਸ਼ਟਰਪਤੀ ਦੋਰੂਪਦੀ ਮੁਰਮੂ ਨੇ ਸ਼ਾਹਰੁਖ ਖਾਨ ਨੂੰ ਫਿਲਮ 'ਜਵਾਨ' ਲਈ ਸਰਵੋਤਮ ਮੁੱਖ ਭੂਮਿਕਾ ਲਈ ਰਾਸ਼ਟਰੀ ਪੁਰਸਕਾਰ ਭੇਟ ਕੀਤਾ



71ਵੇਂ ਰਾਸ਼ਟਰੀ ਫਿਲਮ ਪੁਰਸਕਾਰਾਂ ਦੌਰਾਨ ਆਪਣੇ ਰਾਸ਼ਟਰੀ ਫਿਲਮ ਪੁਰਸਕਾਰਾਂ ਨਾਲ ਅਦਾਕਾਰ ਸ਼ਾਹਰੁਖ ਖਾਨ ਅਤੇ ਰਾਣੀ ਮੁਖਰਜੀ।



ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਫਿਲਮ ਨਿਰਦੇਸ਼ਕ ਅਤੇ ਨਿਰਮਾਤਾ ਕਰਨ ਜੌਹਰ ਨੂੰ ਸਨਮਾਨਿਤ ਕੀਤਾ



ਨਵੀਂ ਦਿੱਲੀ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਵੱਲੋਂ ਬੌਲੀਵੁੱਡ ਅਦਾਕਾਰ ਸ਼ਾਹਰੁਖ ਖ਼ਾਨ, ਵਿਕਰਾਂਤ ਮੈਸੀ ਅਤੇ ਅਦਾਕਾਰਾ ਰਾਣੀ ਮੁਖਰਜੀ ਨੂੰ ਕੌਮੀ ਫ਼ਿਲਮ ਪੁਰਸਕਾਰ ਪ੍ਰਦਾਨ ਕੀਤੇ ਗਏ। ਜਦਕਿ ਮਲਿਆਲਮ ਸੁਪਰਸਟਾਰ ਮੋਹਨਲਾਲ ਨੂੰ ਦਾਦਾ ਸਾਹੇਬ ਫਾਲਕੇ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਨਿਵਾਜਿਆ ਗਿਆ। ਭਾਸ਼ਾਈ ਫ਼ਿਲਮ ਵਰਗ ਪੰਜਾਬੀ ਫ਼ਿਮ 'ਗੋਡੇ ਗੋਡੇ ਚਾਅ' ਨੂੰ ਵੀ ਐਵਾਰਡ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸਾਲ 2023 ਲਈ ਕੌਮੀ ਫ਼ਿਮ ਪੁਰਸਕਾਰਾਂ ਦਾ ਐਲਾਨ ਲੰਘੇ ਅਗਸਤ ਮਹੀਨੇ ਕੀਤਾ ਗਿਆ ਸੀ। ਵਿਗਿਆਨ ਭਵਨ 'ਚ ਰਾਸ਼ਟਰਪਤੀ ਮੁਰਮੂ ਨੇ 71ਵੇਂ ਕੌਮੀ ਪੁਰਸਕਾਰ ਸਮਾਗਮ ਮੌਕੇ ਮੋਹਨਲਾਲ ਨੂੰ ਉਨ੍ਹਾਂ ਦੇ ਪੰਜ ਦਹਾਕੇ ਲੰਬੇ ਕਰੀਅਰ ਤੇ 350 ਤੋਂ ਵੱਧ ਫ਼ਿਲਮਾਂ 'ਚ ਕੰਮ ਲਈ ਦਾਦਾ ਸਾਹਿਬ ਫਾਲਕੇ ਪੁਰਸਕਾਰ ਦਿੱਤਾ।


ਸਮਾਗਮ ਮੌਕੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕਲਾਕਾਰਾਂ ਦੀ ਤਾਰੀਫ ਕਰਦਿਆਂ ਕਿਹਾ ਕਿ ਸਿਨੇਮਾ ਸਿਰਫ ਇਕ ਉਦਯੋਗ ਨਹੀਂ ਬਲਕਿ ਸਮਾਜ ਤੇ ਦੇਸ਼ ਨੂੰ ਜਾਗਰੂਕ ਕਰਨ ਵਾਲਾ ਇੱਕ ਸਾਧਨ ਵੀ ਹੈ। ਸਿਨੇਮਾ ਲੋਕਾਂ ਨੂੰ ਵੱਧ ਸੰਵੇਦਨਸ਼ੀਲ ਬਣਾਉਣ 'ਚ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਸਿਨੇਮਾ ਕਈ ਵੱਖ-ਵੱਖ ਭਾਸ਼ਾਵਾਂ, ਬੋਲੀਆਂ, ਖੇਤਰਾਂ ਨੂੰ ਅੱਗੇ ਵਧਾ ਰਿਹਾ ਹੈ ਅਤੇ ਔਰਤਾਂ 'ਤੇ ਕੇਂਦਰਿਤ ਚੰਗੀਆਂ ਫਿਲਮਾਂ ਵੀ ਬਣ ਰਹੀਆਂ ਹਨ, ਜਿਨ੍ਹਾਂ ਦੀ ਸ਼ਲਾਘਾ ਹੋ ਰਹੀ ਹੈ। ਇਸ ਮੌਕੇ ਸੂਚਨਾ ਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਨਵ ਵੀ ਮੌਜੂਦ ਸਨ। ਇਸ ਮੌਕੇ ਸਰਵੋਤਮ ਅਦਾਕਾਰ ਦਾ ਕੌਮੀ ਫ਼ਿਲਮ ਪੁਰਸਕਾਰ ਸ਼ਾਹਰੁਖ ਖ਼ਾਨ ਨੂੰ ਫ਼ਿਲਮ 'ਜਵਾਨ' ਜਦਕਿ ਵਿਕਰਾਂਤ ਮੈਸੀ ਨੂੰ ਫ਼ਿਲਮ '12ਵੀਂ ਫੇਲ੍ਹ' ਵਿੱਚ ਭੂਮਿਕਾ ਲਈ ਦਿੱਤਾ ਗਿਆ। ਰਾਣੀ ਮੁਖਰਜੀ ਨੂੰ ਫ਼ਿਲਮ 'ਮਿਸਿਜ਼ ਚੈਟਰਜੀ ਵਰਸਿਜ਼ ਨਾਰਵੇ' ਲਈ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਦਿੱਤਾ ਗਿਆ। ਫ਼ਿਲਮਸਾਜ਼ ਵਿਧੂ ਵਿਨੋਦ ਚੋਪੜਾ ਨੂੰ ਫ਼ਿਲਮ '12ਵੀਂ ਫੇਲ੍ਹ' ਲਈ ਸਰਵੋਤਮ ਫ਼ਿਲਮ ਦਾ ਜਦਕਿ ਕਰਨ ਜੌਹਰ ਤੇ ਅਪੂਰਵਾ ਮਹਿਰਾ ਨੂੰ 'ਰੌਕੀ ਔਰ ਰਾਣੀ ਕੀ ਪ੍ਰੇਮ ਕਹਾਣੀ' ਲਈ ਸਰਵੋਤਮ ਪਾਪੂਲਰ ਫ਼ਿਲਮ ਦਾ ਪੁਰਸਕਾਰ ਦਿੱਤਾ ਗਿਆ। ਸਰਵੋਤਮ ਡਾਇਰੈਕਟਰ ਦਾ ਐਵਾਰਡ ਸੁਦੀਪਤੋ ਸੇਨ ਨੂੰ 'ਦਿ ਕੇਰਲਾ ਸਟੋਰੀ' ਲਈ ਦਿੱਤਾ ਗਿਆ। ਕੌਮੀ, ਸਮਾਜਿਕ ਤੇ ਵਾਤਾਵਰਨ ਸਬੰਧੀ ਮੁੱਲਾਂ ਨੂੰ ਉਤਸ਼ਾਹਿਤ ਕਰਨ ਲਈ ਸਰਵੋਤਮ ਫ਼ਿਲਮ ਦਾ ਐਵਾਰਡ ਫੀਲਡ ਮਾਰਸ਼ਲ ਮਾਨਕ ਸ਼ਾਹ ਦੇ ਜੀਵਨ 'ਤੇ ਆਧਾਰਿਤ ਫ਼ਿਲਮ 'ਸੈਮ ਬਹਾਦਰ' ਲਈ ਮੇਘਨਾ ਗੁਲਜ਼ਾਰ ਅਤੇ ਰੌਨੀ ਸਕ੍ਰਿਊਵਾਲਾ ਨੂੰ ਮਿਲਿਆ।



ਸਾਨਿਆ ਮਲਹੋਤਰਾ ਮੁੱਖ ਭੂਮਿਕਾ ਵਾਲੀ 'ਕਟਹਲ : ਏ ਜੈਕਫਰੂਟ ਮਿਸਟਰੀ' ਨੂੰ ਸਰਵੋਤਮ ਹਿੰਦੀ ਫਿਲਮ ਦਾ ਐਵਾਰਡ ਦਿੱਤਾ ਗਿਆ। ਸਾਲ 2023 ਦੀ ਹਿੱਟ ਫ਼ਿਲਮ 'ਐਨੀਮਲ' ਨੇ ਸਰਵੋਤਮ ਸਾਊਂਡ ਡਿਜ਼ਾਈਨ, ਸਰਵੋਤਮ ਸੰਗੀਤ ਨਿਰਦੇਸ਼ਕ (ਬੈਕਗਰਾਊਂਡ ਮਿਊਜ਼ਿਕ), ਅਤੇ ਰੀ-ਰਿਕਾਰਡਿੰਗ ਮਿਕਸਰ ਲਈ ਐਵਾਰਡ ਆਪਣੇ ਨਾਮ ਕੀਤੇ। ਵੈਭਵੀ ਮਰਚੈਂਟ ਨੂੰ ਸਰਵੋਤਮ ਕੋਰੀਓਗ੍ਰਾਫ਼ਰ, ਸ਼ਿਲਪਾ ਰਾਓ ਨੂੰ ਸਰਵੋਤਮ ਮਹਿਲਾ ਪਿੱਠਵਰਤੀ ਗਾਇਕਾ ਦੇ ਐਵਾਰਡ ਨਾਲ ਨਿਵਾਜਿਆ ਗਿਆ। ਸਰਵੋਤਮ ਸਹਾਇਕ ਅਦਾਕਾਰ ਦਾ ਐਵਾਰਡ ਵਿਜੈਰਾਘਵਨ ਨੂੰ ਮਲਿਆਲਮ ਫ਼ਿਲਮ 'ਪੂਕਲਾਮ' ਅਤੇ ਮੁੱਥੁਪੈਤਈ ਸੋਮੂ ਭਾਸਕਰ ਨੂੰ ਤਾਮਿਲ ਫ਼ਿਲਮ 'ਪਾਰਕਿੰਗ' ਲਈ ਜਦਕਿ ਸਰਵੋਤਮ ਸਹਾਇਕ ਅਦਾਕਾਰਾ ਦਾ ਐਵਾਰਡ ਉਰਵਸ਼ੀ ਅਤੇ ਜਾਨਕੀ ਬੋਦੀਵਾਲ ਨੂੰ ਕ੍ਰਮਵਾਰ ਮਲਿਆਲਮ ਫ਼ਿਲਮ 'ਓਲੂਜ਼ੋਕੂ' ਅਤੇ ਤਾਮਿਲ ਫ਼ਿਲਮ 'ਵਾਸ਼' ਵਿੱਚ ਕੰਮ ਬਦਲੇ ਦਿੱਤਾ ਗਿਆ। ਸਰਵੋਤਮ ਬਾਲ ਕਲਾਕਾਰ ਵਰਗ 'ਚ ਸੁਕ੍ਰਿਤੀ ਵੇਨ ਬਨਦਰੇਦੀ (ਫ਼ਿਲਮ ਗਾਂਧੀ ਤਥਾ ਚੇਤੂ), ਕਬੀਰ ਖੰਡਾਰੇ (ਜਿਪਸੀ) ਅਤੇ 'ਨਾਲ 2' ਦੇ ਕਲਾਕਾਰ ਮੈਂਬਰਾਂ ਤਰੀਸ਼ਾ ਥੋਸਰ, ਸ੍ਰੀਨਿਵਾਸ ਪੋਕਾਲੇ, ਅਤੇ ਭਾਰਗਵ ਜਗਤਾਪ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ 'ਨਾਲ 2' ਨੂੰ ਸਰਵੋਤਮ ਬਾਲ ਫ਼ਿਲਮ ਦਾ ਐਵਾਰਡ ਵੀ ਦਿੱਤਾ ਗਿਆ।

ਭਾਸ਼ਾਈ ਫ਼ਿਲਮ ਵਰਗ ਵਿੱਚ 'ਗੋਡੇ ਗੋਡੇ ਚਾਅ' (ਪੰਜਾਬੀ), ਰੋਂਗਾਤਾਪੂ 1982 (ਅਸਾਮੀ), ਡੀਪ ਫਰਿੱਜ (ਬੰਗਾਲੀ), ਪਾਰਕਿੰਗ (ਤਾਮਿਲ), ਕੰਡੇਲੂ (ਕੰਨੜ), ਸ਼ਾਮਚੀ ਆਈ (ਮਰਾਠੀ), ਪੁਸਕਾਰਾ (ਉੜੀਆ) ਅਤੇ ਭਗਵੰਤ ਕੇਸਰੀ (ਤੇਲਗੂ) ਨੂੰ ਐਵਾਰਡ ਦਿੱਤੇ ਗਏ।

# ...ਮੈਂ ਰੁੱਖਾਂ ਵਿੱਚ ਗਾਵਾਂ



ਰੁੱਖ ਪੰਛੀਆਂ, ਜੀਵਾਂ, ਕੀਟਾਂ ਦਾ ਰੈਣ ਬਸੇਰਾ ਬਣਨ ਦੇ ਨਾਲ-ਨਾਲ ਭੋਜਨ ਦੀ ਉਪਲੱਬਧੀ ਦਾ ਸਾਧਨ ਬਣਦੇ ਹਨ। ਰੁੱਖਾਂ ਉੱਪਰ ਸਵੇਰੇ ਸੁਵਖਤੇ ਮੂੰਹ ਹਨੇਰੇ ਇਕੱਠੇ ਹੋ ਕੇ ਚਹਿਚਹਾਉਂਦੇ ਪੰਛੀ ਉਸ ਕਾਦਰ ਦੀ ਉਸਤਤ 'ਤੇ ਸ਼ੁਕਰਾਨਾ ਕਰਦੇ ਜਾਪਦੇ ਹਨ। ਸਵੇਰ ਦੀ ਤਾਜ਼ਾ ਤਰੀਨ ਹਵਾ ਵਿੱਚ ਉਨ੍ਹਾਂ ਦਾ ਰੌਲਾ ਵੀ ਰੂਹ ਨੂੰ ਸਕੂਨ ਬਖ਼ਸ਼ਦਾ ਪ੍ਰਤੀਤ ਹੁੰਦਾ ਹੈ। ਰੁੱਖ ਧਰਤੀ ਦੀ ਹਿੱਕ ਪਾੜ ਕੇ ਬਾਹਰ ਨਿਕਲਦੇ ਹਨ। ਇਹ ਜੀਵ ਜੰਤੂਆਂ ਦੀ ਤਰ੍ਹਾਂ ਭਾਵੇਂ ਇੱਕ ਥਾਂ ਤੋਂ ਦੂਜੀ ਥਾਂ ਨਹੀਂ ਜਾ ਸਕਦੇ ਹਨ ਤੇ ਨਾ ਹੀ ਪੰਛੀਆਂ ਦੀ ਤਰ੍ਹਾਂ ਉਡਾਰੀਆਂ ਲਾ ਸਕਦੇ ਹਨ, ਪਰ ਸਥਿਰ ਰਹਿ ਕੇ ਹੀ ਅਰਸ਼ਾਂ ਨੂੰ ਹੱਥ ਲਾਉਣ ਦੀ ਤਾਕ ਵਿੱਚ ਰਹਿੰਦੇ ਹਨ। ਰੁੱਖਾਂ ਦੇ ਪੱਤਿਆਂ ਨਾਲ ਜਦੋਂ ਹਵਾ ਆ ਕੇ ਟੱਕਰਾਂ ਮਾਰਦੀ ਹੈ ਤਾਂ ਇਸ ਤੋਂ ਪੈਦਾ ਹੋਇਆ ਸੰਗੀਤ ਮਨ ਮਸਤਕ ਨੂੰ ਤਾਜ਼ਗੀ ਬਖ਼ਸ਼ਦਾ ਹੈ। ਇਹ ਸਰਸਰਾਹਟ ਦੁਨੀਆਵੀ ਰੌਲੇ-ਰੱਪੇ ਤੋਂ ਵੱਖਰੀ ਤੇ ਧੁਰ ਅੰਦਰ ਤੱਕ ਆਰਾਮਦਾਇਕ ਤਰੰਗਾਂ ਭਰਨ ਵਾਲੀ ਹੁੰਦੀ ਹੈ। ਮੈਡੀਟੇਸ਼ਨ, ਯੋਗ ਕਰਵਾਉਣ ਵਾਲੇ ਮਾਹਰ ਇਸ ਸੰਗੀਤ ਨੂੰ ਕਈ ਇਲਾਜ ਵਿਧੀਆਂ ਵਿੱਚ ਵਰਤਦੇ ਹਨ।

ਰੁੱਖ ਅਤੇ ਮਨੁੱਖ ਦਾ ਗਹਿਰਾ ਰਿਸ਼ਤਾ ਹੈ। ਜੀਵਨ ਵਰਧਕ ਆਕਸੀਜਨ ਦੇਣਾ ਕੁਦਰਤ ਦਾ ਸਾਡੇ 'ਤੇ ਪਰਉਪਕਾਰ ਹੈ। ਆਕਸੀਜਨ ਦੀ ਕਮੀ ਨਾਲ ਪੈਦਾ ਹੋਣ ਵਾਲੀ ਤਕਲੀਫ਼ ਨੂੰ ਉੱਚੇ ਪਰਬਤਾਂ ਦਾ ਯਾਤਰੀ ਜਾਂ ਪੁਲਾੜ ਵਿੱਚ ਜਾਣ ਵਾਲਾ ਵਿਗਿਆਨੀ ਹੀ ਡੂੰਘੇ ਤਰ੍ਹਾਂ ਨਾਲ ਸਮਝ ਸਕਦਾ ਹੈ। ਰੁੱਖਾਂ ਵਿੱਚ ਘਿਰਿਆ ਮਨੁੱਖ ਇਸ ਵਰਤਾਰੇ ਪ੍ਰਤੀ ਅਣਗੌਲਿਆ ਰਹਿੰਦਾ ਇੱਕ ਜਪਾਨੀ ਕਹਾਵਤ ਨੂੰ ਵਜ਼ਨ ਦਿੰਦਾ ਹੈ, ਜਿਸ ਅਨੁਸਾਰ ਕਿਸੇ ਚੀਜ਼ ਦੀ ਬਹੁਤਾਤ ਤੇ ਮੁਫ਼ਤ ਮਿਲਣਾ, ਉਸ ਚੀਜ਼ ਦੇ ਕਦਰਦਾਨਾਂ ਦੀ ਗਿਣਤੀ ਨੂੰ ਘਟਾਉਂਦਾ ਹੈ। ਇੱਕ ਵਾਰ ਕਿਸੇ ਵਿਅਕਤੀ ਨੇ ਜੰਗਲ ਵਿੱਚੋਂ ਲੰਘਦੇ ਸਮੇਂ ਰੁੱਖ ਨੂੰ ਪੁੱਛਿਆ ਕਿ ਬੰਦੇ ਦੀ ਉਮਰ ਕਿਉਂ ਥੋੜ੍ਹੀ ਹੈ ਤੇ ਰੁੱਖਾਂ ਦੀ ਉਮਰ ਕਿਉਂ ਲੰਬੀ ਹੁੰਦੀ ਹੈ। ਰੁੱਖ ਨੇ ਬੰਦੇ ਨੂੰ ਜਵਾਬ ਦਿੰਦਿਆਂ ਕਿਹਾ ਕਿ ਕੁਦਰਤ ਨੇ ਜੀਵਨ ਜਿਊਣ ਲਈ ਮਨੁੱਖ ਤੇ ਰੁੱਖਾਂ ਲਈ ਕੁਝ ਨਿਯਮ ਬਣਾਏ ਹਨ। ਮੈਂ ਆਪਣਾ ਜੀਵਨ ਕੁਦਰਤ ਦੇ ਨਿਯਮਾਂ ਅਨੁਸਾਰ ਜਿਉਂ ਰਿਹਾ ਹਾਂ ਤੇ ਮਨੁੱਖ ਨੇ ਆਪਣੀ ਸਿਆਣਪ ਨੂੰ ਪ੍ਰਮੁੱਖ ਰੱਖ ਕੇ ਆਪਣੀ ਜੀਵਨ ਜਾਚ ਆਪ ਨਿਰਧਾਰਤ ਕੀਤੀ ਹੈ। ਕੁਦਰਤ ਦੀ ਗੋਦ ਵਿੱਚ ਬੈਠ ਕੇ ਉਸ ਨਾਲ ਹੀ ਛੇੜਛਾੜ ਅਤੇ ਆਪਹੁਦਰੀਆਂ ਕਰਨਾ ਮਨੁੱਖ ਦੀ ਵੱਡੀ ਭੁੱਲ ਹੈ। ਇੰਨਾ ਕਹਿ ਕੇ ਰੁੱਖ ਖਿੜ ਖਿੜਾ ਕੇ ਹੱਸਿਆ ਤੇ ਉਹ ਵਿਅਕਤੀ ਚਿਹਰੇ 'ਤੇ ਉਦਾਸੀ ਲੈ ਕੇ ਅੱਗੇ ਲੰਘ ਗਿਆ।

ਅਸੀਂ ਕੁਦਰਤ ਦਾ ਹੀ ਇੱਕ ਅੰਗ ਹਾਂ। ਜਿੰਨਾ ਅਸੀਂ ਉਸ ਦੇ ਨੇੜੇ ਰਹਾਂਗੇ, ਇਹ ਸਾਨੂੰ ਅੰਦਰੂਨੀ ਸ਼ਾਂਤੀ ਤੇ ਗਿਆਨ ਦੀ ਯਾਤਰਾ ਵੱਲ ਲੈ ਜਾਂਦੀ ਹੈ। ਇਸ ਦੀਆਂ ਪ੍ਰਤੱਖ ਉਦਾਹਰਨਾਂ ਇਤਿਹਾਸ ਵਿੱਚ ਮੌਜੂਦ ਹਨ। ਕਿਹਾ ਜਾਂਦਾ ਹੈ ਕਿ ਨਿਊਟਨ ਸੇਬ ਦੇ ਰੁੱਖ ਹੇਠਾਂ ਬੈਠਾ ਹੋਇਆ ਸੀ, ਜਦੋਂ ਰੁੱਖ ਤੋਂ ਸੇਬ ਟੁੱਟ ਕੇ ਹੇਠਾਂ ਡਿੱਗਿਆ ਸੀ। ਇਸ ਪਲ ਨੇ ਨਿਊਟਨ ਵਰਗੇ ਮਹਾਨ ਵਿਗਿਆਨੀ ਦੇ ਦਿਮਾਗ਼ ਵਿੱਚ ਉਤਸੁਕਤਾ ਦੀ ਚਿਣਗ ਬਾਲ਼ੀ ਤਾਂ ਗੁਰੂਤਾ ਆਕਰਸ਼ਣ ਦੇ ਸਿਧਾਂਤ ਤੋਂ ਗਰਦ ਝੜਨੀ ਸ਼ੁਰੂ ਹੋਈ ਸੀ। ਸਿਧਾਰਥ ਤੋਂ ਗੌਤਮ ਬੁੱਧ ਬਣਨ ਦਾ ਸਫ਼ਰ ਵੀ ਤਾਂ ਬੋਧ ਗਯਾ (ਬਿਹਾਰ) ਸਥਿਤ ਪਿੱਪਲ ਦੇ ਰੁੱਖ ਹੇਠਾਂ ਹੀ ਸੰਪੂਰਨ ਹੋਇਆ ਸੀ। 49 ਦਿਨ ਇੱਕ ਮਨ ਇੱਕ ਚਿੱਤ ਹੋ ਕੇ ਮਹਾਤਮਾ ਬੁੱਧ ਨੂੰ ਗਿਆਨ ਦੀ ਪ੍ਰਾਪਤੀ ਹੋਈ ਸੀ। ਮਹਾਤਮਾ ਬੁੱਧ ਦੇ ਨਾਲ-ਨਾਲ ਬੋਧੀ ਦਰੱਖਤ ਵੀ ਪਵਿੱਤਰਤਾ ਤੇ ਸਤਿਕਾਰ ਦਾ ਪਾਤਰ ਬਣਨ ਦੇ ਨਾਲ-ਨਾਲ ਗਿਆਨ, ਅਧਿਆਤਮਿਕਤਾ ਅਤੇ ਸ਼ਾਂਤੀ ਦਾ ਪ੍ਰਤੀਕ ਹੋ ਨਿੱਬੜਿਆ। ਕਿਹਾ ਜਾਂਦਾ ਹੈ ਕਿ ਬੁੱਧ ਨੂੰ ਗਿਆਨ ਪ੍ਰਾਪਤੀ ਸਮੇਂ ਪੂਰਾ ਦਿਨ ਪਿੱਪਲ ਦਾ ਪਰਛਾਵਾਂ ਵੀ ਸੂਰਜ ਅਨੁਸਾਰ ਦਿਸ਼ਾ ਬਦਲਣ ਤੋਂ ਮੁਨਕਰ ਹੋ ਕੇ ਇੱਕ ਸਥਾਨ 'ਤੇ ਟਿਕ ਗਿਆ ਸੀ। 'ਆਇਨੇ ਅਕਬਰੀ' ਤੇ 'ਅਕਬਰਨਾਮਾ' ਦੇ ਲੇਖਕ ਅਬੁਲ ਫਜ਼ਲ ਅਨੁਸਾਰ ਅਕਬਰ ਨੇ ਕਮਰਗਾਹ (ਜਾਨਵਰਾਂ ਦਾ ਘੇਰ ਕੇ ਸ਼ਿਕਾਰ ਕਰਨਾ) ਜਿਹੀ ਕਰੂਰ ਪ੍ਰਥਾ ਨੂੰ ਅਚਾਨਕ ਬੰਦ ਕਰਨ ਦਾ ਫ਼ੈਸਲਾ ਸੁਣਾਇਆ ਕਿਉਂਕਿ ਉਸ ਨੂੰ ਮਹਿਸੂਸ ਹੋਇਆ ਕਿ ਜਾਨਵਰਾਂ ਨੂੰ ਵੀ ਜਿਊਣ ਦਾ ਹੱਕ ਹੈ। ਅਕਬਰ ਜਿਹੇ ਬਾਦਸ਼ਾਹ ਨੂੰ ਇਹ ਸੋਝੀ ਉਸ ਸਮੇਂ ਹੋਈ ਜਦੋਂ ਉਹ ਇੱਕ ਰੁੱਖ ਹੇਠਾਂ ਆਰਾਮ ਕਰ ਰਿਹਾ ਸੀ। ਸਪੱਸ਼ਟ ਹੈ ਕਿ ਕੁਦਰਤ ਦੇ ਕਲਾਵੇ ਵਿੱਚ ਹੋਈ ਗਿਆਨ ਪ੍ਰਾਪਤੀ ਮਨੁੱਖਤਾ ਦੇ ਭਲੇ ਦੀ ਸੋਝੀ ਦੀ ਬਖ਼ਸ਼ਿਸ਼ ਕਰਦੀ ਹੈ। ਅਕਬਰ ਦੇ ਇਸ ਫ਼ੈਸਲੇ ਦੀ ਮਹੱਤਤਾ ਨੂੰ ਇਸ ਸੰਦਰਭ ਵਿੱਚ ਸਮਝਿਆ ਜਾ ਸਕਦਾ ਹੈ ਕਿ ਜੈਵ ਵਿਭਿੰਨਤਾ ਜਾਂ ਕੁਦਰਤ ਦੇ ਬਾਕੀ ਅੰਗ ਸਾਕਾਂ ਦੀ ਬਰਬਾਦੀ ਕਰਦੇ ਹੋਏ ਇਕੱਲੀ ਮਨੁੱਖ ਜਾਤ ਦੀ ਹੋਂਦ ਨੂੰ ਚਿਤਵਿਆ ਨਹੀਂ ਜਾ ਸਕਦਾ।

ਦਲੀਪ ਚਿਤਰੇ ਆਪਣੀ ਕਵਿਤਾ 'ਬੋਹੜ ਦੇ ਦਰੱਖਤ ਦਾ ਡਿੱਗਣਾ' ਵਿੱਚ ਲਿਖਦੇ ਹਨ ਕਿ ਉਨ੍ਹਾਂ ਦੇ ਪਿਤਾ ਵੱਲੋਂ 200 ਸਾਲ ਪੁਰਾਣਾ ਦਰੱਖਤ ਵੱਢਣ ਨਾਲ ਬੇਅੰਤ ਪੰਛੀਆਂ, ਜੀਵਾਂ ਦੇ ਘਰ ਨਸ਼ਟ ਹੋਏ। ਉਹ ਸੰਕੇਤਕ ਰੂਪ ਵਿੱਚ ਕਹਿੰਦੇ ਹਨ ਕਿ ਇਹ ਸਿਰਫ਼ ਦਰੱਖਤ ਦੀਆਂ ਜੜਾਂ ਹੀ ਨਹੀਂ ਪੁੱਟੀਆਂ ਗਈਆਂ ਸਗੋਂ ਅਭਾਸੀ ਵਿਕਾਸ ਦੀ ਆੜ ਵਿੱਚ ਆਪਣੇ ਮੂਲ ਨਾਲੋਂ ਟੁੱਟਣ ਦੀ ਕਹਾਣੀ ਜ਼ਿਆਦਾ ਹੈ। ਮਨੁੱਖ ਦੁਆਰਾ ਕੁਦਰਤ ਦੀ ਬਰਬਾਦੀ ਦੇ ਮਿੰਟਾਂ ਸਕਿੰਟਾਂ ਵਿੱਚ ਲਏ ਫ਼ੈਸਲੇ ਉਸ ਨੂੰ ਸਦੀਆਂ ਤੱਕ ਭੁਗਤਣੇ ਪੈਣਗੇ। ਜਿਨ੍ਹਾਂ ਦਰੱਖਤਾਂ ਨੂੰ ਉਸ ਦੀ ਦਾਦੀ ਪਵਿੱਤਰ ਕਹਿੰਦੀ ਸੀ, ਉਨ੍ਹਾਂ ਨੂੰ ਕੱਟਣ ਲੱਗੇ ਉਸ ਦੇ ਪਿਤਾ ਨੇ ਪਲ ਨਹੀਂ ਲਾਇਆ। ਪੁਰਾਣਾ ਦਰੱਖਤ ਜੋ ਕਿੰਨੇ ਹੀ ਜੀਵਾਂ, ਪੰਛੀਆਂ ਦਾ ਘਰ ਸੀ, ਉਨ੍ਹਾਂ ਦੇ ਬੱਚੇ ਸਨ। ਉਨ੍ਹਾਂ ਨੂੰ ਬੇਘਰ ਕਰਦੇ ਹੋਏ ਇਹ ਸੋਚਿਆ ਹੀ ਨਹੀਂ ਕਿ ਉਹ ਕਿੱਥੇ ਜਾਣਗੇ? ਧਰਤੀ ਦੇ ਤਾਪਮਾਨ ਦਾ ਵਾਧਾ ਇਸ ਸਮੇਂ ਮੁੱਖ ਸਮੱਸਿਆ ਹੈ, ਜਿਸ ਨਾਲ ਜਲਵਾਯੂ ਪਰਿਵਰਤਨ ਤੇਜ਼ੀ ਨਾਲ ਹੋ ਰਿਹਾ ਹੈ। ਵਾਤਾਵਰਨ ਵਿਚਲੀ ਗਰਮੀ ਨੂੰ ਵਧਾਉਣ ਲਈ ਕਾਰਬਨ ਡਾਇਆਕਸਾਈਡ ਗੈਸ ਵੀ ਹੋਰ ਗੈਸਾਂ ਸਮੇਤ ਜ਼ਿੰਮੇਵਾਰ ਹੈ ਤੇ ਜੰਗਲ ਕਾਰਬਨ ਡਾਇਆਕਸਾਈਡ ਗੈਸ ਨੂੰ ਸੋਖਣ ਵਾਲੀ ਕੁਦਰਤ ਦੀ ਫੈਕਟਰੀ ਹੈ। ਕਾਰਬਨ ਡਾਇਆਕਸਾਈਡ ਗੈਸ ਦਾ ਘਟਣਾ ਸਿੱਧੇ ਤੌਰ 'ਤੇ ਤਾਪਮਾਨ ਨੂੰ ਘਟਾਏਗਾ। ਇਸ ਲਈ ਰੁੱਖ ਜਿੰਨੇ ਜ਼ਿਆਦਾ ਹੋਣਗੇ, ਓਨਾ ਹੀ ਅਸੀਂ ਤਾਪਮਾਨ ਦੇ ਵਾਧੇ ਤੋਂ ਬਚੇ ਰਹਾਂਗੇ।

ਮਨੁੱਖ ਬਿਨਾਂ ਰੁੱਖਾਂ ਦੀ ਹੋਂਦ ਤਾਂ ਬੇਸ਼ੱਕ ਸੰਭਵ ਹੈ, ਪਰ ਰੁੱਖਾਂ ਦੀ ਅਣਹੋਂਦ ਮਨੁੱਖ ਜਾਤੀ ਦੇ ਧਰਤੀ ਤੋਂ ਵਿਨਾਸ਼ ਦਾ ਕਾਰਨ ਹੋ ਸਕਦੀ ਹੈ। ਮਾਇਆ ਸੱਭਿਅਤਾ ਦਾ ਨਿਘਾਰ ਕੁਦਰਤ ਉੱਪਰ ਨਿਰਭਰਤਾ ਵਿੱਚ ਅਸੰਤੁਲਨ ਦੀ ਅਹਿਮ ਉਦਾਹਰਨ ਹੈ। ਉਸ ਸਮੇਂ ਜਨਸੰਖਿਆ ਵਧਣ ਕਾਰਨ ਭੁੱਖ ਦੀ ਪੂਰਤੀ ਨਾ ਹੋਈ ਤਾਂ ਉਨ੍ਹਾਂ ਜਾਨਵਰ ਮਾਰ-ਮਾਰ ਮਕਾਉਣੇ ਸ਼ੁਰੂ ਕੀਤੇ ਤੇ ਅਸੰਤੁਲਨ ਦੇ ਨਤੀਜੇ ਵਜੋਂ ਆਖਰ ਸੋਮਿਆਂ ਦੀ ਘਾਟ ਅੱਗੇ ਗੋਡੇ ਟੇਕਣੇ ਪਏ ਤੇ ਸਰੀਰ ਛੱਡਣੇ ਪਏ ਸਨ।

ਮਨੁੱਖ ਦੀ ਬਦਕਿਸਮਤੀ ਇਹੀ ਹੈ ਕਿ ਉਸ ਨੇ ਇਸ ਤੱਥ ਨੂੰ ਨਕਾਰਨ ਦੀ ਭੁੱਲ ਕੀਤੀ ਹੈ ਕਿ ਉਹ ਵੀ ਕੁਦਰਤ ਦਾ ਇੱਕ ਅਹਿਮ ਅੰਗ ਹੈ। ਮਨ, ਆਤਮਾ ਦੀ ਅਸਲੀ ਖ਼ੁਸ਼ੀ ਵੀ ਕੁਦਰਤ ਨਾਲ ਇਕਮਿਕਤਾ ਨਾਲ ਹੀ ਜੁੜੀ ਹੋਈ ਹੈ। ਕੁਦਰਤ ਤੋਂ ਦੂਰੀ ਨਾਲ ਚਿਹਰੇ ਦੀ ਮੁਸਕਾਨ ਦਾ ਬਣਾਉਟੀਪਣ ਵਧਦਾ ਹੈ। ਆਦਿਵਾਸੀਆਂ ਤੋਂ ਬਹੁਤ ਕੁਝ ਸਿੱਖਣ ਦੀ ਜ਼ਰੂਰਤ ਹੈ। ਉਹ ਬਹੁਤ ਕੁਦਰਤ ਪ੍ਰੇਮੀ ਹਨ। ਛੱਤੀਸਗੜ੍ਹ ਦੇ ਜ਼ਿਲ੍ਹੇ ਸੂਰਜਪੁਰ ਦੇ ਕਰਵਾ ਪਿੰਡ ਵਿੱਚ ਜਦੋਂ ਕਿਸੇ ਬਜ਼ੁਰਗ ਦੀ ਮੌਤ ਹੁੰਦੀ ਹੈ ਤਾਂ ਉਹ ਲੋਕ ਪਿੱਪਲ, ਬੋਹੜ ਜਾਂ ਨਿੰਮ ਦਾ ਰੁੱਖ ਲਗਾਉਂਦੇ ਹਨ। ਸਿਰਫ਼ ਰੁੱਖ ਲਗਾਉਂਦੇ ਹੀ ਨਹੀਂ ਸਗੋਂ ਪੁੱਤ ਵਾਂਗ ਪਾਲਦੇ ਹਨ। ਇਸ ਪਿੱਛੇ ਉਨ੍ਹਾਂ ਦੀ ਮਾਨਤਾ ਇਹ ਹੈ ਕਿ ਮ੍ਰਿਤਕ ਮੈਂਬਰ ਜਦੋਂ ਘਰ ਦੇ ਮੈਂਬਰਾਂ ਨੂੰ ਮਿਲਣ ਆਉਂਦੇ ਹਨ ਤਾਂ ਉਨ੍ਹਾਂ ਦੇ ਘਰ ਆਉਣ ਦਾ ਇੱਕ ਵਿਸ਼ੇਸ਼ ਸਮਾਂ ਹੁੰਦਾ ਹੈ ਤੇ ਬਾਕੀ ਸਮਾਂ ਉਹ ਫਿਰ ਕਿੱਥੇ ਬੈਠਣਗੇ? ਇਸ ਲਈ ਉਹ ਰੁੱਖ ਲਗਾਉਂਦੇ ਹਨ। ਜਦੋਂ ਕਿਸੇ ਬੱਚੇ ਦੀ ਸੱਪ ਕੱਟਣ ਨਾਲ ਮੌਤ ਹੁੰਦੀ ਹੈ ਤਾਂ ਉਹ ਉਸ ਦੀ ਲਾਸ਼ ਨਦੀ ਵਿੱਚ ਰੋੜ੍ਹ ਦਿੰਦੇ ਹਨ। ਉਹ ਇਹ ਮੰਨਦੇ ਹਨ ਕਿ ਉਨ੍ਹਾਂ ਨਦੀ ਨੂੰ ਗੰਦਾ ਕੀਤਾ ਹੈ, ਇਸ ਲਈ ਮੁਆਫ਼ੀ ਵਜੋਂ ਉਹ ਨਦੀ ਕੰਢੇ ਪੌਦਾ ਲਗਾਉਂਦੇ ਹਨ। ਭਾਵ ਉਹ ਕੁਦਰਤ ਤੋਂ ਲਾਭ ਲੈਣ ਦੇ ਨਾਲ-ਨਾਲ ਕੁਦਰਤ ਪ੍ਰਤੀ ਆਪਣੇ ਫਰਜ਼ ਵੀ ਤਨਦੇਹੀ ਨਾਲ ਨਿਭਾਉਂਦੇ ਹਨ। ਸੋ ਲੋੜ ਹੈ ਅਸੀਂ ਵੀ ਜਦੋਂ ਮੌਕਾ ਮਿਲਦਾ ਹੈ ਤਾਂ ਇੱਕ ਰੁੱਖ ਜ਼ਰੂਰ ਲਗਾਈਏ ਤੇ ਲੱਗੇ ਹੋਏ ਰੁੱਖਾਂ ਦੀ ਸੁਰੱਖਿਆ ਕਰੀਏ। ਮਨੁੱਖਤਾ ਦੀ ਭਲਾਈ ਇਸੇ ਵਿੱਚ ਹੈ। ਆਓ ਕੁਝ ਪਲਾਂ ਲਈ ਰੁੱਖਾਂ ਵਿੱਚ ਵਿਚਰੀਏ, ਰੁੱਖਾਂ 'ਤੇ ਚੋਹਲ ਮੋਹਲ ਕਰਦੇ ਪੰਛੀਆਂ ਦੀਆਂ ਆਵਾਜ਼ਾਂ ਦਾ ਸੰਗੀਤ ਸੁਣੀਏ ਤੇ ਰੁੱਖਾਂ ਨੂੰ ਪਿਆਰ ਦੀ ਜੱਫੀ ਪਾਈਏ।

ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ 'ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ, ਕੁਝ ਰੁੱਖ ਵਾਂਗ ਭਰਾਵਾਂ....ਜੇ ਤੁਸਾਂ ਮੇਰਾ ਗੀਤ ਹੈ ਸੁਣਨਾ, ਮੈਂ ਰੁੱਖਾਂ ਵਿੱਚ ਗਾਵਾਂ' ਕੁਦਰਤ ਪ੍ਰੇਮੀਆਂ ਲਈ ਮੰਤਰ ਵਾਂਗ ਹੈ। ਰੁੱਖਾਂ ਪ੍ਰਤੀ ਖਿੱਚ ਰੱਖਣ ਵਾਲਾ ਹਰ ਇਨਸਾਨ ਇਸ ਕਵਿਤਾ ਦਾ ਵਾਰ-ਵਾਰ ਪਾਠ ਕਰਨਾ ਲੋਚਦਾ ਹੈ। ਆਓ ਰੁੱਖਾਂ ਦੀ ਅਹਿਮੀਅਤ ਨੂੰ ਜਾਣੀਏ, ਸਮਝੀਏ ਤੇ ਮਹਿਸੂਸ ਕਰੀਏ ਤੇ ਉਨ੍ਹਾਂ ਸੰਗ ਦੋਸਤਾਨਾ ਪਹੁੰਚ ਅਪਣਾਉਂਦੇ ਹੋਏ ਰੋਜ਼ਾਨਾ ਕੁਦਰਤ ਨੂੰ ਨਤਮਸਤਕ ਹੋਈਏ। ਇਹ ਸ਼ੁਕਰਾਨੇ ਵਾਲੇ ਭਾਵ ਹੀ ਚਿਰਸਥਾਈ ਮਨੁੱਖੀ ਹੋਂਦ ਦਾ ਆਧਾਰ ਬਣਾ ਸਕਦੇ ਹਨ।






# ਅੱਸੂ ਆਸਾਂ ਦਾ ਮਹੀਨਾ...

ਪੰਜਾਬ ਵਿੱਚ ਅੱਸੂ ਤੇ ਕੱਤਕ ਦੀ ਰੁੱਤ ਨੂੰ 'ਨਾ ਠੰਢੇ ਨਾ ਤੱਤੇ' ਖੁੱਲ੍ਹੀ ਬਹਾਰ ਵਾਲੀ ਰੁੱਤ ਕਿਹਾ ਗਿਆ ਹੈ। ਇਸ ਮਹੀਨੇ ਹਨੇਰੇ ਪੱਖ ਦੇ 15 ਸ਼ਰਾਧ ਹੁੰਦੇ ਹਨ, ਜਿਸ ਦੌਰਾਨ ਲੋਕ ਆਪਣੇ ਪਿੱਤਰਾਂ ਦੀ ਯਾਦ ਵਿੱਚ ਭੋਜਨ ਛਕਾਉਂਦੇ ਹਨ। ਸ਼ਰਾਧਾਂ ਤੋਂ ਬਾਅਦ ਨਰਾਤੇ ਆਉਣ ਨਾਲ ਇਨ੍ਹਾਂ ਦਿਨਾਂ 'ਚ ਵੱਖ ਵੱਖਰੇ ਸਮਾਜਿਕ, ਧਾਰਮਿਕ ਕਾਰਜ ਰਚਾਉਣ ਲਈ ਬੜੇ ਪਵਿੱਤਰ ਮੰਨੇ ਜਾਂਦੇ ਹਨ। ਅੱਸੂ ਦੇ ਮਹੀਨੇ ਸ਼ੁਭ ਕਾਰਜਾਂ ਦੀ ਆਰੰਭਤਾ ਹੋਣ ਕਰਕੇ ਇਸ ਨੂੰ ਆਸਾਂ ਦਾ ਮਹੀਨਾ ਕਿਹਾ ਜਾਂਦਾ ਹੈ।


ਦਰਅਸਲ, ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿੱਚ ਜਦੋਂ ਗੁੱਗਾ ਨੌਵੀਂ ਮੌਕੇ ਪੈਂਦੀਆਂ ਛਿੰਝਾਂ 'ਚ ਦੂਰ ਦੁਰਾਡਿਓਂ ਢੋਲਾਂ ਦੀ ਆਵਾਜ਼ ਕੰਨਾਂ 'ਚ ਪੈਣ ਲੱਗ ਪਵੇ ਤਾਂ ਲੰਮੇ ਸਮੇਂ ਤੋਂ ਗਰਮੀ ਦੇ ਥਪੇੜਿਆਂ, ਪਿੰਡਾ ਲੂੰਹਦੀਆਂ ਦੁਪਹਿਰਾਂ, ਹੁੰਮਸ ਤੇ ਵੱਟ ਨਾਲ ਤਰੇਲੋ ਤਰੇਲੀ ਹੋਈ ਜ਼ਿੰਦਗੀ ਨੂੰ ਆਸ ਬੱਝਣੀ ਸ਼ੁਰੂ ਹੋ ਜਾਂਦੀ ਹੈ ਕਿ ਜ਼ਿੰਦਗੀ ਨੂੰ ਸਕੂਨ ਤੇ ਚੌਗਿਰਦੇ ਨੂੰ ਟਿਕਾਅ ਦੇਣ ਵਾਲਾ ਅੱਸੂ ਮਹੀਨਾ ਲੋਕਾਈ ਦੇ ਦਰਾਂ ਮੂਹਰੇ ਆ ਖਲੌਣ ਵਾਲਾ ਹੈ। ਅੱਸੂ ਸ਼ੁਰੂ ਹੋਣ ਮੌਕੇ ਚੋਆਂ, ਨਦੀਆਂ, ਦਰਿਆਵਾਂ ਤੇ ਛੱਪੜਾਂ ਦੇ ਕੰਢੇ ਕਾਹੀਆਂ ਨੂੰ ਪਏ ਚਿੱਟੇ ਬੁੱਬਲ ਵੀ ਇੱਕ ਤਰ੍ਹਾਂ ਨਾਲ ਰੁੱਤ ਬਦਲੀ ਦੇ ਸੁਨੇਹੇ ਨਾਲ ਇਹ ਦੱਸਣ ਦਾ ਯਤਨ ਕਰਦੇ ਹਨ ਕਿ ਹੁਣ ਮਿੱਠੀ ਤੇ ਨਿਆਰੀ ਰੁੱਤ ਸ਼ੁਰੂ ਹੋਣ ਦਾ ਸਮਾਂ ਆ ਰਿਹਾ ਹੈ। ਅੱਸੂ ਦੀ ਸੰਗਰਾਂਦ ਨੂੰ ਤਾਂ ਧਰਵਾਸ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਜ਼ਿੰਦਗੀ "ਅੱਸੂ ਮਾਹ ਦੇ ਰੰਗ ਨਿਰਾਲੇ, ਦਿਨੇ ਧੁੱਪਾਂ ਤੇ ਰਾਤੀਂ ਪਾਲੇ" ਵਾਲੇ ਕੁਦਰਤੀ ਵਰਤਾਰੇ 'ਚ ਪਹੁੰਚ ਗਈ ਏ। ਉੱਤਰੀ ਭਾਰਤ ਦਾ ਮੌਸਮੀ ਚੱਕਰ ਅੱਸੂ ਕੱਤਕ ਦੇ ਪੜਾਅ ਤੱਕ ਪਹੁੰਚ ਕੇ ਭੂਗੋਲਿਕ ਚੌਗਿਰਦੇ ਨੂੰ ਨਿਵੇਕਲੀਆਂ ਛੋਹਾਂ ਦੇਣ ਲੱਗਦਾ ਹੈ। ਮੀਂਹ ਮੁੱਕ ਜਾਂਦੇ ਹਨ ਤੇ ਕੁਦਰਤ ਮਿੱਟੀ-ਘੱਟੇ, ਮੀਂਹ-ਹਨ੍ਹੇਰੀ ਤੇ ਝੱਖੜਾਂ ਦੀ ਮਾਰ ਤੋਂ ਮੁਕਤ ਹੋ ਕੇ ਨਿੱਖਰੀ ਨਿੱਖਰੀ ਤੇ ਟਿਕਾਅ ਵਾਲੀ ਅਵਸਥਾ 'ਚ ਆ ਜਾਂਦੀ ਹੈ। ਨਿੱਖਰੇ ਹੋਏ ਨੀਲੇ ਆਸਮਾਨ 'ਤੇ ਸਵੇਰੇ ਸ਼ਾਮ ਚੜ੍ਹਦੇ ਤੇ ਢਲਦੇ ਸੂਰਜ ਦੇ ਸੁਰਖ਼ ਰੰਗਾਂ 'ਚ ਉਡਾਰੀਆਂ ਮਾਰਦੇ ਪੰਛੀ ਪਰਿੰਦਿਆਂ ਦੀ ਰੌਣਕ, ਟੋਭਿਆਂ ਤੇ ਢਾਬਾਂ ਦੇ ਨਿੱਤਰੇ ਹੋਏ ਪਾਣੀਆਂ 'ਚ ਚਾਨਣੀ ਰਾਤ ਨੂੰ ਝਾਤੀਆਂ ਮਾਰਦੇ ਚੰਨ ਦੇ ਮਿਜ਼ਾਜ ਨੂੰ ਤੱਕਣਾ ਤੇ ਮਾਨਣਾ ਰੂਹ ਨੂੰ ਸਕੂਨ ਦੇਣ ਵਾਲਾ ਤਜਰਬਾ ਹੁੰਦਾ ਹੈ। ਰਾਤ ਵੇਲੇ ਟਿਕੀ ਹੋਈ ਕਾਇਨਾਤ 'ਚ ਛੋਟੀਆਂ ਛੋਟੀਆਂ ਰੋਸ਼ਨੀਆਂ ਦੀ ਜਗਮਗਾਹਟ ਨਾਲ ਆਪਣੀ ਹਾਜ਼ਰੀ ਲਵਾ ਰਹੇ ਤਾਰਿਆਂ ਦੀ ਡਲਕ ਅੰਬਰ ਵੱਲ ਨੂੰ ਝਾਤ ਮਾਰਨ ਵਾਲੇ ਹਰ ਸ਼ਖ਼ਸ ਨੂੰ ਆਪਣੇ ਵੱਲ ਖਿੱਚਦੀ ਪ੍ਰਤੀਤ ਹੋਣ ਲੱਗਦੀ ਹੈ। ਇਸ ਮਹੀਨੇ ਰਾਤ ਨੂੰ ਹਲਕਾ ਹਲਕਾ ਪਾਲਾ ਹੋਣ ਨਾਲ ਤਰੇਲ ਪੈਣੀ ਸ਼ੁਰੂ ਹੋ ਜਾਂਦੀ ਹੈ, ਜਿਸ ਨਾਲ ਇਨ੍ਹਾਂ ਦਿਨਾਂ ਦੀਆਂ ਪ੍ਰਭਾਤਾਂ ਪਹਿਲਾਂ ਨਾਲੋਂ ਵੱਧ ਨਿੱਖਰੀਆਂ ਤੇ ਤਾਜ਼ਗੀ ਦਾ ਸੁਨੇਹਾ ਦਿੰਦੀਆਂ ਜਾਪਣ ਲੱਗਦੀਆਂ ਹਨ।

ਅੱਸੂ ਮਹੀਨੇ 'ਚ ਹੀ ਲੋਕਾਂ ਵੱਲੋਂ ਆਪਣੇ ਵਡੇਰਿਆਂ ਦੀ ਯਾਦ 'ਚ ਸ਼ਰਾਧ ਕਰਾਉਣ ਦਾ ਸਿਲਸਿਲੇ ਵਾਰੇ ਸਾਡੇ ਲੋਕ ਗੀਤਾਂ 'ਚ ਵੀ ਅੰਕਿਤ ਹੋਇਆ ਮਿਲਦਾ ਹੈ : 'ਅੱਸੂ ਦੇ ਮਹੀਨੇ ਜੀ, ਸ਼ਰਾਧ ਮਸਾਂ ਆਏ, ਨਿੱਖਰੀਆਂ ਰਾਤਾਂ, ਲੋਹੜੇ ਤਾਰਿਆਂ ਨੇ ਪਾਏ।'

ਮੌਸਮ ਦੀ ਬਦਲਦੀ ਤੋਰ ਸਾਹਮਣੇ ਪੱਛਮ ਦੀ ਗੁੱਠ 'ਚੋਂ ਰੁਮਕਦੀਆਂ ਹਵਾਵਾਂ ਆਉਣ ਵਾਲੇ ਸਿਆਲ ਦਾ ਸੁਨੇਹਾ ਦਿੰਦੀਆਂ ਬਿਰਖਾਂ ਦੇ ਪੱਤਰਾਂ ਨਾਲ ਅਠਖੇਲੀਆਂ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਪਿਛਲੇ ਕਈ ਮਹੀਨਿਆਂ ਤੋਂ ਤੇਜ਼ ਤਪਸ਼ ਤੇ ਅਤਿ ਦੀ ਗਰਮੀ ਦਾ ਸੁਨੇਹਾ ਦੇਣ ਵਾਲਾ ਸੂਰਜ ਇਨ੍ਹੀਂ ਦਿਨੀਂ ਪ੍ਰਭਾਤਾਂ ਤੇ ਆਥਣ ਵੇਲੇ ਹਲਕੀ ਠੰਢਕ ਦੇ ਸੁਨੇਹੇ ਦਿੰਦਾ ਚੜ੍ਹਨ ਤੇ ਅਸਤ ਹੋਣ ਲੱਗਿਆ ਦੋਵੇਂ ਦਿਸ਼ਾਵਾਂ 'ਚ ਲਾਲੀਆਂ ਦੇ ਰੰਗ ਗੂੜ੍ਹੇ ਕਰਦਾ ਦਿਖਾਈ ਦਿੰਦਾ ਹੈ। ਤਿੰਨ-ਚਾਰ ਦਹਾਕੇ ਪਹਿਲਾਂ ਹੀ ਪੰਜਾਬ ਦੀ ਪੇਂਡੂ ਰਸਾਤਲ 'ਚ ਅੱਸੂ ਕੱਤਕ ਦੇ ਦਿਨਾਂ 'ਚ ਹੀ ਪਿੰਡਾਂ ਦੀਆਂ ਭੱਠੀਆਂ 'ਤੇ ਚੰਗੀ ਰੌਣਕ ਲੱਗਿਆ ਕਰਦੀ ਸੀ। ਪਿੰਡਾਂ ਦੇ ਨਿਆਣਿਆਂ ਵੱਲੋਂ ਇਨ੍ਹੀਂ ਦਿਨੀਂ ਦਾਣੇ ਭੁੰਨਣ ਵਾਲੀਆਂ ਮਾਈਆਂ ਕੋਲੋਂ ਖਿੱਲਾਂ ਤੇ ਮੁਰਮਰੇ ਭੁੰਨਾ ਭੁੰਨਾ ਕੇ ਚੱਬਦਿਆਂ ਮੌਸਮੀ ਰਹਿਮਤਾਂ ਦਾ ਆਨੰਦ ਮਾਣਿਆ ਜਾਂਦਾ ਸੀ। ਛੱਲੀਆਂ ਦੇ ਗਿੱਲੇ ਦਾਣਿਆਂ ਤੋਂ ਮੁਰਮਰੇ ਤੇ ਪੂਰੀ ਤਰ੍ਹਾਂ ਪੱਕਿਆਂ ਦੀਆਂ ਖਿੱਲਾਂ ਬਣਦੀਆਂ ਸਨ। ਇਨ੍ਹੀਂ ਦਿਨੀਂ ਲੋਕ ਸੱਥਾਂ 'ਚ ਗੱਪਸ਼ੱਪ ਲਾਉਂਦੇ, ਆਥਣ ਨੂੰ ਖੇਤੀਬਾੜੀ ਦੇ ਕੰਮ ਨਿਪਟਾਉਂਦੇ ਹੋਏ ਭੱਠੀਆਂ ਤੋਂ ਦਾਣੇ ਭੁੰਨਾ ਭੁੰਨਾ ਕੇ ਮੂੰਹ ਦਾ ਸੁਆਦ ਕਰਾਰਾ ਕਰਿਆ ਕਰਦੇ, ਨਾਲ ਨਾਲ ਪਿੰਡ 'ਚ ਵਾਪਰੀ ਕੋਈ ਵੀ ਘਟਨਾ ਜਾਂ ਹਾਦਸਾ ਹੱਟੀ ਭੱਠੀ 'ਤੇ ਬੈਠਣ ਵਾਲਿਆਂ ਲਈ ਚੁੰਝ ਚਰਚਾ ਦਾ ਵਿਸ਼ਾ ਬਣ ਜਾਇਆ ਕਰਦੀ ਸੀ। ਝੋਨਾ ਪੰਜਾਬ 'ਚ ਸਾਉਣੀ ਦੀ ਮੁੱਖ ਫ਼ਸਲ ਬਣਨ ਤੋਂ ਪਹਿਲਾਂ ਅੱਸੂ-ਕੱਤਕ ਦੇ ਮਹੀਨਿਆਂ 'ਚ ਬਰਸਾਤੀ ਮੀਹਾਂ ਨਾਲ ਪੱਕੀਆਂ ਛੱਲੀਆਂ ਪੀਲੇ ਰੰਗ ਦੀ ਭਾਅ ਮਾਰਦੀਆਂ ਕਿਸਾਨ ਦੇ ਵਿਹੜਿਆਂ ਤੱਕ ਪਹੁੰਚ ਕਿਸਾਨ ਪਰਿਵਾਰਾਂ ਦੇ ਜੀਆਂ ਦੀਆਂ ਉਮੀਦਾਂ ਦੇ ਰੰਗ ਗੂੜ੍ਹੇ ਕਰ ਦਿੰਦੀਆਂ ਸਨ। ਇਸ ਰੁੱਤ 'ਚ ਗਵਾਰੇ ਨੂੰ ਫਲੀਆਂ ਪੈ ਜਾਂਦੀਆਂ ਤੇ ਇਹ ਫਲੀਆਂ ਵਾਲਾ ਹਰਾ ਚਾਰਾ ਦੁਧਾਰੂ ਪਸ਼ੂਆਂ ਲਈ ਲਾਹੇਵੰਦ ਮੰਨਿਆ ਜਾਂਦਾ ਸੀ। ਬਾਜਰੇ ਦੇ ਸਿੱਟੇ ਅਨਾਜ ਨਾਲ ਭਰੇ ਹੁੰਦੇ ਤੇ ਅਗਲੀ ਰੁੱਤ ਲਈ ਬਾਜਰੇ ਦਾ ਬੀਜ ਤਿਆਰ ਕਰਨ ਲਈ ਇਨ੍ਹਾਂ ਮਹੀਨਿਆਂ ਵਿੱਚ ਬਾਜਰੇ ਦੇ ਸਿੱਟੇ ਡੁੰਗ ਡੁੰਗ ਕੇ ਸੰਭਾਲੇ ਜਾਂਦੇ ਸਨ। ਗਿਆਨੀ ਦਿੱਤ ਸਿੰਘ ਨੇ ਆਪਣੀ ਇੱਕ ਕਵਿਤਾ ਵਿੱਚ ਅੱਸੂ ਨੂੰ ਆਸਾਂ ਦਾ ਮਹੀਨਾ ਆਖਦਿਆਂ ਲਿਖਿਆ ਹੈ:

**ਅੱਸੂ ਆਸਾਂ ਦਾ ਮਹੀਨਾ, ਇੰਜ ਛੜੀਦਾ ਹੋ ਚੀਨਾਂ, ਅਸੀਂ ਬੱਕਲੀਆਂ ਧਰੀਆਂ, ਪੱਟ ਚੂਪੀਆਂ ਵੀ ਚਰ੍ਹੀਆਂ**
**ਸਾਡੇ ਖੇਤੀ ਸਿੱਟੇ ਪੱਕੇ, ਤੇ ਕਪਾਹ ਪਈ ਹੱਸੇ, ਮੱਕੀਆਂ ਨੇ ਕੱਢੇ ਬਾਬੂ, ਹੋਇਆ ਜੋਬਨ ਬੇਕਾਬੂ**

ਕਿਸਾਨੀ ਨਾਲ ਸਬੰਧਿਤ ਪਰਿਵਾਰਾਂ ਦੇ ਘਰ ਸਾਉਣੀ ਦੀ ਫ਼ਸਲ ਆਉਣ ਦਾ ਚਾਅ ਤੇ ਫਿਰ ਖਾਲੀ ਹੋਏ ਖੇਤਾਂ ਵਿੱਚ ਥੋੜ੍ਹੇ ਸਮੇਂ ਬਾਅਦ ਹਾੜੀ ਦੀ ਤਿਆਰੀ ਦਾ ਰੁਝੇਵਾਂ ਕੰਮਾਂ ਤੇ ਕਬੀਲਦਾਰੀ ਨਾਲ ਝੰਬ ਹੋਈ ਲੋਕਾਂ ਦੀ ਜ਼ਿੰਦਗੀ ਲਈ ਨਵੀਆਂ ਉਮੀਦਾਂ ਤੇ ਉਤਸ਼ਾਹ ਦਾ ਸਬੱਬ ਹੁੰਦਾ ਸੀ। ਓਦਾਂ ਵੀ ਅੱਸੂ ਤੋਂ ਬਾਅਦ ਅਗਲੇ ਕੱਤਕ ਦੇ ਮਹੀਨੇ ਦੇਸ਼ ਦੇ ਮੁੱਖ ਤਿਉਹਾਰ ਦੁਸਹਿਰਾ, ਕਰਵਾਚੌਥ ਤੇ ਦੀਵਾਲੀ ਅਗਲੇ ਦਿਨਾਂ ਵਿੱਚ ਹੋਣ ਕਰਕੇ ਆਲਾ ਦੁਆਲਾ ਚਾਅਵਾਂ ਤੇ ਖ਼ੁਸ਼ੀਆਂ 'ਚ ਰੰਗਿਆ ਨਜ਼ਰ ਆਉਂਦਾ ਹੈ। ਭਲੇ ਵੇਲਿਆਂ 'ਚ ਤਾਂ ਨਰਾਤਿਆਂ ਦੇ ਦਿਨਾਂ ਵਿੱਚ ਲੋਕਾਂ ਦੇ ਸਕੇ ਸਬੰਧੀਆਂ 'ਚ ਕੁੜੀਆਂ-ਮੁੰਡਿਆਂ ਦੇ ਰੱਖੇ ਵਿਆਹਾਂ ਦੀਆਂ ਕਨਸੋਆਂ ਹੀ ਤਿਉਹਾਰੀ ਮੌਸਮ ਵਿੱਚ ਵਿਆਹਾਂ ਦੀਆਂ ਰੌਣਕਾਂ ਨੂੰ ਹੋਰ ਚਾਰ ਚੰਨ ਲਾ ਦਿੰਦੀਆਂ ਸਨ। ਹੁਣ ਵੀ ਇਨ੍ਹਾਂ ਦਿਨਾਂ 'ਚ ਮੌਸਮ ਸਾਫ਼ ਤੇ ਸੁਹਾਵਣਾ ਹੋਣ ਕਰਕੇ ਵਿਆਹ ਸ਼ਾਦੀ ਲਈ ਚੋਣ ਅੱਸੂ ਦੇ ਮਹੀਨੇ ਦੀ ਹੀ ਕੀਤੀ ਜਾਂਦੀ ਹੈ। ਅੱਸੂ ਵਿੱਚ



ਨਾ ਬਹੁਤੀ ਗਰਮੀ ਤੇ ਨਾ ਹੀ ਬਹੁਤੀ ਸਰਦੀ ਹੋਣ ਕਰਕੇ ਇਹ ਰੁੱਤ ਠੰਢੀ ਤੇ ਮਿੱਠੀ ਹੋਣ ਕਰਕੇ ਸਾਰੇ ਪ੍ਰਬੰਧ ਕਰਨੇ ਸੌਖੇ ਹੁੰਦੇ ਹਨ ਤੇ ਨਾਲ ਹੀ ਵਿਆਹ ਸ਼ਾਦੀਆਂ ਮੌਕੇ ਹੁੰਦੇ ਸ਼ਗਨ ਵਿਹਾਰ ਦੀਆਂ ਖ਼ੁਸ਼ੀਆਂ ਤੇ ਰੌਣਕਾਂ ਨੂੰ ਸਹਿਜੇ ਹੀ ਮਾਣਿਆ ਜਾ ਸਕਦਾ ਹੈ। ਪੰਜਾਬੀ ਲੋਕ ਗੀਤਾਂ 'ਚ ਵਿਆਹੀ ਜਾਣੀ ਵਾਲੀ ਮੁਟਿਆਰ ਵੱਲੋਂ ਵੀ ਉਸ ਦਾ ਵਿਆਹ ਅੱਸੂ ਮਹੀਨੇ ਕਰਨ ਦੀ ਇੱਛਾ ਪ੍ਰਗਟ ਕੀਤੀ ਦੇਖੀ ਜਾ ਸਕਦੀ ਹੈ:

**ਮੈਂ ਤੈਨੂੰ ਬਾਬਲ ਆਖਦੀ, ਮੇਰਾ ਅੱਸੂ ਦਾ ਕਾਜ ਰਚਾ, ਬਾਬਲ ਤੇਰਾ ਪੁੰਨ ਹੋਵੇ**
**ਤੇਰਾ ਭੱਤ ਨਾ ਬੁੱਸੇ, ਤੇਰਾ ਗੋਤ ਨਾ ਰੁੱਸੇ, ਤੇਰਾ ਦਹੀਂ ਨਾ ਫਿੱਟਿਆ ਜਾਊ ਵੇ, ਮੈਂ ਤੈਨੂੰ ਬਾਬਲ ਆਖਦੀ**

ਇਸ ਤਰ੍ਹਾਂ ਪੰਜਾਬ 'ਚ ਅੱਸੂ ਦਾ ਮਹੀਨਾ ਆਉਣ ਨਾਲ ਵਿਆਹ ਸ਼ਾਦੀਆਂ ਦਾ ਜ਼ੋਰ ਪੈ ਜਾਂਦਾ ਹੈ ਤੇ ਲੋਕਾਂ ਵੱਲੋਂ ਇਨ੍ਹਾਂ ਕਾਰਜਾਂ ਦੀਆਂ ਤਿਆਰੀਆਂ ਪੂਰੇ ਜ਼ੋਰ ਨਾਲ ਆਰੰਭੀਆਂ ਜਾਂਦੀਆਂ ਹਨ। ਇਨ੍ਹਾਂ ਤਿਆਰੀਆਂ ਨਾਲ ਬਾਜ਼ਾਰਾਂ 'ਚ ਪਿਛਲੇ ਕਈ ਮਹੀਨਿਆਂ ਦੀ ਰੌਣਕ ਪੱਖੋਂ ਆਈ ਖੜੋਤ ਇੱਕ ਤਰ੍ਹਾਂ ਨਾਲ ਖ਼ਤਮ ਹੋਣ ਲੱਗਦੀ ਹੈ। ਅੱਸੂ 'ਚ ਆਏ ਸ਼ਰਾਧ ਤੇ ਉਨ੍ਹਾਂ ਪਿੱਛੋਂ ਨਰਾਤੇ ਆਉਣ ਨਾਲ ਦੁਸਹਿਰਾ, ਦੀਵਾਲੀ ਤੇ ਕਰਵਾਚੌਥ ਵਰਗੇ ਤਿਉਹਾਰਾਂ ਦੀ ਲੜੀ ਆਰੰਭ ਹੋਣ ਲੱਗਦੀ ਹੈ। ਮੌਸਮ ਬਦਲਣ ਵਾਲੀ ਇਸ ਰੁੱਤ ਦੇ ਆਉਣ ਨਾਲ ਪੰਜਾਬ ਦੇ ਪਿੰਡਾਂ 'ਚ ਕਿਸਾਨ ਦੁਸਹਿਰੇ ਦੀਆਂ ਰੌਣਕਾਂ ਮਾਣਦੇ ਆਪਣੇ ਖੇਤਾਂ 'ਚ ਸਰ੍ਹੋਂ, ਬਰਸੀਮ, ਅਲਸੀ, ਸੌਂਫ, ਮੇਥੀ, ਪਾਲਕ, ਧਨੀਆਂ, ਮਟਰ ਵਰਗੀਆਂ ਹਰੀਆਂ ਸਬਜ਼ੀਆਂ ਦੀ ਕਾਸ਼ਤ ਕਰ ਦਿੰਦੇ ਹਨ ਤੇ ਥੋੜ੍ਹੇ ਚਿਰ ਬਾਅਦ ਤਿਆਰ ਹੋਈਆਂ ਇਹ ਸਬਜ਼ੀਆਂ ਲੰਮੇ ਸਮੇਂ ਤੋਂ ਹਰੀ ਸਬਜ਼ੀ ਲਈ ਤਰਸ ਰਹੀ ਰੂਹ ਨੂੰ ਤ੍ਰਿਪਤ ਕਰਨ 'ਚ ਸਹਾਈ ਹੁੰਦੀਆਂ ਹਨ। ਸਰਦੀ ਦੀ ਨਿਆਰੀ ਰੁੱਤ 'ਚ ਹੀ ਪੰਜਾਬੀਆਂ ਦੀ ਮਨਭਾਉਂਦੀ ਖ਼ੁਰਾਕ ਸਰ੍ਹੋਂ ਦਾ ਸਾਗ ਤੇ ਮੱਕੀ ਦੇ ਢੋਡੇ ਛਕਣ ਦਾ ਸੁਆਦਲਾ ਸਮਾਂ ਵੀ ਅੱਸੂ ਮਹੀਨੇ ਦੀ ਆਮਦ ਤੋਂ ਬਾਅਦ ਸ਼ੁਰੂ ਹੋਣਾ ਹੁੰਦਾ ਹੈ। ਅੱਸੂ ਦੀ ਆਮਦ ਨਾਲ ਹੀ ਅਗਲੇ ਦਿਨਾਂ ਵਿੱਚ ਠੰਢ ਸ਼ੁਰੂ ਹੋਣ ਨਾਲ ਲਵੇਰੇ ਪਸ਼ੂਆਂ ਤੇ ਹੋਰ ਮਾਲ ਡੰਗਰ ਨੂੰ ਬਰਾਂਡਿਆਂ ਜਾਂ ਢਾਰਿਆਂ ਵਿੱਚ ਬੰਨ੍ਹਣ ਲਈ ਕਿਸਾਨ ਪਰਿਵਾਰ ਨੂੰ ਉਚੇਚੀ ਤਿਆਰੀ ਕਰਨੀ ਪੈਂਦੀ ਹੈ। ਸਿਆਲ ਦੀਆਂ ਠੰਢੀਆਂ ਹਵਾਵਾਂ ਦੀ ਮਾਲ ਡੰਗਰ ਨੂੰ ਬਚਾਉਣ ਲਈ ਕਿਸਾਨ ਪਰਿਵਾਰ ਇਸ ਮਹੀਨੇ ਦੀ ਆਮਦ ਨਾਲ ਅੜਿਕੇ ਤੇ ਬੋਰੀਆਂ ਨਾਲ ਆਪਣਾ ਜੁਗਾੜ ਕਰਨਾ ਸ਼ੁਰੂ ਕਰ ਦਿੰਦੇ ਹਨ। ਸਰਦ ਰੁੱਤ ਵਿੱਚ ਲੰਮਾਂ ਸਮਾਂ ਚੱਲਣ ਵਾਲੇ ਹਰੇ ਚਾਰੇ ਬਰਸੀਮ, ਸੇਂਜੀ ਤੇ ਜਵੀ ਆਦਿ ਦੀ ਤਿਆਰੀ ਲਈ ਤਾਂ ਕਿਸਾਨ ਕਾਮਿਆਂ ਨੂੰ ਕਈ ਕਈ ਦਿਨ ਲਾ ਕੇ ਤਿਆਰੀ ਕਰਨੀ ਪੈਂਦੀ ਹੈ। ਕਈ ਵਾਰੀ ਅੱਸੂ ਮਹੀਨੇ 'ਚ ਹੋਈ ਬਾਰਿਸ਼ ਸਾਉਣੀ ਦੀ ਤਿਆਰ ਹੋਈ ਫ਼ਸਲ ਨੂੰ ਫਾਇਦਾ ਦੇਣ ਦੀ ਬਜਾਏ ਨੁਕਸਾਨ ਵੀ ਕਰ ਦਿੰਦੀ ਹੈ, ਜਿਸ ਕਰਕੇ ਇਸ ਮਹੀਨੇ ਸਬੰਧੀ ਇਹ ਧਾਰਨਾ ਵੀ ਪ੍ਰਚੱਲਿਤ ਰਹੀ ਹੈ :

**ਅੱਸੂ ਵਲੀਆ, ਰਿੱਧੀ ਖੀਰ ਤੇ ਬਣ ਗਿਆ ਦਲੀਆ।**

ਰੁੱਤ ਬਦਲਣ ਵਾਲੇ ਇਸ ਮਹੀਨੇ ਦੇ ਆਉਣ ਨਾਲ ਬੀਤੇ ਸਮਿਆਂ 'ਚ ਸੁਆਣੀਆਂ ਵੱਲੋਂ ਆਉਂਦੇ ਸਿਆਲ ਦੀ ਠੰਢ ਤੋਂ ਬਚਣ ਲਈ ਖੇਸੀਆਂ, ਖੇਸ, ਰਜਾਈਆਂ, ਤਲਾਈਆਂ ਬਣਾਉਣ ਤੇ ਨਗੰਦਣ ਦਾ ਕਾਰਜ ਵੀ ਸ਼ੁਰੂ ਹੋ ਜਾਇਆ ਕਰਦਾ ਸੀ। ਜਿਨ੍ਹਾਂ ਘਰਾਂ 'ਚ ਕੁੜੀਆਂ ਦੇ ਵਿਆਹ ਰਚਾਉਣ ਵਰਗੇ ਸ਼ੁਭ ਕਾਰਜਾਂ ਦੇ ਦਿਨ ਮਿੱਥੇ ਗਏ ਹੁੰਦੇ, ਉਨ੍ਹਾਂ ਘਰਾਂ ਦੀਆਂ ਸੁਆਣੀਆਂ ਵਿਆਂਦੜ ਕੁੜੀ ਦੇ ਦਾਜ ਲਈ ਨਵੇਂ ਬਿਸਤਰਿਆਂ ਦੀ ਤਿਆਰੀ ਕਰਨ ਲਈ ਵਿਹੜੇ ਦੀਆਂ ਉੱਦਮੀ ਔਰਤਾਂ ਨਾਲ ਸ਼ਹਿਰ ਰੂੰ ਪਿੰਜਾਉਣ ਜਾਣ ਲਈ ਉਚੇਚ ਕਰਿਆ ਕਰਦੀਆਂ ਸਨ। ਅੱਜਕੱਲ੍ਹ ਬਾਜ਼ਾਰੋਂ ਸਭ ਕੁਝ ਬਣਿਆ ਬਣਾਇਆ ਮਿਲ ਜਾਣ ਕਰਕੇ ਇਸ ਤਰ੍ਹਾਂ ਦਾ ਰੁਝੇਵਾਂ ਘਟਦਾ ਜਾ ਰਿਹਾ ਹੈ।

ਅੱਸੂ ਵਿੱਚ ਖੇਤਾਂ 'ਚ ਬੀਜਿਆ ਬਰਸੀਮ ਤੇ ਸਰ੍ਹੋਂ ਆਉਂਦੇ ਦਿਨਾਂ 'ਚ ਤਿਆਰ ਹੋਣਾ ਹੁੰਦਾ ਹੈ ਤੇ ਫਿਰ ਕੋਸੀ ਕੋਸੀ ਧੁੱਪ 'ਚ ਜਵਾਨ ਹੋਈ ਸਰ੍ਹੋਂ ਦੀਆਂ ਗੰਦਲਾਂ ਨੂੰ ਰੀਝਾਂ ਨਾਲ ਤੋੜ ਤੋੜ ਸਾਗ ਤਿਆਰ ਕਰਨਾ ਪੇਂਡੂ ਸੁਆਣੀਆਂ ਲਈ ਰੀਝ ਵਾਲਾ ਕੰਮ ਹੁੰਦਾ ਹੈ। ਅੱਸੂ ਮਹੀਨੇ ਦੀ ਆਮਦ ਸਰਦੀਆਂ ਦੇ ਦਿਨਾਂ 'ਚ ਖਿੜਨ ਵਾਲੇ ਫੁੱਲਾਂ ਦੇ ਹੁਸਨ ਦੇ ਨਜ਼ਾਰਿਆਂ ਨੂੰ ਮਾਨਣ ਦੀ ਦਸਤਕ ਵੀ ਦਿੰਦੀ ਹੈ ਕਿਉਂਕਿ ਕੱਤਕ-ਮੱਘਰ 'ਚ ਖਿੜਨ ਵਾਲੇ ਗੇਂਦੇ, ਗੁਲਾਬ ਤੇ ਗੁਲਦਾਉਦੀਆਂ ਨੂੰ ਲਾਉਣ ਤੇ ਸੰਭਾਲਣ ਦਾ ਸਿਲਸਿਲਾ ਇਸ ਮਹੀਨੇ ਤੋਂ ਹੀ ਸ਼ੁਰੂ ਹੋਣਾ ਹੁੰਦਾ ਹੈ।

ਇਸ ਤਰ੍ਹਾਂ ਪੰਜਾਬ ਦੇ ਮੌਸਮੀ ਚੱਕਰ 'ਚ ਅੱਸੂ ਮਹੀਨੇ ਦੀ ਆਮਦ ਰੁੱਤ ਬਦਲੀ ਦੇ ਸੁਨੇਹੇ ਦੇ ਨਾਲ ਨਾਲ ਗਰਮੀ ਦੇ ਥਪੇੜਿਆਂ, ਲੂਆਂ ਦੀ ਸਖ਼ਤੀ ਤੇ ਬਰਸਾਤਾਂ ਦੀ ਭਾਰੀ ਹੁੰਮਸ ਤੋਂ ਛੁਟਕਾਰਾ ਦਿਵਾਉਣ ਅਤੇ ਮੇਲੇ ਤੇ ਤਿਉਹਾਰਾਂ ਦੀ ਆਮਦ ਦਾ ਸੁਨੇਹਾ ਲੈ ਕੇ ਆਉਂਦੀ ਹੋਈ ਜ਼ਿੰਦਗੀ 'ਚ ਨਵੇਂ ਚਾਅਵਾਂ ਤੇ ਜੋਸ਼ ਦਾ ਸੰਚਾਰ ਵੀ ਕਰਦੀ ਹੈ। ਬੇਹਿਸਾਬੇ ਤੇ ਬੇਤਰਤੀਬੇ ਵਿਕਾਸ ਦੀ ਦੌੜ ਦੀ ਤਾਂਘ 'ਚ ਬੰਦਿਆਂ ਵੱਲੋਂ ਕੁਦਰਤ ਨਾਲ ਕੀਤੀ ਜਾ ਰਹੀ ਛੇੜਛਾੜ ਤੇ ਕੁਦਰਤੀ ਸੋਮਿਆਂ ਦੇ ਖਾਤਮੇ ਦੀ ਰੁਚੀ ਨਾਲ ਧਰਤੀ 'ਤੇ ਘੁੱਗ ਵਸਦੀ ਜ਼ਿੰਦਗੀ ਤੇ ਮੌਸਮੀ ਨਿਆਮਤਾਂ ਦੇ ਸੁਭਾਅ 'ਚ ਤੇਜ਼ੀ ਨਾਲ ਤਬਦੀਲੀ ਹੋਣ ਲੱਗੀ ਹੈ, ਜਿਸ ਨਾਲ ਮੌਸਮਾਂ ਤੇ ਰੁੱਤਾਂ ਨਾਲ ਜੁੜੇ ਹਾਂ ਪੱਖੀ ਸਰੋਕਾਰ ਖ਼ਤਮ ਹੁੰਦੇ ਜਾ ਰਹੇ ਹਨ। ਜ਼ਿੰਦਗੀ ਵਿੱਚ ਮਸ਼ੀਨੀਕਰਨ ਦੇ ਵਧ ਰਹੇ ਦਖਲ ਅਤੇ ਤਿਉਹਾਰਾਂ ਤੇ ਸਮਾਜਿਕ ਕਾਰਜਾਂ ਮੌਕੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਦੀ ਹੋੜ ਨਾਲ ਜਿੱਥੇ ਜ਼ਿੰਦਗੀ ਨੂੰ ਖ਼ੁਸ਼ੀ ਤੇ ਸਕੂਨ ਦੇਣ ਵਾਲੇ ਸਰੋਕਾਰਾਂ ਦਾ ਤੇਜ਼ੀ ਨਾਲ ਵਪਾਰੀਕਰਨ ਹੋ ਰਿਹਾ ਹੈ, ਨਾਲ ਹੀ ਖ਼ੁਸ਼ੀਆਂ ਮੌਕੇ ਸ਼ੁੱਧ ਰੂਪ ਵਿੱਚ ਮਿਲਣ ਵਾਲੀਆਂ ਮਠਿਆਈਆਂ ਤੇ ਹੋਰ ਖਾਧ ਪਦਾਰਥਾਂ ਵਿੱਚ ਹੁੰਦੀ ਮਿਲਾਵਟ ਨੇ ਵੀ ਮੇਲਿਆਂ ਤਿਉਹਾਰਾਂ ਮੌਕੇ ਮਨਾਉਣ ਵਾਲੀਆਂ ਖ਼ੁਸ਼ੀਆਂ ਦੇ ਰੰਗ ਫਿੱਕੇ ਪਾ ਦਿੱਤੇ ਹਨ। ਮਸ਼ੀਨੀ ਤੇ ਪਦਾਰਥਕ ਯੁੱਗ 'ਚ ਤੇਜ਼ ਤਰਾਰ ਤੇ ਸਵੈ ਕੇਂਦਰਿਤ ਹੋ ਰਹੇ ਮਨੁੱਖ ਵੱਲੋਂ ਜ਼ਿੰਦਗੀ ਦੀ ਹਰ ਹਸਰਤ ਤੇ ਚਾਅ ਦੇ ਕੀਤੇ ਜਾ ਰਹੇ ਵਪਾਰੀਕਰਨ ਨੇ ਰੁੱਤਾਂ ਤੇ ਮੌਸਮਾਂ ਦੀ ਤੋਰ ਨਾਲ ਜ਼ਿੰਦਗੀ ਦੀਆਂ ਛੋਟੀਆਂ ਛੋਟੀਆ ਖ਼ੁਸ਼ੀਆਂ ਦੀ ਅਹਿਮੀਅਤ ਵੀ ਘਟਾ ਦਿੱਤੀ ਹੈ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX
IFTA

Amarjit S Bir
amarjit@uscipp.org
Lic#0I15593CA
Ph: (925)318-1247

ਜਨਮ ਦਿਨ ’ਤੇ ਵਿਸ਼ੇਸ਼

## ਪੰਜਾਬੀ ਸਾਹਿਤ ਦੀ ਮਹਿਕ ਸ਼ਾਇਰ ਸੁਰਿੰਦਰ ਸਿੰਘ ਸੀਰਤ



(ਪੰਜਾਬੀ ਸ਼ਾਇਰ ਸੁਰਿੰਦਰ ਸਿੰਘ ਸੀਰਤ ਜੰਮੂ-ਕਸ਼ਮੀਰ ਤੋਂ ਕੈਲੀਫੋਰਨੀਆ ਅਮਰੀਕਾ ਦੇ ਵਸਨੀਕ ਹਨ। ਆਪਜੀ ਨੇ ਪੰਜਾਬੀ ਸੰਗ੍ਰਹਿ ‘ਅਰੂਪੇ ਅੱਖਰਾਂ ਦਾ ਅਕਸ, ਜੰਗ ਜਾਰੀ ਹੈ, ਪੂਰਬ ਪੱਛਮ ਤੇ ਪ੍ਰਵਾਸ, ਭਰਮ ਭੁੱਲਈਆ, ਸੁਰਿੰਦਰ ਸਿੰਘ ਸੀਰਤ ਦੀ ਸਿਰਜਣਾ ਤੇ ਸੰਵਾਦ, ਸੁਰਿੰਦਰ ਸਿੰਘ ਸੀਰਤ ਦੀ ਸਮੁੱਚੀ ਰਚਨਾ’ ਸਾਹਿਤ ਜਗਤ ਨੂੰ ਸਮਰਪਿਤ ਕੀਤੇ ਹਨ। ਹਨ। ਉਹ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਦੇ ਸਰਗਰਮ ਮੈਂਬਰ ਹਨ ਜੋ ਪੰਜਾਬੀ ਦੇ ਵਿਕਾਸ ਲਈ ਸਦਾ ਵਚਨਬੱਧ ਰਹਿੰਦੇ ਹਨ। ਉਹ ਇਕ ਮਕਬੂਲ ਗ਼ਜ਼ਲਕਾਰ ਹਨ ਉਨ੍ਹਾਂ ਦੀਆਂ ਗ਼ਜ਼ਲਾਂ ਗਾਇਕ ਸ਼ਾਮ ਸੱਜਣ, ਗੁਰਸ਼ਰਨ ਕੌਰ ਅਤੇ ਸਰਗਮ ਪੰਤ ਨੇ ਗਾਇਆ ਹੈ ਅਤੇ ਸਰੋਤਿਆਂ ਨੇ ਬਹੁਤ ਪਸੰਦ ਕੀਤਾ ਹੈ। ਉਨ੍ਹਾਂ ਦੀਆਂ ਰਚਨਾਵਾਂ ਪਾਠਕਾਂ ਦੁਆਰਾ ਬਹੁਤ ਪਸੰਦ ਕੀਤੀਆਂ ਜਾਂਦੀਆਂ ਹਨ ਜੋ ਪੰਜਾਬੀ ਅਖ਼ਬਾਰਾਂ ਅਤੇ ਮੈਗਜ਼ੀਨਾਂ ਵੀ ਛਪਦੀਆਂ ਰਹਿੰਦੀਆਂ ਹਨ। ਉਹ ਅਮਰੀਕਾ ਵਿਖੇ ਪੰਜਾਬੀ, ਵਿਰਸਾ, ਸਾਹਿਤ ਅਤੇ ਸੱਭਿਆਚਾਰ ਲਈ ਅਨਮੋਲ ਕਾਰਜ ਕਰ ਰਹੇ ਹਨ। ਉਹ ਬਹੁਤ ਮਿਹਨਤੀ, ਉਦਾਰਵਾਦੀ ਅਤੇ ਮਿਲਾਪੜੇ ਸੁਭਾਅ ਦੇ ਇਨਸਾਨ ਹਨ। ਪੰਜਾਬੀ ਸਾਹਿਤ ਜਗਤ ਨੂੰ ਭਵਿੱਖ ਵਿੱਚ ਉਨ੍ਹਾਂ ਤੇ ਬਹੁਤ ਮਾਣ ਹੈ। ਸੀਰਤ ਸਾਹਿਬ ਨੂੰ ਕਈ ਸਾਹਿਤਕ ਸਭਾਵਾਂ ਵਲੋਂ ਸਨਮਾਨਿਤ ਕੀਤਾ ਗਿਆ ਅਤੇ ਪੰਜਾਬੀ ਭਾਸ਼ਾ ਦੀ ਅੰਤਰਰਾਸ਼ਟਰੀ ਪੱਧਰ ਤੇ ਨਿਰੰਤਰ ਸੇਵਾ ਕਰ ਰਹੇ ਹਨ।)

### ਗ਼ਜ਼ਲ

ਬੁਝੀ ਚਾਹਤ ਨੂੰ ਸੁਲਗਾਂਦਾ ਪਿਆ ਹਾਂ
ਧੂਏਂ ਨੂੰ ਮੁੜ ਹਵਾ ਦੇਂਦਾ ਪਿਆ ਹਾਂ

ਛਬੀ ਤੇਰੀ ਏ ਜਾਂ ਇਕ ਜਲ ਭਰਮ ਏ
ਮਰੂਥਲ ਵਿਚ ਜੋ ਮੈਂ ਲਭਦਾ ਪਿਆ ਹਾਂ

ਤਿਰੇ ਖੇਤੋਂ ਹਵਾ ਖ਼ੁਸ਼ਬੂ ਲੈ ਆਉਂਦੀ
ਕਿਵੇਂ ਖ਼ੁਦ ਨੂੰ ਹੀ ਮੈਂ ਛਲਦਾ ਪਿਆ ਹਾਂ

ਐ ਲੋਅ ਕਰਿਆ ਮੈਂ ਤੇਰੇ ਰੂਬਰੂ ਹਾਂ
ਤਿਰੀ ਲੋਅ ਵਿਚ ਹਾਂ ਮੈਂ ਜਗਦਾ ਪਿਆ ਹਾਂ

ਛਲਾਵੇ ਰਹਿਨਮਾਂ, ਪੈਂਡੇ, ਦਿਸ਼ਾਵਾਂ
ਕਜੇਹੀ ਅੰਨੀ ਰਾਹ ਤੁਰਦਾ ਪਿਆ ਹਾਂ

ਬਦਲ ਦੇਣਾ ਕਿਵੇਂ ਕਿਰਦਾਰ ਅਪਣਾ
ਅਜੇਹੀ ਸੋਚ ਵਿਚ ਡੁਬਦਾ ਪਿਆ ਹਾਂ

ਤੁਸੀਂ ਸਾਰੇ ਹੋ ਪੈਕਰ ਪੂਰਤੀ ਦੇ
ਮੈਂ ਅਪਣਾ ਆਪ ਛੁਟਿਆਉਂਦਾ ਪਿਆ ਹਾਂ

ਉਗਾਓ ਗੇ ਕਜੇਹੀ ਫ਼ਸਲ ਖੇਤੋਂ
ਇਹ ਬੰਜਰ ਸੋਚ ਨੂੰ ਕਹਿੰਦਾ ਪਿਆ ਹਾਂ

ਤੂੰ ਅਪਣੇ ਹੋਸ਼ ਗੁੰਮ ਕੀਤੇ ਨੇ ‘ਸੀਰਤ’
ਪਲਾਇਨ ਹੈ, ਇਹ ਸਮਝਾਂਦਾ ਪਿਆ ਹਾਂ।

• • •

### ਨਵੇਂ ਸਾਲ ਦੀ ਨਜ਼ਰ

ਉਲਝਨਾਂ, ਪਛਤਾਵਿਆਂ ਦਾ ਕੁਝ ਤਾਂ ਹਾਸਿਲ ਚਾਹੀਦੈ
ਮੂਰਛਿਤ ਅਹਿਸਾਸ ਅੰਦਰ ਧੜਕਦਾ ਦਿਲ ਚਾਹੀਦੈ

ਜੀਣ ਦੀ ਹਰ ਪੈੜ ਉੱਤੇ, ਮੌਤ ਦਾ ਸੰਗੀਤ ਹੈ
ਪੈੜ ਦੀ ਚੁਪ ਤੇ ਜੋ ਚੁਪ ਹੋਵੇ, ਉਹ ਕਾਤਿਲ ਚਾਹੀਦੈ

ਤੰਗ ਗਲੀਆਂ, ਹੋਂਦ ਖੰਡਰ, ਨੇਹਰ ਹਰ ਘਰ ਦਾ ਲਿਬਾਸ
ਹੁਣ ਗਰਾਂ ਮੇਰ ’ਚ ਕੋਈ ਦੇਵ ਬਿਸਮਿਲ ਚਾਹੀਦੈ

ਅਥਰੂਆਂ ਦੇ ਵਹਿਣ ਅੰਦਰ ਥਲ ਹੀ ਸਹਿਰਾ ਹੋ ਗਿਆ
ਸੁੱਕੀਆਂ ਅੱਖਾਂ ਲਈ ਰਾਹਤ ਦਾ ਰਹਿਤਿਲ ਚਾਹੀਦੈ

ਉਹ ਤਾਂ ਬਸ ਮਹਿਬੂਬ ਤੋਂ ਇਕ ਅਜਨਬੀ ਦਾ ਰੂਪ ਹੈ
ਲਮਸ ਉਸ ਅੰਦਰ ਵੀ ਮੇਰਾ ਮਰਨਾ ਤਿਲ ਤਿਲ ਚਾਹੀਦੈ

ਮੈਂ ਸਮੁੰਦਰ ਸਿਰ ਤੇ ਚਕ ਕੇ ਅੰਬਰੀਂ ਉਡਦਾ ਰਿਹਾ
ਹੁਣ ਤਾਂ ਮੈਂ ਧਰਤੀ ਤੇ ਉਸੇ ਤਰ੍ਹਾਂ ਹੁਣ ਤਾਂ ਸਾਹਿਲ ਚਾਹੀਦੈ

ਟੁਕੜਿਆਂ ਵਿਚ ਵਟ ਗਿਆ ਅਸਤਿੱਤਵ ਮੇਰੇ ਦਾ ਵਜੂਦ
ਮੈਨੂੰ ਸਾਬਤ ਰਹਿਣ ਲਈ ਕਿਉਂ ਬਣਨਾ ਬੁਜ਼ਦਿਲ ਚਾਹੀਦੈ

ਯਾਦ ਰਖਣਾ ਦੋਸਤੋ ਜੇ ਕਰ ਤੁਸਾਂ ਲਿਖਣੀ ਗ਼ਜ਼ਲ
ਭਾਵ ਕੋਮਲ, ਸੋਚ ਸਜਰੀ, ਹਿਰਦਾ ਘਾਇਲ ਚਾਹੀਦੈ

ਵਹਿ ਗਏ ਹਨ ਇਸ਼ਕ ਦੇ ਦਰਿਆ, ਫ਼ਕਤ ਹੈ ਰੇਤ ਰੇਤ
ਇਸ ਮਰੂਥਲ ਵਿਚ ਕਈ ਸੀਰਤ ਤਾਂ ਸ਼ਾਮਿਲ ਚਾਹੀਦੈ।

ਸੁਰਿੰਦਰ ਸੀਰਤ
510-847-1698

## ਨਕਲੀ ਚਿਹਰੇ.....

ਪਹਿਲਾਂ ਵਰਗੇ ਲੋਕ ਰਹੇ ਨਾ,
ਨਾ ਪਹਿਲਾਂ ਵਰਗੀਆਂ ਪ੍ਰੀਤਾਂ।
ਨਕਲੀ ਨਕਲੀ ਚਿਹਰੇ ਨੇ ਤੇ,
ਖੋਟੀਆਂ ਜਿਹੀਆਂ ਨੀਤਾਂ।
ਪਹਿਲਾਂ ਵਰਗੇ....
ਪਹਿਲੋਂ ਪਿਆਰ ਸੀ ਸੱਚੇ ਸੁੱਚੇ,
ਇਬਾਦਤ ਵਰਗੀਆਂ ਯਾਰੀਆਂ।
ਹੁਣ ਤਾਂ ਛੁਰੀਆਂ ਪਿੱਠਾਂ ਦੇ ਵਿੱਚ,
ਭਾਈਆਂ ਯਾਰਾਂ ਮਾਰੀਆਂ।
ਜਹਿਰ ਮਿਲਾ ਦੇ ਗਏ ਚੂਰੀ,
ਤਰਸ ਨਾ ਮਨ ਵਿੱਚ ਮੀਤਾਂ।
ਪਹਿਲਾਂ ਵਰਗੇ.....
ਮਾਇਆ ਪਿੱਛੇ ਪਾਗਲ ਹੋਏ,
ਛੋਟੇ ਵੱਡੇ ਕਰ ਲਏ ਕਾਰੇ।
ਝੂਠੀਆਂ ਕਸਮਾਂ ਖਾ ਕੇ ਮੁੱਕਰੇ,
ਤੇਰੇ ਮੇਰੇ ਸੱਭ ਡਕਾਰੇ।
ਝੂਠੇ ਖੁਸੀ ਗਮੀ ਦੇ ਚੋਜ ਤੇ,
ਦਿਖਾਵੇ ਰਹਿ ਗਈਆਂ ਰੀਤਾਂ।
ਪਹਿਲਾਂ ਵਰਗੇ.....
ਤੁਰ ਗਏ ਕਈ ‘ਕੱਠੀ ਕਰਦੇ,
ਹੁਣ ਨਵਿਆਂ ਕੁੰਡਲੀ ਮਾਰੀ।
ਸਾਰਾ ਜਹਾਨ ਜਿੱਤ ਕੇ ਏਸ,
ਮਾਇਆ ਤੋਂ ਦੁਨੀਆਂ ਹਾਰੀ।
ਰੋਂਦੇ ਹਉਂਕੇ ਲੈ ਕੇ ਰਿਸਤੇ,
ਵਿੱਚ ਮਨਜੀਤ ਦੇ ਗੀਤਾਂ।
ਪਹਿਲਾਂ ਵਰਗੇ.....



ਮਨਜੀਤ ਕੌਰ ਧੀਮਾਨ

## ਮਾਂ ਬੋਲੀ

ਅੰਬਰਸਰਨੀ ਤਾਈ ਹੈ ਇੱਕ।
ਦਿੱਲੀ ਵਾਲੀ ਭਰਜਾਈ ਹੈ ਇੱਕ।
ਗਵਾਂਢਣ ਇੱਕ ਹਿਮਾਚਲ ਤੋਂ ਹੈ।
ਚਾਚੀ ਵੀ ਉਤਰਾਂਚਲ ਤੋਂ ਹੈ।

ਮਾਝੀ ਦੇ ਵਿੱਚ ਤਾਈ ਬੋਲਦੀ।
ਸ਼ੁੱਧ ਹਿੰਦੀ ਭਰਜਾਈ ਬੋਲਦੀ।
ਗਵਾਂਢਣ ਬੋਲੇ ਸਦਾ ਪਹਾੜੀ।
ਗੜ੍ਹਵਾਲੀ ਚਾਚੀ ਨੂੰ ਪਿਆਰੀ।

ਪਰ ਸਭਨਾਂ ਦੀ ਜਿੰਨੀ ਔਲਾਦ।
ਜੰਮੀ ਪਲ਼ੀ ਹੈ ਵਿੱਚ ਪੁਆਧ।
ਸਿਰਫ ਪੁਆਧੀ ਬੋਲਣ ਸਾਰੇ।
ਇੱਤਰਾਂ, ਕਿੱਤਰਾਂ, ਥ੍ਹਾਰੇ, ਮ੍ਹਾਰੇ।

ਕੋਈ ਨਾ ਬੋਲੇ ਮਾਂ ਦੀ ਬੋਲੀ।
ਬੋਲਣ ਬੱਸ ਗਰਾਂ ਦੀ ਬੋਲੀ।
ਬੋਲਦੇ ਨੇ ਜੋ ਪਿਉ, ਪੜਦਾਦੇ।
ਜਾਂ ਸੀ ਬੋਲਦੇ ਲੱਗੜਦਾਦੇ।

ਫੇਰ ਇਹਨਾਂ ਦੀ ਇਹ ਜੋ ਬੋਲੀ।
ਮਾਂ ਬੋਲੀ ਹੈ ਜਾਂ ਪਿਉ ਬੋਲੀ ?
ਚੱਲੋ ਚੱਕਰਾਂ ਵਿੱਚ ਨਾ ਪਈਏ।
ਗੱਲ ਸਰਸਰੀ ਕਰ ਹੀ ਲਈਏ।

ਅਸਲ ‘ਚ ਮਾਂ ਬੋਲੀ ਹੈ ਤਾਂ।
ਬੱਚਾ ਜੰਮੇ ਕਿਸੇ ਵੀ ਥਾਂ।
ਬੁੱਝੇ ਜਦ ਰਿਸ਼ਤਿਆਂ ਦੇ ਨਾਂ।
ਸਭ ਤੋਂ ਪਹਿਲਾਂ ਆਖੇ ਮਾਂ।

ਮੌਮ, ਮੰਮੀ ਜਾਂ ਮਾਈ ਆਖੇ।
ਬੇਬੇ ਜਾਂ ਫਿਰ ਝਾਈ ਆਖੇ।
ਹੋਰ ਹੋਵੇ ਕੋਈ ਪਾਲਣਹਾਰ।
ਮਾਂ ਕਹਿਕੇ ਹੀ ਲਵੇ ਪਿਆਰ।

ਸੋ ਬੋਲੀ ਨੂੰ ਕਹਿਣਾ ਮਾਂ।
ਸਿਰਫ ਹੈ ਇੱਕ ਜਜਬਾਤੀ ਨਾਂ।
ਕੁੱਝ ਵੀ ਹੈ ਪਰ ਜਚਦਾ ਬਹੁਤ ਹੈ।
ਫਬਦਾ, ਸੋਂਹਦਾ, ਪਚਦਾ ਬਹੁਤ ਹੈ।

ਸਿਆਣਿਆਂ ਏਥੇ ਸਿਆਣਪ ਵਰਤੀ।
ਰਿਸ਼ਤੇ ਵਰਗੀ ਬੋਲੀ ਕਰਤੀ।
ਭਰ ਦਿੱਤੇ ਨੇ ਗੂੜ੍ਹੇ ਰੰਗ।
ਮੋਹ, ਮਮਤਾ ਤੇ ਲਾਡ ਦੇ ਸੰਗ।

ਨਾਮ ਨੂਮ ਹੈ ਛੋਟਾ ਮਸਲਾ।
ਨਹੀਂ ਵੱਡਾ ਜਾਂ ਮੋਟਾ ਮਸਲਾ।
ਮਸਲਾ ਬੱਸ ਪਕਿਆਈ ਦਾ ਹੈ।
ਰੁਸ਼ਨਾਈ, ਸੌਖਿਆਈ ਦਾ ਹੈ।

ਘੜਾਮੇਂ ਵਾਲਿਆ ਛੱਡ ਵੀ ਗੱਲ।
ਧਿਆਨ ਜਰਾ ਧਰ ਆਪਣੇ ਵੱਲ।
ਗੁਰਬਿੰਦਰ ਨੂੰ ਕੌਣ ਪਛਾਣੇ ?
ਜੋ ਜਾਣੇ ਰੋਮੀ ਨੂੰ ਜਾਣੇ।
ਜੋ ਜਾਣੇ ਬੱਸ ਰੋਮੀ ਜਾਣੇ।



ਰੋਮੀ ਘੜਾਮੇਂ ਵਾਲਾ।

## ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ

ਕਸ਼ਮੀਰ ਤੋਂ ਚੱਲ ਕੇ ਪੰਡਤ ਪਹੁੰਚੇ ਗੁਰੂ ਤੇਗ ਬਹਾਦਰ ਪਾਸ।
ਕਹਿੰਦੇ, ਗੁਰੂ ਜੀ, ਸਾਨੂੰ ਤੁਹਾਡੇ ਤੋਂ ਹੈ ਬਹੁਤ ਵੱਡੀ ਹੈ ਆਸ।
ਔਰੰਗਜ਼ੇਬ ਨੇ ਸਾਡਾ ਤਿਲਕ, ਜੰਜੂ ਖਤਰੇ ਵਿੱਚ ਹੈ ਪਾਇਆ।
ਸਾਰੇ ਹਿੰਦੂਆਂ ਨੂੰ ਉਸ ਨੇ ਮੁਸਲਮਾਨ ਬਣਾਉਣ ਦਾ ਮਨ ਹੈ ਬਣਾਇਆ।
ਉਸ ਨੂੰ ਜਾਨੋਂ ਮੁਕਾਇਆ, ਜਿਹੜਾ ਅੜਿਆ ਉਸ ਦੇ ਅੱਗੇ।
ਸਾਡੀ ਬਾਂਹ ਫੜਨ ਵਾਲਾ ਤੁਹਾਡੇ ਬਿਨਾਂ ਦਿਸੇ ਨਾ ਕੋਈ ਇੱਥੇ।
ਕੁੱਝ ਸਮਾਂ ਸੋਚਣ ਪਿੱਛੋਂ ਗੁਰੂ ਜੀ ਨੇ ਦਿੱਤਾ ਇਹ ਜਵਾਬ,
ਜੇ ਕੋਈ ਮਹਾਂਪੁਰਖ ਅੱਗੇ ਆ ਕੇ ਦੇਵੇ ਆਪਣਾ ਬਲੀਦਾਨ,
ਤਾਂ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਲੱਗ ਸਕਦੀ ਹੈ ਲਗਾਮ।
ਕੋਲ ਆ ਕੇ ਨੌਂ ਸਾਲ ਦੇ ਗੋਬਿੰਦ ਰਾਏ ਬੋਲੇ ਸਤਿਕਾਰ ਦੇ ਨਾਲ,
ਆਪ ਤੋਂ ਵੱਡਾ ਮਹਾਂਪੁਰਖ ਇੱਥੇ ਕੌਣ ਹੈ? ਦੱਸੋ ਮਹਾਰਾਜ।
ਗੋਬਿੰਦ ਰਾਏ ਦੀ ਇਹ ਗੱਲ ਸੁਣ ਕੇ ਗੁਰੂ ਜੀ ਨੂੰ ਹੋ ਗਿਆ ਯਕੀਨ,
ਆਣ ਵਾਲੇ ਔਖੇ ਸਮੇਂ ਦਾ ਇਹ ਬਾਲਕ ਕਰੇਗਾ ਟਾਕਰਾ ਯਕੀਨਨ।
ਗੋਬਿੰਦ ਰਾਏ ਨੂੰ ਗੁਰੂ ਨਾਨਕ ਦੇਵ ਦੀ ਗੁਰਗੱਦੀ ਸੌਂਪ ਕੇ,
ਕੁੱਝ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਦਿੱਲੀ ਵੱਲ ਚੱਲ ਪਏ।
ਜਦ ਗੁਰੂ ਜੀ ਨੂੰ ਔਰੰਗਜ਼ੇਬ ਦੇ ਸਾਹਮਣੇ ਲਿਆਂਦਾ ਗਿਆ,
ਉਸ ਨੇ ਇਸਲਾਮ ਕਬੂਲਣ ਲਈ ਗੁਰੂ ਜੀ ਤੇ ਜ਼ੋਰ ਪਾਇਆ।
ਗੁਰੂ ਜੀ ਦੇ ਕੋਰੀ ਨਾਂਹ ਕਰਨ ਤੇ ਉਸ ਨੂੰ ਗੁੱਸਾ ਚੜ੍ਹ ਗਿਆ।
ਉਸ ਨੇ ਸਭ ਨੂੰ ਸਖਤ ਸਜਾਵਾਂ ਦੇਣ ਦਾ ਹੁਕਮ ਸੁਣਾ ਦਿੱਤਾ।
ਪਹਿਲਾਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਦਿੱਤਾ ਗਿਆ।
ਫਿਰ ਭਾਈ ਦਿਆਲੇ ਨੂੰ ਉਬਲਦੀ ਦੇਗ ਵਿੱਚ ਸੁੱਟ ਦਿੱਤਾ ਗਿਆ।
ਫਿਰ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਸਾੜ ਦਿੱਤਾ ਗਿਆ।
ਆਪਣੇ ਸਿੱਖਾਂ ਦੀ ਸ਼ਹੀਦੀ ਪਿੱਛੋਂ ਵੀ ਗੁਰੂ ਜੀ ਨੇ ਦਿਲ ਨਾ ਛੱਡਿਆ।
ਅੰਤ ਵਿੱਚ ਗੁਰੂ ਜੀ ਦਾ ਸੀਸ, ਧੜ ਤੋਂ ਵੱਖ ਕਰ ਦਿੱਤਾ ਗਿਆ।
ਇੰਜ ਤਿਲਕ, ਜੰਜੂ ਦੀ ਰਾਖੀ ਲਈ ਗੁਰੂ ਜੀ ਨੇ ਆਪਾ ਵਾਰ ਦਿੱਤਾ।

ਮਹਿੰਦਰ ਸਿੰਘ ਮਾਨ
9915803554

## ਭਈਏ ਬਨਾਮ ਭਰਾ !

ਮੋਟਰਸਾਈਕਲ ਤੇ ਕਾਰਾਂ ਲੈ ਫਿਰਨ ਕਾਕੇ
ਟਰੈਕਟਰ ਖੇਤਾਂ ਵਿਚ ਕੌਣ ਚਲਾਊਗਾ ਜੀ।
ਗੇੜਾ ਮਾਰ ਹਰ ਸ਼ਹਿਰ ਵਿਚ ਸੋਚ ਲਈਏ
ਰੇਹੜੀ ਕੌਣ ਬਜ਼ਾਰਾਂ ਵਿਚ ਲਾਊ ਗਾ ਜੀ।
ਕਹਿੰਦੇ ‘ਭਈਏ ਭਜਾਉਣੇ’ ਪੰਜਾਬ ਵਿੱਚੋਂ
ਏਸ ਮਸਲੇ ’ਤੇ ਕੌਣ ‘ਸਮਝਾਊਗਾ’ ਜੀ।
ਦੂਜੇ ‘ਸੂਬਿਆਂ ਵਿਚਲੇ’ ਪੰਜਾਬੀਆਂ ਦੀ
ਕਿਹੜਾ ‘ਸਕਾ’ ਜੋ ਸੁੱਖ ਮਨਾਊਗਾ ਜੀ।
ਬਿਨ ਵਿਚਾਰ ਦੇ ਵਿੱਢਿਆ ਮਿਸ਼ਨ ਕੋਈ
ਕੋਈ ‘ਸਮੱਸਿਆ’ ਹੋਰ ਵਧਾਊ ਗਾ ਜੀ।
ਬੇਸ਼ੱਕ ਸਾੜੋ ਦੁਸ਼ਕਰਮੀਂ ਨੂੰ ਅੱਗ ਲਾ ਕੇ
ਕੀਤੀ ਆਪਣੀ ਆਪ ਖੁਦ ਪਾਊ ਗਾ ਜੀ!



-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਦੇਸ਼ ਦੇ ਸਿਪਾਹੀ ਨੂੰ ਸਲਾਮ

ਦੇਵਾਂ ਦਿਲ ਵੀ ਤੈਨੂੰ, ਦੇਵਾਂ ਜਾਨ ਵੀ ਤੈਨੂੰ।
ਤੈਨੂੰ ਤੱਤੀ ਵਾ ਨਾ ਲੱਗੇ, ਮਿਲੇ ਸਨਮਾਨ ਵੀ ਤੈਨੂੰ।

ਤੂੰ ਵਤਨ ਦਾ ਸਿਪਾਹੀ, ਤੈਨੂੰ ਸਿੱਜਦਾ ਕਰਾਂ,
ਏਸ ਮਿੱਟੀ ਵਿਚੋਂ ਆਵੇ ਤੇਰੀ ਮਹਿਕ ਮੈਨੂੰ
ਜਾਨ ਤਲੀ ’ਤੇ ਧਰ ਕੇ, ਸੀਸ ਆਪਣਾ ਕਟਾ ਕੇ,
ਕਰੇਂ ਦੇਸ਼ ਦੀ ਤੂੰ ਰਾਖੀ, ਹੈ ਸਲਾਮ ਤੈਨੂੰ।

ਤੂੰ ਵਤਨ ਦੇ ਲਈ ਕਰੇਂ ਜਿੰਦ ਕੁਰਬਾਨ,
ਦੁੱਖ ਆਪੂੰ ਝੇਲੇਂ, ਸੁੱਖ ਦੇਵੇਂ ਸਭਨਾਂ ਨੂੰ ਤੂੰ
ਤੈਥੋਂ ਜਾਵਾਂ ਕੁਰਬਾਨ, ਤੂੰ ਤਾਂ ਦੇਸ਼ ਦੀ ਹੈਂ ਸ਼ਾਨ,
ਤੇਰੇ ਜੈਸਾ ਜਗ ਉਤੇ, ਨਾ ਮਿਲੇ ਮਹਾਨ ਮੈਨੂੰ।

ਵਿਚ ਜੰਗ ਦੇ ਮੈਦਾਨ, ਵੈਰੀ ਦਲ ਜਦੋਂ ਆਂਣ,
ਕਰੇਂ ਬੜਾ ਘਮਸਾਣ, ਲੋਹ ਚਣੇਂ ਚਬਾਏ ਤੂੰ,
ਸਾਨੂੰ ਤੇਰੇ ਉਤੇ ਮਾਣ, ਤੂੰ ਤਾਂ ਦੇਸ਼ ਦੀ ਹੈ ਸ਼ਾਨ,
ਕਰੇ ਸਭ ਦਾ ਕਲਿਆਣ, ਹੈ ਪ੍ਰਣਾਮ ਤੈਨੂੰ।

ਤੈਨੂੰ ਹੱਥ ਦੀਆਂ ਰੱਖਾਂ, ਜਦੋਂ ਸੀਮਾ ਉਤੇ ਲੜੇਂ,
ਫਤਹ ਪਾ ਕੇ ਵੈਰੀ ਉਤੇ, ਆਵੇਂ ਵਤਨਾਂ ਨੂੰ ਤੂੰ,
ਤੇਰੀ ਕੁਰਬਾਨੀ ਅੱਗੇ, ਹੋਰ ਕੁਝ ਵੀ ਨਾ ਫੱਬੇ,
ਹਰ ਕੋਈ ਦਿਲੋਂ ਕਰੇ ਸਦਾ, ਪਰਵਾਨ ਤੈਨੂੰ।

ਕਰੇਂ ਸਭ ਨੂੰ ਤੂੰ ਪਿਆਰ, ਪਹਿਲਾਂ ਕਰੇ ਨਾ ਤੂੰ ਵਾਰ
ਜੇ ਕੋਈ ਚੜ੍ਹ ਕੇ ਹੀ ਆਵੇ, ਤੂੰ ਸਮਝਾਏ ਉਸਨੂੰ,
ਜੇ ਉਹ ਫਿਰ ਵੀ ਨਾ ਮੰਨੇ, ਕੰਡ ਉਸ ਦੀ ਤੂੰ ਭੰਨੇ,
ਘੇਰੇਂ ਚਾਰੇ ਹੀ ਤੂੰ ਬੰਨ੍ਹੇ, ਹੈ ਸਲਾਮ ਤੈਨੂੰ।

ਤੂੰ ਤਾਂ ਵਤਨ ਦਾ ਸ਼ਹੀਦ, ਮੈਂ ਹਾਂ ਤੇਰਾ ਕਰਜ਼ਦਾਰ,
ਮੈਨੂੰ ਸਮਝ ਨਾ ਲੱਗੇ, ਲਾਹਵੇਂ ਕਿਵੇਂ ਕਰਜ਼ੇ ਨੂੰ,
ਕਿਹੜੇ ਸ਼ਬਦਾਂ ਦੇ ਨਾਲ, ਲਿਖਾਂ ਸਿਫਤ ਤੇਰੀ,
‘ਹਜ਼ੂਰ’ ਮਿਲੇ ਨਾ ਹੀ ਸ਼ਬਦਾਂ ਦੀ ਖਾਨ ਤੈਨੂੰ।



ਹਜ਼ੂਰਾ ਸਿੰਘ (ਰਿਟਾ. ਪ੍ਰਿੰਸੀਪਲ)
ਕੋਠੀ ਨੰ. 2426, ਸਾਊਥ ਵਾਸਕੋ ਰੋਡ
ਕੌਵਨ ਵੇ ਲਿਵਰਮੋਰ
925-660-5977

## ਧੌਲ ਬੈਲ ਤੇ ਕੁੰਡਲੀ ਵਾਲ਼ਾ ਸੱਪ

ਗੱਲ ਮਿਥਿਹਾਸ ਦੀ ਯਾਦਾਂ ਵਿੱਚ ਢੁੱਕੀ,
ਅਖੇ ਸ਼ੇਸ਼ ਨਾਗ ਨੇ ਸਿਰ ਧਰਤੀ ਚੁੱਕੀ।

ਕੋਈ ਕਹਿੰਦੈ ਬਲਦ ਨੇ ਸਿੰਗ ’ਤੇ ਚੁੱਕੀ,
ਪਰ ਇੱਥੇ ਵੀ ਆਣ ਕੇ ਗੱਲ ਨਾ ਮੁੱਕੀ।

ਵਿਗਿਆਨੀ ਦੱਸਦੇ ਹਨ ਕਰ ਕੇ ਖੋਜ,
ਕਿਸੇ ਨਹੀਂ ਹੈ ਚੁੱਕਿਆ ਕਿਸੇ ਦਾ ਬੋਝ।

ਗ੍ਰਹਿ ਖੁਦ ਮੁਖਤਿਆਰ ਨੇ ਕਰਦੇ ਮੌਜ,
ਗੁਰੂਤਾ ਦੀ ਖਿੱਚ ‘ਚ ਬੱਝੇ ਘੁੰਮਦੇ ਰੋਜ਼।

ਸ਼ੇਸ਼ ਨਾਗ, ਬਲਦ ਹੋਰੀਂ ਹੋਏ ਵਿਹਲੇ,
ਕਰਦੇ ਫਿਰਦੇ ਨੇ ਹੁਣ ਬੱਸ ਮੌਜਾਂ ਮੇਲੇ।

ਬਣਾ ਲਏ ਸਿਆਸਤਦਾਨਾਂ ਪੱਕੇ ਚੇਲੇ,
ਉਦੋਂ ਤੋਂ ਨੂੜ ਫਿਰ ਉਨ੍ਹਾਂ ਕੰਮ ’ਤੇ ਠੇਲ੍ਹੇ।

ਬਲਦ ਸਾਹਨ ਬਣਕੇ ਨਿੱਤ ਚੰਨ ਚਾੜ੍ਹੇ,
ਗਊ ਦਾ ਜਾਇਆ ਬਣ ਬੱਖੀਆਂ ਪਾੜੇ।

ਮਾਰ ਕੇ ਬੜ੍ਹਕਾਂ ਗਰੀਬ ਅੰਦਰ ਤਾੜੇ,
ਪਾਉਂਦਾ ਮਜ਼੍ਹਬਾਂ ਦੇ ਰੋਜ਼ ਨਵੇਂ ਪੁਆੜੇ।

ਟੱਕਰਿਆ ਜਦ ਤੋਂ ਸੇਰ ਨੂੰ ਸਵਾ ਸੇਰ,
ਲੱਤਾਂ ’ਚ ਪੂਛ ਦਬਾਈ ਫਿਰਦਾ ਫੇਰ।

ਦੁਸ਼ਮਣਾਂ ਦਬੋਚਿਆ ਚੁਫੇਰਿਉਂ ਘੇਰ,
ਸਹਿਮਿਆਂ ਝੱਟ ਬੱਸ ਲਾਈ ਨ ਦੇਰ।

ਨਹੀਂ ਮਾਲਾ ਉਹਦੇ ਨਾਮ ਦੀ ਜਪਦਾ,
ਉਂਝ ਅੰਦਰੋਂ ਅੰਦਰੀਂ ਜਾਂਦਾ ਹੈ ਖਪਦਾ।

ਵਿਹੁੰ ਕੱਢ ਦਿੱਤਾ ਜਿਉਂ ਖੜੱਪੇ ਸੱਪ ਦਾ,
ਮਾਰੇ ਫੁੰਕਾਰੇ ਪਰ ਜ਼ਹਿਰ ਨ ਤਪਦਾ।

ਪਰ ਲੋਕਾਂ ਨੂੰ ਕੁੰਡਲੀ ਘੁੱਟਕੇ ਹੈ ਪਾਈ,
ਨਾਗ ਵਲ਼ ਦੇਹ ਜਾਨ ਘੰਡ ਫਸਾਈ।

ਤੌਬਾ ਤੌਬਾ ਚੁਫੇਰੇ ਮਚ ਗਈ ਦੁਹਾਈ,
ਉਂਝ ਪਰਜਾ ਨੂੰ ਹਜੇ ਸਮਝ ਨ ਆਈ।

ਸੇਵਾ ਸਿੰਘ ‘‘ਨੂਰਪੁਰੀ’’

## ਆਓ ਗੁੱਲੀ-ਡੰਡਾ ਖੇਡੀਏ

ਗੁੱਲੀ ਡੰਡਾ ਇੱਕ ਖੇਡ ਸੀ ਬੱਚਿਓ
ਹੁੰਦੀ ਬਹੁਤ ਪੁਰਾਣੀ।
ਖੁੱਲ੍ਹੇ ਥਾਂ ’ਤੇ ਖੇਡਦੇ ਹੁੰਦੇ ਸੀ,
ਰਲ ਮਿਲ ਕੇ ਸਭ ਹਾਣੀ।

ਆਓ ਸਾਂਝੀਆਂ ਕਰੀਏ ਆਪਾਂ,
ਖੇਡ ਬਾਰੇ ਕੁੱਝ ਗੱਲਾਂ।
ਬੜੇ ਪੁਰਾਣੇ ਵਿਰਸੇ ਦੇ ਵੱਲ
ਅੱਜ ਥੋਨੂੰ ਲੈ ਚੱਲਾਂ।

ਇੱਕ ਫੁੱਟ ਦੇ ਡੰਡੇ ਦੇ ਸਿਰੇ ’ਤੇ
ਵਾਢਾ ਸੀ ਇੱਕ ਪਾਉਣਾ।
ਚਾਰ ਕੁ ਇੰਚ ਦੀ ਲੱਕੜ ਘੜ੍ਹਕੇ
ਗੁੱਲੀ ਅਸੀਂ ਬਣਾਉਣਾ।

ਦੋਵੇਂ ਪਾਸਿਆਂ ਤੋਂ ਤਿੱਖੀ ਹੁੰਦੀ,
ਹਵਾ ਵਿੱਚ ਉੱਡ ਜਾਵੇ।
ਜਦ ਕੋਈ ਗੱਬ ਨਾਲ ਡੰਡੇ
ਗੁੱਲੀ ਦੇ ਸਿਰੇ ’ਤੇ ਲਾਵੇ।

ਦੋ ਟੋਲੀਆਂ ਵਿੱਚ ਜਾਂਦੇ ਸੀ ਫਿਰ
ਸਾਰੇ ਹਾਣੀ ਵੰਡੇ।
ਇੱਕ ਨੇ ਸੁੱਟਣੀ, ਦੂਜੇ ਨੇ ਬੁੱਚਣੀ,
ਸੁੱਟਦੇ ਨਾਲ ਸੀ ਡੰਡੇ।

ਲੰਮੀ ਰਾਹਬ ਧਰਤੀ ’ਤੇ ਪੁੱਟਕੇ,
ਉਸ ਉੱਪਰ ਰੱਖ ਲੈਂਦੇ।
ਸਾਰਾ ਜ਼ੋਰ ਲਾ ਉੱਪਰ ਸੁੱਟਣੀ,
ਹੰਪੇ ਨਾਲੇ ਸੀ ਕਹਿੰਦੇ।

ਜਿੰਨਾਂ ਨੇ ਬੁੱਚ ਲੈਣੀ ਗੁੱਲੀ,
ਜਿੱਤ ਉਹੀ ਸੀ ਜਾਂਦੇ।
ਫਿਰ ਵਾਰੀ ਦੂਜਿਆਂ ਦੀ ਆਉਣੀ,
ਆਪਣੀ ਵਾਰੀ ਪੁਗਾਉਂਦੇ।

ਇਸ ਤਰ੍ਹਾਂ ਦੀ ਖੇਡ ਉਹ ‘ਪੱਤੋ’,
ਅੱਜ ਖੇਡੇ ਨਾ ਕੋਈ।
ਨਵੀਆਂ ਖੇਡਾਂ ਪੱਬ ਜੀ ਵਰਗੀਆਂ,
ਬਚਪਨ ਜਾਣ ਲਕੋਈ।

ਹਰਪ੍ਰੀਤ ਪੱਤੋ
94658-21417

# ਮਹਿਲਾ ਨਿਰਦੇਸ਼ਕਾਂ ਅਤੇ ਵਿਸ਼ਵ ਸਿਨੇਮਾ ਦਾ ਪੁਨਰਲੇਖਣ

ਮਹਿਲਾ ਨਿਰਦੇਸ਼ਕਾਂ ਦੀ ਵੱਧਦੀ ਮੌਜੂਦਗੀ ਨੇ ਵਿਸ਼ਵ ਸਿਨੇਮਾ 'ਤੇ ਡੂੰਘਾ ਅਤੇ ਪਰਿਵਰਤਨਸ਼ੀਲ ਪ੍ਰਭਾਵ ਪਾਇਆ ਹੈ, ਸਥਾਪਿਤ ਨਿਯਮਾਂ ਨੂੰ ਚੁਣੌਤੀ ਦਿੱਤੀ ਹੈ, ਕਹਾਣੀ ਸੁਣਾਉਣ ਵਿੱਚ ਵਿਭਿੰਨਤਾ ਲਿਆਂਦੀ ਹੈ ਅਤੇ ਨਵੇਂ ਦ੍ਰਿਸ਼ਟੀਕੋਣ ਪੇਸ਼ ਕੀਤੇ ਹਨ ਜੋ ਪਹਿਲਾਂ ਘੱਟ ਦਰਸਾਏ ਗਏ ਸਨ। ਇਹ ਲਹਿਰ ਸਿਰਫ਼ ਇੱਕ ਅੰਕੜਾ ਵਧਾਉਣ ਬਾਰੇ ਨਹੀਂ ਹੈ; ਇਹ ਕਹਾਣੀਆਂ ਕੀ ਦੱਸੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਕੌਣ ਦੱਸਦਾ ਹੈ, ਅਤੇ ਵਿਸ਼ਵਵਿਆਪੀ ਦਰਸ਼ਕਾਂ ਦੁਆਰਾ ਉਨ੍ਹਾਂ ਨੂੰ ਕਿਵੇਂ ਸਮਝਿਆ ਜਾਂਦਾ ਹੈ, ਇਸ ਵਿੱਚ ਇੱਕ ਬੁਨਿਆਦੀ ਤਬਦੀਲੀ ਬਾਰੇ ਹੈ। ਬਿਰਤਾਂਤਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਵਿਭਿੰਨ ਬਣਾਉਣਾ ਦਹਾਕਿਆਂ ਤੋਂ, ਸਿਨੇਮੈਟਿਕ ਲੈਂਡਸਕੇਪ ਮੁੱਖ ਤੌਰ 'ਤੇ ਮਰਦ ਨਜ਼ਰ ਦੁਆਰਾ ਆਕਾਰ ਦਿੱਤਾ ਗਿਆ ਸੀ - ਨਾਰੀਵਾਦੀ ਫਿਲਮ ਸਿਧਾਂਤ ਤੋਂ ਇੱਕ ਸ਼ਬਦ ਜੋ ਔਰਤਾਂ ਨੂੰ ਅਕਸਰ ਮਰਦ ਦਰਸ਼ਕਾਂ ਦੀ ਖ਼ੁਸ਼ੀ ਲਈ ਵਸਤੂਆਂ ਵਜੋਂ ਦਰਸਾਉਣ ਦੇ ਤਰੀਕੇ ਦਾ ਹਵਾਲਾ ਦਿੰਦਾ ਹੈ। ਮਹਿਲਾ ਨਿਰਦੇਸ਼ਕਾਂ ਨੇ ਇਸ ਨੂੰ ਖਤਮ ਕਰਨ ਲਈ ਸਰਗਰਮੀ ਨਾਲ ਕੰਮ ਕੀਤਾ ਹੈ, ÷ਔਰਤ ਨਜ਼ਰ÷ ਨੂੰ ਪੇਸ਼ ਕੀਤਾ ਹੈ ਜੋ ਔਰਤ ਵਿਅਕਤੀਗਤਤਾ, ਅੰਦਰੂਨੀਤਾ ਅਤੇ ਏਜੰਸੀ 'ਤੇ ਕੇਂਦ੍ਰਿਤ ਹੈ। ਇਸ ਨਾਲ ਅਜਿਹੀਆਂ ਫਿਲਮਾਂ ਬਣੀਆਂ ਹਨ ਜੋ:

**ਡੂੰਘਾਈ ਅਤੇ ਜਟਿਲਤਾ ਨਾਲ ਮਹਿਲਾ ਨਾਇਕਾਵਾਂ ਨੂੰ ਕੇਂਦਰਿਤ ਕਰੋ:** ਜੇਨ ਕੈਂਪੀਅਨ (ਦ ਪਿਆਨੋ, ਦ ਪਾਵਰ ਆਫ਼ ਦ ਡੌਗ), ਸੋਫੀਆ ਕੋਪੋਲਾ (ਲੌਸਟ ਇਨ ਟ ?ਰਾਂਸਲੇਸ਼ਨ, ਦ ਵਰਜਿਨ ਸੁਸਾਈਡਜ਼), ਅਤੇ ਸੇਲਿਨ ਸ਼ਿਆਮਾ (ਪੋਰਟਰੇਟ ਆਫ਼ ਏ ਲੇਡੀ ਔਨ ਫਾਇਰ) ਵਰਗੇ ਨਿਰਦੇਸ਼ਕ ਅਜਿਹੇ ਬਿਰਤਾਂਤ ਤਿਆਰ ਕਰਦੇ ਹਨ ਜਿੱਥੇ ਔਰਤਾਂ ਨੂੰ ਮਰਦਾਂ ਨਾਲ ਉਨ੍ਹਾਂ ਦੇ ਸਬੰਧਾਂ ਦੁਆਰਾ ਪਰਿਭਾਸ਼ਿਤ ਨਹੀਂ ਕੀਤਾ ਜਾਂਦਾ ਹੈ, ਸਗੋਂ ਪੂਰੀ ਤਰ੍ਹਾਂ, ਬਹੁ-ਆਯਾਮੀ ਪਾਤਰ ਹਨ ਜੋ ਆਪਣੀਆਂ ਇੱਛਾਵਾਂ, ਪਛਾਣਾਂ ਅਤੇ ਸੰਘਰਸ਼ਾਂ ਦੀ ਪੜਚੋਲ ਕਰਦੇ ਹਨ।

**ਹਮਦਰਦੀ, ਪਛਾਣ ਅਤੇ ਸਮਾਜਿਕ ਮੁੱਦਿਆਂ ਦੇ ਵਿਸ਼ਿਆਂ ਦੀ ਪੜਚੋਲ ਕਰੋ:** ਭਾਰਤ ਵਿੱਚ ਗੌਰੀ ਸ਼ਿੰਦੇ (ਇੰਗਲਿਸ਼ ਵਿੰਗਲਿਸ਼) ਅਤੇ ਜ਼ੋਇਆ ਅਖਤਰ (ਗਲੀ ਬੁਆਏ) ਦੇ ਗੂੜ੍ਹੇ ਨਾਟਕਾਂ ਤੋਂ ਲੈ ਕੇ ਸੰਯੁਕਤ ਰਾਜ ਅਮਰੀਕਾ ਵਿੱਚ ਅਵਾ ਡੂਵਰਨੇ (13ਵੀਂ) ਦੀਆਂ ਸਮਾਜਿਕ ਤੌਰ 'ਤੇ ਚੇਤੰਨ ਦਸਤਾਵੇਜ਼ੀ ਫਿਲਮਾਂ ਤੱਕ, ਮਹਿਲਾ ਨਿਰਦੇਸ਼ਕ ਅਕਸਰ ਆਪਣੇ ਕੰਮ ਵਿੱਚ ਇੱਕ ਵਿਲੱਖਣ ਸੰਵੇਦਨਸ਼ੀਲਤਾ



ਲਿਆਉਂਦੀਆਂ ਹਨ, ਲਿੰਗ, ਨਸਲ, ਵਰਗ ਅਤੇ ਸਮਾਜਿਕ ਨਿਆਂ ਦੇ ਵਿਸ਼ਿਆਂ ਨੂੰ ਸੰਬੋਧਿਤ ਕਰਦੀਆਂ ਹਨ।

**ਚੁਣੌਤੀ ਸ਼ੈਲੀ ਦੇ ਸੰਮੇਲਨ:** ਮਹਿਲਾ ਨਿਰਦੇਸ਼ਕਾਂ ਨੇ ਐਕਸ਼ਨ ਅਤੇ ਡਰਾਉਣੀ ਤੋਂ ਲੈ ਕੇ ਕਾਮੇਡੀ ਅਤੇ ਡਰਾਮਾ ਤੱਕ, ਸਾਰੀਆਂ ਸ਼ੈਲੀਆਂ ਵਿੱਚ ਕੰਮ ਕਰਨ ਦੀ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ ਹੈ, ਜਦੋਂ ਕਿ ਅਕਸਰ ਰਵਾਇਤੀ ਟਰੋਪਾਂ ਨੂੰ ਉਲਟਾ ਦਿੱਤਾ ਹੈ। ਕੈਥਰੀਨ ਬਿਗੇਲੋ, ਸਰਬੋਤਮ ਨਿਰਦੇਸ਼ਕ ਲਈ ਅਕੈਡਮੀ ਅਵਾਰਡ ਜਿੱਤਣ ਵਾਲੀ ਪਹਿਲੀ ਔਰਤ, ਇੱਕ ਪ੍ਰਮੁੱਖ ਉਦਾਹਰਣ ਹੈ, ਜਿਸਦੀ ਐਕਸ਼ਨ ਅਤੇ ਯੁੱਧ ਫਿਲਮਾਂ ਜਿਵੇਂ ਕਿ ਦ ਹਰਟ ਲਾਕਰ ਵਿੱਚ ਪ੍ਰਸ਼ੰਸਾਯੋਗ ਕੰਮ ਹੈ। ਸੁਤੰਤਰ ਅਤੇ ਵਿਸ਼ਵ ਸਿਨੇਮਾ ਦਾ ਉਭਾਰ ਜਦੋਂ ਕਿ ਔਰਤਾਂ ਮੂਕ ਯੁੱਗ ਤੋਂ ਹੀ ਫਿਲਮ ਨਿਰਮਾਣ ਵਿੱਚ ਸ਼ਾਮਲ ਰਹੀਆਂ ਹਨ - ਐਲਿਸ ਗਾਈ-ਬਲੈਚੇ ਵਰਗੇ ਮੋਢੀਆਂ ਦੇ ਨਾਲ - ਪੁਰਸ਼-ਪ੍ਰਧਾਨ ਸਟੂਡੀਓ ਪ੍ਰਣਾਲੀ ਵਿੱਚ ਉਨ੍ਹਾਂ ਦੇ ਮੌਕੇ ਇਤਿਹਾਸਕ ਤੌਰ 'ਤੇ ਸੀਮਤ ਸਨ। 20ਵੀਂ ਸਦੀ ਦੇ ਅਖੀਰਲੇ ਅੱਧ ਵਿੱਚ ਸੁਤੰਤਰ ਫਿਲਮ ਅੰਦੋਲਨਾਂ ਦੇ ਉਭਾਰ ਨੇ ਔਰਤਾਂ ਨੂੰ ਪ੍ਰਯੋਗ ਕਰਨ ਅਤੇ ਕਹਾਣੀਆਂ ਸੁਣਾਉਣ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਪ੍ਰਦਾਨ ਕੀਤਾ ਜੋ ਸ਼ਾਇਦ ਵੱਡੇ ਸਟੂਡੀਓ ਦੁਆਰਾ ਹਰੀ ਝੰਡੀ ਨਾ ਦਿੱਤੀ ਗਈ ਹੋਵੇ। ਇਹ ਤਬਦੀਲੀ ਫਿਲਮ ਨਿਰਮਾਤਾਵਾਂ ਦੇ ਕਰੀਅਰ ਵਿੱਚ ਮਹੱਤਵਪੂਰਨ ਸੀ ਜਿਵੇਂ ਕਿ:




ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110


**ਅਗਨੇਸ ਵਾਰਦਾ:** ਫਰੈਂਚ ਨਿਊ ਵੇਵ ਦੀ ਇੱਕ ਪ੍ਰਮੁੱਖ ਹਸਤੀ, ਉਸਦੀਆਂ ਕਲੀਓ ਫਰਾਮ 5 ਤੋਂ 7 ਵਰਗੀਆਂ ਫਿਲਮਾਂ ਨੇ ਦਸਤਾਵੇਜ਼ੀ ਅਤੇ ਗਲਪ ਨੂੰ ਮਿਲਾਇਆ, ਇੱਕ ਮਾਨਵਵਾਦੀ ਅਤੇ ਅਕਸਰ ਸਵੈਜੀਵਨੀ ਦ੍ਰਿਸ਼ਟੀਕੋਣ ਪੇਸ਼ ਕੀਤਾ ਜੋ ਇਨਕਲਾਬੀ ਸੀ।

**ਚੈਂਟਲ ਅਕਰਮੈਨ:** ਆਪਣੇ ਘੱਟੋ-ਘੱਟ ਅਤੇ ਬਹੁਤ ਹੀ ਰਸਮੀ ਪਹੁੰਚ ਲਈ ਜਾਣੀ ਜਾਂਦੀ, ਅਕਰਮੈਨ ਦੀਆਂ ਫਿਲਮਾਂ, ਖਾਸ ਤੌਰ 'ਤੇ ਜੀਨ ਡੀਲਮੈਨ, 23, ਕਵਾਈ ਡੂ ਕਾਮਰਸ, 1080 ਬਰੂਕਸੇਲਜ਼, ਨੂੰ ਰੋਜ਼ਾਨਾ ਜੀਵਨ ਅਤੇ ਘਰੇਲੂਤਾ ਦੇ ਉਹਨਾਂ ਦੇ ਇਨਕਲਾਬੀ ਵਿਨਿਰਮਾਣ ਲਈ ਨਾਰੀਵਾਦੀ ਸਿਨੇਮਾ ਦੇ ਮੀਲ ਪੱਥਰ ਮੰਨਿਆ ਜਾਂਦਾ ਹੈ। ਅੱਜ, ਇਹ ਰੁਝਾਨ ਦੁਨੀਆ ਭਰ ਦੀਆਂ ਮਹਿਲਾ ਨਿਰਦੇਸ਼ਕਾਂ ਦੀ ਇੱਕ ਨਵੀਂ ਪੀੜ੍ਹੀ ਦੇ ਨਾਲ ਜਾਰੀ ਹੈ ਜੋ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸ਼ੰਸਾ ਪ੍ਰਾਪਤ ਕਰ ਰਹੀਆਂ ਹਨ। ਉਦਾਹਰਣ ਵਜੋਂ, ਦੱਖਣੀ ਕੋਰੀਆ ਤੋਂ ਬੋਂਗ ਜੂਨ-ਹੋ ਜਾਂ ਮੈਕਸੀਕੋ ਤੋਂ ਗਿਲਰਮੋ ਡੇਲ ਟੋਰੋ ਵਰਗੇ ਨਿਰਦੇਸ਼ਕ ਇੱਕ ਵਿਸ਼ਾਲ ਵਰਤਾਰੇ ਦਾ ਹਿੱਸਾ ਹਨ ਜਿੱਥੇ ਵਿਭਿੰਨ ਸਭਿਆਚਾਰਾਂ ਦੀਆਂ ਕਹਾਣੀਆਂ ਨੂੰ ਵਿਸ਼ਵਵਿਆਪੀ ਦਰਸ਼ਕ ਮਿਲ ਰਹੇ ਹਨ, ਅਤੇ ਔਰਤਾਂ ਉਸ ਲਹਿਰ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਈਰਾਨ ਦੀ ਅਨਾ ਲਿਲੀ ਅਮੀਰਪੁਰ (ਏ ਗਰਲ ਵਾਕਸ ਹੋਮ ਅਲੋਨ ਐਟ ਨਾਈਟ), ਟਿਊਨੀਸ਼ੀਆ ਦੀ ਕੌਥਰ ਬੇਨ ਹਾਨੀਆ (ਦ ਮੈਨ ਹੂ ਸੋਲਡ ਹਿਜ਼ ਸਕਿਨ), ਅਤੇ ਭਾਰਤ ਦੀ ਕਿਰਨ ਰਾਓ (ਲਾਪਾਟਾ ਲੇਡੀਜ਼) ਵਰਗੇ ਫਿਲਮ ਨਿਰਮਾਤਾ ਸਾਬਤ ਕਰ ਰਹੇ ਹਨ ਕਿ ਸੱਭਿਆਚਾਰਕ ਤੌਰ 'ਤੇ ਵਿਸ਼ੇਸ਼ ਕਹਾਣੀਆਂ ਵਿਸ਼ਵਵਿਆਪੀ ਤੌਰ 'ਤੇ ਗੂੰਜ ਸਕਦੀਆਂ ਹਨ। ਚੁਣੌਤੀਆਂ ਅਤੇ ਨਿਰੰਤਰ ਵਿਕਾਸ ਤਰੱਕੀ ਦੇ ਬਾਵਜੂਦ, ਮਹੱਤਵਪੂਰਨ ਚੁਣੌਤੀਆਂ ਅਜੇ ਵੀ ਕਾਇਮ ਹਨ। ਅਧਿਐਨ ਲਗਾਤਾਰ ਦਰਸਾਉਂਦੇ ਹਨ ਕਿ ਔਰਤਾਂ ਨੂੰ ਅਜੇ ਵੀ ਉੱਚ ਨਿਰਦੇਸ਼ਨ ਦੇ ਕੰਮਾਂ ਵਿੱਚ ਘੱਟ ਪ੍ਰਤੀਨਿਧਤਾ ਦਿੱਤੀ ਜਾਂਦੀ ਹੈ, ਖਾਸ ਕਰਕੇ ਉੱਚ-ਬਜਟ ਵਾਲੀਆਂ ਫਿਲਮਾਂ ਵਿੱਚ। ਔਰਤਾਂ ਦੁਆਰਾ ਨਿਰਦੇਸ਼ਿਤ ਫਿਲਮਾਂ ਅਕਸਰ ਆਪਣੇ ਪੁਰਸ਼-ਨਿਰਦੇਸ਼ਿਤ ਹਮਰੁਤਬਾ ਦੇ ਮੁਕਾਬਲੇ ਬਜਟ ਅਤੇ ਬਾਕਸ ਆਫਿਸ ਅਸਮਾਨਤਾਵਾਂ ਦਾ ਸਾਹਮਣਾ ਕਰਦੀਆਂ ਹਨ। ਹਾਲਾਂਕਿ, ਗੱਲਬਾਤ ਬਦਲ ਰਹੀ ਹੈ। ਮਹਿਲਾ ਨਿਰਦੇਸ਼ਕਾਂ ਦੀ ਵਧਦੀ ਦਿੱਖ, ਵਕਾਲਤ ਦੇ ਯਤਨਾਂ ਅਤੇ ਸਟਰੀਮਿੰਗ ਪਲੇਟਫਾਰਮਾਂ ਦੇ ਉਭਾਰ ਦੇ ਨਾਲ, ਨਵੇਂ ਮੌਕੇ ਪੈਦਾ ਕਰ ਰਹੀ ਹੈ। ਫਿਲਮ ਫੈਸਟੀਵਲ ਅਤੇ ਉਦਯੋਗ ਪੁਰਸਕਾਰ ਔਰਤਾਂ ਦੇ ਕੰਮ ਨੂੰ ਵੱਧ ਤੋਂ ਵੱਧ ਮਾਨਤਾ ਅਤੇ ਜਸ਼ਨ ਮਨਾ ਰਹੇ ਹਨ, ਅਤੇ ਗ੍ਰੇਟਾ ਗਰਵਿਗ ਦੀ ਬਾਰਬੀ ਵਰਗੀਆਂ ਫਿਲਮਾਂ ਦੀ ਸਫਲਤਾ ਨੇ ਦਿਖਾਇਆ ਹੈ ਕਿ ਔਰਤ-ਨਿਰਦੇਸ਼ਿਤ ਕਹਾਣੀਆਂ ਆਲੋਚਨਾਤਮਕ ਤੌਰ 'ਤੇ ਪ੍ਰਸ਼ੰਸਾਯੋਗ ਅਤੇ ਵਪਾਰਕ ਤੌਰ 'ਤੇ ਜੇਤੂ ਹੋ ਸਕਦੀਆਂ ਹਨ। ਸਿੱਟੇ ਵਜੋਂ, ਮਹਿਲਾ ਨਿਰਦੇਸ਼ਕ ਸਿਨੇਮਾ ਦੇ ਇਤਿਹਾਸ ਵਿੱਚ ਸਿਰਫ਼ ਇੱਕ ਫੁੱਟਨੋਟ ਨਹੀਂ ਹਨ; ਉਹ ਇਸਦੇ ਭਵਿੱਖ ਨੂੰ ਸਰਗਰਮੀ ਨਾਲ ਦੁਬਾਰਾ ਲਿਖ ਰਹੀਆਂ ਹਨ। ਵਿਕਲਪਿਕ ਦ੍ਰਿਸ਼ਟੀਕੋਣ ਪੇਸ਼ ਕਰਕੇ, ਬਿਰਤਾਂਤਾਂ ਨੂੰ ਵਿਭਿੰਨ ਬਣਾ ਕੇ, ਅਤੇ ਸਕ੍ਰੀਨ 'ਤੇ ਜੋ ਸੰਭਵ ਹੈ ਉਸ ਦੀਆਂ ਸੀਮਾਵਾਂ ਨੂੰ ਅੱਗੇ ਵਧਾ ਕੇ, ਉਹ ਵਿਸ਼ਵ ਸਿਨੇਮਾ ਨੂੰ ਵਧੇਰੇ ਸੰਮਲਿਤ, ਪ੍ਰਮਾਣਿਕ ਅਤੇ ਮਨੁੱਖੀ ਅਨੁਭਵ ਨੂੰ ਇਸਦੀ ਸਾਰੀ ਗੁੰਝਲਤਾ ਵਿੱਚ ਪ੍ਰਤੀਬਿੰਬਤ ਬਣਾ ਰਹੀਆਂ ਹਨ।

# ਨੀਮ ਪਹਾੜੀਆਂ ਅਤੇ ਸੁੰਦਰ ਝੀਲਾਂ ਦਾ ਖ਼ੂਬਸੂਰਤ ਸ਼ਹਿਰ-ਜੈਸਪਰ (ਕਨਾਡਾ)

ਜੈਸ਼ਪਰ ਸ਼ਹਿਰ ਕਨਾਡਾ (ਅਲਬਰਟਾ ਰਾਜ) ਦਾ ਖ਼ੂਬਸੂਰਤ ਸ਼ਹਿਰ ਹੈ। ਇਹ ਸ਼ਹਿਰ ਨੀਮ ਪਹਾੜੀਆਂ ਅਤੇ ਸੁੰਦਰ ਝੀਲਾਂ ਦੇ ਕੁਦਰਤੀ ਮਾਹੌਲ ਵਿਚ ਵੱਸਿਆ ਹੋਇਆ ਹੈ। ਸ਼ਹਿਰ ਦੇ ਚਾਰੇ ਪਾਸੇ ਖਿਡਾਉਂਣਿਆ ਵਾਂਗੂੰ ਸੁਸ਼ੋਭਿਤ ਵੱਖ-ਵੱਖ ਆਕਾਰ ਦੀਆਂ ਪਹਾੜੀਆਂ ਤਰ੍ਹਾਂ-ਤਰ੍ਹਾਂ ਦੇ ਮੂਰਤ ਬਿੰਬ ਬਣਾਉਂਦੀਆਂ ਹੋਈਆਂ ਸਮੋਹਿਤ ਖਿੱਚ ਰਖਦੀਆਂ ਹਨ। ਇਹ ਸੁੰਦਰ ਸਥਾਨ ਸਥਿਤੀਬੋਧ ਜਗਾਉਂਦਾ ਹੈ। ਆਪਣੀਆਂ ਜੜ੍ਹਾਂ ਦੀ ਪਹਿਚਾਣ ਛੱਡਦਾ ਹੈ। ਇਸ ਦੁਆਰਾ ਆਣੀ ਮਿੱਟੀ 'ਚੋਂ ਰਸ ਦੀਆਂ ਸੰਭਾਵਨਾਵਾਂ ਉਜਾਗਰ ਕਰਦਾ ਹੈ। ਇਸਦੇ ਕੁਦਰਤੀ ਅਤੇ ਖੋਜਮਈ ਲੁਭਾਉਣੇਂ ਦ੍ਰਿਸ਼ ਜੋ ਨਾ ਕੇਵਲ ਅੰਤਰਮਨ ਨੂੰ ਉਧੋਲਿਤ ਕਰਦੇ ਹਨ ਅਲਬੱਤਾ ਮਾਨਸ ਪਟਲ ਊਪਰ ਕੋਈ ਸਾਰਥਕ ਪ੍ਰਸ਼ਨ ਵੀ ਚਿੰਤਨ ਹੇਤੂ ਛੱਡ ਜਾਂਦੇ ਹਨ। ਚਾਰੇ ਪਾਸੇ ਹਰਿਆਲੀ ਦੀ ਕੁੱਖ ਸੰਵੇਦਨ ਨਾਲ ਭਰੀ ਹੁੰਦੀ ਹੈ।

ਇਸ ਇਲਾਕੇ ਦੇ ਰੁੱਖ-ਪੌਦੇ ਅਨੇਕ ਰੰਗਾਂ ਦਾ ਸੁਭਾਅ ਰਖਦੇ ਹਨ। ਸੜਕਾਂ ਦੇ ਕਿਨਾਰੇ ਸਫ਼ੇਦ ਤਨੇ, ਸਫ਼ੇਦ ਟਹਿਣੀਆਂ ਅਤੇ ਹਰੇ ਪਤਿਆਂ ਨਾਲ ਮਾਲਾ-ਮਾਲ ਰੁੱਖ ਇਕ ਜਾਦੂ ਪੈਦਾ ਕਰਦੇ ਹਨ। ਕਈ ਜਾਤੀਆਂ ਦੇ ਰੁੱਖ ਸੁੰਦਰਤਾ ਨਾਲ ਅਧਿਆਤਮਿਕਤਾ ਵਿਚ ਪਿਰੋਏ ਮਿਲਦੇ ਹਨ।


ਬਲਵਿੰਦਰ 'ਬਾਲਮ'
ਓਂਕਾਰ ਨਗਰ,
ਗੁਰਦਾਸਪੁਰ (ਪੰਜਾਬ)
ਮੋ: 98156-25409




ਸ਼ਹਿਰ ਦੇ ਬਾਹਰ ਇਕ ਨਹੀਂ ਅਨੇਕਾਂ ਹੀ ਦੂਰ ਦੂਰ ਨੇੜੇ ਨੇੜੇ ਸੁੰਦਰ ਝੀਲਾਂ ਸ਼ੀਸ਼ੇ ਰੰਗੇ ਪਾਣੀ ਦੀ ਲਿਬਾਸ ਵਿਚ ਆਕਰਸ਼ਣ ਪੈਦਾ ਕਰਦੀਆਂ ਹਨ। ਇਥੇ ਯਾਤਰੀਆਂ ਦਾ ਤਾਂਤਾ ਲੱਗਾ ਰਹਿੰਦਾ ਹੇ। ਇਕ ਝੀਲ ਦੇ ਨੇੜੇ ਇਕ ਖੁੱਲ੍ਹਾ- ਡੁੱਲ੍ਹਾ ਵਿਹੜਾ ਹੈ ਕੁਦਰਤੀ ਮਾਹੌਲ ਨਾਲ ਮਾਲਾ-ਮਾਲ। ਇੱਥੇ ਕਨੇਡੀਅਨ ਲੋਕ ਵਿਆਹ-ਸ਼ਾਦੀਆਂ ਵੀ ਕਰਨ ਆ ਜਾਂਦੇ ਹਨ। ਇੱਥੋਂ ਦੇ ਲੋਕ ਕੁਦਰਤੀ ਨਜ਼ਾਰਿਆਂ ਨੂੰ ਆਪਣੇ ਸੁਭਾਅ ਦੇ ਅਨੁਕੂਲ ਬਣਾ ਕੇ ਉਤਸਵ ਰਚਨ ਵਿਚ ਮਾਹਿਰ ਹਨ। ਇਕ ਸਾਧਾਰਣ ਸ਼ਾਦੀ ਵਿਚ 20 ਤੋਂ 40 ਦੇ ਕਰੀਬ ਮਹਿਮਾਨ ਅਤੇ ਜਜ਼ਮਾਨ ਹੁੰਦੇ ਹਨ। ਖ਼ਾਣ-ਪੀਣ ਲਈ ਪੈਕਿੰਗ ਸਿਸਟਮ ਹੀ ਹੁੰਦਾ ਹੈ। ਲੋਕ ਬੱਸਾਂ, ਟੈਕਸੀਆਂ ਜਾਂ ਨਿੱਜੀ ਕਾਰਾਂ ਵਿਚ ਤਿਆਰ ਕੀਤਾ ਭੋਜਨ ਜਾਂ ਕੱਚੀ ਰਸਦ ਤੇ ਹੋਰ ਜ਼ਰੂਰੀ ਸਾਮਾਨ ਨਾਲ ਲੈ ਆਉਂਦੇ ਹਨ। ਕੁਝ-ਕੁਝ ਲਕ ਟਰਾਲਾ ਹਾਊਸ ਨਾਲ ਲੈ ਕੇ ਆਉਂਦੇ ਹਨ। ਇਹ ਟਰਾਲਾ ਇਕ ਵੈਨ ਹੁੰਦੀਆਂ ਹਨ। ਇਹ ਟਰਾਲੇ ਕਿਰਾਏ 'ਤੇ ਮਿਲਦੇ ਹਨ ਅਤੇ ਕਾਰ ਦੇ ਪਿੱਛੇ ਟੋਚਨ ਪਾ ਕੇ ਲੈ ਜਾਂਦੇ ਹਨ। ਇਸਦਾ ਆਪਣਾ ਇਕ ਵੱਖਰਾ ਹੀ ਲੁਤਫ਼-ਨਜ਼ਾਰਾ ਹੁੰਦਾ ਹੈ।

ਇਥੇ ਸਰਦੀਆਂ ਵਿਚ ਬਰਫ਼ ਬਹੁਤ ਪੈਂਦੀ ਹੈ ਪਰ ਗਰਮੀਆਂ ਵਿਚ ਚਾਂਦੀ ਦੀਆਂ ਝਾਂਜਰਾਂ ਵਾਂਗ ਪਿਘਲਦੀ ਬਰਫ਼ ਸੰਮੋਹਨ ਪੈਦਾ ਕਰਦੀ ਹੈ। ਗਰਮੀਆਂ ਵਿਚ ਵੀ ਮੌਸਮ ਠੰਢਾ ਰਹਿੰਦਾ ਹੈ ਨਜ਼ਾਰੇ ਵਾਲਾ ਪਰ ਬਰਫ਼ ਨਈਂ ਪੈਂਦੀ। ਇੱਥੇ ਬਾਰਿਸ਼ ਦਾ ਅਲੌਕਿਕ ਅਤੇ ਲੌਕਿਕ ਨਜ਼ਾਰਾ ਭੌਤਿਕ ਜ਼ਰੂਰਤਾਂ ਵਿਚ ਹੋਰ ਵੀ ਸੁੱਖਦਾਇਕ ਹੁੰਦਾ ਹੈ। ਕਦੋਂ ਬੱਦਲ ਆਏ ਕਦੋਂ ਚਲੇ ਗਏ, ਪਤਾ ਹੀ ਨਈਂ ਚਲਦਾ। ਧਰਤੀ-ਅਸਮਾਨ ਵਿਚਕਾਰ ਅੱਖ ਮਚੋਲੀ ਖੇਡਦੇ ਬੱਦਲ ਸੁਖਦ ਦ੍ਰਿਸ਼ ਪੈਦਾ ਕਰਦੇ ਹਨ ਜਿਹੜੇ ਮਗਰਸਪਰਸ਼ੀ ਮਾਹੌਲ ਪੈਦਾ ਕਰਦੇ ਹਨ।

ਜੈਸਪਰ 1813 ਵਿਚ ਸਥਾਪਿਤ ਹੋਇਆ। ਜੈਸਪਰ ਨੈਸ਼ਨਲ ਪਾਰਕ 1907 ਵਿਚ ਸਥਾਪਿਤ ਹੋਇਆ ਜੋ ਪ੍ਰਸਿੱਧ ਅਤੇ ਇਤਿਹਾਸਕ ਸਥਾਨ ਦਾ ਦਰਜ਼ਾ ਲੈ ਚੁੱਕਾ ਹੈ। 1931 ਵਿਚ ਜੈਸਪਰ ਐਡਮਿੰਟਨ ਦੀਆਂ ਸੜਕਾਂ ਨਾਲ ਜੁੜ ਚੁਕਾ ਸੀ। 1940 ਵਿਚ ਪ੍ਰਾਕ੍ਰਿਤਿਕ ਆਈਸ ਫੀਲਡ ਪਾਰਕ ਵੇ ਖੋਲ੍ਹਿਆ ਗਿਆ ਜਿਹੜਾ ਪ੍ਰਸਿੱਧ ਲੇਕ ਲੂਈਸ (ਝੀਲ) ਅਤੇ ਜੈਸਪਰ ਨੂੰ ਜੋੜਦਾ ਹੈ।

ਜੈਸਪਰ, ਅਤਬਾਸਾ ਰਿਵਰ ਘਾਟੀ ਨਾਲ ਸਥਿਤ ਹੈ। ਇੱਥੇ ਪਿਰਾਮਿਡ ਜਿਹੀਆਂ ਆਕਰਸ਼ਕ ਪਹਾੜੀਆਂ ਹਨ। ਨਦੀਆਂ ਦਾ ਅਦਭੁਤ ਸੰਗਮ। ਜੈਸਪਰ ਵਿਖੇ ਪਿਰਾਮਿਡ ਲੇਕ, ਪੈਟਰੀਸੀਆ ਲੇਕ, ਐਨਟ ਲੇਕ, ਏਡਿਸ ਲੇਕ, ਬਿਓਵਰਟ ਲੇਕ, ਮਲਗੀਨ ਲੇਕ, ਮੈਡੀਸਨਸ ਲੇਕ ਅਤੇ ਹੋਰ ਲਘੂ ਝੀਲਾਂ ਇਸ ਸਥਾਨਦੀ ਸ਼ੋਭਾ ਨੂੰ ਚਾਰ ਚੰਨ ਲਾਉਂਦੀਆਂ ਹਨ।

ਇੱਥੇ ਅਨੇਕਾਂ ਵਿਸ਼ਵ ਪ੍ਰਸਿੱਧ ਹੋਰ ਸਥਾਨ ਵੇਖਣਯੋਗ ਹਨ। ਇਸ ਇਲਾਕੇ ਵਲ ਲੱਖਾਂ ਹੀ ਯਾਤਰੀ ਹਰ ਸਾਲ ਆਉਂਦੇ ਹਨ।



ਸਹਿਰ ਦੇ ਉਤਰ ਵਿਚ 'ਕਬਾਬਾਸਕਾ ਵੈਲੀ' ਵਿਚ ਇਕ ਪਠਾਰ ਸਥਿਤ ਹੈ। ਇੱਥੇ ਸਥਾਨ ਦੀ ਭਰਮਾਰ ਹੈ ਜਿੱਥੇ ਯਾਤਰੀ ਮਨੋਰੰਜਨ ਲਈ ਜਮ੍ਹਾਂ ਰਹਿੰਦੇ ਹਨ। ਇਸ ਸਥਾਨ ਵਿਖੇ ਹੀ ਇਕ ਇਤਿਹਾਸਕ ਆਰਕੀਟੈਕਚਰਲ ਸ਼ੈਲੀ ਸਥਾਨ ਵੀ ਹੈ ਜੋ ਆਪਣੇ ਪਹਾੜੀ ਵਾਤਾਵਰਣ ਨਾਲ ਸੰਪਰਕ ਬਣਾਉਂਦਾ ਹੈ। ਇੱਥੋਂ ਦੇ ਇਨਫਰਮੇਸ਼ਨ ਸੈਂਟਰ ਨੂੰ 1996 ਵਿਚ ਇਕ ਰਾਸ਼ਟਰੀਏ ਇਤਿਹਾਸਕ ਸਥਾਨ ਕਿਹਾ ਗਿਆ। ਇਥੋਂ ਦਾ ਆਜਾਇਬ ਘਰ ਕੁਦਰਤੀ ਅਤੇ ਮਾਨਵੀ ਇਤਿਹਾਸ ਦੀਆਂ ਕਹਾਣੀਆਂ ਬਿਆਨ ਕਰਦਾ ਹੈ।

ਇੱਥੋਂ ਦੇ ਮਨਮੋਹਣੇ, ਸੁੰਦਰ ਪਾਰਕ ਇਸ ਤਰ੍ਹਾਂ ਡਿਜ਼ਾਇਨ ਕੀਤੇ ਹੋਏ ਹਨ ਕਿ ਜੰਨਤ ਪ੍ਰਤੀਤ ਹੁੰਦੇ ਹਨ। ਇਹ ਪਾਰਕ ਕੁਦਰਤ ਅਤੇ ਸਭਿਆਚਾਰਕ ਵਿਰਾਸਤ ਨੂੰ ਹਕੀਕਤ ਨਾਲ ਜੋੜਦੇ ਹਨ। ਹਰ ਤਰ੍ਹਾਂ ਦੀ ਸਹੂਲਤ, ਆਧੁਨਿਕਤਾ ਦੀ ਸੂਈ ਵਿਚ ਪਿਰੋ ਕੇ ਰੱਖੀ ਹੈ। ਲਾਜਵਾਬ ਹੈ ਜੈਪਸਰ। ਕਨੇਡਾ ਦਾ ਸੁੰਦਰ ਘੁੰਢ ਹੈ ਜੈਸਪਰ। ਜਿਸਦੇ ਅੰਦਰ ਪ੍ਰਕਿਰਤੀ ਅਤੇ ਮਾਨਵ ਦਾ ਆਵਿਸ਼ਕਾਰ ਛੁਪਿਆ ਹੈ।

# Dosanjh Family AUTO GROUP

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD